RE/MAX NORTH CENTRAL
6401 Eldorado Pkwy Ste. 219, Mckinney, TX 75070
Serving in North Texas
We can help with finance
Ph: 972-529-5555
Email: info@remaxnorthcentral.com
www.remaxnorthcentral.com
PL Contact For Residential Needs only

Buy or Sell real estate in California
Roseville, Sacramento, Elk Grove & surrounding areas.
Committed to Excellent Service
Cell: 916-847-8920
E-mail: hsingh@c21mm.com
Century 21 MM-Roseville
973 Pleasant Grove Blvd., Suite# 150, Roseville, CA 95678



Harpreet Singh
Realtor
CalDRE# 02049809



ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
ਬੌਬੀ ਸਿੰਘ
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
120-20 101 Avenue S. Richmond Hill, NY 11419



Nineteenth Year of Publication | ਨਿਊ ਯਾਰਕ ਐਡੀਸ਼ਨ | Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 19, Issue 42, October 20, 2018 | 20451 N. Plum Grove Rd., Palatine, IL 60074 | Ph:847-359-0746, Fax:847-705-9388


## ਮੋਰਚਿਆਂ ਨੇ ਸਾਹੋ-ਸਾਹ ਕੀਤੀ ਕੈਪਟਨ ਸਰਕਾਰ

**ਚੰਡੀਗੜ੍ਹ:** ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਸਰਕਾਰ ਨੂੰ ਲੋਕ ਰੋਹ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਸੂਬੇ ਵਿਚ ਲੱਗ ਰਹੇ ਧੜਾ-ਧੜ ਮੋਰਚਿਆਂ ਨੇ ਸਰਕਾਰ ਲਈ ਹਾਲਾਤ ਔਖੇ ਕਰ ਦਿੱਤੇ ਹਨ। ਬਰਗਾੜੀ ਮੋਰਚੇ ਤੋਂ ਬਾਅਦ ਤਨਖਾਹਾਂ ਵਿਚ ਕਟੌਤੀ ਖਿਲਾਫ ਅਧਿਆਪਕਾਂ ਨੇ ਆਰ-ਪਾਰ ਦੀ ਜੰਗ ਦਾ ਐਲਾਨ ਕਰ ਦਿੱਤਾ ਹੈ। ਇਸ ਤੋਂ ਇਲਾਵਾ ਪਰਾਲੀ ਨੂੰ ਅੱਗ ਲਾਉਣ ਦੇ ਮਾਮਲੇ ਵਿਚ ਸਰਕਾਰ, ਗ੍ਰੀਨ ਟ੍ਰਿਬਿਊਨਲ ਅਤੇ ਕਿਸਾਨਾਂ ਦੀ ਅੜੀ ਵਿਚਾਲੇ ਘਿਰੀ ਹੋਈ ਹੈ।




ਨੌਕਰੀ ਪੱਕੀ ਕਰਨ ਦੇ ਇਵਜ਼ ਵਿਚ ਤਨਖਾਹਾਂ ਵਿਚ ਕਟੌਤੀ ਦਾ ਲਗਾਤਾਰ ਵਿਰੋਧ ਕਰ ਰਹੇ ਅਧਿਆਪਕਾਂ ਨੇ ਮੁੱਖ ਮੰਤਰੀ ਦੇ ਜੱਦੀ ਸ਼ਹਿਰ ਪਟਿਆਲਾ ਵਿਚ ਜ਼ੋਰਦਾਰ ਹੱਲਾ ਬੋਲਿਆ ਹੋਇਆ ਹੈ। ਮਰਨ ਵਰਤ 'ਤੇ ਬੈਠੇ ਠੇਕਾ ਆਧਾਰਿਤ ਅਧਿਆਪਕਾਂ ਨਾਲ ਹੋਰ ਜਥੇਬੰਦੀਆਂ ਨੇ ਵੀ ਹੱਥ ਮਿਲਾ ਲਿਆ ਹੈ। ਹਜ਼ਾਰਾਂ ਦੀ ਗਿਣਤੀ ਵਿਚ ਪਰਿਵਾਰਾਂ ਨਾਲ ਸੰਘਰਸ਼ ਵਿਚ ਕੁੱਦੇ ਅਧਿਆਪਕਾਂ ਨੂੰ ਵਿਦਿਆਰਥੀਆਂ ਦਾ ਵੀ ਸਾਥ ਮਿਲ ਰਿਹਾ ਹੈ। ਅਜਿਹੇ ਹਾਲਾਤ ਵਿਚ ਸਰਕਾਰ ਨੂੰ ਵੱਡੀ ਨਮੋਸ਼ੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਤੋਂ ਇਲਾਵਾ ਸਿਆਸੀ ਧਿਰਾਂ ਵੀ ਅਧਿਆਪਕਾਂ ਨਾਲ ਆ ਰਲੀਆਂ ਹਨ। ਦੱਸ ਦਈਏ ਕਿ ਸਰਕਾਰ ਨੇ ਨੋਟੀਫਿਕੇਸ਼ਨ ਜਾਰੀ ਕਰਦਿਆਂ 42,800 ਰੁਪਏ ਪ੍ਰਤੀ ਮਹੀਨਾ ਤਨਖਾਹ ਲੈਣ ਵਾਲੇ ਕੇਂਦਰ ਵਲੋਂ ਸਹਾਇਤਾ ਪ੍ਰਾਪਤ ਐਸ.ਐਸ.ਏ., ਰਮਸਾ ਸਿੱਖਿਆ ਮੁਹਿੰਮਾਂ ਦੇ ਅਧਿਆਪਕਾਂ ਨੂੰ ਪੱਕਾ ਹੋਣ ਲਈ ਤਿੰਨ ਸਾਲਾਂ ਤੱਕ 15,000 ਰੁਪਏ ਪ੍ਰਤੀ ਮਹੀਨਾ ਸਵੀਕਾਰ ਕਰਨ ਦੀ ਸ਼ਰਤ ਲਾ ਦਿੱਤੀ ਸੀ। ਇਸ ਦਾ ਅਧਿਆਪਕ ਜ਼ਬਰਦਸਤ ਵਿਰੋਧ ਕਰ ਰਹੇ ਹਨ।

ਸਰਕਾਰ ਖਿਲਾਫ ਸਰਕਾਰੀ ਮੁਲਾਜ਼ਮਾਂ ਦੀ ਲਾਮਬੰਦੀ ਉਸ ਸਮੇਂ ਸ਼ੁਰੂ ਹੋਈ ਹੈ, ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨੂੰ ਲੈ ਕੇ ਸਰਕਾਰ ਖਿਲਾਫ ਬਰਗਾੜੀ ਵਿਚ ਸਿੱਖ ਜਥੇਬੰਦੀਆਂ ਵਲੋਂ ਮੋਰਚਾ ਲਾਇਆ ਹੋਇਆ ਹੈ। ਵੱਡੀ ਗਿਣਤੀ ਲੋਕ ਇਸ ਮੋਰਚੇ ਨਾਲ ਜੁੜ ਰਹੇ ਹਨ। ਸਰਕਾਰ ਮੋਰਚੇ ਦੀ ਅਗਵਾਈ ਕਰ ਰਹੇ ਸਿੱਖ ਆਗੂਆਂ ਨਾਲ ਕਈ ਵਾਰੀ ਮੁਲਾਕਾਤ ਕਰ ਚੁੱਕੀ ਹੈ ਪਰ ਮਸਲੇ ਦਾ ਹੱਲ ਕੋਈ ਨਹੀਂ ਨਿਕਲਿਆ। ਇਹ ਆਗੂ ਬੇਅਦਬੀ ਕਾਂਡ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਪਿਛੋਂ ਹੀ ਮੋਰਚਾ ਛੱਡਣ ਉਤੇ ਅੜੇ ਹੋਏ ਹਨ। ਦੂਜੇ ਪਾਸੇ ਝੋਨੇ ਦੀ ਪਰਾਲੀ ਨੂੰ ਅੱਗ ਲਾਉਣ ਦੇ ਮਾਮਲੇ 'ਤੇ ਕਿਸਾਨਾਂ ਨੇ ਸਰਕਾਰ ਨੂੰ ਘੇਰਿਆ ਹੋਇਆ ਹੈ। ਪਰਾਲੀ ਨੂੰ ਅੱਗ ਲਾਉਣ ਖਿਲਾਫ ਜਿਥੇ ਗ੍ਰੀਨ ਟ੍ਰਿਬਿਊਨਲ ਨੇ ਸਖਤੀ ਕੀਤੀ ਹੋਈ ਹੈ ਅਤੇ ਸਰਕਾਰ ਉਤੇ ਲਗਾਤਾਰ ਦਬਾਅ ਬਣਾਇਆ ਜਾ ਰਿਹਾ ਹੈ, ਉਥੇ ਕਿਸਾਨ ਮਿਥ ਕੇ ਪਰਾਲੀ ਸਾੜ ਰਹੇ ਹਨ। ਦਰਅਸਲ, ਇਹ ਮੋਰਚੇ ਕੈਪਟਨ ਸਰਕਾਰ ਦੀ ਵਾਅਦਾਖਿਲਾਫੀ ਤੋਂ ਉਪਜੇ ਹਨ। ਕਾਂਗਰਸ ਸਰਕਾਰ ਨੇ ਵਿਧਾਨ ਸਭਾ ਚੋਣਾਂ ਵਿਚ ਬੇਅਦਬੀ ਕਾਂਡ ਦੇ ਦੋਸ਼ੀਆਂ ਨੂੰ ਤੈਅ ਸਮੇਂ ਵਿਚ ਸਜ਼ਾਵਾਂ ਦਿਵਾਉਣ, ਸਰਕਾਰ ਬਣਦੇ ਸਾਰ ਕੱਚੇ ਅਧਿਆਪਕਾਂ ਨੂੰ ਪੱਕੇ ਕਰਨ, ਕਿਸਾਨਾਂ ਦਾ ਸਾਰਾ ਕਰਜ਼ਾ ਮੁਆਫ ਕਰਨ ਅਤੇ 4 ਹਫਤਿਆਂ

*(ਬਾਕੀ ਸਫਾ 6 ਉਤੇ)*

## ਅਕਾਲ ਤਖਤ ਦੇ ਜਥੇਦਾਰ ਦੀ ਛੁੱਟੀ ਤੈਅ

**ਅੰਮ੍ਰਿਤਸਰ:** ਤਿੰਨ ਵਰ੍ਹੇ ਪਹਿਲਾਂ ਵਾਪਰੀਆਂ ਬੇਅਦਬੀ ਦੀਆਂ ਘਟਨਾਵਾਂ ਤੇ ਡੇਰਾ ਸਿਰਸਾ ਮੁਖੀ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਪਹਿਲਾਂ ਮੁਆਫੀ ਤੇ ਫਿਰ ਪੰਥਕ ਰੋਹ ਕਾਰਨ ਮੁਆਫੀ ਰੱਦ ਕਰਨ ਦੇ ਮਾਮਲਿਆਂ ਕਾਰਨ ਸਿੱਖ ਸੰਗਤ ਦੇ ਰੋਹ ਦਾ ਸਾਹਮਣਾ ਕਰ ਰਹੇ ਅਕਾਲ ਤਖਤ ਦੇ ਜਥੇਦਾਰ ਦੇ ਅਸਤੀਫੇ ਦਾ ਮਾਮਲਾ ਮੁੜ ਚਰਚਾ ਵਿਚ ਹੈ। ਇਕ ਪਾਸੇ ਚਰਚਾ ਹੈ ਕਿ ਗਿਆਨੀ ਗੁਰਬਚਨ ਸਿੰਘ ਨੂੰ ਦੀਵਾਲੀ ਤੋਂ ਪਹਿਲਾਂ ਬਦਲਿਆ ਜਾਣਾ ਤੈਅ ਹੈ ਤੇ ਸ਼੍ਰੋਮਣੀ ਅਕਾਲੀ ਦਲ ਨੇ ਅੰਦਰੋਂ ਅੰਦਰੀ ਨਵੇਂ ਜਥੇਦਾਰ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਇਸ ਪਿੱਛੇ ਕਾਰਨ ਜਥੇਦਾਰ ਦੀ ਸਿਹਤ ਠੀਕ ਨਾ ਹੋਣਾ ਦੱਸਿਆ ਜਾ ਰਿਹਾ ਹੈ ਪਰ ਗਿਆਨੀ ਗੁਰਬਚਨ ਸਿੰਘ ਆਖ ਰਹੇ ਹਨ ਕਿ ਉਹ ਚੰਗੇ ਭਲੇ ਹਨ ਤੇ ਅਹੁਦੇ ਉਸੇ ਸੇਵਾ ਨਿਭਾਉਂਦੇ ਰਹਿਣਗੇ। ਇਸ ਪਿੱਛੋਂ ਇਹ ਵੀ ਚਰਚਾ ਛਿੜ ਗਈ ਹੈ ਕਿ ਸਿੱਖ ਸੰਗਤ ਦੇ ਰੋਹ ਦਾ ਸਾਹਮਣੇ ਕਰ ਰਿਹਾ ਅਕਾਲੀ ਦਲ ਬਾਦਲ ਜਥੇਦਾਰ ਦੀ ਛੁੱਟੀ ਕਰਨ ਲਈ ਕਾਹਲਾ ਹੈ ਪਰ ਗਿਆਨੀ ਗੁਰਬਚਨ ਸਿੰਘ ਦਾ ਅਹੁਦਾ ਛੱਡਣ ਦਾ ਮਨ ਨਹੀਂ ਹੈ।

ਯਾਦ ਰਹੇ ਕਿ ਵਿਧਾਨ ਸਭਾ ਇਜਲਾਸ 'ਚ ਇਕ ਕਾਂਗਰਸੀ ਆਗੂ ਵੱਲੋਂ ਜਥੇਦਾਰ ਦੇ ਪਰਿਵਾਰ 'ਤੇ ਲਗਾਏ ਗਏ ਗੰਭੀਰ ਦੋਸ਼ਾਂ ਤੋਂ ਬਾਅਦ ਹੁਣ ਸ਼੍ਰੋਮਣੀ ਅਕਾਲੀ ਦਲ ਦੇ ਆਪਣੇ ਹੀ ਸੀਨੀਅਰ ਆਗੂਆਂ ਵਲੋਂ ਜਥੇਦਾਰ ਨੂੰ ਹਟਾਉਣ ਦੀ ਮੰਗ ਕੀਤੀ ਜਾ ਰਹੀ ਹੈ। ਇਹ ਮਾਮਲਾ ਮੁੜ ਉਜਾਗਰ ਹੋਣ ਕਾਰਨ ਜਥੇਦਾਰ ਦੀਆਂ ਪੰਜਾਬ ਦੇ ਗੁਰਮਤਿ ਸਮਾਗਮਾਂ 'ਚ ਵਿਚਰਨ ਦੀਆਂ ਸਰਗਰਮੀਆਂ ਲਗਭਗ ਠੱਪ ਹੀ ਹਨ ਤੇ ਉਹ ਪੰਜਾਬ ਤੋਂ ਬਾਹਰ ਦਿੱਲੀ, ਉਤਰਾਖੰਡ ਤੇ ਹਰਿਆਣਾ ਆਦਿ ਰਾਜਾਂ 'ਚ ਹੋਣ ਵਾਲੇ ਸਮਾਗਮਾਂ ਵਿਚ ਹੀ ਸ਼ਿਰਕਤ ਕਰ ਰਹੇ ਹਨ। ਇਹ ਵੀ ਚਰਚਾ ਹੈ ਕਿ ਗਿਆਨੀ ਗੁਰਬਚਨ ਸਿੰਘ ਨੂੰ ਦੀਵਾਲੀ ਤੋਂ ਪਹਿਲਾਂ ਬਦਲਿਆ ਜਾਣਾ ਤੈਅ ਹੈ। ਸ਼੍ਰੋਮਣੀ ਅਕਾਲੀ ਦਲ ਨੇ ਅੰਦਰੋਂ ਅੰਦਰੀ ਨਵੇਂ ਜਥੇਦਾਰ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਗਿਆਨੀ ਗੁਰਬਚਨ ਸਿੰਘ ਨੇ ਵੀ ਅਹੁਦਾ



ਛੱਡਣ ਦੀ ਤਿਆਰੀ ਵਿੱਢ ਦਿੱਤੀ ਹੈ ਅਤੇ ਅੰਦਰਖਾਤੇ ਅਹੁਦਾ ਛੱਡਣ ਦੀ ਪੇਸ਼ਕਸ਼ ਵੀ ਲੀਡਰਸ਼ਿਪ ਕੋਲ ਕਰ ਦਿੱਤੀ ਹੈ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਭਰੋਸੇਮੰਦ ਜਥੇਦਾਰ ਲੱਭਣ ਵਿਚ ਕੁਝ ਮੁਸ਼ਕਲਾਂ ਆ ਰਹੀਆਂ ਹਨ। ਸੀਨੀਅਰ ਅਕਾਲੀ ਲੀਡਰਸ਼ਿਪ ਵਲੋਂ ਕਈ ਨਾਮ ਜਥੇਦਾਰ ਦੇ ਅਹੁਦੇ ਲਈ ਸੁਝਾਏ ਵੀ ਗਏ ਹਨ ਪਰ ਹਾਲੇ ਬਾਦਲ ਪਰਿਵਾਰ ਨੂੰ ਕੋਈ ਢੁਕਵਾਂ ਨਾਮ ਫਿੱਟ ਨਹੀਂ ਬੈਠ ਰਿਹਾ ਹੈ। ਨਵੇਂ ਜਥੇਦਾਰ ਦੀ ਨਿਯੁਕਤੀ ਭਾਵੇਂ ਸ਼੍ਰੋਮਣੀ ਕਮੇਟੀ ਵਲੋਂ ਕੀਤੀ ਜਾਣੀ ਹੈ ਪਰ ਬਾਦਲ ਪਰਿਵਾਰ ਨਵੇਂ ਜਥੇਦਾਰ ਦੀ ਤਲਾਸ਼ ਵਿਚ ਜੁਟਿਆ ਹੋਇਆ ਹੈ।

ਸੂਤਰਾਂ ਅਨੁਸਾਰ ਕਈ ਗਰਮ ਸੁਰ ਵਾਲੇ

*(ਬਾਕੀ ਸਫਾ 6 ਉਤੇ)*


Ad Space Available
Please Call
Ph: 847-359-0746

Special Sale 2018



Harpreet Singh
ਅੰਮ੍ਰਿਤਸਰ $975
ਦਿੱਲੀ $855
ਟੈਕਸ ਸਮੇਤ





WorldWide Travel
www.fly2world.com
866 66 INDIA
46342
734 838 9998
24 ਘੰਟੇ ਐਮਰਜੈਂਸੀ ਸੇਵਾ
Fares shown are from Detroit for departure between Sep 5th and Dec 8th. Fare may change without notice, please call for more details. Other conditions

Singh Accounting & Tax Services
Niagara Falls Grand Island, NY
All kinds of accounting work.
*Book keeping *Payroll *Sales Tax
*New business set up *E-file tax return
Go to App store to load our free App



Sarbjit Singh Khakh (Sabhi)
Accountant
Ph: 716-425-7126
Fax: 716-284-0025
Email: singhtaxservice@yahoo.com
Website: singhtaxservice.com

# ਹੋਸਟਲ ਸਮਾਂਬੰਦੀ ਨੂੰ ਲੈ ਕੇ ਝੁਕਿਆ ਪੰਜਾਬੀ ਯੂਨੀਵਰਸਿਟੀ ਪ੍ਰਸ਼ਾਸਨ

**ਪਟਿਆਲਾ:** ਪੰਜਾਬੀ ਯੂਨੀਵਰਸਿਟੀ ਵਿਚ ਡੀ.ਐਸ.ਓ. ਤੇ ਸਹਿਯੋਗੀ ਵਿਦਿਆਰਥੀ ਧਿਰਾਂ ਵੱਲੋਂ ਲੜਕੀਆਂ ਦੇ ਹੋਸਟਲ ਦੀ ਸਮਾਂਬੰਦੀ ਸਮੇਤ ਹੋਰ ਮਸਲਿਆਂ ਦੇ ਹੱਲ ਲਈ ਅਰੰਭਿਆ ਸੰਘਰਸ਼ ਸਮਾਪਤ ਹੋ ਗਿਆ ਹੈ। ਯੂਨੀਵਰਸਿਟੀ ਪ੍ਰਸ਼ਾਸਨ ਨੇ ਲੜਕੀਆਂ ਦੇ ਹੋਸਟਲ ਬੰਦ ਹੋਣ ਦਾ ਸਮਾਂ ਸ਼ਾਮ 8 ਵਜੇ ਤੋਂ ਵਧਾ ਕੇ 9 ਵਜੇ ਕਰ ਦਿੱਤਾ ਹੈ। ਦੋਹਾਂ ਧਿਰਾਂ ਵਿਚਾਲੇ ਇਹ ਸਮਝੌਤਾ ਗੈਸਟ ਹਾਊਸ ਵਿੱਚ ਹੋਈ ਲੰਬੀ ਚਰਚਾ ਮਗਰੋਂ ਸਿਰੇ ਚੜ੍ਹਿਆ।

ਦੱਸਣਯੋਗ ਹੈ ਕਿ ਡੀ.ਐਸ.ਓ. ਵੱਲੋਂ ਇਹ ਅੰਦੋਲਨ 18 ਸਤੰਬਰ ਨੂੰ ਉਪ ਕੁਲਪਤੀ ਦਫਤਰ ਅੱਗੇ ਅਰੰਭਿਆ ਗਿਆ ਸੀ। ਉਪਰੰਤ ਪੰਜ ਹੋਰ ਵਿਦਿਆਰਥੀ ਧਿਰਾਂ ਧਰਨੇ ਵਿਚ ਸ਼ਾਮਲ ਹੋ ਗਈਆਂ ਸਨ। ਕੁਝ ਵਿਦਿਆਰਥੀਆਂ ਨੇ ਮਰਨ ਵਰਤ ਵੀ ਆਰੰਭੀ ਰੱਖਿਆ।

ਇਸ ਦੌਰਾਨ ਭਾਵੇਂ ਕਿ ਯੂਨੀਵਰਸਿਟੀ ਕੈਂਪਸ ਵਿਚ ਵਿਦਿਆਰਥੀ ਧਿਰਾਂ ਵਿਚਾਲੇ ਝਗੜੇ ਵੀ ਹੋਏ ਪਰ ਇਸ ਦੇ ਬਾਵਜੂਦ ਡੀ.ਐਸ.ਓ. ਪੱਖੀ ਵਿਦਿਆਰਥੀ ਅੰਦੋਲਨ ਲਈ ਬਜ਼ਿੱਦ ਸਨ। ਆਖਰਕਾਰ ਦੋਵੇਂ ਧਿਰਾਂ ਵਿਚ ਆਮ ਸਹਿਮਤੀ ਬਣਨ ਮਗਰੋਂ ਅੰਦੋਲਨ ਦੀ ਕਮਾਨ ਸੰਭਾਲ ਰਹੇ ਸਾਂਝੇ ਵਿਦਿਆਰਥੀ ਮੋਰਚੇ ਨੇ ਸੰਘਰਸ਼ ਸਮਾਪਤ ਕਰਨ ਦੀ ਰਜ਼ਾਮੰਦੀ ਦੇ ਦਿੱਤੀ।

ਹੋਸਟਲ ਬੰਦ ਹੋਣ ਦਾ ਸਮਾਂ ਸ਼ਾਮ 8 ਵਜੇ ਤੋਂ ਵਧਾ ਕੇ 9 ਵਜੇ ਕਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਹੋਸਟਲ ਵਿਚ ਰਹਿਣ ਵਾਲੀਆਂ ਵਿਦਿਆਰਥਣਾਂ ਤੋਂ ਰਾਤ 10 ਵਜੇ ਤੱਕ ਕੋਈ ਲੇਟ ਐਂਟਰੀ ਫੀਸ ਨਹੀਂ ਵਸੂਲੀ ਜਾਵੇਗੀ ਪਰ ਉਹ ਹੋਸਟਲ ਵਿਚ ਦਾਖਲੇ ਸਮੇਂ ਇਸ ਮੰਤਵ ਲਈ ਰੱਖੇ ਰਜਿਸਟਰ ਵਿਚ ਐਂਟਰੀ ਕਰਨਗੀਆਂ।

ਨਿਰਧਾਰਤ ਸਮੇਂ ਤੋਂ ਬਾਅਦ ਹੋਸਟਲ ਵਿਚ ਆਉਣ ਵਾਲੀਆਂ ਵਿਦਿਆਰਥਣਾਂ ਉਤੇ ਚਲਦੀ ਪ੍ਰਥਾ ਅਨੁਸਾਰ ਨਿਯਮ ਲਾਗੂ ਹੋਣਗੇ ਪਰ ਅਰਜ਼ੀ ਦੀ ਜਗ੍ਹਾ ਹੁਣ ਰਜਿਸਟਰ ਵਿਚ ਲੇਟ ਆਉਣ ਦਾ ਸਮਾਂ ਤੇ ਕਾਰਨ ਆਦਿ ਦਰਜ ਕੀਤਾ ਜਾਵੇਗਾ। ਹੋਸਟਲ ਦੀਆਂ ਵਿਦਿਆਰਥਣਾਂ ਨੂੰ ਯੂਨੀਵਰਸਿਟੀ ਦੀ ਲਾਇਬਰੇਰੀ ਵਿਚ ਜਾਣ ਵਾਸਤੇ ਸ਼ਾਮ 9 ਵਜੇ ਅਤੇ ਵਾਪਸ ਆਉਣ ਲਈ ਰਾਤ 11 ਵਜੇ ਬੱਸ ਦੀ ਸਹੂਲਤ ਮੁਹੱਈਆ ਕਰਵਾਈ ਜਾਵੇਗੀ।

# ਬਰਫੀਲੇ ਤੂਫਾਨ ਕਾਰਨ 10 ਪਰਬਤਾਰੋਹੀ ਹਲਾਕ

**ਕਾਠਮੰਡੂ:** ਨੇਪਾਲ ਦੀ ਚੋਟੀ ਗੁਰਜਾ 'ਤੇ ਆਏ ਬਰਫੀਲੇ ਤੂਫਾਨ ਕਾਰਨ ਉਥੇ ਕੈਂਪ 'ਚ ਰੁਕੇ ਹੋਏ 10 ਪਰਬਤਾਰੋਹੀਆਂ ਦੀ ਮੌਤ ਹੋ ਗਈ। ਇਨ੍ਹਾਂ 'ਚ ਦੱਖਣੀ ਕੋਰੀਆ ਦੇ ਪੰਜ ਨਾਗਰਿਕ ਵੀ ਸ਼ਾਮਲ ਹਨ। ਟਰੈਕਿੰਗ ਕੈਂਪ ਨੇਪਾਲ ਦੇ ਮੈਨੇਜਿੰਗ ਡਾਇਰੈਕਟਰ ਵਾਂਗਚੂ ਸ਼ੇਰਪਾ ਨੇ ਦੱਸਿਆ ਕਿ ਬਰਫੀਲਾ ਤੂਫਾਨ ਆਇਆ ਅਤੇ ਮਾਊਂਟ ਧੌਲਾਗਿਰੀ ਨੇੜੇ 3500 ਮੀਟਰ ਦੀ ਉਚਾਈ 'ਤੇ ਬੇਸ ਕੈਂਪ ਉਸ ਦੀ ਲਪੇਟ 'ਚ ਆ ਗਿਆ।

ਸ਼ੇਰਪਾ ਨੇ ਦੱਸਿਆ ਕਿ 'ਕੋਰੀਅਨਵੇਅ ਗੁਰਜਾ ਹਿਮਾਲ ਐਕਸਪੀਡਿਸ਼ਨ 2018' ਦੀ ਅਗਵਾਈ ਕਰ ਰਹੇ ਕਿਮ ਚੈਂਗ-ਹੋ ਸਮੇਤ ਪੰਜ ਦੱਖਣੀ ਕੋਰੀਆਈ ਪਰਬਤਾਰੋਹੀਆਂ ਦੀ ਮੌਤ ਹੋ ਗਈ। ਉਨ੍ਹਾਂ ਕਿਹਾ ਕਿ ਬਰਫ ਦੇ ਤੋਦਿਆਂ ਹੇਠ ਆ ਕੇ ਪਰਬਤਾਰੋਹੀਆਂ ਦੇ ਸਹਾਇਕ ਅਮਲੇ 'ਚ ਸ਼ਾਮਲ ਚਾਰ ਨੇਪਾਲੀ ਵੀ ਮਾਰੇ ਗਏ। ਸਾਰੇ ਪਰਬਤਾਰੋਹੀ 7 ਅਕਤੂਬਰ ਨੂੰ ਗੁਰਜਾ ਪਿੰਡ ਤੋਂ ਚੋਟੀ ਸਰ ਕਰਨ ਲਈ ਨਿਕਲੇ ਸਨ। ਸ਼ੇਰਪਾ ਨੇ ਕਿਹਾ ਕਿ ਬਰਫੀਲਾ ਤੂਫ਼ਾਨ ਆਉਣ ਸਮੇਂ ਪਰਬਤਾਰੋਹੀ ਕੈਂਪ 'ਚ ਮੌਸਮ ਸਾਫ ਹੋਣ ਦੀ ਉਡੀਕ ਕਰ ਰਹੇ ਸਨ।

ਤੂਫ਼ਾਨ ਮਗਰੋਂ ਤੋਦੇ ਡਿੱਗਣ ਕਰ ਕੇ ਕੈਂਪ ਨਸ਼ਟ ਹੋ ਗਿਆ ਅਤੇ ਸਾਰੇ ਬੰਦੇ ਦੱਬ ਗਏ। ਬਚਾਅ ਟੀਮ ਨੂੰ ਕੈਂਪ ਦਾ ਮਲਬਾ ਦੇਖਣ ਪਿਛੋਂ ਉਨ੍ਹਾਂ ਦੀਆਂ ਲਾਸ਼ਾਂ ਮਿਲੀਆਂ। ਕਿਮ ਪਹਿਲਾ ਦੱਖਣ ਕੋਰੀਆਈ ਨਾਗਰਿਕ ਸੀ ਜਿਸ ਨੇ ਆਕਸੀਜਨ ਦੀ ਵਰਤੋਂ ਕੀਤੇ ਬਿਨਾਂ 8 ਹਜ਼ਾਰ ਮੀਟਰ ਤੋਂ ਵੱਧ ਦੀਆਂ 14 ਚੋਟੀਆਂ 'ਤੇ ਚੜ੍ਹਾਈ ਕੀਤੀ ਸੀ।

# ਪਦਮ ਪੁਰਸਕਾਰਾਂ ਲਈ ਹੋਈਆਂ ਰਿਕਾਰਡ ਨਾਮਜ਼ਦਗੀਆਂ

**ਨਵੀਂ ਦਿੱਲੀ:** ਭਾਰਤ ਸਰਕਾਰ ਵੱਲੋਂ 2016 ਤੋਂ ਪਦਮ ਪੁਰਸਕਾਰਾਂ ਲਈ ਨਾਮਜ਼ਦਗੀ ਪ੍ਰਕਿਰਿਆ ਆਸਾਨ ਅਤੇ ਆਨਲਾਈਨ ਕੀਤੀ ਸੀ ਅਤੇ ਉਸ ਸਮੇਂ ਤੋਂ ਇਨ੍ਹਾਂ ਪੁਰਸਕਾਰਾਂ ਲਈ ਹਰ ਸਾਲ ਨਾਮਜ਼ਦਗੀਆਂ ਦਾ ਅੰਕੜਾ ਵਧਦਾ ਜਾ ਰਿਹਾ ਹੈ। ਸਾਲ 2019 ਦੇ ਪੁਰਸਕਾਰਾਂ ਲਈ ਸਰਕਾਰ ਨੂੰ 49,992 ਨਾਮਜ਼ਦਗੀਆਂ ਪ੍ਰਾਪਤ ਹੋ ਗਈਆਂ ਹਨ।

2017 ਵਿਚ ਇਹ ਅੰਕੜਾ 35,595 ਸੀ, ਜਦੋਂ ਕਿ ਸਾਲ 2016 ਵਿਚ 18,768 ਨਾਮਜ਼ਦਗੀਆਂ ਪ੍ਰਾਪਤ ਹੋਈਆਂ ਸਨ। ਪਦਮ ਪੁਰਸਕਾਰ ਭਾਰਤ ਦੇ ਸਰਬੋਤਮ ਨਾਗਰਿਕ ਪੁਰਸਕਾਰਾਂ ਵਿਚੋਂ ਇਕ ਹੈ। ਇਹ ਪੁਰਸਕਾਰ ਵੱਖ ਵੱਖ ਖੇਤਰਾਂ ਜਿਵੇਂ ਕਿ ਸਮਾਜ ਸੇਵਾ, ਸਿਹਤ, ਖੇਡ, ਵਿਗਿਆਨ ਤੇ ਇੰਜੀਨੀਅਰਿੰਗ, ਵਪਾਰ ਅਤੇ ਉਦਯੋਗ, ਸਾਹਿਤ ਕਲਾ, ਸਿੱਖਿਆ, ਸਿਵਲ ਸੇਵਾ ਵਿਚ ਬਿਹਤਰੀਨ ਕੰਮ ਕਰਨ ਵਾਲਿਆਂ ਨੂੰ ਦਿੱਤਾ ਜਾਂਦਾ ਹੈ। ਸਾਲ 2010 ਵਿਚ ਸਿਰਫ 1313 ਨਾਮਜ਼ਦਗੀਆਂ ਪ੍ਰਾਪਤ ਹੋਈਆਂ ਸਨ।


LOOKING FOR THE LOWEST FARES ?

BOOK INTERNATIONAL FLIGHTS, HOTELS, CARS

Price From NewYork To Delhi Starts from - $ 770

For Other Cities Of The World
Please visit : www.univtravel.com
or Call Us @ 1-888-584-0439
Office Opened 24 x 7

UNIVERSAL TRAVEL

email - utravel@univtravel.com


# ਪਾਕਿਸਤਾਨ 'ਚ ਭਾਰਤੀ ਫਿਲਮਾਂ 'ਤੇ ਪਾਬੰਦੀ ਦੀ ਮੰਗ ਉਠੀ

**ਕਰਾਚੀ:** ਪਾਕਿਸਤਾਨ ਦੀ ਫਿਲਮ ਪ੍ਰੋਡਿਊਸਰਜ਼ ਐਸੋਸੀਏਸ਼ਨ (ਪੀ.ਐਫ.ਪੀ.ਏ.) ਨੇ ਭਾਰਤੀ ਫਿਲਮਾਂ ਨੂੰ ਦੇਸ਼ ਵਿਚ ਰਿਲੀਜ਼ ਕਰਨ 'ਤੇ ਪੂਰਨ ਪਾਬੰਦੀ ਦੀ ਮੰਗ ਕੀਤੀ ਹੈ।




ਪੀ.ਐਫ.ਪੀ.ਏ. ਦੇ ਸੀਨੀਅਰ ਅਧਿਕਾਰੀ ਚੌਧਰੀ ਏਜਾਜ਼ ਕਾਮਰਾਨ ਨੇ ਕਿਹਾ ਕਿ ਜੇ ਪਾਕਿਸਤਾਨੀ ਫਿਲਮਾਂ ਭਾਰਤ ਵਿਚ ਨਹੀਂ ਦਿਖਾਈਆਂ ਜਾਂਦੀਆਂ ਤਾਂ ਭਾਰਤੀ ਫਿਲਮਾਂ ਪਾਕਿਸਤਾਨ ਵਿਚ ਕਿਉਂ ਦਿਖਾਈਆਂ ਜਾ ਰਹੀਆਂ ਹਨ।

ਉਨ੍ਹਾਂ ਕਿਹਾ ਕਿ ਭਾਰਤੀ ਫਿਲਮਾਂ 'ਤੇ ਮੁਲਕ ਵਿਚ ਪੂਰੀ ਤਰ੍ਹਾਂ ਪਾਬੰਦੀ ਲਗਾਉਣੀ ਚਾਹੀਦੀ ਹੈ ਜਦੋਂ ਕਿ ਪਿਛਲੇ ਕੁਝ ਮਹੀਨਿਆਂ ਵਿਚ ਵੱਖ-ਵੱਖ ਕਾਰਨਾਂ ਕਰ ਕੇ ਕੁਝ ਭਾਰਤੀ ਫਿਲਮਾਂ ਨੂੰ ਪਾਕਿਸਤਾਨ ਦੇ ਸਿਨੇਮਾ ਘਰਾਂ ਵਿਚ ਰਿਲੀਜ਼ ਨਹੀਂ ਕੀਤਾ ਗਿਆ। ਇਨ੍ਹਾਂ ਫਿਲਮਾਂ ਵਿਚ 'ਪੈਡਮਨ', 'ਵੀਰੇ ਦੀ ਵੈਡਿੰਗ', 'ਮੁਲਖ਼' ਅਤੇ 'ਰਾਜ਼ੀ' ਸਮੇਤ ਹੋਰ ਫਿਲਮਾਂ ਸ਼ਾਮਲ ਸਨ। ਕਾਮਰਾਨ ਨੇ ਕਿਹਾ ਕਿ ਪੀ.ਐਫ.ਪੀ.ਏ. ਨੇ ਇਸ ਸਬੰਧੀ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਚਿੱਠੀ ਭੇਜੀ ਹੈ ਅਤੇ ਬੇਨਤੀ ਕੀਤੀ ਹੈ ਕਿ ਇਸ ਮਾਮਲੇ 'ਤੇ ਜ਼ਰੂਰੀ ਫੈਸਲਾ ਕੀਤਾ ਜਾਵੇ। ਉਨ੍ਹਾਂ ਆਸ ਜਤਾਈ ਕਿ ਸਰਕਾਰ ਪਾਕਿਸਤਾਨ ਦੀ ਫਿਲਮ ਸਨਅਤ ਨੂੰ ਬਚਾਉਣ ਲਈ ਇਸ ਮਾਮਲੇ 'ਤੇ ਸਪਸ਼ਟ ਫੈਸਲਾ ਲਵੇਗੀ ਤੇ ਭਾਰਤੀ ਫਿਲਮਾਂ 'ਤੇ ਪਾਬੰਦੀ ਲਾਵੇਗੀ।

## ਭਗਤ ਸਿੰਘ ਦਾ ਜਨਮ ਦਿਵਸ ਮਨਾਉਣ ਵਾਲੀ ਕਾਲਜ ਵਿਦਿਆਰਥਣ ਮੁਅੱਤਲ

**ਕੋਇੰਬਟੂਰ:** ਇਥੋਂ ਦੇ ਇਕ ਸਰਕਾਰੀ ਕਾਲਜ ਵਿਚ ਸ਼ਹੀਦ ਭਗਤ ਸਿੰਘ ਦਾ ਜਨਮ ਦਿਵਸ ਮਨਾਉਣ ਵਾਲੀ ਵਿਦਿਆਰਥਣ ਨੂੰ ਕਾਲਜ ਪ੍ਰਬੰਧਕਾਂ ਨੇ ਮੁਅੱਤਲ ਕਰ ਦਿੱਤਾ ਹੈ ਜਿਨ੍ਹਾਂ ਦਾ ਕਹਿਣਾ ਹੈ ਕਿ ਵਿਦਿਆਰਥਣ ਨੇ ਮਨਜ਼ੂਰੀ ਤੋਂ ਬਿਨਾਂ ਇਹ ਸਮਾਗਮ ਕਰਵਾਇਆ ਸੀ। ਐਮ.ਏ. ਭਾਗ ਪਹਿਲਾ ਦੀ ਐਸ ਮਾਲਤੀ ਤੇ ਕੁਝ ਹੋਰ ਵਿਦਿਆਰਥੀਆਂ ਨੇ ਪ੍ਰਿੰਸੀਪਲ ਤੇ ਟਿਊਟਰ ਦੀ ਮਨਜ਼ੂਰੀ ਨਾ ਮਿਲਣ ਦੇ ਬਾਵਜੂਦ ਸਰਕਾਰੀ ਆਰਟਸ ਐਂਡ ਸਾਇੰਸ ਕਾਲਜ ਵਿਚ ਲੰਘੀ 28 ਸਤੰਬਰ ਨੂੰ ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਮੌਕੇ ਸਮਾਗਮ ਕਰਵਾਇਆ ਸੀ। ਕਾਲਜ ਦੀ ਪ੍ਰਿੰਸੀਪਲ ਚਿੱਤਰਾ ਨੇ ਕਿਹਾ ਕਿ ਮਾਲਤੀ ਨੇ ਬਿਨਾਂ ਮਨਜ਼ੂਰੀ ਤੋਂ ਮੀਟਿੰਗ ਕੀਤੀ ਸੀ ਜਿਸ ਨਾਲ ਕਾਲਜ ਦਾ ਸ਼ਾਂਤਮਈ ਮਾਹੌਲ ਖਰਾਬ ਹੋ ਸਕਦਾ ਸੀ।

# ਜਨਮ ਤੋਂ ਤਿੰਨ ਘੰਟਿਆਂ 'ਚ ਹੀ ਮਿਲਿਆ ਪਾਸਪੋਰਟ

**ਸੂਰਤ:** ਗੁਜਰਾਤ ਦੇ ਸੂਰਤ ਜ਼ਿਲ੍ਹੇ ਦੇ ਪੁਣਾਪਾਟੀਆ ਇਲਾਕੇ 'ਚ ਰਹਿਣ ਵਾਲੇ ਮਨੀਸ਼ ਕਾਪੜੀਆ ਅਤੇ ਉਨ੍ਹਾਂ ਦੀ ਪਤਨੀ ਨੀਤਾ ਕਾਪੜੀਆ ਦੇ ਘਰ ਨਵਰਾਤਰਿਆਂ ਦੇ ਪਹਿਲੇ ਦਿਨ ਦੁਪਹਿਰ 11.42 ਮਿੰਟ 'ਤੇ ਪੁੱਤਰ ਦਾ ਜਨਮ ਹੋਇਆ। ਜਨਮ ਦੇ ਕੁਝ ਸਮੇਂ ਬਾਅਦ ਹੀ ਉਸ ਦੇ ਪਿਤਾ ਨੇ ਪੁੱਤਰ ਰਿਗਵੇਦ ਦਾ ਪਾਸਪੋਰਟ ਲੈਣ ਦੇ ਲਈ ਆਨਲਾਈਨ ਅਰਜ਼ੀ ਦਿੱਤੀ ਸੀ, ਜਿਸ ਤੋਂ ਬਾਅਦ ਬੱਚੇ ਦੇ ਜਨਮ ਦੇ ਕੇਵਲ 3 ਘੰਟਿਆਂ 'ਚ ਹੀ ਪਾਸਪੋਰਟ ਪ੍ਰਾਪਤ ਕਰਕੇ ਉਨ੍ਹਾਂ ਨੇ ਸਭ ਤੋਂ ਘੱਟ ਸਮੇਂ 'ਚ ਪਾਸਪੋਰਟ ਜਾਰੀ ਹੋਣ ਦਾ ਰਿਕਾਰਡ ਬਣਾਇਆ ਹੈ।




ਸੂਰਤ ਦੇ ਉਨਾਪਾਣੀ ਰੋਡ 'ਤੇ ਸਥਿਤ ਹਸਪਤਾਲ ਵਿਚ ਰਿਗਵੇਦ ਦੇ ਜਨਮ ਤੋਂ ਬਾਅਦ 12.15 ਵਜੇ ਤੱਕ ਸੂਰਤ ਮਹਾਨਗਰ ਪਾਲਿਕਾ ਤੋਂ ਉਸ ਦਾ (ਰਿਗਵੇਦ) ਜਨਮ ਸਰਟੀਫਿਕੇਟ ਕਢਵਾਇਆ ਗਿਆ ਸੀ। ਦੁਪਹਿਰ 12.20 ਮਿੰਟ 'ਤੇ ਰਿਗਵੇਦ ਦੇ ਪਾਸਪੋਰਟ ਲਈ ਅਰਜ਼ੀ ਭਰਨ ਤੋਂ ਬਾਅਦ ਦੁਪਹਿਰ 2.30 ਮਿੰਟ 'ਤੇ ਸੂਰਤ ਪਾਸਪੋਰਟ ਦਫਤਰ ਅੰਜਨੀ ਕੁਮਾਰ ਪਾਂਡੇ ਨੇ ਰਿਗਵੇਦ ਦੇ ਪਿਤਾ ਮਨੀਸ਼ ਕਾਪੜੀਆ ਨੂੰ ਉਸ ਦਾ (ਰਿਗਵੇਦ ਦਾ) ਪਾਸਪੋਰਟ ਦੇ ਦਿੱਤਾ। 3 ਘੰਟਿਆਂ 'ਚ ਪਾਸਪੋਰਟ ਲੈਣ ਤੋਂ ਬਾਅਦ ਹੁਣ ਉਹ ਲਿੰਮਕਾ ਬੁੱਕ ਆਫ ਵਰਲਡ ਅਤੇ ਗਿੰਨੀਜ਼ ਬੁੱਕ ਆਫ ਵਰਲਡ ਰਿਕਾਰਡ ਲਈ ਯਤਨ ਕਰਨਗੇ। ਇਕ ਸਾਫਟਵੇਅਰ ਕੰਪਨੀ ਨਾਲ ਜੁੜੇ ਮਨੀਸ਼ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਇਕ ਦਿਨ ਪਹਿਲਾਂ ਹੀ ਨਵ ਜੰਮੇ ਬੱਚੇ ਦੇ ਪਾਸਪੋਰਟ ਨੂੰ ਲੈ ਕੇ ਵਿਚਾਰ ਆਇਆ ਸੀ, ਜਿਸ 'ਚ ਪੁੱਤਰੀ ਹੋਣ 'ਤੇ ਉਸ ਦਾ ਨਾਂ ਰਿਵਾ ਅਤੇ ਪੁੱਤਰ ਹੋਣ 'ਤੇ ਰਿਗਵੇਦ ਰੱਖਣ ਦਾ ਫੈਸਲਾ ਲਿਆ ਸੀ।


ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਅਤੇ ਮਾਤਾ ਦਮੋਦਰੀ ਜੀ ਦੇ ਸਪੁੱਤਰ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਵੱਡੇ ਭਰਾ

ਬਾਬਾ ਗੁਰਦਿੱਤਾ ਜੀ ਦੇ ਜਨਮ ਦਿਹਾੜੇ 'ਤੇ ਸਮਾਗਮ

ਵਾਹਿਗੁਰੂ ਦੀ ਅਪਾਰ ਬਖਸ਼ਿਸ਼ ਨਾਲ ਬਾਬਾ ਗੁਰਦਿੱਤਾ ਜੀ ਦੇ ਜਨਮ ਦਿਹਾੜੇ 'ਤੇ ਇਕ ਵਿਸ਼ੇਸ਼ ਸਮਾਗਮ ਹੇਠਾਂ ਦਿੱਤੇ ਪ੍ਰੋਗਰਾਮ ਅਨੁਸਾਰ ਸ. ਅਵਤਾਰ ਸਿੰਘ ਸਪਰਿੰਗਫੀਲਡ ਦੇ ਗ੍ਰਹਿ ਵਿਖੇ ਕੀਤਾ ਜਾ ਰਿਹਾ ਹੈ। ਸਮੂਹ ਸੰਗਤਾਂ ਨੂੰ ਇਸ ਸਮਾਗਮ ਵਿਚ ਹਾਜ਼ਰੀਆਂ ਭਰਨ ਦੀ ਬੇਨਤੀ ਹੈ ਜੀ।

ਅਰੰਭ ਸ੍ਰੀ ਅਖੰਡ ਪਾਠ
25 ਅਕਤੂਬਰ 2018 ਸਵੇਰੇ 7 ਵਜੇ
ਭੋਗ ਸ੍ਰੀ ਅਖੰਡ ਪਾਠ
27 ਅਕਤੂਬਰ 2018 ਸਵੇਰੇ 11 ਵਜੇ
ਕੀਰਤਨ: ਸਵੇਰੇ 11 ਤੋਂ ਦੁਪਹਿਰ ਇਕ ਵਜੇ ਤੱਕ
ਗੁਰੂ ਕਾ ਲੰਗਰ: ਇਕ ਵਜੇ



ਬਾਬਾ ਗੁਰਦਿੱਤਾ ਜੀ ਦਾ ਇੱਕ ਚਿੱਤਰ

ਬੇਨਤੀ ਕਰਤਾ: ਅਵਤਾਰ ਸਿੰਘ ਸਪਰਿੰਗਫੀਲਡ ਤੇ ਸਰਬਜੀਤ ਸਿੰਘ
441 Aberfelda Dr., Springfield, OH 45504
Ph: 937-206-4674, 937-207-8920, 937-523-0112 or 937-324-5601

# ਬੰਗਲਾਦੇਸ਼ 'ਚ 2 ਸਾਬਕਾ ਮੰਤਰੀਆਂ ਸਮੇਤ 19 ਜਣਿਆਂ ਨੂੰ ਮੌਤ ਦੀ ਸਜ਼ਾ

**ਢਾਕਾ (ਬੰਗਲਾਦੇਸ਼):** ਬੰਗਲਾਦੇਸ਼ ਦੀ ਇਕ ਵਿਸ਼ੇਸ਼ ਅਦਾਲਤ ਦੇ ਜੱਜ ਸ਼ਾਹਿਦ ਨੂਰੂਦੀਨ ਵੱਲੋਂ 2004 'ਚ ਗ੍ਰਨੇਡ ਨਾਲ ਹੋਏ ਹਮਲੇ ਦੇ ਮਾਮਲੇ 'ਚ ਸਾਬਕਾ ਜੂਨੀਅਰ ਗ੍ਰਹਿ ਮੰਤਰੀ ਲੁਤਫ਼ੁਜ਼ਮਾਨ ਬਾਬਰ, ਸਾਬਕਾ ਡਿਪਟੀ ਸਿੱਖਿਆ ਮੰਤਰੀ ਅਬਦੁਸ ਸਾਲਮ ਪਿੰਟੂ ਤੇ ਕਈ ਹੋਰ ਸਾਬਕਾ ਫੌਜ ਦੇ ਇੰਟੈਲੀਜੈਂਸ ਅਧਿਕਾਰੀਆਂ ਸਮੇਤ 19 ਦੋਸ਼ੀਆਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਹੈ।

ਜੱਜ ਨੇ ਦੱਸਿਆ ਕਿ ਮੌਤ ਦੀ ਸਜ਼ਾ ਵਾਲੇ ਜਾਨ ਨਿਕਲਣ ਤੱਕ ਲਟਕਦੇ ਰਹਿਣਗੇ। ਇਸ ਤੋਂ ਇਲਾਵਾ ਸਾਬਕਾ ਪ੍ਰਧਾਨ ਮੰਤਰੀ ਖ਼ਾਲਿਦਾ ਜ਼ਿਆ ਦੇ ਬੇਟੇ ਤਾਰੀਕ ਰਹਿਮਾਨ ਸਮੇਤ 19 ਹੋਰਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਇਸ ਹਮਲੇ 'ਚ 24 ਲੋਕਾਂ ਦੀ ਮੌਤ ਹੋ ਗਈ ਸੀ ਤੇ ਉਸ ਸਮੇਂ ਦੀ ਵਿਰੋਧੀ ਧਿਰ ਦੀ ਨੇਤਾ ਸ਼ੇਖ਼ ਹਸੀਨਾ



ਸਮੇਤ 500 ਲੋਕ ਜ਼ਖ਼ਮੀ ਹੋਏ ਸਨ। ਇਹ ਹਮਲਾ 21 ਅਗਸਤ, 2004 ਨੂੰ ਅਵਾਮੀ ਲੀਗ ਦੀ ਰੈਲੀ 'ਚ ਸ਼ੇਖ ਹਸੀਨਾ ਨੂੰ ਨਿਸ਼ਾਨਾ ਬਣਾ ਕੇ ਕੀਤਾ ਗਿਆ ਸੀ ਜੋ ਹੁਣ ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਹੈ। ਇਸ ਹਮਲੇ 'ਚ ਉਸ ਦਾ ਬਚਾਅ ਤਾਂ ਹੋ ਗਿਆ ਸੀ, ਪਰ ਉਸ ਦੀ ਅੱਧੀ ਸੁਣਨ ਸ਼ਕਤੀ ਜਾਂਦੀ ਰਹੀ ਸੀ, ਜਦ ਕਿ ਉਸ ਦੀ ਪਾਰਟੀ ਦੀ ਮਹਿਲਾ ਫ਼ਰੰਟ ਦੀ ਮੁਖੀ ਤੇ ਸਾਬਕਾ ਰਾਸ਼ਟਰਪਤੀ ਜ਼ਿਲ੍ਹੁਰ ਰਹਿਮਾਨ ਦੀ ਪਤਨੀ ਇਵੀ ਰਹਿਮਾਨ ਦੀ ਮੌਤ ਹੋ ਗਈ ਸੀ।

ਦੱਸਣਯੋਗ ਹੈ ਕਿ ਉਮਰ ਕੈਦ ਸਜ਼ਾਯਾਫ਼ਤਾ ਤੇ ਬੀ.ਐਨ.ਪੀ. ਦੇ ਸੀਨੀਅਰ ਉਪ ਪ੍ਰਧਾਨ ਰਹਿਮਾਨ ਨੂੰ ਅਦਾਲਤ ਨੇ ਭਗੌੜਾ ਐਲਾਨਿਆ ਹੋਇਆ ਹੈ ਤੇ ਉਹ ਇਸ ਸਮੇਂ ਲੰਡਨ ਦੇ ਇਗਜ਼ਾਈਲ ਵਿਖੇ ਰਹਿ ਰਿਹਾ ਹੈ। ਗ੍ਰਹਿ ਮੰਤਰੀ ਅਸਾਦੂਜ਼ਮਾਨ ਖਾਨ ਕਮਲ ਨੇ ਕਿਹਾ ਕਿ ਭਗੌੜੇ ਦੋਸ਼ੀਆਂ ਨੂੰ ਵਾਪਸ ਲਿਆਉਣ ਲਈ ਕਦਮ ਉਠਾਏ ਜਾ ਰਹੇ ਹਨ।

## ਹਵਾਈ ਅੱਡੇ ਦੀ ਕੰਧ ਨਾਲ ਟਕਰਾਇਆ ਏਅਰ ਇੰਡੀਆ ਦਾ ਜਹਾਜ

**ਤਿਰੂਚਿਰਾਪੱਲੀ (ਤਾਮਿਲਨਾਡੂ):** ਏਅਰ ਇੰਡੀਆ ਦਾ ਇਕ ਜਹਾਜ ਵੱਡੇ ਹਾਦਸੇ ਦਾ ਸ਼ਿਕਾਰ ਹੋਣ ਤੋਂ ਵਾਲ-ਵਾਲ ਬਚ ਗਿਆ। ਅਸਲ ਵਿਚ ਰਾਤ 1.30 ਵਜੇ ਏਅਰ ਇੰਡੀਆ ਐਕਸਪ੍ਰੈੱਸ ਦੇ ਜਹਾਜ ਨੇ ਤਿਰੂਚਿਰਾਪੱਲੀ (ਤਾਮਿਲਨਾਡੂ) ਹਵਾਈ ਅੱਡੇ ਤੋਂ ਦੁਬਈ ਲਈ ਉਡਾਣ ਭਰੀ ਸੀ ਅਤੇ ਇਸ ਦੌਰਾਨ ਉਸ ਦੇ ਟਾਇਰ ਹਵਾਈ ਅੱਡੇ ਦੀ ਚਾਰ ਦੀਵਾਰੀ ਨਾਲ ਟਕਰਾਅ ਗਏ। ਇਸ ਟੱਕਰ ਨਾਲ ਦੀਵਾਰ ਦਾ ਕਾਫੀ ਹਿੱਸਾ ਨੁਕਸਾਨਿਆ ਗਿਆ।

ਇਸ ਨਾਲ ਜਹਾਜ਼ ਨੂੰ ਥੋੜਾ ਨੁਕਸਾਨ ਹੋਇਆ ਪਰ ਇਸ ਵਿਚ ਮੌਜੂਦ ਸਾਰੇ 136 ਯਾਤਰੀ ਅਤੇ ਸਟਾਫ ਮੈਂਬਰ ਸੁਰੱਖਿਅਤ ਹਨ। ਇਸ ਹਾਦਸੇ ਤੋਂ ਬਾਅਦ ਮੁੱਖ ਪਾਇਲਟ ਅਤੇ ਸਹਿ-ਪਾਇਲਟ ਨੂੰ ਡਿਊਟੀ ਤੋਂ ਹਟਾ ਦਿੱਤਾ ਗਿਆ ਹੈ।

ਜਹਾਜ ਦੇ ਮੁੰਬਈ ਵਿਚ ਉਤਰਨ ਤੋਂ ਬਾਅਦ ਹਵਾਈ ਅੱਡੇ ਦੇ ਅਧਿਕਾਰੀਆਂ ਨੇ ਘਟਨਾ ਅਤੇ ਹਾਲਾਤ ਦੀ ਸਮੀਖਿਆ ਕੀਤੀ ਅਤੇ ਹਾਦਸੇ ਦੀ ਜਾਂਚ ਦੇ ਆਦੇਸ਼ ਦਿੱਤੇ।

## ਆਸਿਮ ਮੁਨੀਰ ਆਈ. ਐਸ. ਆਈ. ਦੇ ਨਵੇਂ ਮੁਖੀ ਨਿਯੁਕਤ

**ਇਸਲਾਮਾਬਾਦ:** ਲੈਫਟੀਨੈਂਟ ਜਨਰਲ ਆਸਿਮ ਮੁਨੀਰ ਨੂੰ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ.ਐਸ.ਆਈ. ਦਾ ਨਵਾਂ ਮੁਖੀ ਨਿਯੁਕਤ ਕੀਤਾ ਗਿਆ ਹੈ। ਇਹ ਖੁਲਾਸਾ ਪਾਕਿਸਤਾਨੀ ਫੌਜ ਦੇ ਮੀਡੀਆ ਵਿੰਗ ਨੇ ਕੀਤਾ ਹੈ। ਮੁਨੀਰ ਨੂੰ ਲੈਫਟੀਨੈਂਟ ਜਨਰਲ ਨਾਵੇਦ ਮੁਖਤਾਰ ਦੀ ਥਾਂ ਇਸ ਅਹੁਦੇ 'ਤੇ ਲਾਇਆ ਗਿਆ ਹੈ।

## ਜੰਟਾ ਕਤਲ ਕਾਂਡ: 8 ਅਕਾਲੀ ਸਮਰਥਕਾਂ ਨੂੰ ਉਮਰ ਕੈਦ

**ਮੁਹਾਲੀ:** ਅਦਾਲਤ ਨੇ ਤਕਰੀਬਨ ਚਾਰ ਸਾਲ ਪਹਿਲਾਂ ਲੋਕ ਸਭਾ ਚੋਣਾਂ ਦੀ ਕੁੜੱਤਣ ਦੇ ਚੱਲਦਿਆਂ ਇਕ ਨੌਜਵਾਨ ਦੀ ਹੱਤਿਆ ਦੇ ਮਾਮਲੇ ਦਾ ਨਿਬੇੜਾ ਕਰਦਿਆਂ ਅਕਾਲੀ ਸਮਰਥਕ ਅੱਠ ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਦੋਸ਼ੀਆਂ ਵਿਚ ਕੁਲਦੀਪ ਸਿੰਘ ਉਰਫ਼ ਦੀਪਾ, ਸੁਖਪ੍ਰੀਤ ਸਿੰਘ ਉਰਫ਼ ਰੋਡਾ, ਦਲਬੀਰ ਸਿੰਘ, ਕੰਵਲਜੀਤ ਸਿੰਘ, ਗਗਨਦੀਪ ਸਿੰਘ ਸਾਰੇ ਵਾਸੀ ਪਿੰਡ ਧਰਮਗੜ੍ਹ, ਗੁਰਸੇਵਕ ਸਿੰਘ ਝਿਊਰਹੇੜੀ, ਹਰਪ੍ਰੀਤ ਸਿੰਘ ਵਾਸੀ ਪਿੰਡ ਬਾਕਰਪੁਰ ਅਤੇ ਰੁਪਿੰਦਰ ਸਿੰਘ ਵਾਸੀ ਪਿੰਡ ਲਾਂਡਰਾਂ ਸ਼ਾਮਲ ਹਨ। ਜਦੋਂਕਿ ਇਕ ਮੁਲਜ਼ਮ ਗੌਰਵ ਪਟਿਆਲਾ ਵਾਸੀ ਪਿੰਡ ਖੁੱਡਾ ਅਲੀਸ਼ੇਰ ਹਾਲੇ ਤੱਕ ਭਗੌੜਾ ਚਲ ਰਿਹਾ ਹੈ। ਮ੍ਰਿਤਕ ਗੁਰਜੰਟ ਵਿਚ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ। 7 ਜੁਲਾਈ 2014 ਨੂੰ ਪਿੰਡ ਕੰਬਾਲੀ ਦੇ ਮੌਲਾ ਸਰਵਿਸ ਸਟੇਸ਼ਨ ਉਤੇ ਪੁਰਾਣੀ ਰੰਜਿਸ਼ ਦੇ ਚੱਲਦਿਆਂ ਅਕਾਲੀ ਵਰਕਰਾਂ ਨੇ ਕਬੱਡੀ ਖਿਡਾਰੀ ਗੁਰਜੰਟ ਸਿੰਘ ਉਰਫ਼ ਜੰਟਾ (25) ਵਾਸੀ ਪਿੰਡ ਸਿਆਊ ਦਾ ਗੰਡਾਸਿਆਂ ਅਤੇ ਕਿਰਪਾਨਾਂ ਨਾਲ ਕਤਲ ਕਰ ਦਿੱਤਾ ਸੀ।

ਇਸ ਸਬੰਧੀ ਉਕਤ ਦੋਸ਼ੀਆਂ ਖਿਲਾਫ਼ ਸੋਹਾਣਾ ਥਾਣੇ ਵਿੱਚ ਕੇਸ ਦਰਜ ਕੀਤਾ ਗਿਆ ਸੀ। ਅਦਾਲਤ ਦੇ ਬਾਹਰ ਮੀਡੀਆ ਨਾਲ ਗੱਲਬਾਤ ਦੌਰਾਨ ਮ੍ਰਿਤਕ ਨੌਜਵਾਨ ਦੇ ਪਿਤਾ ਰਣਧੀਰ ਸਿੰਘ ਨੇ ਕਿਹਾ ਕਿ ਭਾਵੇਂ ਉਸ ਦਾ ਪੁੱਤਰ ਵਾਪਸ ਨਹੀਂ ਆ ਸਕਦਾ ਹੈ ਪਰ ਅੱਜ ਜ਼ਿਲ੍ਹਾ ਅਦਾਲਤ ਨੇ ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾ ਕੇ ਉਨ੍ਹਾਂ ਨੂੰ ਇਨਸਾਫ ਦਿੱਤਾ ਹੈ।


## Matrimonials

### ਲੜਕੇ ਦੀ ਲੋੜ ਹੈ

Professionaly qualified well settled American citizen match for jatt sikh girl 24/5'5" MBBS, Passed USMLE Step 1 with high scores. Currently in India. Contact: 001-778-552-8628, 91-98760-61260,630-407-7577 or e-mail: dr.pardeepgill3@gmail.com 42-45

Suitable Jatt Sikh match sought for our daughter, PhD, 38 years, 5'-9", Beautiful and slim, never married, works as a Scientist in New York. Family from Ferozepur. Contact: gks27@cornell.edu 41-44

### ਲੜਕੀ ਦੀ ਲੋੜ ਹੈ

Looking for a suitable beautiful educated US citizen/ green card holder girl, at least 5'-6" or more, for Sikh clean shaven handsome boy 40 yrs, 6', US born MBA. Owns family established business. Cast no bar. Contact: 513-546-7246 42-45

ਜੱਟ ਸਿੱਖ ਗਿੱਲ, ਕਲੀਨ ਸ਼ੇਵਨ, ਉਮਰ 26 ਸਾਲ, ਕੱਦ 5'-9", ਮਾਸਟਰ ਡਿਗਰੀ ਇਨ ਕੰਪਿਊਟਰ ਸਾਇੰਸ, ਸੌਫਟਵੇਅਰ ਇੰਜੀਨੀਅਰ ਲਈ ਅਮੈਰੀਕਨ ਸਿਟੀਜ਼ਨ/ ਇੰਮੀਗਰਾਂਟ ਲੜਕੀ ਦੀ ਲੋੜ ਹੈ। ਲੜਕੇ ਦਾ ਪਰਿਵਾਰ ਅਮਰੀਕਾ ਵਿਚ ਸੈਟਲ। ਸੰਪਰਕ ਕਰੋ, ਫੋਨ: 660-473-1039 or email: gillsa2690@ gmail.com 39-42


## ਪਾਕਿਸਤਾਨ 'ਚ ਹਿੰਦੂਆਂ ਦੀਆਂ ਜਾਇਦਾਦਾਂ 'ਤੇ ਕਬਜ਼ਿਆਂ ਖਿਲਾਫ ਡਟੀ ਅਦਾਲਤ

**ਇਸਲਾਮਾਬਾਦ:** ਪਾਕਿਸਤਾਨ ਵਿਚ ਘੱਟ ਗਿਣਤੀ ਹਿੰਦੂਆਂ ਦੀਆਂ ਜਾਇਦਾਦਾਂ ਉਤੇ ਕੀਤੇ ਜਾ ਰਹੇ ਕਬਜ਼ਿਆਂ ਦਾ ਦੇਸ਼ ਦੇ ਚੀਫ ਜਸਟਿਸ ਸਾਕਿਬ ਨਿਸਾਰ ਨੇ ਨੋਟਿਸ ਲਿਆ ਹੈ। ਇਕ ਹਿੰਦੂ ਮਹਿਲਾ ਪ੍ਰੋਫੈਸਰ ਨੇ ਚੀਫ ਜਸਟਿਸ ਕੋਲ ਰੋਸ ਪ੍ਰਗਟਾਇਆ ਸੀ ਕਿ ਘੱਟ ਗਿਣਤੀਆਂ ਦੇਸ਼ ਵਿਚ ਬੇਹੱਦ ਲਾਕਾਨੂੰਨੀ ਅਤੇ ਦੁਰਪ੍ਰਬੰਧ ਦਾ ਸਾਹਮਣਾ ਕਰ ਰਹੀਆਂ ਹਨ।

ਆਪਣੀ ਨਿਆਂ ਪਸੰਦੀ ਲਈ ਜਾਣੇ ਜਾਂਦੇ ਜਸਟਿਸ ਨਿਸਾਰ ਨੇ ਸੇਵਾ ਮੁਕਤ ਪ੍ਰੋਫੈਸਰ ਡਾ. ਭਗਵਾਨ ਦੇਵੀ ਵੱਲੋਂ ਭੇਜੇ ਵੀਡੀਓ ਮੈਸੇਜ ਵਾਚਣ ਤੋਂ ਬਾਅਦ ਕੇਂਦਰ ਅਤੇ ਸੂਬਾ ਸਿੰਧ ਦੀ ਸਰਕਾਰ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ। ਚੀਫ ਜਸਟਿਸ ਵੱਲੋਂ ਲਏ ਨੋਟਿਸ ਬਾਅਦ ਅਦਾਲਤ ਨੇ ਦੇਸ਼ ਦੇ ਅਟਾਰਨੀ ਜਨਰਲ, ਐਡਵੋਕੇਟ ਜਨਰਲ ਆਫ ਸਿੰਧ, ਧਾਰਮਿਕ ਮਾਮਲੇ ਤੇ ਆਪਸੀ ਸਦਭਾਵਨਾ ਮੰਤਰਾਲੇ ਦੇ ਸਕੱਤਰ, ਘੱਟ ਗਿਣਤੀ ਮਾਮਲੇ ਵਿਭਾਗ ਦੇ ਸਕੱਤਰ, ਸਿੰਧ ਸਰਕਾਰ ਅਤੇ ਲੜਕਾਣਾ ਜ਼ਿਲ੍ਹਾ ਪ੍ਰਸ਼ਾਸਨ ਨੂੰ ਨੋਟਿਸ ਜਾਰੀ ਕਰ ਦਿੱਤੇ ਹਨ। 'ਡਾਅਨ ਨਿਊਜ਼' ਦੀ ਟੀਵੀ ਰਿਪੋਰਟ ਅਨੁਸਾਰ ਸ੍ਰੀਮਤੀ ਭਗਵਾਨ ਦੇਵੀ ਨੇ ਇਕ ਵੀਡੀਓ ਮੈਸੇਜ ਵਿਚ ਕਿਹਾ ਹੈ ਕਿ ਸੂਬਾ ਸਿੰਧ ਵਿਚ ਹਿੰਦੂ ਸਿਰੇ ਦੀਆਂ ਧੱਕੇਸ਼ਾਹੀਆਂ ਤੇ ਦੁਰ ਪ੍ਰਬੰਧਾਂ ਦਾ ਸ਼ਿਕਾਰ ਹਨ। ਸਿੰਧ ਵਿਚ ਭੂ ਮਾਫੀਆ ਜਬਰਦਸਤੀ ਹਿੰਦੂਆਂ ਦੀਆਂ ਜਾਇਦਾਦਾਂ 'ਤੇ ਕਬਜ਼ੇ ਕਰ ਰਿਹਾ ਹੈ ਤੇ ਲੜਕਾਣਾ 'ਚ ਗੈਰਕਾਨੂੰਨੀ ਫੈਲੀ ਹੋਈ ਹੈ।


## ਕੁਕ ਅਤੇ ਹੈਲਪਰ ਦੀ ਲੋੜ ਹੈ

ਸੈਕਰਾਮੈਂਟੋ, ਕੈਲੀਫੋਰਨੀਆ ਵਿਚ ਇੰਡੀਅਨ ਰੈਸਟੋਰੈਂਟ ਲਈ ਕੁਕ ਅਤੇ ਹੈਲਪਰ ਦੀ ਲੋੜ ਹੈ

ਮੁਫਤ ਰਿਹਾਇਸ਼ ਤੇ ਚੰਗੀ ਤਨਖਾਹ

ਸੰਪਰਕ ਕਰੋ:

ਫੋਨ: 916-468-8885

42-43

## ਤੰਦੂਰੀਏ ਦੀ ਲੋੜ ਹੈ

ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਅਨੁਭਵੀ ਤੰਦੂਰੀਏ ਦੀ ਲੋੜ ਹੈ ਜੋ ਤੰਦੂਰ ਦਾ ਸਾਰਾ ਕੰਮ ਜਾਣਦਾ ਹੋਵੇ। ਚੰਗੀ ਤਨਖਾਹ; ਖਾਣਾ ਤੇ ਰਿਹਾਇਸ਼ ਮੁਫਤ

ਪਤੀ-ਪਤਨੀ ਨੂੰ ਪਹਿਲ

*ਸੰਪਰਕ ਕਰੋ: ਮਿ. ਸਿੰਘ*

ਫੋਨ: 515-291-1961

42-43

## ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973

DHMS-Gold Medalist, BAMS, MDEh.- India

**Well Experienced as:**

Director, Principal, Professor and Chief Medical Officer in Medical Colleges and Hospitals of Punjab (India)

Practice Under State of California Act SB 577

**EX Member:** The California Homeopathic Society

National Center For Homeopathy- USA



*Gurdip Singh Sandhu*

***Live on Jas TV***

**Saturday 9:30AM and Sunday 4PM (Pacific Time)**

**7021 Village Park Way, Dublin, CA 94568**

Email: Homeomedicine@yahoo.com

## Michigan Truck Driving School

**6405 Middlebelt Road, Romulus, MI 48174**

ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!

ਹੁਣ 48 ਸਟੇਟਾਂ ਵਿਚ ਮਨਜ਼ੂਰਸ਼ੁਦਾ




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇਸੈਂਸ ਲਓ

*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਈਵਰ ਬਣੋ

**Raj Jamarai Cell:734-644-1010 Office:734-747-4298**

# ਬਰਗਾੜੀ ਮੋਰਚੇ ਦਾ ਸਰਕਾਰ ਦੇ ਰਵੱਈਏ ਖਿਲਾਫ ਸਖਤ ਰੁਖ

**ਜੈਤੋ:** ਬਰਗਾੜੀ ਵਿਚ ਬਹਿਬਲ ਕਾਂਡ ਦੀ ਤੀਜੀ ਵਰ੍ਹੇਗੰਢ ਮੌਕੇ ਹੋਏ ਸ਼ਹੀਦੀ ਸਮਾਗਮ ਦੌਰਾਨ ਧਾਰਮਿਕ ਤੇ ਰਾਜਸੀ ਹਸਤੀਆਂ ਨੇ ਸਖਤ ਤਕਰੀਰਾਂ ਕੀਤੀਆਂ। ਕੁਝ ਬੁਲਾਰੇ ਆਸਵੰਦ ਸਨ ਕਿ ਇਨਸਾਫ ਮੋਰਚੇ ਦੀ ਕਮਾਨ ਸੰਭਾਲੀ ਬੈਠੇ ਅਕਾਲ ਤਖਤ ਦੇ ਮੁਤਵਾਜ਼ੀ ਕਾਰਜਕਾਰੀ ਜਥੇਦਾਰ



ਧਿਆਨ ਸਿੰਘ ਮੰਡ ਸੰਘਰਸ਼ ਦੀ ਦਿਸ਼ਾ ਬਦਲਣ ਪਰ ਜਥੇਦਾਰ ਮੰਡ ਨੇ ਆਪਣੇ ਸਮਾਪਤੀ ਭਾਸ਼ਨ ਵਿਚ ਤਬਦੀਲੀ ਵਾਲੇ ਸੁਝਾਵਾਂ ਉਤੇ ਇਕ ਵਾਢਿਓਂ ਲੀਕ ਮਾਰ ਦਿੱਤੀ। ਕੈਪਟਨ ਸਰਕਾਰ ਪ੍ਰਤੀ ਜਥੇਦਾਰ ਦਾ ਵਤੀਰਾ ਗੁੱਸੇ ਅਤੇ ਤਲਖੀ ਵਾਲਾ ਰਿਹਾ। ਉਨ੍ਹਾਂ ਆਤਮਵਿਸ਼ਵਾਸ ਦੇ ਨਾਲ ਆਖਿਆ ਕਿ ਇਹ ਮੋਰਚਾ ਸ਼ਾਨੋ-ਸ਼ੌਕਤ ਦੇ ਨਾਲ ਬਰਗਾੜੀ ਦੀ ਧਰਤੀ ਉਤੇ ਜਿੱਤ ਕੇ ਇਥੇ ਹੀ ਪਰਚਮ ਲਹਿਰਾਇਆ ਜਾਵੇਗਾ।

ਸ਼ਰਧਾਂਜਲੀ ਸਮਾਗਮ ਦੌਰਾਨ ਕੈਪਟਨ ਸਰਕਾਰ ਜਥੇਦਾਰ ਮੰਡ ਨਿਸ਼ਾਨੇ ਉਤੇ ਰਹੀ। ਉਨ੍ਹਾਂ ਹਕੂਮਤਾਂ ਵੱਲੋਂ ਅਕਾਲ ਤਖਤ ਨਾਲ ਟੱਕਰ ਲੈਣ ਦੀ ਗੱਲ ਕਰਦਿਆਂ ਕਿਹਾ ਕਿ ਅਜਿਹਾ ਕਰਨ ਵਾਲੇ ਹਾਕਮਾਂ ਦਾ ਵਜੂਦ ਖਤਮ ਹੁੰਦਾ ਰਿਹਾ ਹੈ। ਉਨ੍ਹਾਂ ਭਾਜਪਾ, ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਤੋਂ ਸਿੱਖ ਪੰਥ ਨੂੰ ਖਤਰਾ ਦੱਸਿਆ। ਉਨ੍ਹਾਂ ਬਰਗਾੜੀ ਦੇ ਮੋਰਚੇ ਨੂੰ ਧਰਮ ਮੋਰਚਾ ਕਹਿੰਦਿਆਂ ਦਾਅਵੇ ਨਾਲ ਕਿਹਾ ਕਿ ਇਹ ਮੋਰਚੇ ਦੀਆਂ ਮੰਗਾਂ ਮੰਨਣ ਬਾਰੇ ਹਕੂਮਤ ਨੂੰ ਬਰਗਾੜੀ ਦੀ ਧਰਤੀ ਉਤੇ ਆ ਕੇ ਹੀ ਐਲਾਨ ਕਰਨਾ ਪਵੇਗਾ ਅਤੇ ਇਹ ਮੋਰਚਾ ਯਕੀਨਨ ਇਕ ਦਿਨ ਜਿੱਤਿਆ ਜਾਵੇਗਾ। ਤਖਤ ਕੇਸਗੜ੍ਹ ਸਾਹਿਬ ਦੇ ਮੁਤਵਾਜ਼ੀ ਜਥੇਦਾਰ ਭਾਈ ਅਮਰੀਕ ਸਿੰਘ ਅਜਨਾਲਾ ਨੇ ਕਾਂਗਰਸ ਅਤੇ ਅਕਾਲੀ ਦਲ ਨਾਲ ਸਬੰਧ ਰੱਖਣ ਵਾਲਿਆਂ ਨੂੰ ਗੱਦਾਰ ਅਤੇ ਚੋਰ ਤੱਕ ਕਹਿ ਕੇ ਮਿਹਣਾ ਮਾਰਿਆ। ਲੋਕ ਸਭਾ ਮੈਂਬਰ ਭਗਵੰਤ ਮਾਨ ਨੇ ਮੋਰਚੇ ਦੀਆਂ ਮੰਗਾਂ ਬਾਰੇ ਸਰਕਾਰ ਦੀ ਨੀਅਤ ਸਾਫ ਨਾ ਹੋਣ ਦੀ ਗੱਲ ਕਰਦਿਆਂ ਕਿਹਾ ਕਿ ਉਹ 5 ਨਵੰਬਰ ਤੋਂ ਸ਼ੁਰੂ ਹੋਣ ਵਾਲੇ ਸੰਸਦ ਦੇ ਸੈਸ਼ਨ ਦੌਰਾਨ ਮੋਰਚੇ ਦੀਆਂ ਮੰਗਾਂ ਗੰਭੀਰਤਾ ਨਾਲ ਪੇਸ਼ ਕਰਨਗੇ। ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਕੈਪਟਨ, ਬਾਦਲਾਂ ਨੂੰ ਬਚਾਅ ਰਹੇ ਹਨ ਅਤੇ ਨਿਆਂ ਦੀ ਪ੍ਰਾਪਤੀ ਲਈ ਇਨਸਾਫ ਪਸੰਦ ਧਿਰਾਂ ਨੂੰ ਇੱਕਜੁਟ ਹੋਣ ਦੀ ਜ਼ਰੂਰਤ ਹੈ।

ਆਪ ਦੇ ਬਾਗੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਮੋਰਚੇ ਦੇ ਇੰਚਾਰਜ ਜਥੇਦਾਰ ਮੰਡ ਨੂੰ ਮਸ਼ਵਰਾ ਦਿੱਤਾ ਕਿ ਉਹ ਇਨਸਾਫ ਮੋਰਚੇ ਨੂੰ ਧਰਮ ਯੁੱਧ ਮੋਰਚੇ ਵਿਚ ਤਬਦੀਲ ਕਰ ਦੇਣ। ਉਨ੍ਹਾਂ ਮੋਰਚੇ ਦੇ ਆਗੂਆਂ ਤੋਂ ਅਜਿਹੀ ਰਣਨੀਤੀ ਤਿਆਰ ਕਰਨ ਦੀ ਮੰਗ ਵੀ ਕੀਤੀ ਜੋ ਪੰਜਾਬੀਆਂ ਨੂੰ ਸਹੀ ਸੇਧ ਦੇ ਸਕੇ।

ਲੋਕ ਸਭਾ ਦੇ ਸਾਬਕਾ ਮੈਂਬਰ ਜਗਮੀਤ ਸਿੰਘ ਬਰਾੜ ਨੇ ਇਨਸਾਫ ਦੇਣ ਲਈ ਸਰਕਾਰ ਵੱਲੋਂ ਕੀਤੀ ਜਾ ਰਹੀ ਆਨਾਕਾਨੀ ਦੀ ਸਖਤ ਸ਼ਬਦਾਂ ਵਿੱਚ ਨੁਕਤਾਚੀਨੀ ਕੀਤੀ।

ਪੰਜਾਬ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਬੀਰਦਵਿੰਦਰ ਸਿੰਘ ਨੇ ਕਿਹਾ ਕਿ ਨਿਆਂ ਦੇਣ ਵਿੱਚ ਢੁੱਚਰਾਂ ਡਾਹੁਣਾ ਹਕੂਮਤਾਂ ਦਾ ਸੁਭਾਅ ਰਿਹਾ ਹੈ ਅਤੇ ਇਨ੍ਹਾਂ ਢੁੱਚਰਾਂ ਨੂੰ ਲੋਕਾਂ ਦੀ ਏਕਤਾ ਹੀ ਖਤਮ ਕਰ ਸਕਦੀ ਹੈ। ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਸੁਪਰੀਮ ਕੋਰਟ ਦੇ ਆਦੇਸ਼ ਆਏ ਹਨ ਕਿ ਹੁਣ ਸਿੱਖ ਖਾਲਿਸਤਾਨ ਦੀ ਗੱਲ ਕਰ ਸਕਦੇ ਹਨ ਅਤੇ ਇਹ ਗੱਲ ਹੁਣ ਅਸੀਂ ਕਰਾਂਗੇ ਕਿਉਂਕਿ ਆਜ਼ਾਦੀ ਸਾਡਾ ਹੱਕ ਹੈ।

## *ਸਿੱਖ ਸੰਗਤ ਨੇ ਮਨਾਇਆ 'ਲਾਹਨਤ' ਦਿਵਸ*

**ਕੋਟਕਪੂਰਾ:** ਤਿੰਨ ਸਾਲ ਪਹਿਲਾਂ ਕੋਟਕਪੂਰੇ ਦੇ ਬੱਤੀਆਂ ਵਾਲਾ ਚੌਕ ਵਿਖੇ ਵਾਪਰੇ ਕੋਟਕਪੂਰਾ ਗੋਲੀਕਾਂਡ ਦੇ ਵਿਰੋਧ ਉਸੇ ਥਾਂ ਉਪਰ ਸਿੱਖ ਜਥੇਬੰਦੀਆਂ ਨੇ ਦਰਬਾਰ-ਏ-ਖਾਲਸਾ ਦੇ ਸੱਦੇ ਉਤੇ 'ਲਾਹਨਤ' ਦਿਵਸ ਮਨਾਇਆ, ਜਿਸ ਵਿਚ ਵੱਡੀ ਗਿਣਤੀ ਵਿਚ ਸਿੱਖ ਧਾਰਮਿਕ ਆਗੂਆਂ ਤੇ ਸਿਆਸੀ ਪਾਰਟੀਆਂ ਦੇ ਆਗੂਆਂ ਨੇ ਵੀ ਸ਼ਿਰਕਤ ਕੀਤੀ। ਭੋਗ ਪੈਣ ਉਪਰੰਤ ਭਾਈ ਹਰਜਿੰਦਰ ਸਿੰਘ ਮਾਂਝੀ ਵੱਲੋਂ ਲਾਹਨਤ ਪੱਤਰ ਪੜ੍ਹਿਆ ਗਿਆ ਤੇ ਵੰਡਿਆ ਗਿਆ ਤੇ ਇਸ ਦਿਹਾੜੇ ਨੂੰ ਹਰ ਸਾਲ ਲਾਹਨਤ ਦਿਹਾੜੇ ਵਜੋਂ ਮਨਾਉਣ ਦਾ ਐਲਾਨ ਕੀਤਾ ਗਿਆ। ਪੰਜ ਸਫਿਆਂ ਦੇ ਇਸ ਪੱਤਰ ਵਿਚ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਉਤੇ ਤਿੱਖੇ ਸ਼ਬਦੀ ਹਮਲੇ ਕੀਤੇ ਗਏ।

## ਪੰਥਕ ਜਥੇਬੰਦੀਆਂ ਦੇ ਵਿਰੋਧ ਨੂੰ ਠੰਢਾ ਕਰਨ ਲਈ ਸਰਕਾਰੀ ਕੋਸ਼ਿਸ਼ਾਂ ਸ਼ੁਰੂ

**ਫਰੀਦਕੋਟ/ਕੋਟਕਪੂਰਾ:** ਬਰਗਾੜੀ ਵਿਚ ਪੰਥਕ ਜਥੇਬੰਦੀਆਂ ਦੇ ਵਿਰੋਧ ਨੂੰ ਠੰਢਾ ਕਰਨ ਲਈ ਕੈਬਨਿਟ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ, ਸੁਖਬਿੰਦਰ ਸਿੰਘ ਸਰਕਾਰੀਆ, ਵਿਧਾਇਕ ਹਰਮਿੰਦਰ ਸਿੰਘ ਗਿੱਲ ਤੇ ਵਿਧਾਇਕ ਕੁਸ਼ਲਦੀਪ ਢਿੱਲੋਂ ਆਧਾਰਿਤ ਸਰਕਾਰ ਦੇ ਵਫਦ ਨੇ ਬਹਿਬਲ ਕਲਾਂ ਵਿਚ ਪੁਲਿਸ ਦੀ ਗੋਲੀ ਸ਼ਹੀਦ ਹੋਏ ਨੌਜਵਾਨਾਂ ਦੀ ਬਰਸੀ ਸਮਾਗਮ ਵਿਚ ਸ਼ਿਰਕਤ ਕੀਤੀ। 14 ਅਕਤੂਬਰ 2015 ਨੂੰ ਵਾਪਰੇ ਇਸ ਗੋਲੀ ਕਾਂਡ ਵਿਚ ਬਹਿਬਲ ਖ਼ੁਰਦ ਦੇ ਕ੍ਰਿਸ਼ਨ ਭਗਵਾਨ ਸਿੰਘ ਤੇ ਸਰਾਵਾਂ ਦੇ ਗੁਰਜੀਤ ਸਿੰਘ ਦੀ ਮੌਤ ਹੋ ਗਈ ਸੀ। ਸਰਕਾਰ, ਪੰਥਕ ਮੋਰਚੇ ਦੀਆਂ ਧਿਰਾਂ ਨਾਲ ਇਸ ਮਸਲੇ 'ਤੇ ਗੱਲਬਾਤ ਕਰਨ ਦੇ ਯਤਨ ਕਰ ਰਹੀ ਹੈ, ਪਰ ਹਾਲੇ ਤੱਕ ਮਸਲਾ ਹੱਲ ਨਹੀਂ ਹੋਇਆ। ਕੈਬਨਿਟ ਮੰਤਰੀ ਬਾਜਵਾ ਨੇ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਇਹ ਵਫਦ ਪੀੜਤ ਪਰਿਵਾਰਾਂ ਨਾਲ ਦੁੱਖ ਪ੍ਰਗਟ ਕਰਨ ਲਈ ਭੇਜਿਆ ਗਿਆ ਹੈ। ਉਨ੍ਹਾਂ ਕਿਹਾ ਕਿ ਬਹਿਬਲ ਕਲਾਂ ਗੋਲੀ ਕਾਂਡ ਬਹੁਤ ਦੁਖਦਾਈ ਤੇ ਮੰਦਭਾਗੀ ਘਟਨਾ ਹੈ, ਜਿਸ ਨੂੰ ਤਤਕਾਲੀ ਸਰਕਾਰ ਟਾਲ ਸਕਦੀ ਸੀ। ਉਨ੍ਹਾਂ ਆਖਿਆ ਕਿ ਕਾਂਗਰਸ ਸਰਕਾਰ ਨੇ ਬੇਅਦਬੀ ਕਾਂਡ ਦੇ ਕਸੂਰਵਾਰਾਂ ਨੂੰ ਸਜ਼ਾ ਦੇਣ ਲਈ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਸਥਾਪਨਾ ਕੀਤੀ ਸੀ, ਜਿਸ ਨੇ ਆਪਣੀ ਰਿਪੋਰਟ ਪੇਸ਼ ਕਰ ਦਿੱਤੀ ਹੈ ਅਤੇ ਹੁਣ ਮੁਲਜ਼ਮਾਂ ਨੂੰ ਜਲਦ ਹੀ ਜੇਲ੍ਹਾਂ ਵਿਚ ਡੱਕਿਆ ਜਾਵੇਗਾ।

# ਬੇਅਦਬੀ ਦੇ ਰੋਸ ਵਿਚ 'ਆਪ' ਵਿਧਾਇਕ ਫੂਲਕਾ ਨੇ ਦਿੱਤਾ ਅਸਤੀਫਾ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਦੇ ਦਾਖਾ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਐਚ.ਐਸ. ਫੂਲਕਾ ਨੇ ਵਿਧਾਇਕ ਦੇ ਅਹੁਦੇ ਤੋਂ



ਅਸਤੀਫਾ ਦੇ ਦਿੱਤਾ ਹੈ। ਉਨ੍ਹਾਂ ਆਪਣਾ ਅਸਤੀਫਾ ਪੰਜਾਬ ਵਿਧਾਨ ਸਭਾ ਦੇ ਸਪੀਕਰ ਰਾਣਾ ਕੰਵਰਪਾਲ ਸਿੰਘ ਨੂੰ ਭੇਜ ਦਿੱਤਾ ਹੈ ਤੇ ਇਸ ਦੀ ਕਾਪੀ ਭਾਰਤ ਦੇ ਚੋਣ ਕਮਿਸ਼ਨ ਨੂੰ ਵੀ ਭੇਜੇ ਜਾਣ ਦਾ ਦਾਅਵਾ ਕੀਤਾ ਹੈ। ਆਪ ਵਿਧਾਇਕ ਵੱਲੋਂ ਤਿੰਨ ਸਫਿਆਂ ਦਾ ਅਸਤੀਫਾ ਭੇਜਦਿਆਂ ਕਾਂਗਰਸ ਸਰਕਾਰ ਖਾਸ ਕਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਉਪਰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਪੁਲਿਸ ਗੋਲੀ ਕਾਂਡ ਦੇ ਦੋਸ਼ੀਆਂ ਨੂੰ ਬਚਾਉਣ ਦੇ ਦੋਸ਼ ਲਾਏ ਹਨ।

ਉਨ੍ਹਾਂ ਇਹ ਵੀ ਕਿਹਾ ਕਿ ਕਾਂਗਰਸ ਸਰਕਾਰ ਵੱਲੋਂ ਦੋਸ਼ੀਆਂ ਖਿਲਾਫ਼ ਕਾਰਵਾਈ ਨਾ ਕੀਤੇ ਜਾਣ ਦੇ ਰੋਸ ਵਜੋਂ ਸਰਕਾਰ 'ਤੇ ਜ਼ੋਰ ਪਾਉਣ ਲਈ ਅਸਤੀਫਾ ਦੇ ਰਿਹਾ ਹਾਂ। ਵਿਧਾਨ ਸਭਾ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਸ੍ਰੀ ਫੂਲਕਾ ਦਾ ਅਸਤੀਫਾ ਵਿਧਾਨ ਸਭਾ ਵੱਲੋਂ ਨਿਰਧਾਰਤ ਮਾਪਦੰਡਾਂ ਮੁਤਾਬਕ ਨਹੀਂ ਦਿੱਤਾ ਗਿਆ। ਅਧਿਕਾਰੀਆਂ ਦਾ ਇਹ ਵੀ ਕਹਿਣਾ ਹੈ ਕਿ ਅਸਤੀਫਾ ਸਪੀਕਰ ਨੂੰ ਮਿਲ ਕੇ ਹੀ ਦਿੱਤਾ ਜਾ ਸਕਦਾ ਹੈ। ਇਸ ਤੋਂ ਬਿਨਾਂ ਸਪੀਕਰ ਵੱਲੋਂ ਪੁਸ਼ਟੀ ਕੀਤੇ ਜਾਣ ਤੋਂ ਬਾਅਦ ਹੀ ਆਮ ਤੌਰ ਉਤੇ ਅਸਤੀਫਾ ਪ੍ਰਵਾਨ ਕੀਤਾ ਜਾਂਦਾ ਹੈ। ਐਚ.ਐਸ. ਫੂਲਕਾ ਨੇ ਪੰਜਾਬ ਵਿਧਾਨ ਸਭਾ ਬੇਅਦਬੀ ਮਾਮਲੇ ਦੀ ਪੜਤਾਲੀਆ ਰਿਪੋਰਟ ਉਤੇ 28 ਅਗਸਤ ਨੂੰ ਹੋਈ ਬਹਿਸ ਤੋਂ ਬਾਅਦ ਅਸਤੀਫਾ ਦੇਣ ਦਾ ਐਲਾਨ ਕੀਤਾ ਸੀ। 'ਆਪ' ਵਿਧਾਇਕ ਵੱਲੋਂ ਅਸਤੀਫਾ ਦੇਣ ਦਾ ਮਾਮਲਾ ਇਸ ਕਰ ਕੇ ਮੁਲਤਵੀ ਕਰ ਦਿੱਤਾ ਗਿਆ ਸੀ ਕਿਉਂਕਿ ਪੰਜਾਬ ਪੁਲਿਸ ਦੇ ਕੁਝ ਅਫਸਰਾਂ ਨੇ ਜਸਟਿਸ (ਸੇਵਾ ਮੁਕਤ) ਰਣਜੀਤ ਸਿੰਘ ਦੀਆਂ ਪੜਤਾਲੀਆ ਰਿਪੋਰਟਾਂ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਚੁਣੌਤੀ ਦੇ ਦਿੱਤੀ ਸੀ। ਲੰਘੇ ਦਿਨਾਂ ਦੌਰਾਨ 7 ਅਕਤੂਬਰ ਨੂੰ ਬਰਗਾੜੀ ਵਿਚ ਹੋਏ ਭਾਰੀ ਇਕੱਠ ਤੋਂ ਬਾਅਦ ਸ੍ਰੀ ਫੂਲਕਾ ਨੇ ਅਸਤੀਫਾ ਦੇਣ ਦੇ ਐਲਾਨ ਨੂੰ ਅਮਲੀ ਜਾਮਾ ਪਹਿਨਾ ਦਿੱਤਾ।

'ਆਪ' ਵਿਧਾਇਕ ਨੇ ਇਹ ਵੀ ਦੋਸ਼ ਲਾਇਆ ਕਿ ਪੰਜਾਬ ਸਰਕਾਰ ਪਾਰਟੀ ਹਾਈ ਕਮਾਨ ਦੇ ਦਬਾਅ ਅਧੀਨ ਡੇਰਾ ਸਿਰਸਾ ਤੋਂ ਸਿਆਸੀ ਹਮਾਇਤ ਲੈਣ ਦੀ ਝਾਕ ਵਿਚ ਲੋਕਾਂ ਦੀਆਂ ਭਾਵਨਾਵਾਂ ਨਾਲ ਖੇਡ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਧਾਨ ਸਭਾ ਵਿਚ ਕਾਂਗਰਸ ਨੂੰ ਬਹੁਮਤ ਹੋਣ ਕਾਰਨ ਹਾਕਮ ਪਾਰਟੀ ਨਾਜਾਇਜ਼ ਫਾਇਦਾ ਉਠਾ ਰਹੀ ਹੈ। ਵਿਧਾਨ ਸਭਾ ਦੇ ਸਪੀਕਰ ਰਾਣਾ ਕੇ.ਪੀ. ਸਿੰਘ ਵੱਲੋਂ ਜੇ ਅਸਤੀਫਾ ਪ੍ਰਵਾਨ ਕਰ ਲਿਆ ਜਾਂਦਾ ਹੈ ਤਾਂ ਚੋਣ ਕਮਿਸ਼ਨ ਛੇ ਮਹੀਨਿਆਂ ਦੇ ਅੰਦਰ-ਅੰਦਰ ਚੋਣ ਕਰਾਉਣ ਲਈ ਵਿਧਾਨਿਕ ਤੌਰ ਉਤੇ ਪਾਬੰਦ ਹੋਵੇਗਾ। ਇਸ ਤਰ੍ਹਾਂ ਆਗਾਮੀ ਲੋਕ ਸਭਾ ਚੋਣਾਂ ਦੇ ਨਾਲ ਹੀ ਦਾਖਾ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਵੀ ਹੋ ਸਕਦੀ ਹੈ।

## *ਐਚ. ਐਸ. ਫੂਲਕਾ ਨੇ ਬੋਲ ਪੁਗਾਏ, ਹੁਣ ਕਾਂਗਰਸੀ ਮੰਤਰੀ ਅੱਗੇ ਆਉਣ: ਆਪ*

**ਚੰਡੀਗੜ੍ਹ :** 'ਆਪ' ਦੇ ਸੀਨੀਅਰ ਆਗੂ ਅਤੇ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਬਰਗਾੜੀ ਅਤੇ ਬਹਿਬਲ ਕਲਾਂ ਗੋਲੀ ਕਾਂਡ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ 'ਚ ਅਸਫਲ ਰਹੇ ਕਾਂਗਰਸ ਦੇ ਉਨ੍ਹਾਂ ਪੰਜ ਮੰਤਰੀਆਂ ਤੋਂ ਅਸਤੀਫਾ ਮੰਗਿਆ ਹੈ, ਜੋ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅੱਗੇ ਸਦਨ ਵਿਚ 'ਝੋਲੀਆਂ' ਅੱਡ ਕੇ ਵਾਸਤੇ ਪਾ ਰਹੇ ਸਨ। ਹਰਪਾਲ ਸਿੰਘ ਚੀਮਾ ਨੇ ਕਿਹਾ ਕਿ 'ਆਪ' ਦੇ ਸੀਨੀਅਰ ਆਗੂ ਤੇ ਵਿਧਾਇਕ ਐਚ.ਐਸ. ਫੂਲਕਾ ਨੇ ਆਪਣਾ ਵਚਨ ਨਿਭਾਉਂਦਿਆਂ ਵਿਧਾਨ ਸਭਾ ਦੀ ਮੈਂਬਰਸ਼ਿਪ ਤੋਂ ਅਸਤੀਫਾ ਦੇ ਦਿੱਤਾ ਹੈ ਤੇ ਹੁਣ ਕੈਬਨਿਟ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਨਵਜੋਤ ਸਿੰਘ ਸਿੱਧੂ, ਮਨਪ੍ਰੀਤ ਸਿੰਘ ਬਾਦਲ, ਸੁਖਜਿੰਦਰ ਸਿੰਘ ਰੰਧਾਵਾ ਤੇ ਚਰਨਜੀਤ ਸਿੰਘ ਚੰਨੀ ਵੀ ਅਸਤੀਫੇ ਦੇਣ ਦੀ ਹਿੰਮਤ ਦਿਖਾਉਣ।

## ਪੰਜਾਬੀ ਦੀ ਮਨੀਲਾ 'ਚ ਗੋਲੀਆਂ ਮਾਰ ਕੇ ਹੱਤਿਆ

**ਨਿਹਾਲ ਸਿੰਘ ਵਾਲਾ:** ਰੋਜ਼ੀ-ਰੋਟੀ ਲਈ ਮਨੀਲਾ ਗਏ ਨਿਹਾਲ ਸਿੰਘ ਵਾਲਾ ਤਹਿਸੀਲ ਦੇ ਪਿੰਡ ਮਾਣੂੰਕੇ ਗਿੱਲ ਦੇ ਨੌਜਵਾਨ ਕੁਲਦੀਪ ਸਿੰਘ (32) ਦੀ ਅਣਪਛਾਤੇ ਵਿਅਕਤੀਆਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਕੰਮ ਤੋਂ ਪਰਤਦਿਆਂ ਹਥਿਆਰਬੰਦ ਲੁਟੇਰਿਆਂ ਨੇ ਉਸ 'ਤੇ ਹਮਲਾ ਕੀਤਾ। ਜਾਣਕਾਰੀ ਅਨੁਸਾਰ ਕੁਲਦੀਪ ਸਿੰਘ ਘਰ ਦਾ ਤੋਰਾ ਤੋਰਨ ਲਈ ਦੋ ਕੁ ਸਾਲ ਪਹਿਲਾਂ ਮਨੀਲਾ ਗਿਆ ਸੀ। ਕੁਲਦੀਪ ਦਾ ਭਰਾ ਮਨੀਲਾ ਰਹਿੰਦਾ ਸੀ ਅਤੇ ਉਸ ਦੀ ਮੌਤ ਪਿੱਛੋਂ ਉਹ ਮਨੀਲਾ ਚਲਾ ਗਿਆ ਸੀ। ਕੁਲਦੀਪ ਦੇ ਪਰਿਵਾਰ 'ਚ ਇਕ ਲੜਕਾ ਅਤੇ ਚਾਰ ਸਾਲ ਦੀ ਲੜਕੀ ਹੈ।

## *ਬੇਅਦਬੀ ਕਾਂਡ: ਹਾਈ ਕੋਰਟ ਨੇ ਸਰਕਾਰ ਤੋਂ ਸਟੇਟਸ ਰਿਪੋਰਟ ਮੰਗੀ*

**ਚੰਡੀਗੜ੍ਹ:** ਪੰਜਾਬ ਹਰਿਆਣਾ ਹਾਈ ਕੋਰਟ ਨੇ ਰਾਜ ਸਰਕਾਰ ਤੋਂ ਪੰਜਾਬ ਵਿਚ ਬੇਅਦਬੀ ਦੀਆਂ ਘਟਨਾਵਾਂ ਤੇ ਗੋਲੀਬਾਰੀ ਦੇ ਮਾਮਲਿਆਂ ਸਬੰਧੀ ਜਸਟਿਸ ਰਣਜੀਤ ਸਿੰਘ ਕਮਿਸ਼ਨ ਰਿਪੋਰਟ ਦੇ ਸੰਦਰਭ ਵਿਚ ਹੁਣ ਤੱਕ ਹੋਈ ਕਾਰਵਾਈ ਬਾਰੇ ਰਿਪੋਰਟ ਮੰਗੀ ਹੈ।

ਜਸਟਿਸ ਰਾਜਨ ਗੁਪਤਾ ਸਾਹਮਣੇ ਪੰਜਾਬ ਦੇ ਐਡਵੋਕੇਟ ਜਨਰਲ ਅਤੁਲ ਨੰਦਾ ਤੇ ਵਕੀਲ ਦੀਆ ਸੋਢੀ ਤੇ ਸੀਨੀਅਰ ਐਡਵੋਕੇਟ ਕਪਿਲ ਸਿੱਬਲ ਪੇਸ਼ ਹੋਏ ਤੇ ਉਨ੍ਹਾਂ ਕਿਹਾ ਕਿ ਉਹ ਅਗਲੀ ਪੇਸ਼ੀ 'ਤੇ ਦੋ ਸਾਬਕਾ ਐਸ.ਐਸ.ਪੀਜ਼. ਤੇ ਇਕ ਸਾਬਕਾ ਐਸ.ਐਚ.ਓ. ਦੀ ਗ੍ਰਿਫ਼ਤਾਰੀ 'ਤੇ ਰੋਕ ਲਾਉਣ ਦੇ ਹੁਕਮ ਹਟਵਾਉਣ ਬਾਰੇ ਪੇਸ਼ ਕੀਤੇ ਰਾਜ ਸਰਕਾਰ ਦੇ ਹਲਫਨਾਮੇ ਬਾਰੇ ਆਪਣੀਆਂ ਦਲੀਲਾਂ ਪੇਸ਼ ਕਰਨਗੇ। ਅਦਾਲਤ ਨੇ ਕੇਸ ਦੀ ਅਗਲੀ ਪੇਸ਼ੀ ਮੌਕੇ 14 ਨਵੰਬਰ ਤੱਕ ਸਟੇਟਸ ਰਿਪੋਰਟ ਦਾਖਲ ਕਰਨ ਲਈ ਕਿਹਾ ਹੈ।

# ਅਵਤਾਰ ਸਿੰਘ ਹਿੱਤ ਬਣੇ ਤਖਤ ਪਟਨਾ ਸਾਹਿਬ ਕਮੇਟੀ ਦੇ ਪ੍ਰਧਾਨ

**ਨਵੀਂ ਦਿੱਲੀ:** ਤਖਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਲਈ ਦਿੱਲੀ ਕਮੇਟੀ ਦੇ ਸੀਨੀਅਰ ਮੈਂਬਰ ਅਵਤਾਰ ਸਿੰਘ ਹਿੱਤ ਨੂੰ ਸਰਬਸੰਮਤੀ ਨਾਲ ਚੁਣ ਲਿਆ ਗਿਆ ਹੈ। ਸੀਨੀਅਰ ਮੀਤ ਪ੍ਰਧਾਨ ਡਾ. ਗੁਰਮੀਤ ਸਿੰਘ ਅਤੇ ਜਨਰਲ ਸਕੱਤਰ ਮਹਿੰਦਰਪਾਲ ਸਿੰਘ ਨੂੰ ਚੁਣਿਆ ਗਿਆ। ਭਾਵੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਦਾ ਨਾਂ ਚਰਚਾ 'ਚ ਸੀ ਪਰ ਸ੍ਰੀ ਹਿੱਤ ਦੇ ਨਾਂ ਦਾ ਐਲਾਨ ਕੀਤਾ ਗਿਆ।

ਤਖਤ ਪਟਨਾ ਸਾਹਿਬ ਦੇ ਜਥੇਦਾਰ ਭਾਈ ਇਕਬਾਲ ਸਿੰਘ ਵੱਲੋਂ ਅਰਦਾਸ ਕਰਨ ਮਗਰੋਂ ਚੋਣ ਪ੍ਰਕਿਰਿਆ ਸ਼ੁਰੂ ਹੋਈ। ਪਿਛਲੇ ਹਾਊਸ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਅਤੇ ਸੀਨੀਅਰ ਮੀਤ ਪ੍ਰਧਾਨ ਸ਼ੈਲੇਂਦਰ ਸਿੰਘ ਦੇ ਨਾ ਪੁੱਜਣ ਕਰਕੇ ਚੋਣ ਦੀ ਕਾਰਵਾਈ ਪਿਛਲੀ ਕਮੇਟੀ ਦੀ ਜੂਨੀਅਰ ਮੀਤ ਪ੍ਰਧਾਨ ਕੰਵਲਜੀਤ ਕੌਰ ਨੇ ਚਲਾਈ। ਡਾ. ਗੁਰਮੀਤ ਸਿੰਘ ਨੂੰ 8 ਵੋਟਾਂ ਮਿਲੀਆਂ ਜਦੋਂ ਕਿ ਵਿਰੋਧੀ ਉਮੀਦਵਾਰ ਨੂੰ 6 ਵੋਟਾਂ ਮਿਲੀਆਂ। ਜੂਨੀਅਰ ਮੀਤ ਪ੍ਰਧਾਨ ਦੇ ਅਹੁਦੇ ਲਈ ਇੰਦਰਜੀਤ ਸਿੰਘ (ਦੱਖਣੀ ਬਿਹਾਰ) ਆਮ ਸਹਿਮਤੀ ਨਾਲ ਚੁਣੇ ਗਏ। ਜਨਰਲ ਸਕੱਤਰ ਲਈ ਮਹਿੰਦਰਪਾਲ ਸਿੰਘ (ਜ਼ਿਲ੍ਹਾ ਜੱਜ ਵੱਲੋਂ ਮਨੋਨੀਤ) ਨੂੰ 10 ਵੋਟਾਂ



ਮਿਲੀਆਂ ਤੇ ਵਿਰੋਧੀ ਉਮੀਦਵਾਰ ਨੂੰ 4 ਵੋਟਾਂ ਮਿਲੀਆਂ। ਸਹਿਮਤੀ ਨਾਲ ਮਹਿੰਦਰ ਸਿੰਘ ਛਾਬੜਾ ਨੂੰ ਸਕੱਤਰ ਬਣਾਇਆ ਗਿਆ। ਕਮੇਟੀ ਦੇ ਕੁੱਲ 15 ਮੈਂਬਰ ਹੁੰਦੇ ਹਨ ਪਰ ਸਨਤਾਮੀ ਸਿੱਖਾਂ ਦੇ ਇਕ ਮੈਂਬਰ ਦੇ ਅਧਿਕਾਰ ਅਦਾਲਤੀ ਝਮੇਲੇ ਕਾਰਨ ਅਟਕੇ ਪਏ ਹੋਣ ਕਰਕੇ 14 ਮੈਂਬਰਾਂ ਨੇ ਹੀ ਪ੍ਰਕਿਰਿਆ ਵਿਚ ਹਿੱਸਾ ਲਿਆ।

ਵਿਰੋਧੀ ਧੜੇ ਵਿਚ ਰਾਜਾ ਸਿੰਘ (ਹਲਕਾ-1), ਹਰਬੰਸ ਸਿੰਘ (ਹਲਕਾ 2), ਉੱਤਰੀ ਬਿਹਾਰ ਤੋਂ ਲਖਵਿੰਦਰ ਸਿੰਘ, ਤਰਲੋਚਨ ਸਿੰਘ ਤੇ ਕੋਲਕਾਤਾ ਤੋਂ ਕਮਿਕਰ ਸਿੰਘ ਤੇ ਜ਼ਿਲ੍ਹਾ ਜੱਜ ਵੱਲੋਂ ਮਨੋਨੀਤ ਜਗਜੀਤ ਸਿੰਘ ਸ਼ਾਮਲ ਹਨ। ਪ੍ਰਧਾਨਗੀ ਸਾਂਭਣ ਮਗਰੋਂ ਸ੍ਰੀ ਹਿੱਤ ਨੇ ਕਿਹਾ ਕਿ ਗੁਰੂ ਗੋਬਿੰਦ ਸਿੰਘ ਦਾ 350ਵਾਂ ਪ੍ਰਕਾਸ਼ ਪੁਰਬ ਜਿਵੇਂ ਧੂਮ-ਧਾਮ ਨਾਲ ਮਨਾਇਆ ਗਿਆ ਉਵੇਂ ਹੀ ਗੁਰੂ ਨਾਨਕ ਦਾ 550ਵਾਂ ਪ੍ਰਕਾਸ਼ ਪੁਰਬ ਵੀ ਪਟਨਾ ਸਾਹਿਬ ਵਿਖੇ ਧੂਮ-ਧਾਮ ਨਾਲ ਮਨਾਇਆ ਜਾਵੇਗਾ। ਸ੍ਰੀ ਮਹਿੰਦਰਪਾਲ ਸਿੰਘ ਨੇ ਕਿਹਾ ਕਿ ਪਟਨਾ-ਅੰਮ੍ਰਿਤਸਰ ਦਰਮਿਆਨ ਸਿੱਧੀ ਹਵਾਈ ਸੇਵਾ, ਅਕਾਲ ਤਖਤ ਸੁਪਰਫਾਸਟ ਨੂੰ ਰੋਜ਼ਾਨਾ ਚਲਾਉਣ, ਪਟਨਾ ਸਾਹਿਬ-ਅੰਮ੍ਰਿਤਸਰ ਤੇ ਸ੍ਰੀ ਹਜ਼ੂਰ ਸਾਹਿਬ ਲਈ ਰੇਲ ਸੇਵਾ ਸ਼ੁਰੂ ਕਰਨ, ਗੁਰਮੁਖੀ ਸਮੇਤ ਹੋਰ ਰੇਲ ਗੱਡੀਆਂ ਦਾ ਪਟਨਾ ਸਾਹਿਬ ਵਿਖੇ ਠਹਿਰਾਅ ਕਰਵਾਉਣ ਦੀ ਪਹਿਲ ਕੀਤੀ ਜਾਵੇਗੀ। ਦੋਵੇਂ ਆਗੂਆਂ ਨੇ ਕਿਹਾ ਕਿ ਉਹ ਸਾਰਿਆਂ ਨਾਲ ਮਿਲ ਕੇ ਕੰਮ ਕਰਨਗੇ। ਜਥੇਦਾਰ ਇਕਬਾਲ ਸਿੰਘ ਵੱਲੋਂ ਚੁਣੇ ਗਏ ਅਹੁਦੇਦਾਰਾਂ ਨੂੰ ਸਿਰੋਪਾ ਭੇਟ ਕੀਤਾ ਗਿਆ। ਇਸ ਮੌਕੇ ਗੋਬਿੰਦ ਸਿੰਘ ਲੌਂਗੋਵਾਲ, ਮਨਜਿੰਦਰ ਸਿੰਘ ਸਿਰਸਾ, ਕੁਲਮੋਹਨ ਸਿੰਘ, ਜਸਪ੍ਰੀਤ ਸਿੰਘ ਵਿੱਕੀ ਮਾਨ ਅਤੇ ਹੋਰ ਆਗੂ ਹਾਜ਼ਰ ਸਨ।

# ਅਕਾਲੀ ਦਲ ਵਿਚ ਬਾਗੀ ਸੁਰਾਂ ਹੋਈਆਂ ਹੋਰ ਤਿੱਖੀਆਂ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਵਿਚਾਲੇ ਪੈਦਾ ਹੋਏ ਅੰਦਰੂਨੀ ਸੰਕਟ ਵਿਚ ਉਸ ਵੇਲੇ ਹੋਰ ਵਾਧਾ ਹੋ ਗਿਆ ਜਦੋਂ ਮਾਝੇ ਦੇ ਇਕ ਹੋਰ ਟਕਸਾਲੀ ਅਕਾਲੀ ਆਗੂ ਭਾਈ ਮਨਜੀਤ ਸਿੰਘ ਨੇ ਵੀ ਪਾਰਟੀ ਦੀਆਂ ਨੀਤੀਆਂ ਉਤੇ ਕਿੰਤੂ ਪ੍ਰੰਤੂ ਕਰਦਿਆਂ ਡੇਰਾ ਸਿਰਸਾ ਦੇ ਮੁਖੀ ਨੂੰ ਮਾਫੀ ਦੇਣਾ ਪਾਰਟੀ ਲਈ ਆਤਮਘਾਤੀ ਫੈਸਲਾ ਕਰਾਰ ਦਿੱਤਾ। ਉਨ੍ਹਾਂ ਨੇ ਪਾਵਨ ਸਰੂਪਾਂ ਦੀ ਬੇਅਦਬੀ ਅਤੇ ਬਰਗਾੜੀ ਘਟਨਾ ਲਈ ਜ਼ਿੰਮੇਵਾਰ ਵਿਅਕਤੀਆਂ ਨੂੰ ਸ੍ਰੀ ਅਕਾਲ ਤਖ਼ਤ ਵਿਖੇ ਮੁਆਫੀ ਮੰਗਣ ਦਾ ਸੁਝਾਅ ਦਿੱਤਾ ਹੈ।



ਭਾਈ ਮਨਜੀਤ ਸਿੰਘ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਮੈਂਬਰ ਹਨ ਅਤੇ ਇਸ ਤੋਂ ਪਹਿਲਾਂ ਪਾਰਟੀ ਦੇ ਮੀਤ ਪ੍ਰਧਾਨ ਤੇ ਪੇਡਾ ਦੇ ਚੇਅਰਮੈਨ ਦੇ ਅਹੁਦੇ 'ਤੇ ਰਹਿ ਚੁੱਕੇ ਹਨ। ਉਹ ਦਮਦਮੀ ਟਕਸਾਲ ਦੇ ਸਾਬਕਾ ਮੁਖੀ ਸਵਰਗੀ ਸੰਤ ਕਰਤਾਰ ਸਿੰਘ ਭਿੰਡਰਾਂਵਾਲਾ ਦੇ ਬੇਟੇ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਸਵਰਗੀ ਭਾਈ ਅਮਰੀਕ ਸਿੰਘ ਦੇ ਭਰਾ ਹਨ। ਉਨ੍ਹਾਂ ਆਖਿਆ ਕਿ ਉਨ੍ਹਾਂ ਦਾ ਪਰਿਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਮਰਪਤ ਰਿਹਾ ਹੈ। ਉਨ੍ਹਾਂ ਕਿਹਾ ਕਿ ਜੇਕਰ ਸਮਾਂ ਰਹਿੰਦਿਆਂ ਉਸ ਵੇਲੇ ਦੀ ਸਰਕਾਰ ਨੇ ਇਸ ਘਟਨਾ ਕ੍ਰਮ ਦੀ ਜੜ੍ਹ ਨੂੰ ਲੱਭ ਲਿਆ ਹੁੰਦਾ ਤਾਂ ਅੱਜ ਪੰਜਾਬ ਦੇ ਹਾਲਾਤ ਕੁਝ ਹੋਰ ਹੁੰਦੇ ਤੇ ਸਪੱਸ਼ਟੀਕਰਨ ਦੇਣ ਦੀ ਲੋੜ ਨਾ ਪੈਂਦੀ।

ਉਨ੍ਹਾਂ ਦੋਸ਼ ਲਾਇਆ ਕਿ ਸ਼੍ਰੋਮਣੀ ਅਕਾਲੀ ਦਲ ਨੇ ਪੰਥਕ ਏਜੰਡੇ ਨੂੰ ਤਿਆਗ ਕੇ ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫੀ ਦਿੱਤੀ ਸੀ, ਜੋ ਪਾਰਟੀ ਲਈ ਆਤਮਘਾਤੀ ਫੈਸਲਾ ਸਾਬਤ ਹੋਇਆ ਹੈ। ਇਸ ਫੈਸਲੇ ਨਾਲ ਸ੍ਰੀ ਅਕਾਲ ਤਖ਼ਤ, ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸਾਖ ਨੂੰ ਢਾਹ ਲੱਗੀ ਹੈ। ਉਨ੍ਹਾਂ ਆਖਿਆ ਕਿ ਪਾਰਟੀ ਦੀ ਲੀਡਰਸ਼ਿਪ ਵਿਚ ਬਦਲਾਅ ਬਾਰੇ ਸਮੂਹ ਸੀਨੀਅਰ ਆਗੂਆਂ ਨੂੰ ਮਿਲ ਬੈਠ ਕੇ ਵਿਚਾਰ ਕਰਨਾ ਚਾਹੀਦਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਉਹ ਸ਼੍ਰੋਮਣੀ ਕਮੇਟੀ ਦੀ ਮੈਂਬਰਸ਼ਿਪ ਤੋਂ ਅਸਤੀਫਾ ਨਹੀਂ ਦੇਣਗੇ ਅਤੇ ਪਾਰਟੀ ਵਿਚ ਰਹਿ ਕੇ ਅਜਿਹੀ ਨੀਤੀ ਦਾ ਵਿਰੋਧ ਕਰਨਗੇ। ਉਨ੍ਹਾਂ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਹਟਾਉਣ ਦਾ ਸਮਰਥਨ ਕੀਤਾ ਹੈ।

## ਬਾਦਲ ਦੇ ਢੀਂਡਸਾ ਨੂੰ ਮਨਾਉਣ ਦੇ ਯਤਨ ਨਾਕਾਮ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਅਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਰੁੱਸੇ ਅਕਾਲੀ ਨੇਤਾਵਾਂ ਨੂੰ ਮਨਾਉਣ ਦੇ ਯਤਨ ਆਰੰਭਦਿਆਂ ਸੀਨੀਅਰ ਆਗੂ ਸੁਖਦੇਵ ਸਿੰਘ ਢੀਂਡਸਾ ਨਾਲ ਮੀਟਿੰਗ ਕੀਤੀ। ਸ੍ਰੀ ਬਾਦਲ ਦੇਰ ਸ਼ਾਮ ਆਪਣੇ ਪੁਰਾਣੇ ਸਾਥੀ ਤੇ ਟਕਸਾਲੀ ਨੇਤਾ ਨੂੰ ਮਿਲਣ ਲਈ ਚੰਡੀਗੜ੍ਹ ਸਥਿਤ ਉਨ੍ਹਾਂ ਦੀ ਰਿਹਾਇਸ਼ 'ਤੇ ਗਏ। ਸੂਤਰਾਂ ਮੁਤਾਬਕ ਦੋਹਾਂ ਆਗੂਆਂ ਦਰਮਿਆਨ ਕੋਈ ਅੱਧਾ ਘੰਟਾ ਮੁਲਾਕਾਤ ਹੋਈ। ਸ੍ਰੀ ਢੀਂਡਸਾ ਨੇ ਮੀਟਿੰਗ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਸ੍ਰੀ ਬਾਦਲ ਨਾਲ ਬਹੁਤ ਲੰਮੀ ਸਾਂਝ ਹੈ ਅਤੇ ਇਹ ਸਾਧਾਰਨ ਮਿਲਣੀ ਸੀ। ਜਾਣਕਾਰੀ ਮੁਤਾਬਕ ਸ੍ਰੀ ਬਾਦਲ ਨੇ ਸੁਖਦੇਵ ਸਿੰਘ ਢੀਂਡਸਾ ਨੂੰ ਗਿਲੇ-ਸ਼ਿਕਵੇ ਭੁਲਾ ਕੇ ਅਕਾਲੀ ਦਲ ਦੇ ਅਹੁਦਿਆਂ ਤੋਂ ਦਿੱਤਾ ਅਸਤੀਫਾ ਵਾਪਸ ਲੈਣ ਅਤੇ ਸਰਗਰਮੀ ਨਾਲ ਕੰਮ ਕਰਨ ਲਈ ਕਿਹਾ।

ਸ੍ਰੀ ਢੀਂਡਸਾ ਨੇ ਸਰਗਰਮ ਸਿਆਸਤ ਵਿਚ ਵਾਪਸੀ ਤੋਂ ਇਨਕਾਰ ਕਰਦਿਆਂ ਸਿਹਤ ਠੀਕ ਨਾ ਰਹਿਣ ਦੀ ਗੱਲ ਆਖੀ। ਜ਼ਿਕਰਯੋਗ ਹੈ ਕਿ ਸ੍ਰੀ ਢੀਂਡਸਾ ਨੇ 29 ਸਤੰਬਰ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਜਨਰਲ ਸਮੇਤ ਪਾਰਟੀ ਦੇ ਸਾਰੇ ਅਹੁਦਿਆਂ ਤੋਂ ਅਸਤੀਫ਼ਾ ਦੇ ਦਿੱਤਾ ਸੀ। ਸ੍ਰੀ ਢੀਂਡਸਾ 9 ਅਕਤੂਬਰ ਨੂੰ ਅੰਮ੍ਰਿਤਸਰ 'ਚ ਦਰਬਾਰ ਸਾਹਿਬ ਨਤਮਸਤਕ ਹੋਣ ਸਮੇਂ ਲੋਕਾਂ ਦੇ ਸਾਹਮਣੇ ਆਏ ਸਨ। ਪਹਿਲੀ ਵਾਰ ਮੀਡੀਆ ਦੇ ਸਨਮੁਖ ਹੋਣ ਤੋਂ ਬਾਅਦ ਵੀ ਉਨ੍ਹਾਂ ਸਰਗਰਮ ਸਿਆਸਤ ਵਿਚ ਵਾਪਸ ਨਾ ਆਉਣ ਦੇ ਫੈਸਲੇ 'ਤੇ ਅਟੱਲ ਰਹਿਣ ਦਾ ਐਲਾਨ ਕੀਤਾ ਸੀ।

# ਆਮ ਆਦਮੀ ਪਾਰਟੀ ਵੱਲੋਂ ਪੰਜਾਬ ਵਿਚ ਲੋਕ ਸਭਾ ਚੋਣਾਂ ਇਕੱਲੇ ਲੜਨ ਦਾ ਐਲਾਨ

**ਬਠਿੰਡਾ:** ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਦਾਅਵਾ ਕੀਤਾ ਹੈ ਕਿ ਪਾਰਟੀ ਆਉਂਦੀਆਂ ਲੋਕ ਸਭਾ ਚੋਣਾਂ ਪੰਜਾਬ 'ਚ ਆਪਣੇ ਦਮ ਉਤੇ ਇਕੱਲਿਆਂ ਲੜੇਗੀ। ਉਨ੍ਹਾਂ ਸਾਫ ਕੀਤਾ ਕਿ ਲੋਕ ਸਭਾ ਚੋਣਾਂ 'ਚ 'ਆਪ' ਵੱਲੋਂ ਸੂਬੇ ਵਿਚ ਕਿਸੇ ਵੀ ਸਿਆਸੀ ਧਿਰ ਨਾਲ ਗੱਠਜੋੜ ਨਹੀਂ ਕੀਤਾ ਜਾਵੇਗਾ ਅਤੇ ਸਾਰੀਆਂ ਸੀਟਾਂ ਉਤੇ ਪਾਰਟੀ ਦੇ ਉਮੀਦਵਾਰ ਉਤਾਰੇ ਜਾਣਗੇ। ਉਨ੍ਹਾਂ 'ਆਪ' ਦੇ ਆਗਾਮੀ ਚੋਣਾਂ 'ਚ ਤੀਸਰੇ ਬਦਲ ਵਜੋਂ ਉਭਰਨ ਦੀ ਗੱਲ ਵੀ ਆਖੀ। ਉਨ੍ਹਾਂ ਦੋਸ਼ ਲਾਇਆ ਕਿ ਕੈਪਟਨ ਸਰਕਾਰ ਲੋਕਾਂ ਨਾਲ ਝੂਠ ਬੋਲ ਕੇ ਸੱਤਾ ਵਿਚ ਆਈ ਜਿਸ ਦੀ ਹੁਣ ਪੋਲ ਖੁੱਲ੍ਹ ਚੁੱਕੀ ਹੈ।

ਸ੍ਰੀ ਕੇਜਰੀਵਾਲ ਅਤੇ ਦਿੱਲੀ ਦੇ ਡਿਪਟੀ ਮੁੱਖ ਮੰਤਰੀ ਮਨੀਸ਼ ਸਿਸੋਦੀਆ ਬਠਿੰਡਾ 'ਚ 'ਆਪ' ਦੀ ਵਿਧਾਇਕ ਰੁਪਿੰਦਰ ਕੌਰ ਰੂਬੀ ਦੇ ਵਿਆਹ ਸਮਾਗਮ ਵਿਚ ਸ਼ਾਮਲ ਹੋਣ ਲਈ ਆਏ ਹੋਏ ਸਨ। ਗ਼ੈਰਰਸਮੀ ਗੱਲਬਾਤ ਦੌਰਾਨ ਉਨ੍ਹਾਂ ਆਖਿਆ ਕਿ ਪੰਜਾਬ ਵਿਚ ਸੱਤਾ ਜ਼ਰੂਰ ਬਦਲੀ ਪਰ ਹੋਰ ਕੁਝ ਵੀ ਨਹੀਂ ਬਦਲਿਆ ਹੈ। ਨਸ਼ਿਆਂ ਦੀ ਵਿਕਰੀ ਉਵੇਂ ਹੀ ਜਾਰੀ ਹੈ। ਰੁਜ਼ਗਾਰ ਸਰਕਾਰ ਦੇ ਨਹੀਂ ਸਕੀ ਅਤੇ ਕਿਸਾਨਾਂ ਦਾ ਪੂਰਾ ਕਰਜ਼ਾ ਸਿਰ 'ਤੇ ਖੜ੍ਹਾ ਹੈ। ਉਨ੍ਹਾਂ ਆਖਿਆ ਕਿ ਅਸਲ ਵਿਚ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਆਪਸ ਵਿਚ ਰਲੇ ਹੋਏ ਹਨ ਅਤੇ ਅਜਿਹੇ ਮਾਹੌਲ ਵਿਚ 'ਆਪ' ਤੀਸਰੇ ਬਦਲ ਵਜੋਂ ਉਭਰੇਗੀ। ਉਨ੍ਹਾਂ ਦਾਅਵਾ ਕੀਤਾ ਕਿ 'ਆਪ' ਦੀ ਮਕਬੂਲੀਅਤ



ਪੰਜਾਬ ਵਿਚ ਘਟੀ ਨਹੀਂ ਹੈ। ਸ੍ਰੀ ਕੇਜਰੀਵਾਲ ਨੇ ਖਹਿਰਾ ਧੜੇ ਦੇ ਸੁਆਲ 'ਤੇ ਕੋਈ ਬਹੁਤਾ ਵਿਸਥਾਰ 'ਚ ਗੱਲ ਨਹੀਂ ਕੀਤੀ ਪਰ ਉਨ੍ਹਾਂ ਇਹ ਜ਼ਰੂਰ ਆਖਿਆ ਕਿ ਜਲਦੀ ਹੀ ਸਾਰੇ ਇਕੱਠੇ ਦਿਖਣਗੇ।

ਉਨ੍ਹਾਂ ਆਖਿਆ ਕਿ ਕੈਪਟਨ ਸਰਕਾਰ ਨੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਵਿਚ ਦੋਸ਼ੀ ਪਾਏ ਗਏ ਲੋਕਾਂ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਹੈ। ਇਸੇ ਤਰ੍ਹਾਂ ਸਰਕਾਰ ਨੇ ਨਵਾਂ ਰੁਜ਼ਗਾਰ ਤਾਂ ਕੀ ਪੈਦਾ ਕਰਨਾ ਸੀ ਬਲਕਿ ਅਧਿਆਪਕਾਂ ਨੂੰ ਪੂਰੀ ਤਨਖ਼ਾਹ ਦੇਣ ਤੋਂ ਵੀ ਉਹ ਭੱਜ ਗਈ ਹੈ। ਸ੍ਰੀ ਕੇਜਰੀਵਾਲ ਨੇ 'ਆਪ' ਵਿਧਾਇਕ ਨਰੇਸ਼ ਯਾਦਵ ਨੂੰ ਸੰਗਰੂਰ ਜ਼ਿਲ੍ਹੇ ਦੀ ਅਦਾਲਤ 'ਚੋਂ ਰਾਹਤ ਮਿਲਣ ਉਤੇ ਟਿੱਪਣੀ ਕਰਦਿਆਂ ਕਿਹਾ ਕਿ ਅਦਾਲਤ ਦੇ ਫੈਸਲੇ ਨੇ ਸੱਚ 'ਤੇ ਮੋਹਰ ਲਾਈ ਹੈ।

# ਸਿੱਧੂ ਵੱਲੋਂ ਪਾਕਿਸਤਾਨ ਦੀ ਤਾਰੀਫ ਤੋਂ ਅਕਾਲੀ ਤੇ ਭਾਜਪਾ ਵਾਲੇ ਔਖੇ

**ਚੰਡੀਗੜ੍ਹ:** ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਵੱਲੋਂ ਪਾਕਿਸਤਾਨ ਦੀ ਤਾਰੀਫ ਕਰਨ ਦਾ ਮਾਮਲਾ ਭਖ ਗਿਆ ਹੈ। ਵਿਰੋਧੀ ਧਿਰਾਂ ਨੇ ਸਿੱਧੂ ਨੂੰ ਘੇਰਾ ਪਾਇਆ ਹੋਇਆ ਹੈ। ਦੱਸ ਦਈਏ ਕਿ ਸਿੱਧੂ ਨੇ ਕਿਹਾ ਸੀ ਕਿ ਪਾਕਿਸਤਾਨ ਦਾ ਸਭਿਆਚਾਰ ਚੰਗਾ ਹੈ, ਉਥੇ ਜਾ ਕੇ ਉਨ੍ਹਾਂ ਨੂੰ ਵਧੀਆ ਲੱਗਦਾ ਹੈ। ਯਾਦ ਰਹੇ ਕਿ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਸਹੁੰ ਚੁੱਕ ਸਮਾਗਮ ਵਿਚ ਇਸਲਾਮਾਬਾਦ ਜਾ ਕੇ ਸਿੱਧੂ ਕਈ ਵਿਵਾਦਾਂ 'ਚ ਆ ਚੁੱਕੇ ਸਨ। ਦੂਜੇ ਪਾਸੇ ਅਕਾਲੀ ਦਲ ਤੇ ਬੀ.ਜੇ.ਪੀ. ਨੂੰ ਸਿੱਧੂ ਵੱਲੋਂ ਪਾਕਿਸਤਾਨ ਦੀ ਤਾਰੀਫ ਪਸੰਦ ਨਹੀਂ ਆ ਰਹੀ। ਦੋਵਾਂ ਪਾਰਟੀਆਂ ਨੇ ਸਿੱਧੂ ਦਾ ਅਸਤੀਫਾ ਮੰਗਿਆ ਹੈ। ਬੀ.ਜੇ.ਪੀ. ਨੇ ਤਾਂ ਕਿਹਾ ਹੈ ਕਿ ਸਿੱਧੂ ਪਾਕਿਸਤਾਨ ਹੀ ਚਲਿਆ ਜਾਵੇ।

ਸਿੱਧੂ ਨੇ ਪਾਕਿਸਤਾਨ ਤੇ ਦੱਖਣ ਭਾਰਤ ਦੇ ਦੌਰੇ ਦੀ ਤੁਲਨਾ ਕਰਦਿਆਂ ਕਿਹਾ ਕਿ ਜਦੋਂ ਉਹ ਦੱਖਣ ਭਾਰਤ ਜਾਂਦੇ ਹਨ ਤਾਂ ਉਥੇ ਗੱਲਬਾਤ ਕਰਨ ਲਈ ਅੰਗਰੇਜ਼ੀ ਆਉਣਾ ਲਾਜ਼ਮੀ ਹੈ, ਨਹੀਂ ਤਾਂ ਗੱਲ ਨਹੀਂ ਕੀਤੀ ਜਾ ਸਕਦੀ। ਉਥੋਂ ਦਾ ਖਾਣਾ ਵੀ ਜ਼ਿਆਦਾ ਸਮੇਂ ਤੱਕ ਨਹੀਂ ਖਾਧਾ ਜਾ ਸਕਦਾ ਪਰ ਪਾਕਿਸਤਾਨ ਵਿਚ ਉਹ ਆਪਣਾਪਣ ਮਹਿਸੂਸ ਕਰਦੇ ਹਨ। ਉਥੋਂ ਦੀ ਭਾਸ਼ਾ ਵੀ ਪੰਜਾਬ ਵਰਗੀ ਹੈ। ਉਥੇ ਜਾ ਕੇ ਉਨ੍ਹਾਂ ਨੂੰ ਚੰਗਾ ਲੱਗਦਾ ਹੈ। ਸਿੱਧੂ ਨੇ ਕਸੌਲੀ ਵਿਚ ਚੱਲ ਰਹੇ 7ਵੇਂ ਲਿਟ ਫੈਸਟ ਵਿਚ ਕਿਹਾ ਕਿ ਉਹ ਇਕ ਵਾਰ ਨਹੀਂ, 5-6 ਵਾਰ ਪਾਕਿਸਤਾਨ ਗਏ ਹਨ। ਉਥੇ ਉਹ ਸ਼ਾਂਤੀ



ਚਾਹੁੰਦੇ ਹਨ ਪਰ ਰਾਜਨੇਤਾ ਸ਼ਾਂਤੀ ਨਹੀਂ ਚਾਹੁੰਦੇ। ਸਿੱਧੂ ਨੇ ਕਿਹਾ ਕਿ ਪਾਕਿਸਤਾਨ ਤੇ ਭਾਰਤ ਵਿਚ ਆਪਸੀ ਸਾਂਝ ਲਿਆਉਣ ਲਈ ਆਪਣੀ ਜਾਨ ਦੇਣ ਲਈ ਵੀ ਤਿਆਰ ਹਨ। ਇਮਰਾਨ ਖਾਨ ਦੇ ਸਹੁੰ ਚੁੱਕ ਸਮਾਗਮ ਵਿਚ ਪਾਕਿਸਤਾਨੀ ਫੌਜ ਮੁਖੀ ਬਾਜਵਾ ਨੂੰ ਗਲੇ ਲਾਉਣ ਸਬੰਧੀ ਉਨ੍ਹਾਂ ਕਿਹਾ ਕਿ ਉਹ ਕਰਤਾਰਪੁਰ ਲਾਂਘਾ ਖੁਲ੍ਹਵਾਉਣ ਲਈ ਤਿਆਰ ਹਨ। ਇਸ ਲਈ ਉਨ੍ਹਾਂ ਖੁਸ਼ੀ ਵਿਚ ਉਨ੍ਹਾਂ ਨੂੰ ਆਪਣੀਆਂ ਬਾਹਾਂ ਵਿਚ ਭਰ ਲਿਆ ਸੀ।

# ਸਾਬਕਾ ਡੀ. ਜੀ. ਪੀ. ਨੂੰ ਕਾਨੂੰਨੀ ਘੇਰਾ ਪਾਉਣ ਦੀਆਂ ਤਿਆਰੀਆਂ

**ਚੰਡੀਗੜ੍ਹ:** ਪੰਜਾਬ ਦੇ ਵਿਵਾਦਾਂ 'ਚ ਰਹੇ ਇਕ ਪੁਲਿਸ ਅਧਿਕਾਰੀ ਨੂੰ ਕਾਨੂੰਨੀ ਘੇਰਾ ਪਾਉਣ ਲਈ ਕੈਪਟਨ ਅਮਰਿੰਦਰ ਸਿੰਘ ਸਰਕਾਰ ਹਰਕਤ ਵਿਚ ਆ ਗਈ ਹੈ। ਸੂਤਰਾਂ ਮੁਤਾਬਕ ਮੁੱਖ ਮੰਤਰੀ ਦੀ ਅਗਵਾਈ ਹੇਠ ਹੋਈ ਮੀਟਿੰਗ ਦੌਰਾਨ ਸਾਬਕਾ ਪੁਲਿਸ ਮੁਖੀ 'ਤੇ ਕਾਰਵਾਈ ਕਰਨ ਦਾ ਮਾਮਲਾ ਵਿਚਾਰਿਆ ਗਿਆ। ਮੀਟਿੰਗ ਵਿਚ ਸਿੰਜਾਈ ਮੰਤਰੀ ਸੁਖਬਿੰਦਰ ਸਿੰਘ ਸਰਕਾਰੀਆ, ਪੰਚਾਇਤ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ, ਡੀਜੀਪੀ ਸੁਰੇਸ਼ ਅਰੋੜਾ, ਵਿਸ਼ੇਸ਼ ਟਾਸਕ ਫੋਰਸ ਦੇ ਮੁਖੀ ਮੁਹੰਮਦ ਮੁਸਤਫ਼ਾ, ਵਿਜੀਲੈਂਸ ਮੁਖੀ ਬੀ ਕੇ ਉੱਪਲ ਅਤੇ ਹੋਰ ਅਧਿਕਾਰੀ ਸ਼ਾਮਲ ਸਨ।

ਮੀਟਿੰਗ ਵਿਚ ਮੌਜੂਦ ਇਕ ਸ਼ਖ਼ਸੀਅਤ ਨੇ ਆਪਣਾ ਨਾਮ ਨਾ ਛਾਪਣ ਦੀ ਸ਼ਰਤ 'ਤੇ ਦੱਸਿਆ ਕਿ ਵਿਜੀਲੈਂਸ ਮੁਖੀ ਨੂੰ ਸਾਬਕਾ ਡੀ.ਜੀ.ਪੀ. ਖਿਲਾਫ ਕਾਨੂੰਨੀ ਕਾਰਵਾਈ ਕਰਨ ਵਾਲੀ ਟੀਮ ਦੀ ਅਗਵਾਈ ਕਰਨ ਦੇ ਮੁੱਦੇ 'ਤੇ ਵਿਚਾਰ ਕੀਤੀ ਗਈ। ਇਹ ਵੀ ਚਰਚਾ ਕੀਤੀ ਗਈ ਕਿ ਮਾਮਲੇ ਨੂੰ ਤਣ ਪੱਤਣ ਲਾਉਣ ਲਈ ਡੀ.ਜੀ.ਪੀ. ਰੈਂਕ ਦੇ ਸੀਨੀਅਰ ਪੁਲਿਸ ਅਧਿਕਾਰੀਆਂ ਨੂੰ ਵਿਜੀਲੈਂਸ ਮੁਖੀ ਦੀ ਅਗਵਾਈ ਹੇਠਲੀ ਜਾਂਚ ਟੀਮ ਦੀ ਨਿਗਰਾਨੀ ਦਾ ਕੰਮ ਸੌਂਪਿਆ ਜਾਵੇ। ਇਹ ਵੀ ਪਤਾ ਲੱਗਾ ਹੈ ਕਿ ਸ੍ਰੀ ਉੱਪਲ ਵੱਲੋਂ ਹੀ ਮੁੱਖ ਮੰਤਰੀ ਦੇ ਸਾਹਮਣੇ ਦਾਅਵਾ ਕੀਤਾ ਗਿਆ ਕਿ 'ਅਮਨ ਸਕੋਡਾ' ਨਾਲ ਸਬੰਧਤ ਅਪਰਾਧਿਕ ਮਾਮਲਿਆਂ ਵਿਚ ਸਾਬਕਾ ਪੁਲਿਸ ਅਧਿਕਾਰੀ ਨੂੰ ਕਾਨੂੰਨੀ ਤੌਰ 'ਤੇ ਘੇਰਨ ਲਈ ਲੋੜੀਂਦੇ ਸਬੂਤ ਮੌਜੂਦ ਹਨ।

ਜਾਣਕਾਰੀ ਅਨੁਸਾਰ ਸਾਬਕਾ ਪੁਲਿਸ ਅਧਿਕਾਰੀ ਵਿਰੁੱਧ ਕਾਰਵਾਈ ਨੂੰ ਲੈ ਕੇ ਮੰਤਰੀ ਅਤੇ ਕਾਂਗਰਸ ਆਗੂ ਲਾਮਬੰਦ ਹੋ ਗਏ ਹਨ ਜਦੋਂ ਕਿ ਅਫਸਰਸ਼ਾਹੀ ਵੱਲੋਂ ਉਸ ਖਿਲਾਫ ਕਾਰਵਾਈ ਨੂੰ ਠੰਢੇ ਬਸਤੇ ਵਿਚ ਪਾਉਣ ਦੇ ਯਤਨ ਕੀਤੇ ਜਾ ਰਹੇ ਹਨ। ਕਾਂਗਰਸ ਦੇ ਦੋ ਵਿਧਾਇਕ ਤਾਂ ਖੁੱਲ੍ਹ ਕੇ ਕਾਰਵਾਈ ਦੀ ਪੈਰਵੀ ਕਰ ਰਹੇ ਹਨ। ਸੂਤਰਾਂ ਨੇ ਕਿਹਾ ਕਿ ਸ੍ਰੀ ਉੱਪਲ ਨੇ ਮੀਟਿੰਗ ਦੌਰਾਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਦੋਵੇਂ ਮੰਤਰੀਆਂ ਅਤੇ ਸੀਨੀਅਰ ਪੁਲਿਸ ਅਧਿਕਾਰੀਆਂ ਦੀ ਮੌਜੂਦਗੀ ਵਿਚ ਇਹ ਵੀ ਦੱਸਿਆ ਕਿ ਅਮਨ ਸਕੋਡਾ ਤੋਂ ਪਿਛਲੇ ਸਮੇਂ ਦੌਰਾਨ ਦੋ ਜ਼ਿਲ੍ਹਾ ਪੁਲਿਸ ਮੁਖੀਆਂ, ਵਿਜੀਲੈਂਸ ਅਤੇ ਇੰਟੈਲੀਜੈਂਸ ਨੇ ਪੁੱਛ-ਗਿੱਛ ਕੀਤੀ ਸੀ ਅਤੇ ਮਾਮਲੇ ਵਿੱਚ ਕੁੱਝ ਆਡੀਓ ਟੇਪਾਂ (ਰਿਕਾਰਡਿੰਗ) ਅਜਿਹੀਆਂ ਹਨ ਜੋ ਸਾਬਕਾ ਡੀ.ਜੀ.ਪੀ. ਖਿਲਾਫ ਭ੍ਰਿਸ਼ਟਾਚਾਰ ਦਾ ਕੇਸ ਬਣਾਉਣ ਵਿਚ ਪੁਖਤਾ ਸਬੂਤ ਬਣ ਸਕਦੀਆਂ ਹਨ।

ਸੂਤਰਾਂ ਮੁਤਾਬਕ ਨਸ਼ਿਆਂ ਦੀ ਸਮਗਲਿੰਗ ਨਾਲ ਸਬੰਧਤ ਮਾਮਲੇ ਵਿਚ ਕਰੋੜਾਂ ਰੁਪਏ ਦੀ ਰਿਸ਼ਵਤਖੋਰੀ ਦੇ ਤੱਥ ਵਿਜੀਲੈਂਸ ਦੇ ਹੱਥ ਲੱਗੇ ਹਨ। ਇਸ ਮਾਮਲੇ ਵਿਚ ਇਕ ਸਾਬਕਾ ਐਸ.ਐਸ.ਪੀ. ਅਤੇ ਚਾਰ ਹੋਰ ਪੁਲਿਸ ਅਫਸਰਾਂ ਦੀ ਭੂਮਿਕਾ ਵੀ ਸ਼ੱਕ ਦੇ ਦਾਇਰੇ ਵਿੱਚ ਆ ਗਈ ਹੈ। ਮਹੱਤਵਪੂਰਨ ਤੱਥ ਇਹ ਵੀ ਹੈ ਕਿ ਇਸੇ ਮੀਟਿੰਗ ਵਿਚ ਮੌਜੂਦ ਇਕ ਸੀਨੀਅਰ ਪੁਲਿਸ ਅਧਿਕਾਰੀ ਨੇ ਅਜਿਹੇ ਸਬੂਤ ਜਾਂ ਆਡੀਓ ਹੋਣ ਤੋਂ ਅਗਿਆਨਤਾ ਪ੍ਰਗਟ ਕੀਤੀ। ਜ਼ਿਕਰਯੋਗ ਹੈ ਕਿ ਫਾਜ਼ਿਲਕਾ ਜ਼ਿਲ੍ਹੇ ਦੇ ਰਹਿਣ ਵਾਲੇ ਅਮਨ ਸਕੋਡਾ ਤੋਂ ਪੁੱਛ-ਗਿੱਛ ਦੌਰਾਨ ਕਈ ਸਨਸਨੀਖੇਜ਼ ਖੁਲਾਸੇ ਹੋਏ ਸਨ। ਇਨ੍ਹਾਂ ਵਿਚ ਭ੍ਰਿਸ਼ਟਾਚਾਰ ਨਾਲ ਸਬੰਧਤ ਤੱਥ ਅਤੇ ਕਈ ਮਹਿਲਾ ਅਫ਼ਸਰਾਂ ਨਾਲ 'ਸਬੰਧ' ਵੀ ਪ੍ਰਗਟ ਹੋਏ ਸਨ। ਸੂਤਰਾਂ ਮੁਤਾਬਕ ਵਿਜੀਲੈਂਸ ਵੱਲੋਂ ਇਸੇ ਵਿਅਕਤੀ ਨੂੰ ਮੋਹਰਾ ਬਣਾ ਕੇ ਸਾਬਕਾ ਡੀ.ਜੀ.ਪੀ. ਨੂੰ ਘੇਰਨ ਦੇ ਯਤਨ ਕੀਤੇ ਜਾ ਰਹੇ ਹਨ। ਮੀਟਿੰਗ ਵਿਚ ਸ਼ਾਮਲ ਮੰਤਰੀਆਂ ਤੇ ਹੋਰ ਅਧਿਕਾਰੀਆਂ ਨੇ ਜਿਥੇ ਸਾਬਕਾ ਡੀ. ਜੀ. ਪੀ. ਖਿਲਾਫ ਕਾਰਵਾਈ ਨੂੰ ਲੈ ਕੇ ਤੁਰਤ ਆਦੇਸ਼ ਦੇਣ ਲਈ ਕਿਹਾ ਉਥੇ ਇਕ ਸੀਨੀਅਰ ਅਧਿਕਾਰੀ ਨੇ ਇਸ ਮਾਮਲੇ 'ਤੇ ਮੁੱਖ ਮੰਤਰੀ ਨੂੰ ਸੰਜਮ ਵਰਤਣ ਦੀਆਂ ਨਸੀਹਤਾਂ ਵੀ ਦਿੱਤੀਆਂ ਹਨ। ਕਾਂਗਰਸ ਦੇ ਇਕ ਸੀਨੀਅਰ ਆਗੂ ਅਤੇ ਇਕ ਸੀਨੀਅਰ ਮੰਤਰੀ ਦਾ ਕਹਿਣਾ ਹੈ ਕਿ ਬਰਗਾੜੀ ਮੋਰਚੇ ਨਾਲ ਲੋਕਾਂ ਦੀ ਜੁੜ ਰਹੀ ਭਾਵਨਾਤਮਕ ਸਾਂਝ ਨੂੰ ਦੇਖਦਿਆਂ ਸਰਕਾਰ ਨੂੰ ਬਾਦਲ ਪਰਿਵਾਰ ਜਾਂ ਪੁਲੀਸ ਅਧਿਕਾਰੀਆਂ ਖਿਲਾਫ ਕਾਰਵਾਈ ਅਮਲ ਵਿੱਚ ਲਿਆਉਣੀ ਹੀ ਪੈਣੀ ਹੈ।

## ਹਾਈ ਕੋਰਟ ਵੱਲੋਂ ਸੁਮੇਧ ਸੈਣੀ ਨੂੰ ਰਾਹਤ

**ਚੰਡੀਗੜ੍ਹ:** ਪੰਜਾਬ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਨਿਰਦੇਸ਼ ਦਿੱਤੇ ਹਨ ਕਿ ਜੇ ਸਾਬਕਾ ਡੀ.ਜੀ.ਪੀ. ਪੰਜਾਬ ਖਿਲਾਫ ਫੌਜਦਾਰੀ ਕਾਰਵਾਈ ਸ਼ੁਰੂ ਕਰਨ ਦੀ ਲੋੜ ਪੈਂਦੀ ਹੈ ਤਾਂ ਉਨ੍ਹਾਂ ਨੂੰ ਸੱਤ ਦਿਨਾਂ ਦਾ ਅਗਾਊਂ ਨੋਟਿਸ ਦਿੱਤਾ ਜਾਵੇ। ਹਾਈ ਕੋਰਟ ਨੇ ਸ੍ਰੀ ਸੈਣੀ ਦੀ ਪਟੀਸ਼ਨ ਵਿਚ ਉਨ੍ਹਾਂ ਦੇ ਖਿਲਾਫ ਸਰਕਾਰ ਵੱਲੋਂ ਫੌਜਦਾਰੀ ਕਾਰਵਾਈ ਕਰਨ ਦੇ ਪ੍ਰਗਟਾਏ ਖਦਸ਼ੇ ਬਾਰੇ ਵੀ ਸਰਕਾਰ ਨੂੰ ਜਵਾਬ ਦੇਣ ਲਈ ਆਖਿਆ ਹੈ।



ਹਾਈ ਕੋਰਟ ਦੇ ਜਸਟਿਸ ਗੁਰਵਿੰਦਰ ਸਿੰਘ ਗਿੱਲ ਦੀ ਅਦਾਲਤ ਵਿਚ ਸ੍ਰੀ ਸੈਣੀ ਦੀ ਤਰਫੋਂ ਪੇਸ਼ ਹੋਏ ਵਕੀਲ ਜਸਦੇਵ ਸਿੰਘ ਮਹਿੰਦੀਰੱਤਾ ਤੇ ਵਿਨੋਦ ਘਈ ਨੇ ਆਖਿਆ ਕਿ ਉਨ੍ਹਾਂ ਦੇ ਮੁਵੱਕਿਲ ਨੇ ਪੰਜਾਬ ਵਿਚ ਅਤਿਵਾਦ ਖਿਲਾਫ ਲੜਾਈ ਲੜਦਿਆਂ ਆਪਣੇ ਕਰੀਅਰ 'ਤੇ ਕੋਈ ਦਾਗ ਨਹੀਂ ਲੱਗਣ ਦਿੱਤਾ।

ਪੰਜਾਬ ਦੇ ਐਡਵੋਕੇਟ ਜਨਰਲ ਅਤੁਲ ਨੰਦਾ ਨੇ ਸ੍ਰੀ ਸੈਣੀ ਦੇ ਦਾਅਵਿਆਂ ਨੂੰ ਝੁਠਲਾਉਂਦਿਆਂ ਕਿਹਾ ਕਿ ਉਸ ਦੇ ਖਿਲਾਫ ਹੱਤਿਆ ਦੇ ਕਈ ਕੇਸ ਚੱਲ ਰਹੇ ਹਨ। ਉਨ੍ਹਾਂ ਪਟੀਸ਼ਨਰ ਖਿਲਾਫ ਦਰਜ ਕੀਤੇ ਜਾਣ ਵਾਲੇ ਕਿਸੇ ਕੇਸ ਵਿਚ ਹੋਣ ਵਾਲੀ ਕਾਰਵਾਈ ਤੋਂ ਬਚਣ ਦੀ ਰਾਹਤ ਦਾ ਵਿਰੋਧ ਕੀਤਾ।

**Punjab Times**

**Established in 2000**
**19th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਅੰਮ੍ਰਿਤਸਰ 'ਚ ਲੱਗੇਗਾ ਜਨਰਲ ਐਲਾਰਡ ਦਾ ਬੁੱਤ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਘੋੜਸਵਾਰ ਸੈਨਾ 'ਫੌਜ-ਏ-ਖਾਸ' ਦੇ ਮੁਖੀ ਫਰੈਂਕੋਇਸ ਐਲਾਰਡ ਦਾ ਬੁੱਤ ਅੰਮ੍ਰਿਤਸਰ 'ਚ ਸਥਾਪਤ ਕਰਨ ਲਈ ਸੈਰਸਪਾਟਾ ਤੇ ਸਭਿਆਚਾਰਕ ਮਾਮਲਿਆਂ ਬਾਰੇ ਵਿਭਾਗ ਨੂੰ ਰੂਪ-ਰੇਖਾ ਉਲੀਕਣ ਦੇ ਨਿਰਦੇਸ਼ ਦਿੱਤੇ ਹਨ।

ਮੁੱਖ ਮੰਤਰੀ ਨੇ ਇਹ ਹਦਾਇਤਾਂ ਸੈਂਟ-ਟ੍ਰੋਪੇਜ਼ ਦੇ ਡਿਪਟੀ ਮੇਅਰ ਦੇ ਹੈਨਰੀ ਪ੍ਰੀਵੋਸਟ ਐਲਾਰਡ ਜੋ ਜਨਰਲ ਫਰੈਂਕੋਇਸ ਐਲਾਰਡ ਦੇ ਪਰਿਵਾਰ 'ਚੋਂ ਹਨ, ਦੀ ਅਗਵਾਈ ਵਿਚ ਇਕ ਵਫਦ ਨਾਲ ਮੁਲਾਕਾਤ ਦੌਰਾਨ ਦਿੱਤੀਆਂ। ਦੱਸਣਯੋਗ ਹੈ ਕਿ ਹੈਨਰੀ ਐਲਾਰਡ, ਜਨਰਲ ਐਲਾਰਡ ਦੀ ਚੌਥੀ ਪੀੜ੍ਹੀ 'ਚੋਂ ਹਨ। ਮੁੱਖ ਮੰਤਰੀ ਨੇ ਕਿਹਾ ਕਿ ਇਹ ਬੁੱਤ ਮਹਾਨ ਫੌਜੀ ਰਣਨੀਤੀਕਾਰ ਨੂੰ ਸ਼ਰਧਾਂਜਲੀ ਹੋਵੇਗਾ ਤੇ ਫਰਾਂਸ ਤੇ ਭਾਰਤ ਦੇ ਨਾਲ-ਨਾਲ ਸੇਂਟ-ਟ੍ਰੋਪੇਜ਼ ਤੇ ਪੰਜਾਬ ਦਰਮਿਆਨ ਮੋਹ ਪਿਆਰ ਦੀਆਂ ਤੰਦਾਂ ਨੂੰ ਹੋਰ ਮਜ਼ਬੂਤ ਕਰੇਗਾ।

ਵਫਦ ਨੇ ਮੁੱਖ ਮੰਤਰੀ ਨੂੰ ਅਗਲੇ ਸਾਲ ਜੂਨ ਮਹੀਨੇ 'ਚ ਸੇਂਟ-ਟ੍ਰੋਪੇਜ਼ ਵਿਖੇ ਭਾਰਤ-ਫਰਾਂਸ ਫੌਜੀ ਇਤਿਹਾਸ ਦੀ ਅਮੀਰ ਵਿਰਾਸਤ ਦੇ ਪਾਸਾਰ ਲਈ ਕਰਵਾਏ ਜਾ ਰਹੇ ਸਾਲਾਨਾ ਸਮਾਗਮ 'ਚ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਣ ਦਾ ਸੱਦਾ ਦਿੱਤਾ। ਕੈਪਟਨ ਨੇ ਇਸ ਸੱਦੇ ਲਈ ਵਫਦ ਦਾ ਧੰਨਵਾਦ ਕਰਦਿਆਂ ਅਗਾਮੀ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਰੁਝੇਵੇਂ ਹੋਣ ਕਾਰਨ ਸ਼ਾਮਲ ਹੋਣ ਤੋਂ ਅਸਮਰੱਥਾ ਜ਼ਾਹਰ ਕੀਤੀ। ਵਫਦ ਦੀ ਅਪੀਲ ਪ੍ਰਤੀ ਹੁੰਗਾਰਾ ਭਰਦਿਆਂ ਕੈਪਟਨ ਨੇ ਸਾਲਾਨਾ ਸਮਾਗਮ ਦੇ ਰਸਮੀ ਐਲਾਨ ਲਈ ਇਸ ਸਾਲ ਦਸੰਬਰ ਮਹੀਨੇ 'ਚ ਦਿੱਲੀ ਵਿਖੇ ਹੋਣ ਵਾਲੇ ਸਮਾਰੋਹ ਵਿਚ ਸ਼ਾਮਲ ਹੋਣ ਲਈ ਸਹਿਮਤੀ ਦਿੱਤੀ।

## ਅੰਗਰੇਜ਼ਾਂ ਵੱਲੋਂ ਢਾਹਿਆ ਮਹਾਰਾਜਾ ਰਣਜੀਤ ਸਿੰਘ ਸਮੇਂ ਦਾ ਬਾਗ ਮੁੜ ਖੁੱਲ੍ਹਿਆ

**ਅੰਮ੍ਰਿਤਸਰ:** ਮਹਾਰਾਜਾ ਰਣਜੀਤ ਸਿੰਘ ਵੱਲੋਂ ਬਣਵਾਏ ਗਏ ਇਤਿਹਾਸਕ ਰਾਮਬਾਗ ਨੂੰ ਮੁੜ ਤੋਂ ਖੋਲ੍ਹ ਦਿੱਤਾ ਗਿਆ ਹੈ। ਅੰਗਰੇਜ਼ੀ ਰਾਜ ਦੌਰਾਨ ਇਹ ਬਾਗ ਢਾਹ ਦਿੱਤਾ ਗਿਆ ਸੀ। ਹੁਣ ਸਥਾਨਕ ਸਰਕਾਰਾਂ ਤੇ ਸੈਰ ਸਪਾਟਾ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਇਸ ਦਾ ਨਵੀਨੀਕਰਨ ਕਰਵਾ ਕੇ ਮੁੜ ਤੋਂ ਸ਼ੁਰੂ ਕਰਵਾ ਦਿੱਤਾ ਹੈ। ਇਥੇ ਹੁਣ ਲੋਕ ਵਿਰਸਾ ਅਜਾਇਬਘਰ ਬਣਾਉਣ ਦੇ ਨਾਲ-ਨਾਲ ਇਥੇ ਪੁਰਾਣੇ ਸਮੇਂ ਚੱਲਦੀ ਮਿਉਂਸਪਲ ਪ੍ਰੈੱਸ ਤੇ ਪ੍ਰਾਇਮਰੀ ਸਕੂਲ ਨੂੰ ਵੀ ਮੁੜ ਸ਼ੁਰੂ ਕੀਤਾ ਗਿਆ ਹੈ। ਸਿੱਧੂ ਨੇ ਉਦਘਾਟਨ ਕਾਰਪੋਰੇਸ਼ਨ ਕਮਿਸ਼ਨਰ ਸੋਨਾਲੀ ਗਿਰੀ ਦੇ ਹੱਥੋਂ ਕਰਵਾਇਆ। ਸਿੱਧੂ ਨੇ ਦੱਸਿਆ ਕਿ ਸ਼ਹਿਰ ਦੀ ਵਿਰਾਸਤ ਨੂੰ ਸੰਭਾਲਣ ਲਈ ਪੁਰਾਤਨ ਦਰਜਨ ਗੇਟਾਂ ਨੂੰ ਮੁੜ ਤੋਂ ਉਸਾਰਿਆ ਜਾਵੇਗਾ। ਸ਼ਹਿਰ ਨੂੰ ਸੈਲਾਨੀ ਦੀ ਖਿੱਚ ਦਾ ਕੇਂਦਰ ਬਣਾਉਣ ਲਈ ਮੁੱਖ ਮੰਤਰੀ ਆਉਂਦੀ 15 ਨੂੰ ਵਿਸ਼ੇਸ਼ ਕਾਰਜਾਂ ਦੀ ਸ਼ੁਰੂਆਤ ਕਰਨਗੇ।

## *ਬਹਿਬਲ ਗੋਲੀ ਕਾਂਡ*

# ਐਸ.ਆਈ.ਟੀ. ਵਲੋਂ ਜਾਂਚ ਸ਼ੁਰੂ

**ਕੋਟਕਪੂਰਾ:** ਪਿੰਡ ਬਹਿਬਲ ਕਲਾਂ ਵਿਚ 14 ਅਕਤੂਬਰ 2015 ਨੂੰ ਸਿੱਖ ਪ੍ਰਦਰਸ਼ਨਕਾਰੀਆਂ 'ਤੇ ਗੋਲੀਆਂ ਚਲਾਉਣ ਨਾਲ ਦੋ ਸਿੱਖ ਨੌਜਵਾਨਾਂ ਦੀ ਹੋਈ ਮੌਤ ਦੇ ਮਾਮਲੇ ਵਿਚ ਪੰਜਾਬ ਸਰਕਾਰ ਵੱਲੋਂ ਗਠਿਤ ਐਸ.ਆਈ.ਟੀ. ਨੇ ਜਾਂਚ ਸ਼ੁਰੂ ਕਰ ਦਿੱਤੀ ਹੈ। ਟੀਮ ਦੇ ਮੈਂਬਰ ਐਸ.ਐਸ.ਪੀ. ਸਤਿੰਦਰ ਸਿੰਘ (ਆਈ.ਪੀ.ਐਸ.) ਕਪੂਰਥਲਾ ਨੇ ਬਰਗਾੜੀ ਪੁਲਿਸ ਚੌਕੀ 'ਚ ਪੀੜਤਾਂ ਦੇ ਬਿਆਨ ਦਰਜ ਕੀਤੇ।

ਇਸ ਤੋਂ ਇਲਾਵਾ ਟੀਮ ਦੇ ਮੁਖੀ ਏ.ਡੀ.ਜੀ.ਪੀ. ਪ੍ਰਬੋਧ ਭਾਨ ਤੇ ਆਈ.ਜੀ. ਅਰੁਣਪਾਲ ਸਿੰਘ ਸਮੇਤ ਹੋਰ ਅਧਿਕਾਰੀ ਵਾਰਦਾਤ ਵਾਲੀ ਥਾਂ ਦਾ ਦੌਰਾ ਕਰ ਚੁੱਕੇ ਹਨ। ਜ਼ਿਕਰਯੋਗ ਹੈ ਕਿ 10 ਸਤੰਬਰ ਤੋਂ ਬਾਅਦ ਟੀਮ ਦਾ ਇਹ ਪਹਿਲਾ ਦੌਰਾ ਹੈ। ਜਾਣਕਾਰੀ ਮੁਤਾਬਕ ਐਸ.ਆਈ.ਟੀ. ਨੇ ਇਸ ਮਾਮਲੇ ਵਿਚ 51 ਗਵਾਹਾਂ ਨੂੰ ਸੰਮਨ ਭੇਜੇ ਹਨ। ਹਾਲਾਂਕਿ ਮਹਿਲਾਵਾਂ ਸਮੇਤ 20 ਗਵਾਹਾਂ ਨੇ ਆਪਣੇ ਬਿਆਨ ਦਰਜ ਕਰਵਾਏ ਹਨ। ਪੀੜਤਾਂ ਨੇ ਪੰਜਾਬ ਸਰਕਾਰ ਵਿਚ ਆਪਣਾ ਵਿਸ਼ਵਾਸ ਜਤਾਉਂਦਿਆਂ ਆਖਿਆ ਕਿ ਭਾਵੇਂ ਇਸ ਮਾਮਲੇ ਸਬੰਧੀ ਪਹਿਲਾਂ ਵੀ ਪੜਤਾਲਾਂ ਹੋ ਚੁੱਕੀਆਂ ਹਨ ਪਰ ਇਹ ਪੰਜਾਬ ਸਰਕਾਰ ਵੱਲੋਂ ਕਰਵਾਈ ਜਾਣ ਵਾਲੀ ਆਖਰੀ ਜਾਂਚ ਹੋਵੇਗੀ ਜਿਸ ਵਿਚ ਉਹ ਸਹਿਯੋਗ ਕਰਨਗੇ।

# 'ਆਪ' ਨੇ ਰੁੱਸੇ ਆਗੂਆਂ ਵੱਲ ਵਧਾਇਆ ਹੱਥ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਦੀ ਪੰਜਾਬ ਕੋਰ ਕਮੇਟੀ ਨੇ ਪਾਰਟੀ ਦੇ ਰੁੱਸੇ ਆਗੂਆਂ ਨੂੰ ਮਨਾਉਣ ਲਈ ਜਗਰਾਉਂ ਤੋਂ ਵਿਧਾਇਕਾ ਸਰਬਜੀਤ ਕੌਰ ਮਾਣੂਕੇ ਦੀ ਅਗਵਾਈ ਹੇਠ ਇਕ 5 ਮੈਂਬਰੀ ਤਾਲਮੇਲ ਕਮੇਟੀ ਦਾ ਗਠਨ ਕੀਤਾ ਹੈ। ਇਸ ਕਮੇਟੀ ਵਿਚ ਸੰਸਦ ਮੈਂਬਰ ਭਗਵੰਤ ਮਾਨ, ਮੀਤ ਹੇਅਰ, ਰੁਪਿੰਦਰ ਕੌਰ ਰੂਬੀ ਅਤੇ ਕੁਲਵੰਤ ਸਿੰਘ ਪੰਡੋਰੀ (ਸਾਰੇ ਵਿਧਾਇਕ) ਸ਼ਾਮਲ ਹਨ। ਕੋਰ ਕਮੇਟੀ ਦੇ ਚੇਅਰਮੈਨ ਅਤੇ ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੌਰਾਨ ਪਾਰਟੀ ਨੂੰ 2019 ਦੀਆਂ ਲੋਕ ਸਭਾ ਚੋਣਾਂ ਲਈ ਜਥੇਬੰਦ ਕਰਨ ਅਤੇ ਬੂਥ ਪੱਧਰ ਤੱਕ ਟੀਮਾਂ ਕਾਇਮ ਕਰਨ ਦੀ ਰਣਨੀਤੀ 'ਤੇ ਵਿਚਾਰ ਕੀਤਾ ਗਿਆ। ਆਗੂਆਂ ਨੇ ਦੱਸਿਆ ਕਿ ਇਸ ਰਣਨੀਤੀ ਤਹਿਤ ਕਮੇਟੀ ਨੇ 'ਸਾਡਾ ਬੂਥ ਸਭ ਤੋਂ ਮਜ਼ਬੂਤ' ਪ੍ਰੋਗਰਾਮ ਤਹਿਤ ਪਾਰਟੀ ਨੂੰ ਧਰਾਤਲ ਪੱਧਰ ਤੱਕ ਮਜ਼ਬੂਤ ਕਰਨ ਦਾ ਪ੍ਰੋਗਰਾਮ ਵੀ ਉਲੀਕਿਆ ਹੈ। ਇਸ ਮੀਟਿੰਗ ਵਿਚ ਸੰਸਦ ਭਗਵੰਤ ਮਾਨ, ਹਰਪਾਲ ਸਿੰਘ ਚੀਮਾ, ਉਪ ਨੇਤਾ ਸਰਬਜੀਤ ਕੌਰ ਮਾਣੂੰਕੇ, ਵਿਧਾਇਕ ਅਮਨ ਅਰੋੜਾ, ਕੁਲਤਾਰ ਸਿੰਘ ਸੰਧਵਾਂ, ਮੀਤ ਹੇਅਰ, ਮਨਜੀਤ ਸਿੰਘ ਬਿਲਾਸਪੁਰ, ਰੁਪਿੰਦਰ ਕੌਰ ਰੂਬੀ, ਅਮਰਜੀਤ ਸਿੰਘ ਸੰਦੋਆ ਅਤੇ ਕੁਲਵੰਤ ਸਿੰਘ ਪੰਡੋਰੀ (ਸਾਰੇ ਵਿਧਾਇਕ), ਡਾ. ਬਲਬੀਰ ਸਿੰਘ ਤੇ ਹੋਰ ਆਗੂ ਸ਼ਾਮਲ ਹੋਏ।

ਕੋਰ ਕਮੇਟੀ ਨੇ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ ਨੂੰ 'ਆਪ' ਐਸ.ਸੀ. (ਦਲਿਤ) ਵਿੰਗ ਦਾ ਸੂਬਾ ਪ੍ਰਧਾਨ ਅਤੇ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੂੰ ਸੂਬਾ ਸਹਿ ਪ੍ਰਧਾਨ ਨਿਯੁਕਤ ਕੀਤਾ। ਕੋਰ ਕਮੇਟੀ ਵਿਚ 'ਆਪ' ਵਿਧਾਇਕ ਐਚ.ਐਸ. ਫੂਲਕਾ ਵੱਲੋਂ ਬੇਅਦਬੀ ਮਾਮਲੇ 'ਚ ਕਸੂਰਵਾਰਾਂ ਨੂੰ ਸਜ਼ਾ ਨਾ ਦਿੱਤੇ ਜਾਣ ਦੇ ਰੋਸ ਵਜੋਂ ਦਿੱਤੇ ਗਏ ਅਸਤੀਫੇ ਨੂੰ 'ਫੂਲਕਾ ਦੀ ਕੁਰਬਾਨੀ' ਕਰਾਰ ਦਿੱਤਾ ਗਿਆ। ਕਮੇਟੀ ਨੇ ਕਿਹਾ ਕਿ ਫੂਲਕਾ ਨੇ ਇਹ ਅਸਤੀਫਾ ਕੈਪਟਨ ਅਮਰਿੰਦਰ ਸਿੰਘ ਸਮੇਤ 5 ਕਾਂਗਰਸੀ ਮੰਤਰੀਆਂ ਦੀਆਂ ਜ਼ਮੀਰਾਂ ਜਗਾਉਣ ਲਈ ਦਿੱਤਾ। ਕੋਰ ਕਮੇਟੀ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਮੀਡੀਆ ਰਾਹੀਂ ਸੰਦੇਸ਼ ਦਿੱਤਾ ਕਿ ਉਹ ਫੂਲਕਾ ਦਾ ਅਸਤੀਫਾ ਪ੍ਰਵਾਨ ਕਰਨ ਦੀ ਥਾਂ ਬੇਅਦਬੀ ਅਤੇ ਬਹਿਬਲ ਕਲਾਂ ਦੇ ਕਸੂਰਵਾਰਾਂ ਨੂੰ ਸਜ਼ਾ ਦੇਣ। ਕੋਰ ਕਮੇਟੀ ਵਿਚ ਲੋਕ ਸਭਾ ਚੋਣਾਂ ਲਈ ਉਮੀਦਵਾਰਾਂ ਦੀ ਚੋਣ ਲਈ ਪ੍ਰਕਿਰਿਆ 'ਤੇ ਚਰਚਾ ਹੋਈ। ਫੈਸਲੇ ਅਨੁਸਾਰ ਨਵੰਬਰ ਅੰਤ ਤੱਕ ਸਾਰੀਆਂ ਸੀਟਾਂ ਐਲਾਨ ਦਿੱਤੀਆਂ ਜਾਣਗੀਆਂ।

# ਜਥੇਦਾਰ ਦੀ ਛੁੱਟੀ ਤੈਅ

*(ਸਫਾ ਇਕ ਦੀ ਬਾਕੀ)*

ਨਾਮ ਵੀ ਸਾਹਮਣੇ ਆਏ ਸਨ ਪਰ ਉਨ੍ਹਾਂ ਤੋਂ ਬਾਦਲ ਪਰਿਵਾਰ ਤ੍ਰਭਕਦਾ ਹੈ। ਗੁਰੂ ਗ੍ਰੰਥ ਸਾਹਿਬ ਦੇ ਬੇਅਦਬੀ ਦੇ ਮੁੱਦੇ ਉਤੇ ਲੱਗੀ ਸਿਆਸੀ ਸੱਟ ਮਗਰੋਂ ਬਾਦਲ ਪਰਿਵਾਰ ਹੁਣ ਅਜਿਹੀ ਸ਼ਖ਼ਸੀਅਤ ਦੀ ਤਲਾਸ਼ ਵਿਚ ਹੈ ਜਿਸ ਨਾਲ ਪੁਰਾਣੇ ਦਾਗ ਵੀ ਧੋਤੇ ਜਾ ਸਕਣ। ਇਸ ਤਰ੍ਹਾਂ ਦੀ ਸ਼ਖ਼ਸੀਅਤ 'ਤੇ ਵੀ ਨਜ਼ਰ ਮਾਰੀ ਜਾ ਰਹੀ ਹੈ ਜੋ ਵਿਦੇਸ਼ਾਂ ਵਿਚ ਵੱਸਦੇ ਸਿੱਖਾਂ ਵਿਚ ਵੀ ਪ੍ਰਵਾਨਿਤ ਹੋਵੇ। ਚਰਚਾ ਹੈ ਕਿ ਜੇ ਸ਼੍ਰੋਮਣੀ ਅਕਾਲੀ ਦਲ ਨੂੰ ਤਲਾਸ਼ ਵਿਚ ਕਾਮਯਾਬੀ ਮਿਲੀ ਤਾਂ ਐਤਕੀਂ ਬੰਦੀ ਛੋੜ ਦਿਵਸ ਮੌਕੇ ਕੌਮ ਦੇ ਨਾਮ ਸੰਦੇਸ਼ ਨਵਾਂ ਜਥੇਦਾਰ ਦੇਵੇਗਾ। ਜਥੇਦਾਰ ਗਿਆਨੀ ਗੁਰਬਚਨ ਸਿੰਘ ਸਭ ਤੋਂ ਵੱਧ ਉਦੋਂ ਵਿਵਾਦਾਂ ਵਿਚ ਆਏ ਜਦੋਂ ਉਨ੍ਹਾਂ ਨੇ ਡੇਰਾ ਸਿਰਸਾ ਦੇ ਮੁਖੀ ਨੂੰ ਮਾਫੀ ਦੇ ਦਿੱਤੀ ਸੀ। ਉਨ੍ਹਾਂ 'ਤੇ ਸਭ ਤੋਂ ਵੱਧ ਦੋਸ਼ ਇਹੋ ਹਨ ਕਿ ਉਨ੍ਹਾਂ ਨੇ ਸਿਆਸੀ ਦਬਾਅ ਹੇਠ ਕੰਮ ਕੀਤਾ ਅਤੇ ਅਕਾਲ ਤਖ਼ਤ ਦੀ ਮਰਿਆਦਾ ਦਾ ਵੀ ਖਿਆਲ ਨਹੀਂ ਕੀਤਾ।

# ਮੋਰਚਿਆਂ ਨੇ ਸਾਹੋ-ਸਾਹ ਕੀਤੀ ਕੈਪਟਨ ਸਰਕਾਰ

*(ਸਫਾ ਇਕ ਦੀ ਬਾਕੀ)*

ਵਿਚ ਨਸ਼ਿਆਂ ਦੇ ਖਾਤਮੇ ਦੇ ਵਾਅਦੇ ਕੀਤੇ ਸਨ ਪਰ ਪੌਣੇ ਦੋ ਸਾਲ ਵਿਚ ਸਿਰੇ ਇਕ ਵੀ ਨਹੀਂ ਚੜ੍ਹਿਆ। ਅਧਿਆਪਕਾਂ ਨੂੰ ਪੱਕੇ ਕਰਨ ਦੇ ਨਾਂ ਉਤੇ ਸਰਕਾਰ ਨੇ ਉਨ੍ਹਾਂ ਦੀ ਮੌਜੂਦਾ ਤਨਖਾਹ 45,800 ਤੋਂ ਘਟਾ ਕੇ 15000 ਕਰ ਦਿੱਤੀ ਅਤੇ ਦਾਅਵਾ ਕਰ ਦਿੱਤਾ ਕਿ ਉਸ ਨੇ ਆਪਣਾ ਚੋਣ ਵਾਅਦਾ ਪੁਗਾ ਦਿੱਤਾ ਹੈ। ਬੇਅਦਬੀ ਮਾਮਲੇ ਵਿਚ ਵੀ ਸਰਕਾਰ ਦੀ ਨੀਅਤ ਉਤੇ ਸਵਾਲ ਉਠ ਰਹੇ ਹਨ। ਸਰਕਾਰ ਬਣਦੇ ਸਾਰ ਕੈਪਟਨ ਨੇ ਪਿਛਲੀ ਬਾਦਲ ਸਰਕਾਰ ਵੱਲੋਂ ਬਣਾਏ ਜਸਟਿਸ (ਸੇਵਾ ਮੁਕਤ) ਜ਼ੋਰਾ ਸਿੰਘ ਕਮਿਸ਼ਨ ਦੀ ਰਿਪੋਰਟ ਨੂੰ ਰੱਦ ਕਰਕੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਬਣਾਇਆ।

ਇਸ ਕਮਿਸ਼ਨ ਨੇ ਆਪਣੀ ਰਿਪੋਰਟ ਵੀ ਮੁੱਖ ਮੰਤਰੀ ਨੂੰ ਸੌਂਪ ਦਿੱਤੀ ਪਰ ਰਿਪੋਰਟ ਵਿਚ ਬਾਦਲਾਂ ਸਮੇਤ ਵੱਡੇ ਪੁਲਿਸ ਅਫਸਰਾਂ ਦੇ ਨਾਂ ਸਾਹਮਣੇ ਆਉਣ ਪਿੱਛੋਂ ਸਰਕਾਰ ਨੇ ਕਾਰਵਾਈ ਤੋਂ ਪਾਸਾ ਵੱਟ ਲਿਆ ਤੇ ਇਕ ਹੋਰ ਵਿਸ਼ੇਸ਼ ਜਾਂਚ ਟੀਮ (ਸਿੱਟ) ਬਣਾ ਕੇ ਮਾਮਲੇ ਨੂੰ ਠੰਢਾ ਕਰਨ ਦੇ ਰਾਹ ਤੁਰ ਪਈ। ਸਰਕਾਰ ਦੀ ਇਸ ਨਾਲਾਇਕੀ ਕਾਰਨ ਬਰਗਾੜੀ ਵਿਚ ਲੱਗੇ ਮੋਰਚੇ ਨੂੰ ਵੱਡੇ ਪੱਧਰ ਉਤੇ ਹਮਾਇਤ ਮਿਲਣੀ ਸ਼ੁਰੂ ਹੋ ਗਈ। ਅੱਜ ਹਾਲਾਤ ਇਹ ਹਨ ਕਿ ਇਹ ਮੋਰਚਾ ਸਰਕਾਰ ਲਈ ਸਭ ਤੋਂ ਵੱਡੀ ਸਿਰਦਰਦੀ ਬਣਿਆ ਹੋਇਆ ਹੈ। ਇਕ ਪਾਸੇ ਜਿਥੇ ਸਿੱਖ ਆਗੂ ਸਰਕਾਰ ਖਿਲਾਫ ਡਟੇ ਹੋਏ ਹਨ, ਦੂਜੇ ਪਾਸੇ ਵਿਰੋਧੀ ਧਿਰਾਂ ਦੋਸ਼ ਲਾ ਰਹੀਆਂ ਹਨ ਕਿ ਸਰਕਾਰ ਜਾਣਬੁਝ ਕੇ ਮੋਰਚੇ ਦੀ ਹਮਾਇਤ ਕਰ ਕੇ ਸੂਬੇ ਨੂੰ ਮੁੜ ਕਾਲੇ ਦੌਰ ਵਿਚ ਧੱਕ ਰਹੀ ਹੈ।

ਇਹ ਵੀ ਦੋਸ਼ ਲੱਗ ਰਹੇ ਹਨ ਕਿ ਇਹ ਮੋਰਚਾ ਖਾੜਕੂਵਾਦ ਨੂੰ ਹਵਾ ਦੇਣ ਵਾਲਾ ਮੰਚ ਬਣ ਗਿਆ ਹੈ ਤੇ ਸਰਕਾਰ ਦੀ ਸ਼ਹਿ ਉਤੇ ਇਸ ਨੂੰ ਸਫਲ ਬਣਾਇਆ ਜਾ ਰਿਹਾ ਹੈ। ਸਰਕਾਰ ਲਈ ਕਸੂਤੀ ਸਥਿਤੀ ਇਹ ਹੈ ਕਿ ਇਸ ਦੇ ਆਪਣੇ ਕਈ ਵਿਧਾਇਕ, ਮੰਤਰੀ ਤੇ ਸੀਨੀਅਰ ਆਗੂ ਚੋਣਾਂ ਵਿਚ ਕੀਤੇ ਵਾਅਦਿਆਂ ਤੋਂ ਭੱਜਣ ਲਈ ਕੈਪਟਨ ਨੂੰ ਘੇਰ ਰਹੇ ਹਨ।

ਖਾਸ ਕਰ ਕੇ ਨਸ਼ਾ ਤਸਕਰੀ ਦੇ ਦੋਸ਼ ਵਿਚ ਬਿਕਰਮ ਸਿੰਘ ਮਜੀਠੀਆ ਖਿਲਾਫ ਕਾਰਵਾਈ ਨਾ ਕਰਨ ਦੇ ਮੁੱਦੇ ਉਤੇ ਲਗਾਤਾਰ ਸਵਾਲ ਉਠ ਰਹੇ ਹਨ। ਚੋਣਾਂ ਵਿਚ ਕੈਪਟਨ ਸਮੇਤ ਕਈ ਸੀਨੀਅਰ ਆਗੂਆਂ ਨੇ ਵਾਅਦਾ ਕੀਤਾ ਸੀ ਕਿ ਸਰਕਾਰ ਬਣਦੇ ਹੀ ਪਹਿਲਾ ਕੰਮ ਮਜੀਠੀਆ ਨੂੰ ਅੰਦਰ ਕਰਨਾ ਹੋਵੇਗਾ।

ਹੁਣ ਕੈਪਟਨ ਤਾਂ ਇਹ ਵਾਅਦਾ ਭੁੱਲ ਗਏ ਹਨ ਪਰ ਕਾਂਗਰਸੀ ਵਿਧਾਇਕ ਤੇ ਮੰਤਰੀ ਆਪਣੇ ਹਲਕਿਆਂ ਵਿਚ ਇਸ ਵਾਅਦਾਖਿਲਾਫੀ ਤੋਂ ਕਾਫੀ ਔਖੇ ਹਨ। ਉਹ ਕਈ ਵਾਰ ਕੈਪਟਨ ਕੋਲ ਪਹੁੰਚ ਕਰਕੇ ਇਹ ਮੁੱਦਾ ਉਠਾ ਚੁੱਕੇ ਹਨ ਪਰ ਹੁਣ ਕੈਪਟਨ ਵੀ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵਾਂਗ ਇਹ ਆਖ ਕੇ ਟਾਲ ਦਿੰਦੇ ਹਨ ਕਿ 'ਕਾਨੂੰਨ ਆਪਣਾ ਕੰਮ ਕਰ ਰਿਹਾ ਹੈ।'

# ਹੱਤਿਆ ਦੇ ਦੋਸ਼ ਹੇਠ ਰਾਮਪਾਲ ਤੇ 14 ਭਗਤਾਂ ਨੂੰ ਉਮਰ ਕੈਦ

**ਹਿਸਾਰ:** ਅਦਾਲਤ ਨੇ ਸੰਤ ਰਾਮਪਾਲ (67) ਤੇ ਉਸ ਦੇ 14 ਭਗਤਾਂ ਨੂੰ ਹੱਤਿਆ ਦੇ ਕੇਸ ਵਿਚ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਅਦਾਲਤ ਨੇ ਧਾਰਾ 302 ਤਹਿਤ ਉਮਰ ਕੈਦ ਤੋਂ ਇਲਾਵਾ, ਇਕ ਲੱਖ ਰੁਪਏ ਦਾ ਜੁਰਮਾਨਾ, ਧਾਰਾ 343 ਤਹਿਤ ਦੋ ਸਾਲ ਦੀ ਕੈਦ ਤੇ 5 ਹਜ਼ਾਰ ਦਾ ਜੁਰਮਾਨਾ ਤੇ ਧਾਰਾ 120ਬੀ ਤਹਿਤ ਉਮਰ ਕੈਦ ਤੇ ਇਕ ਲੱਖ ਰੁਪਏ ਦਾ ਜੁਰਮਾਨਾ ਕੀਤਾ ਹੈ। ਮੁਲਜ਼ਮਾਂ ਦੇ ਵਕੀਲਾਂ ਨੇ ਦੱਸਿਆ ਕਿ ਸਾਰੀਆਂ ਸਜ਼ਾਵਾਂ ਨਾਲੋ-ਨਾਲ ਚੱਲਣਗੀਆਂ।

ਲੰਘੀ 11 ਅਕਤੂਬਰ ਨੂੰ ਅਦਾਲਤ ਨੇ ਬਦਰਪੁਰ ਨੇੜੇ ਮਿੱਠਾਪੁਰ ਦੇ ਵਾਸੀ ਸ਼ਿਵਪਾਲ ਦੀ ਸ਼ਿਕਾਇਤ 'ਤੇ ਰਾਮਪਾਲ ਤੇ ਉਸ ਦੇ 26 ਭਗਤਾਂ ਨੂੰ ਆਪਣੇ ਆਸ਼ਰਮ ਵਿਚ ਹੱਤਿਆ ਦੇ ਦੋ ਵੱਖੋ ਵੱਖਰੇ ਕੇਸਾਂ ਤੇ ਪੀੜਤਾਂ ਨੂੰ ਬੰਦੀ ਬਣਾ ਕੇ ਰੱਖਣ ਦੇ ਦੋਸ਼ੀ ਕਰਾਰ ਦਿੱਤਾ ਸੀ। ਕਰੀਬ ਚਾਰ ਸਾਲ ਮੁਕੱਦਮਾ ਚੱਲਣ ਪਿੱਛੋਂ ਜ਼ਿਲ੍ਹਾ ਜੇਲ੍ਹ ਵਿਚ ਆਰਜ਼ੀ ਤੌਰ 'ਤੇ ਬਣਾਈ ਅਦਾਲਤ ਵੱਲੋਂ ਫੈਸਲਾ ਸੁਣਾਇਆ ਗਿਆ।

ਦੂਜਾ ਕੇਸ ਯੂਪੀ ਦੇ ਲਲਿਤਪੁਰ ਜ਼ਿਲ੍ਹੇ ਦੇ ਪਿੰਡ ਜਖੋਰਾ ਦੇ ਵਾਸੀ ਸੁਰੇਸ਼ ਨੇ ਦਰਜ ਕਰਵਾਇਆ ਸੀ। ਦੋਵੇਂ ਸ਼ਿਕਾਇਤਕਰਤਾਵਾਂ ਨੇ ਦੋਸ਼ ਲਾਇਆ ਸੀ ਕਿ ਉਨ੍ਹਾਂ ਦੀਆਂ ਪਤਨੀਆਂ ਨੂੰ ਆਸ਼ਰਮ ਵਿਚ ਬੰਦੀ ਬਣਾ ਕੇ ਰੱਖਿਆ ਹੋਇਆ ਸੀ ਤੇ ਬਾਅਦ ਵਿਚ ਉਨ੍ਹਾਂ ਦਾ ਕਤਲ ਕਰ ਦਿੱਤਾ ਗਿਆ। ਨਵੰਬਰ 2014 ਵਿਚ ਜਦੋਂ ਪੁਲਿਸ ਰਾਮਪਾਲ ਨੂੰ ਗ੍ਰਿਫਤਾਰ ਕਰਨ ਲਈ ਆਸ਼ਰਮ ਪੁੱਜੀ ਸੀ ਤਾਂ ਭਗਤਾਂ ਨੇ ਹਿੰਸਕ ਰੂਪ ਅਖਤਿਆਰ ਕਰ ਲਿਆ ਸੀ ਤੇ ਇਸ ਦੌਰਾਨ ਛੇ ਜਣੇ ਮਾਰੇ ਗਏ ਸਨ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਗੁਰਵੀਰ ਸਿੰਘ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ

# ਨਸ਼ਾ ਤਸਕਰੀ: ਮਜੀਠੀਆ ਦੀ ਤਾਕਤ ਅੱਗੇ ਈ.ਡੀ. ਅਧਿਕਾਰੀ ਬੇਵੱਸ

**ਚੰਡੀਗੜ੍ਹ:** ਨਸ਼ਾ ਤਸਕਰੀ ਦੇ ਮਾਮਲੇ ਵਿਚ ਅਕਾਲੀ ਦਲ ਦੇ ਤਾਕਤਵਰ ਆਗੂ ਨੂੰ ਘੇਰ ਵਾਲੇ ਇਨਫੋਰਸਮੈਂਟ ਡਾਇਰੈਕਟੋਰੇਟ ਦੇ ਡਿਪਟੀ ਡਾਇਰੈਕਟਰ ਨਿਰੰਜਣ ਸਿੰਘ ਵੱਲੋਂ ਅਹੁਦੇ ਤੋਂ ਅਚਾਨਕ ਅਸਤੀਫਾ ਦੇਣ ਤੇ ਫਿਰ ਕੁਝ ਦਿਨਾਂ ਪਿੱਛੋਂ ਵਾਪਸ ਲੈਣਾ ਵੱਡੇ ਸਵਾਲ ਖੜ੍ਹੇ ਕਰ ਰਿਹਾ ਹੈ।

ਨਿਰੰਜਣ ਸਿੰਘ ਭਾਵੇਂ ਇਸ ਮੁੱਦੇ ਉਤੇ ਖੁੱਲ ਕੇ ਕੁਝ ਬੋਲਣ ਨੂੰ ਤਿਆਰ ਨਹੀਂ ਪਰ ਉਸ ਦੀ ਬੋਲ ਬਾਣੀ ਦੱਸ ਰਹੀ ਹੈ ਕਿ ਮਜੀਠੀਆ ਨਾਲ ਪੰਗਾ ਲੈਣਾ ਉਸ ਨੂੰ ਕਿੰਨਾ ਮਹਿੰਗਾ ਪਿਆ ਹੈ। ਭਾਵੇਂ ਇਹ ਅਫਸਰ ਆਪਣੇ ਉਤੇ ਦਬਾਅ ਬਾਰੇ ਚੁੱਪ ਹੈ ਪਰ ਇਸ ਦੇ ਵਕੀਲ ਨੇ ਸਾਰਾ ਸੱਚ ਸਾਹਮਣੇ ਲੈ ਆਂਦਾ ਹੈ। ਵਕੀਲ ਨੇ ਪੰਜਾਬ ਹਰਿਆਣਾ ਵਿਚ ਖੁਲਾਸਾ ਕੀਤਾ ਕਿ ਉਨ੍ਹਾਂ ਦੇ ਮੁਵੱਕਿਲ ਨੇ ਨਸ਼ਿਆਂ ਦੇ ਕੇਸ ਵਿਚ ਸਾਬਕਾ ਕੈਬਨਿਟ ਮੰਤਰੀ ਤੇ ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਖਿਲਾਫ ਕਾਰਵਾਈ ਦੀ ਇਜਾਜ਼ਤ ਨਾ ਮਿਲਣ ਤੋਂ ਅੱਕ ਕੇ ਇਹ ਕਦਮ ਚੁੱਕਿਆ ਹੈ।

ਚੀਫ ਜਸਟਿਸ ਕ੍ਰਿਸ਼ਨ ਮੁਰਾਰੀ ਤੇ ਜਸਟਿਸ ਏਬੀ ਚੌਧਰੀ ਦੇ ਬੈਂਚ ਸਾਹਮਣੇ ਸੀਨੀਅਰ ਐਡਵੋਕੇਟ ਅਨੁਪਮ ਗੁਪਤਾ ਨੇ ਕਿਹਾ ਕਿ ਈਡੀ ਵੱਲੋਂ ਮਜੀਠੀਆ ਖਿਲਾਫ ਕਾਰਵਾਈ ਦੀ ਆਗਿਆ ਨਾ ਦਿੱਤੇ ਜਾਣ ਤੋਂ ਮਾਯੂਸ ਹੋ ਕੇ ਪਿਛਲੇ ਹਫਤੇ ਅਸਤੀਫਾ ਦਿੱਤਾ ਸੀ। ਉਹ ਪਿਛਲੀ ਸਰਕਾਰ ਵਿਚ ਮਾਲ ਮੰਤਰੀ ਸੀ ਤੇ ਉਸ ਦੀ ਪਾਰਟੀ ਇਸ ਵੇਲੇ ਕੇਂਦਰ ਵਿਚ ਭਿਆਲ ਹੈ ਜਿਸ ਕਰ ਕੇ ਉਸ ਦਾ



ਬਹੁਤ ਹੀ ਦਬਦਬਾ ਹੈ। ਉਹ ਅਦਾਲਤ ਨੂੰ ਦੱਸ ਸਕਦੇ ਹਨ ਕਿਵੇਂ ਕੇਂਦਰੀ ਵਿੱਤ ਮੰਤਰਾਲੇ ਵੱਲੋਂ ਜਗਦੀਸ਼ ਭੋਲਾ ਡਰੱਗ ਕੇਸ ਵਿਚ ਉਨ੍ਹਾਂ (ਨਿਰੰਜਣ ਸਿੰਘ) ਨੂੰ ਧਮਕਾਇਆ ਗਿਆ ਸੀ। ਉਨ੍ਹਾਂ ਨੂੰ ਕੋਈ ਮੌਕਾ ਨਹੀਂ ਦਿੱਤਾ ਗਿਆ, ਇਕ ਵੀ ਗਵਾਹ ਤੋਂ ਪੁੱਛਗਿੱਛ ਨਹੀਂ ਕੀਤੀ ਗਈ ਤੇ ਕੋਈ ਅਸਾਸਾ ਜ਼ਬਤ ਨਹੀਂ ਕੀਤਾ ਗਿਆ। ਉਧਰ, ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਦਾਅਵਾ ਕੀਤਾ ਕਿ ਨਿਰੰਜਣ ਸਿੰਘ ਵੱਲੋਂ ਦਿੱਤੇ ਗਏ ਅਚਨਚੇਤ ਅਸਤੀਫੇ ਨੇ ਪੋਲ ਖੋਲ੍ਹ ਦਿੱਤੀ ਹੈ ਕਿ ਸੂਬੇ ਅੰਦਰ ਨਸ਼ਾ ਤਸਕਰੀ ਦੇ ਕੇਸਾਂ ਵਿਚ ਸੂਬਾਈ ਤੇ ਕੇਂਦਰੀ ਜਾਂਚ ਏਜੰਸੀਆਂ ਨੂੰ ਕਿੰਨੇ ਵੱਡੇ ਪੱਧਰ 'ਤੇ ਦਬਾਅ ਥੱਲੇ ਰੱਖਿਆ ਜਾ ਰਿਹਾ ਹੈ।

ਪਾਰਟੀ ਦੇ ਸੀਨੀਅਰ ਆਗੂ ਤੇ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਇਸ ਸਮੁੱਚੇ ਮਾਮਲੇ 'ਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ, ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸਪਸ਼ਟ ਕਰਨ ਲਈ ਕਿਹਾ ਕਿ ਉਹ ਜਾਂਚ ਏਜੰਸੀਆਂ 'ਤੇ ਨਸ਼ਾ ਤਸਕਰੀ ਮਾਮਲੇ ਦੀ ਜਾਂਚ ਦਾ ਸਾਹਮਣਾ ਕਰ ਰਹੇ ਬਿਕਰਮ ਸਿੰਘ ਮਜੀਠੀਆ ਨੂੰ ਬਚਾਉਣ ਲਈ ਦਬਾਅ ਕਿਉਂ ਪਾ ਰਹੇ ਹਨ।

ਚੀਮਾ ਨੇ ਇਸ ਮਾਮਲੇ 'ਚ ਮਜੀਠੀਆ ਤੇ ਉਨ੍ਹਾਂ ਦੇ ਰਿਸ਼ਤੇਦਾਰ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਕੋਲੋਂ ਵੀ ਜਵਾਬ ਤਲਬ ਕੀਤਾ ਹੈ। ਉਨ੍ਹਾਂ ਕਿਹਾ ਕਿ ਜੇ ਨਿਰੰਜਣ ਸਿੰਘ ਆਪਣੇ ਅਸਤੀਫੇ ਬਾਰੇ ਜਨਤਕ ਤੌਰ 'ਤੇ ਇਸ ਤਰ੍ਹਾਂ ਦਾ ਖੁਲਾਸਾ ਕਰਦੇ ਤਾਂ ਉਨ੍ਹਾਂ ਦੀ ਦਲੀਲ ਨੂੰ ਰਾਜਨੀਤੀ ਤੋਂ ਪ੍ਰੇਰਿਤ ਕਹਿ ਕੇ ਰੱਦ ਕੀਤਾ ਜਾ ਸਕਦਾ ਸੀ, ਪਰ ਇਹ ਇਲਜ਼ਾਮ ਅਦਾਲਤ ਦੀ ਸੁਣਵਾਈ ਦੌਰਾਨ ਦਰਜ ਕਰਵਾਏ ਗਏ ਹਨ, ਜੋ ਨਜ਼ਰ ਅੰਦਾਜ਼ ਨਹੀਂ ਹੋ ਸਕਦੇ।

ਉਨ੍ਹਾਂ ਕਿਹਾ ਕਿ 6 ਹਜ਼ਾਰ ਕਰੋੜ ਦੇ ਚਰਚਿਤ ਨਸ਼ਾ ਤਸਕਰੀ ਕੇਸ ਦੀ ਜਾਂਚ ਕਰ ਰਹੇ ਨਿਰੰਜਣ ਸਿੰਘ ਵੱਲੋਂ ਰਹੱਸਮਈ ਤਰੀਕੇ ਨਾਲ ਦਿੱਤੇ ਗਏ ਅਸਤੀਫੇ ਦੀਆਂ ਤਾਰਾਂ ਬਾਦਲ ਪਰਿਵਾਰ ਦੇ ਕਰੀਬੀ ਰਿਸ਼ਤੇਦਾਰ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨਾਲ ਜਾ ਜੁੜੀਆਂ ਹਨ। ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚ ਨਸ਼ਾ ਤਸਕਰੀ ਮਾਮਲੇ ਦੀ ਸੁਣਵਾਈ ਦੌਰਾਨ ਅਦਾਲਤ ਦਾ ਸਹਿਯੋਗ ਕਰ ਰਹੀ ਐਮਿਕਸ ਕਿਊਰੀ ਨੇ ਸਪਸ਼ਟ ਸ਼ਬਦਾਂ 'ਚ ਦਲੀਲ ਦਰਜ ਕਰਵਾਈ ਹੈ ਕਿ ਮਜੀਠੀਆ ਖਿਲਾਫ ਕਾਰਵਾਈ ਕਰਨ ਦੀ ਮਨਜ਼ੂਰੀ ਨਾ ਦਿੱਤੇ ਜਾਣ ਤੋਂ ਨਿਰਾਸ਼ ਨਿਰੰਜਣ ਸਿੰਘ ਨੂੰ ਅਸਤੀਫਾ ਦੇਣ ਲਈ ਮਜਬੂਰ ਹੋਣਾ ਪਿਆ।

## ਨਿਰੰਜਣ ਸਿੰਘ ਨੂੰ ਮਜੀਠੀਏ ਖਿਲਾਫ ਕਾਰਵਾਈ ਦੀ ਪੂਰੀ ਖੁੱਲ੍ਹ!

**ਜਲੰਧਰ:** ਨਿਰੰਜਣ ਸਿੰਘ ਦੇ ਅਸਤੀਫੇ ਬਾਅਦ ਗਰਮਾਏ ਹੋਏ ਮਾਹੌਲ ਦੇ ਚੱਲਦਿਆਂ ਵਿਭਾਗ ਦੇ ਆਹਲਾ ਅਧਿਕਾਰੀਆਂ ਨੇ ਬਿਆਨ ਦਿੱਤਾ ਹੈ ਕਿ ਨਿਰੰਜਣ ਸਿੰਘ ਨੂੰ ਕਦੀ ਵੀ ਸਾਬਕਾ ਮੰਤਰੀ ਬਿਕਰਮ ਮਜੀਠੀਆ ਜਾਂ ਕਿਸੇ ਹੋਰ ਵਿਅਕਤੀ ਖਿਲਾਫ ਕਾਰਵਾਈ ਕਰਨ ਤੋਂ ਨਹੀਂ ਰੋਕਿਆ ਗਿਆ।

ਯਾਦ ਰਹੇ, ਨਿਰੰਜਣ ਸਿੰਘ ਨੇ ਹਾਲ ਹੀ ਵਿਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਸਾਹਮਣੇ ਬਿਆਨ ਦਿੱਤਾ ਸੀ ਕਿ ਉਨ੍ਹਾਂ ਅਸਤੀਫਾ ਇਸ ਲਈ ਦਿੱਤਾ ਕਿਉਂਕਿ ਉਨ੍ਹਾਂ ਨੂੰ 6 ਹਜ਼ਾਰ ਕਰੋੜ ਰੁਪਏ ਦੇ ਜਗਦੀਸ਼ ਭੋਲਾ ਡਰੱਗ ਰੈਕੇਟ ਵਿਚ ਅਕਾਲੀ ਲੀਡਰ ਮਜੀਠੀਆ ਖਿਲਾਫ ਕਾਰਵਾਈ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾ ਰਹੀ ਸੀ। ਈਡੀ ਦੇ ਕੌਮੀ ਨਿਰਦੇਸ਼ਕ ਕਰਨਲ ਸਿੰਘ ਨੇ ਅਥਾਰਟੀ ਵੱਲੋਂ ਅਧਿਕਾਰੀਆਂ 'ਤੇ ਇਸ ਤਰ੍ਹਾਂ ਦੇ ਦਬਾਅ ਪਾਉਣ ਤੋਂ ਸਾਫ ਇਨਕਾਰ ਕਰ ਦਿੱਤਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਉਨ੍ਹਾਂ ਨਿਰੰਜਣ ਸਿੰਘ ਨੂੰ ਕਦੀ ਵੀ ਮਜੀਠੀਆ ਜਾਂ ਕਿਸੇ ਹੋਰ ਖਿਲਾਫ ਕਾਰਵਾਈ ਕਰਨ ਤੋਂ ਕਦੀ ਨਹੀਂ ਰੋਕਿਆ।

# ਚੌਟਾਲਾ ਪਰਿਵਾਰ ਦੀ ਅੰਦਰੂਨੀ ਲੜਾਈ ਖੁੱਲ੍ਹ ਕੇ ਆਈ ਸਾਹਮਣੇ

**ਚੰਡੀਗੜ੍ਹ:** ਚੌਧਰੀ ਦੇਵੀ ਲਾਲ ਦੇ ਜਨਮ ਦਿਨ ਮੌਕੇ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਦੀ ਹਾਜ਼ਰੀ ਵਿਚ ਉਸ ਦੇ ਛੋਟੇ ਪੁੱਤਰ ਅਭੈ ਚੌਟਾਲਾ ਦੇ ਭਾਸ਼ਣ ਦਾ ਇੰਡੀਅਨ ਨੈਸ਼ਨਲ ਲੋਕ ਦਲ ਦੀ ਯੂਥ ਅਤੇ ਵਿਦਿਆਰਥੀ ਇਕਾਈ ਦੇ ਕਾਰਕੁਨਾਂ ਵੱਲੋਂ ਕੀਤੇ ਵਿਰੋਧ ਨਾਲ



ਚੌਟਾਲਾ ਪਰਿਵਾਰ ਦੀ ਅੰਦਰੂਨੀ ਲੜਾਈ ਖੁੱਲ੍ਹ ਕੇ ਸਾਹਮਣੇ ਆ ਗਈ ਹੈ। ਇਸ ਨੂੰ ਅਨੁਸ਼ਾਸਨਹੀਣਤਾ ਮੰਨਦਿਆਂ ਓਮ ਪ੍ਰਕਾਸ਼ ਚੌਟਾਲਾ ਨੇ ਯੂਥ ਅਤੇ ਵਿਦਿਆਰਥੀ ਵਿੰਗ ਭੰਗ ਕਰ ਦਿੱਤੇ। ਇਸ ਵਿੰਗ ਦੀ ਕਮਾਨ ਚੌਟਾਲਾ ਦੇ ਵੱਡੇ ਪੁੱਤਰ ਅਜੈ ਚੌਟਾਲਾ ਦੇ ਬੇਟੇ ਦਿਗਵਿਜੈ ਦੇ ਕੋਲ ਹੈ। ਦੂਸਰਾ ਭਾਈ ਦੁਸ਼ਿਅੰਤ ਲੋਕ ਸਭਾ ਦਾ ਮੈਂਬਰ ਹੈ। ਦੁਸ਼ਿਅੰਤ ਨੇ ਦਾਦੇ ਦੀ ਗੱਲ ਨਾ ਮੰਨਦਿਆਂ ਵਿਦਿਆਰਥੀ ਜਥੇਬੰਦੀ ਦੀਆਂ ਇਕਾਈਆਂ ਭੰਗ ਨਾ ਹੋਣ ਦਾ ਬਿਆਨ ਦਾਗ ਦਿੱਤਾ। ਮੰਨਿਆ ਜਾਂਦਾ ਹੈ ਕਿ ਸਾਬਕਾ ਮੁੱਖ ਮੰਤਰੀ ਨੇ ਪਾਰਟੀ ਦੇ ਦਾਦਰੀ ਅਤੇ ਹਿਸਾਰ ਦੇ ਜਿਨ੍ਹਾਂ ਦੋ ਜ਼ਿਲ੍ਹਾ ਪ੍ਰਧਾਨਾਂ ਨੂੰ ਹਟਾਇਆ, ਉਹ ਵੀ ਦੁਸ਼ਿਅੰਤ ਦੇ ਸਮਰਥਕ ਹਨ।

ਚੌਟਾਲਾ ਪਰਿਵਾਰ ਅੰਦਰ ਸੱਤਾ ਦੀ ਲੜਾਈ ਪਹਿਲੀ ਵਾਰ ਨਹੀਂ ਹੋਈ। ਚੌਧਰੀ ਦੇਵੀ ਲਾਲ ਦੇ ਹੁੰਦਿਆਂ ਓਮ ਪ੍ਰਕਾਸ਼ ਚੌਟਾਲਾ ਅਤੇ ਉਸ ਦੇ ਭਾਈ ਰਣਜੀਤ ਚੌਟਾਲਾ ਦਰਮਿਆਨ ਵੀ ਲੜਾਈ ਹੋਈ ਸੀ। ਰਣਜੀਤ ਨੇ ਮੰਤਰੀ ਮੰਡਲ ਤੋਂ ਅਸਤੀਫਾ ਦੇ ਦਿੱਤਾ ਸੀ। ਓਮ ਪ੍ਰਕਾਸ਼ ਚੌਟਾਲਾ ਅਤੇ ਉਸ ਦਾ ਵੱਡਾ ਬੇਟਾ ਅਜੈ ਸਿੰਘ ਚੌਟਾਲਾ ਜੇ.ਬੀ.ਟੀ. ਅਧਿਆਪਕ ਭਰਤੀ ਘੁਟਾਲੇ ਦੇ ਦੋਸ਼ ਕਾਰਨ 2013 ਤੋਂ ਜੇਲ੍ਹ ਵਿਚ ਸਜ਼ਾ ਕੱਟ ਰਹੇ ਹਨ। ਉਦੋਂ ਤੋਂ ਹੀ ਚੌਟਾਲਾ ਦਾ ਸਿਆਸੀ ਵਾਰਸ ਬਣਨ ਦੀ ਲੜਾਈ ਸ਼ੁਰੂ ਹੋ ਗਈ ਸੀ। ਹਰਿਆਣਾ ਵਿਧਾਨ ਸਭਾ ਦੀਆਂ ਚੋਣਾਂ ਮੌਕੇ ਦੁਸ਼ਿਅੰਤ ਨੇ ਖੁਦ ਨੂੰ ਮੁੱਖ ਮੰਤਰੀ ਦੇ ਅਹੁਦੇ ਦਾ ਦਾਅਵੇਦਾਰ ਕਹਿੰਦਿਆਂ ਉਚਾਨਾ ਤੋਂ ਚੌਧਰੀ ਵਰਿੰਦਰ ਸਿੰਘ ਖਿਲਾਫ ਚੋਣ ਲੜੀ ਸੀ। ਉਹ ਚੋਣ ਹਾਰ ਗਿਆ ਪਰ ਉਸ ਦੀ ਮਾਤਾ ਨੈਨਾ ਸਿੰਘ ਡੱਬਵਾਲੀ ਤੋਂ ਚੋਣ ਜਿੱਤ ਗਈ ਸੀ। ਦੁਸ਼ਿਅੰਤ ਇਸ ਮੌਕੇ ਸੰਸਦ ਮੈਂਬਰ ਹੈ, ਪਰ ਵਿਧਾਨ ਸਭਾ ਵਿਚ ਵਿਰੋਧੀ ਧਿਰ ਦਾ ਆਗੂ ਚਾਚਾ ਅਭੈ ਚੌਟਾਲਾ ਹੈ। ਓਮ ਪ੍ਰਕਾਸ਼ ਚੌਟਾਲਾ ਵੱਲੋਂ ਦਿੱਤੇ ਸੰਕੇਤਾਂ ਅਨੁਸਾਰ ਪਰਿਵਾਰਕ ਲੜਾਈ ਵਿਚ ਫਿਲਹਾਲ ਅਭੈ ਚੌਟਾਲਾ ਦਾ ਹੱਥ ਉਪਰ ਨਜ਼ਰ ਆ ਰਿਹਾ ਹੈ।

ਦੇਸ਼ ਅੰਦਰ ਪਰਿਵਾਰਵਾਦ ਦੀ ਸਿਆਸਤ ਦੀਆਂ ਜੜ੍ਹਾਂ ਕਾਫੀ ਗਹਿਰੀਆਂ ਹਨ। ਇਕ ਅਨੁਮਾਨ ਅਨੁਸਾਰ ਸੰਸਦ ਵਿਚ ਤਕਰੀਬਨ 37 ਫੀਸਦੀ ਮੈਂਬਰ ਪਰਿਵਾਰਾਂ ਦੇ ਸਿਆਸੀ ਦਬਦਬਿਆਂ ਕਾਰਨ ਆਏ ਹਨ। ਕਾਂਗਰਸ ਲਗਭਗ 70 ਸਾਲਾਂ ਤੋਂ ਇਸੇ ਰਾਹ ਉਤੇ ਚੱਲ ਰਹੀ ਹੈ। ਭਾਜਪਾ ਵੀ ਹੁਣ ਵਿਅਕਤੀ ਅਤੇ ਪਰਿਵਾਰ ਕੇਂਦਰਿਤ ਨਕਸ਼ੇ ਕਦਮਾਂ ਉੱਤੇ ਸਰਪੱਟ ਦੌੜਦੀ ਦਿਖਾਈ ਦੇਣ ਲੱਗੀ ਹੈ। ਖੇਤਰੀ ਪਾਰਟੀਆਂ ਦਾ ਵੱਡਾ ਹਿੱਸਾ ਪਰਿਵਾਰਕ ਸਿਆਸਤ ਦੇ ਦਬਦਬੇ ਵਾਲਾ ਹੈ। ਚੌਟਾਲਿਆਂ ਅਤੇ ਬਾਦਲਾਂ ਦਰਮਿਆਨ ਨਿੱਘੇ ਰਿਸ਼ਤੇ ਹਨ। ਚੌਧਰੀ ਦੇਵੀ ਲਾਲ ਦੇ ਸਮੇਂ ਤੋਂ ਹੁਣ ਤੱਕ ਦੋ ਪੀੜ੍ਹੀਆਂ ਦਾ ਰਿਸ਼ਤਾ ਨਿਭਦਾ ਆ ਰਿਹਾ ਹੈ। ਸੁਖਬੀਰ ਸਿੰਘ ਬਾਦਲ ਨੂੰ ਅਕਾਲੀ ਦਲ ਦਾ ਪ੍ਰਧਾਨ ਬਣਾਉਣ ਅਤੇ ਫਿਰ ਉਪ ਮੁੱਖ ਮੰਤਰੀ ਬਣਾਉਣ ਪਿੱਛੋਂ ਤਾਏ-ਭਤੀਜੇ ਦਰਮਿਆਨ ਟਕਰਾਅ ਪਾਰਟੀ ਹੱਦਾਂ ਪਾਰ ਕਰ ਗਿਆ। ਹੁਣ ਮਨਪ੍ਰੀਤ ਸਿੰਘ ਬਾਦਲ ਕਾਂਗਰਸ ਹਨ ਅਤੇ ਬਾਦਲ ਪਰਿਵਾਰ ਵੱਲੋਂ ਪੂਰੀ ਸ਼ਕਤੀ ਸੁਖਬੀਰ ਦੇ ਹੱਥ ਵਿਚ ਹੈ। ਸੰਸਥਾਵਾਂ ਕਮਜ਼ੋਰ ਹੋਣ ਅਤੇ ਪਰਿਵਾਰ ਦੇ ਮਜ਼ਬੂਤ ਹੋਣ ਕਾਰਨ ਹੀ ਇਨ੍ਹਾਂ ਦਿਨਾਂ ਵਿਚ ਬਾਦਲ ਪਰਿਵਾਰ ਨੂੰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਹੋਰਾਂ ਮੁੱਦਿਆਂ ਕਾਰਨ ਭਾਰੀ ਲੋਕ ਰੋਹ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

## ਬਾਦਲ ਅਤੇ ਚੌਟਾਲਾ ਪਰਿਵਾਰਾਂ ਦੀ ਮਿੱਤਰਤਾ ਕਾਇਮ ਰਹੇਗੀ: ਚੌਟਾਲਾ

**ਚੰਡੀਗੜ੍ਹ:** ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਨੇ ਜ਼ੋਰ ਦੇ ਕੇ ਕਿਹਾ ਕਿ ਭਾਵੇਂ ਹੁਣ ਸਾਡੀ ਰਾਜਨੀਤੀ ਵੱਖ-ਵੱਖ ਹੈ ਪਰ 50 ਸਾਲਾਂ ਤੋਂ ਵੱਧ ਪ੍ਰਕਾਸ਼ ਸਿੰਘ ਬਾਦਲ ਤੇ ਦੇਵੀ ਲਾਲ ਪਰਿਵਾਰਾਂ ਦੀ ਮਿੱਤਰਤਾ ਕਾਇਮ ਹੈ ਅਤੇ ਕਾਇਮ ਰਹੇਗੀ। ਉਨ੍ਹਾਂ ਕਿਹਾ ਕਿ ਮੈਨੂੰ ਦੱਸਿਆ ਗਿਆ ਹੈ ਕਿ ਸ. ਬਾਦਲ ਦਿੱਲੀ ਗਏ ਹੋਏ ਹਨ, ਮੈਂ ਉਨ੍ਹਾਂ ਦਾ ਹਾਲ-ਚਾਲ ਪੁੱਛਣ ਲਈ ਪਿੰਡ ਬਾਦਲ ਜਾਣ ਦਾ ਇੱਛੁਕ ਸੀ।

## ਟਰੂਡੋ ਦੇ ਮੁਕਾਬਲੇ ਐਂਡਰਿਊ ਸ਼ੀਅਰ ਦਾ ਸ਼ਾਨਦਾਰ ਸਵਾਗਤ

**ਚੰਡੀਗੜ੍ਹ:** ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਭਾਰਤ ਦੌਰੇ ਦੇ ਮੁਕਾਬਲੇ ਹੁਣ ਇਥੇ ਆਏ ਕੰਜ਼ਰਵੇਟਿਵ ਪਾਰਟੀ ਦੇ ਮੁਖੀ ਤੇ ਵਿਰੋਧੀ ਧਿਰ ਦੇ ਆਗੂ ਐਂਡਰਿਊ ਸ਼ੀਅਰ ਦਾ ਕੇਂਦਰ ਤੇ ਪੰਜਾਬ ਸਰਕਾਰ ਵੱਲੋਂ ਸ਼ਾਨਦਾਰ ਸਵਾਗਤ ਕੀਤਾ ਗਿਆ ਹੈ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਚੰਡੀਗੜ੍ਹ ਵਿਚ ਉਨ੍ਹਾਂ ਦਾ ਸਵਾਗਤ ਕੀਤਾ ਅਤੇ ਲੰਮੀ ਵਿਚਾਰ ਚਰਚਾ ਕੀਤੀ। ਇਸ ਤੋਂ ਪਹਿਲਾਂ ਸ੍ਰੀ ਐਂਡਰਿਊ ਨੇ ਦਰਬਾਰ ਸਾਹਿਬ ਵਿਖੇ ਮੱਥਾ ਟੇਕਿਆ।

ਕਾਂਗਰਸੀ ਆਗੂ ਕੇਵਲ ਸਿੰਘ ਢਿੱਲੋਂ ਨੇ ਉਦਯੋਗਪਤੀਆਂ ਸਮੇਤ ਉਨ੍ਹਾਂ ਨਾਲ ਮੁਲਾਕਾਤ ਕੀਤੀ ਅਤੇ ਕੈਨੇਡਾ-ਭਾਰਤ ਵਪਾਰ ਸਬੰਧਾਂ ਬਾਰੇ ਚਰਚਾ ਕੀਤੀ। ਜਾਣਕਾਰੀ ਅਨੁਸਾਰ ਇਸੇ ਵਰ੍ਹੇ ਫਰਵਰੀ ਮਹੀਨੇ ਸ੍ਰੀ ਟਰੂਡੋ ਦਾ ਭਾਰਤ ਦੌਰਾ ਵਿਵਾਦਾਂ 'ਚ ਘਿਰ ਗਿਆ ਸੀ, ਕਿਉਂਕਿ ਕੈਪਟਨ ਅਮਰਿੰਦਰ ਸਿੰਘ ਨੇ ਉਨ੍ਹਾਂ ਨੂੰ ਮਿਲਣ ਤੋਂ ਨਾਂਹ ਕਰ ਦਿੱਤੀ ਸੀ ਅਤੇ ਉਨ੍ਹਾਂ 'ਤੇ ਵੱਖਵਾਦੀਆਂ ਦੀ ਮਦਦ ਕਰਨ ਦੇ ਦੋਸ਼ ਲਾਏ ਸਨ।

## ਬਾਦਲ ਸਰਕਾਰ ਵੇਲੇ ਹੋਈਆਂ ਧੱਕੇਸ਼ਾਹੀਆਂ ਦੀ ਇਕ ਹੋਰ ਰਿਪੋਰਟ ਪੇਸ਼

**ਚੰਡੀਗੜ੍ਹ:** ਜਸਟਿਸ (ਸੇਵਾ ਮੁਕਤ) ਮਹਿਤਾਬ ਸਿੰਘ ਗਿੱਲ ਕਮਿਸ਼ਨ ਨੇ ਝੂਠੇ ਕੇਸਾਂ ਨਾਲ ਸਬੰਧਤ ਆਪਣੀ 11ਵੀਂ ਅੰਤਿਮ ਰਿਪੋਰਟ ਅੱਜ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਸੌਂਪੀ। ਪੰਜਾਬ ਸਰਕਾਰ ਵੱਲੋਂ ਕਮਿਸ਼ਨ ਦੀਆਂ ਸਿਫਾਰਸ਼ਾਂ ਦੇ ਅਨੁਸਾਰ 359 'ਚੋਂ 290 ਪੀੜਤਾਂ ਨੂੰ ਇਨਸਾਫ ਮੁਹੱਈਆ ਕਰਵਾਇਆ ਜਾ ਚੁੱਕਾ ਹੈ। ਜਸਟਿਸ ਗਿੱਲ ਨੇ ਆਪਣੀ 11ਵੀਂ ਰਿਪੋਰਟ ਮੁੱਖ ਮੰਤਰੀ ਨੂੰ ਸੌਂਪੀ ਤੇ ਦੱਸਿਆ ਕਿ ਕਮਿਸ਼ਨ ਨੇ ਪਹਿਲੀ ਅਕਤੂਬਰ, 2018 ਤੱਕ 4451 ਸ਼ਿਕਾਇਤਾਂ ਪ੍ਰਾਪਤ ਕੀਤੀਆਂ ਜਿਨ੍ਹਾਂ 'ਚੋਂ 1941 ਦਾ ਨਿਪਟਾਰਾ ਕਰ ਦਿੱਤਾ ਹੈ। ਇਨ੍ਹਾਂ 'ਚੋਂ 1582 ਸ਼ਿਕਾਇਤਾਂ ਵੱਖ-ਵੱਖ ਪੱਧਰਾਂ ਉਤੇ ਰੱਦ ਕਰ ਦਿੱਤੀਆਂ ਹਨ।

ਉਨ੍ਹਾਂ ਮੁੱਖ ਮੰਤਰੀ ਨੂੰ ਦੱਸਿਆ ਕਿ 11ਵੀਂ ਅੰਤਿਮ ਰਿਪੋਰਟ 'ਚ 173 ਸ਼ਿਕਾਇਤਾਂ ਨਾਲ ਨਿਪਟਿਆ ਗਿਆ ਜਿਸ 'ਚੋਂ 4 ਦੀ ਆਗਿਆ ਦੇ ਦਿੱਤੀ ਹੈ। ਜਸਟਿਸ ਗਿੱਲ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਦੱਸਿਆ ਕਿ ਨੋਡਲ ਅਫਸਰਾਂ ਤੋਂ ਪ੍ਰਾਪਤ ਹੋਈ ਫੀਡਬੈਕ ਦੇ ਅਧਾਰ 'ਤੇ ਇਸ ਕਮਿਸ਼ਨ ਨੇ 290 ਕੇਸਾਂ ਵਿਚ ਨਿਬੇੜਾ ਕੀਤਾ ਹੈ। 179 ਕੇਸਾਂ 'ਚ ਐਫ.ਆਈ.ਆਰ. ਰਿਪੋਰਟਾਂ ਰੱਦ ਕਰਵਾਉਣ ਲਈ ਵੱਖ-ਵੱਖ ਅਦਾਲਤਾਂ 'ਚ ਰਿਪੋਰਟ ਦਾਇਰ ਕੀਤੀ ਹੈ ਅਤੇ 39 ਕੇਸਾਂ 'ਚ ਹੁਕਮਾਂ ਦੀ ਤਮੀਲ ਕਰਨ ਲਈ ਕਿਹਾ ਗਿਆ ਹੈ। 33 ਕੇਸਾਂ 'ਚ ਆਈ.ਪੀ.ਸੀ. 182 ਦੀ ਧਾਰਾ ਹੇਠ ਕਾਰਵਾਈ ਸ਼ੁਰੂ ਕੀਤੀ ਗਈ ਹੈ ਤੇ 10 ਕੇਸਾਂ 'ਚ ਦੋਸ਼ੀ ਪੁਲਿਸ ਅਫਸਰਾਂ ਵਿਰੁੱਧ ਕਾਰਵਾਈ ਕੀਤੀ ਗਈ ਹੈ। ਹੋਰ 29 ਕੇਸਾਂ 'ਚ ਮੁਆਵਜੇ ਦੀ ਸਿਫਾਰਸ਼ ਕੀਤੀ ਗਈ ਹੈ ਜਿਸ ਦੀ ਪ੍ਰਕ੍ਰਿਆ ਚੱਲ ਰਹੀ ਹੈ।

## ਸਰੀ 'ਚ ਗੋਲੀਆਂ ਮਾਰ ਕੇ ਪੰਜਾਬੀ ਦੀ ਹੱਤਿਆ

**ਵੈਨਕੂਵਰ:** ਸਰੀ ਵਿਚ ਪੰਜਾਬੀ ਨੌਜਵਾਨ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ। ਮ੍ਰਿਤਕ ਦੀ ਪਛਾਣ 30 ਵਰ੍ਹਿਆਂ ਦੇ ਸੁਮੀਤ ਸਿੰਘ ਰੰਧਾਵਾ ਵਜੋਂ ਜਾਰੀ ਕੀਤੀ ਗਈ ਹੈ ਜਿਸ ਦਾ ਪਹਿਲਾਂ ਹੀ ਅਪਰਾਧਿਕ ਰਿਕਾਰਡ ਸੀ। ਪੁਲਿਸ ਤਰਜਮਾਨ ਡਿਟੈਕਟਿਵ ਲਾਰਾ ਜਾਨਸਨ ਨੇ ਦੱਸਿਆ ਕਿ ਮੁਢਲੇ ਸੰਕੇਤਾਂ ਅਨੁਸਾਰ ਕਤਲ ਗੈਂਗ ਵਾਰ ਦਾ ਨਤੀਜਾ ਹੈ, ਪਰ ਅਜੇ ਕਾਤਲਾਂ ਬਾਰੇ ਠੋਸ ਜਾਣਕਾਰੀ ਨਹੀਂ ਹੈ। ਪੁਲਿਸ ਨੂੰ ਜਿਵੇਂ ਹੀ ਸਰੀ ਦੀ 130 ਸਟਰੀਟ ਦੇ 6700 ਕੋਲ ਗੋਲੀਆਂ ਚੱਲਣ ਦੀ ਸੂਚਨਾ ਮਿਲੀ ਤਾਂ ਮੌਕੇ 'ਤੇ ਪਹੁੰਚ ਕੇ ਵੇਖਿਆ ਕਿ ਗੋਲੀਆਂ ਨਾਲ ਲਹੂ ਲੁਹਾਨ ਨੌਜਵਾਨ ਤੜਪ ਰਿਹਾ ਸੀ। ਐਂਬੂਲੈਂਸ ਅਮਲੇ ਵੱਲੋਂ ਹਸਪਤਾਲ ਲਿਜਾਣ ਤੋਂ ਪਹਿਲਾਂ ਹੀ ਉਸ ਨੇ ਦਮ ਤੋੜ ਦਿੱਤਾ।


**Khalsa USA Inc.**

**We are hiring owner operators and (CDL) Drivers**

**All 48 States *We Pay Weekly*

ਓਨਰ ਆਪਰੇਟਰਾਂ ਅਤੇ (CDL) ਡਰਾਈਵਰਾਂ ਦੀ ਲੋੜ ਹੈ



**Please Call: 708-690-6498**

**847-477-9988**

Fax: 888-443-6990

email: khalsausa55@gmail.com

**ਪਰਾਲੀ ਮਾਮਲਾ**

# ਗਰੀਨ ਟ੍ਰਿਬਿਊਨਲ ਤੇ ਸਰਕਾਰ ਦੀ ਅੜੀ ਵਿਚਾਲੇ ਫਸੇ ਕਿਸਾਨ

**ਚੰਡੀਗੜ੍ਹ:** ਆਰਥਿਕ ਤੰਗੀ ਦੀ ਮਾਰ ਝੱਲ ਰਿਹਾ ਪੰਜਾਬ ਦਾ ਕਿਸਾਨ ਸਰਕਾਰ ਵੱਲੋਂ ਪਰਾਲੀ ਨਾ ਸਾੜਨ ਦੀ ਚਿਤਾਵਨੀ ਤੇ ਘੁਰਕੀ ਦੇ ਡਰੋਂ ਦੁਬਿਧਾ 'ਚ ਫਸਿਆ ਨਜ਼ਰ ਆ ਰਿਹਾ ਹੈ। ਪਰਾਲੀ ਨੂੰ ਖੇਤਾਂ 'ਚ ਹੀ ਜਜ਼ਬ ਕਰਨ ਲਈ ਡੀਜ਼ਲ, ਰੋਟਾਵੇਟਰ ਤੇ ਹੋਰ ਕਈ ਤਰ੍ਹਾਂ ਦੇ ਸੰਦਾਂ ਦੀ ਲੋੜ ਹੁੰਦੀ ਹੈ ਜਿਹੜੀ ਕਿ ਦਰਮਿਆਨੇ ਕਿਸਾਨਾਂ ਦੇ ਵੱਸ ਦੀ ਗੱਲ ਨਹੀਂ ਜਾਪ ਰਹੀ ਪਰ ਦੂਸਰੇ ਪਾਸੇ ਸੁਪਰੀਮ ਕੋਰਟ ਤੇ ਗਰੀਨ ਟ੍ਰਿਬਿਊਨਲ ਦੀ ਸਖਤੀ ਤੋਂ ਬਾਅਦ ਪੰਜਾਬ ਦੀ ਮੌਜੂਦਾ ਕੈਪਟਨ ਸਰਕਾਰ ਇਕ ਪਾਸੇ ਗਰੀਨ ਟ੍ਰਿਬਿਊਨਲ ਦੀ ਵਾਹ-ਵਾਹ ਖੱਟਣਾ ਚਾਹੁੰਦੀ ਹੈ ਪਰ ਦੂਸਰੇ ਪਾਸੇ ਉਹ ਕਿਸਾਨਾਂ ਨੂੰ ਵੀ ਆਪਣੇ ਵਿਰੋਧ 'ਚ ਖੜ੍ਹਾ ਨਹੀਂ ਕਰਨਾ ਚਾਹੁੰਦੀ ਕਿਉਂਕਿ ਚੋਣਾਂ 'ਚ ਕਿਸਾਨਾਂ ਨਾਲ ਕੀਤੇ ਵਾਅਦੇ ਵੀ ਅਜੇ ਅਧ ਵਿਚਕਾਰ ਲਟਕ ਰਹੇ ਹਨ।

ਇਸ ਮਾਮਲੇ 'ਚ ਸਰਕਾਰ ਕਸੂਤੀ ਸਥਿਤੀ ਵਿਚ ਫਸੀ ਨਜ਼ਰ ਆ ਰਹੀ ਹੈ। ਜ਼ਮੀਨੀ ਪੱਧਰ 'ਤੇ ਜਿਥੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਖੇਤੀਬਾੜੀ ਵਿਭਾਗ ਪੰਜਾਬ ਤੇ ਪੰਜਾਬ ਦੇ ਹਰ ਜ਼ਿਲ੍ਹੇ ਦਾ ਪ੍ਰਸ਼ਾਸਨ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਲਈ ਜਾਗਰੂਕ ਕਰਦਾ ਨਜ਼ਰ ਆ ਰਿਹਾ ਹੈ ਪਰ ਕਿਸਾਨ ਦੀ ਦੁਖਦੀ ਰਗ ਨੂੰ ਕੋਈ ਵੀ ਪਹਿਚਾਨਣ ਲਈ ਤਿਆਰ ਨਹੀਂ ਹੈ। ਕਿਸਾਨ ਖੁਦ ਵੀ ਜਾਣਦਾ ਹੈ ਕਿ ਪਰਾਲੀ ਸਾੜਨ ਦੇ ਨਾਲ ਜ਼ਮੀਨ ਅੰਦਰ ਕੁਦਰਤੀ ਤੱਤਾਂ ਦਾ ਖਾਤਮਾ ਹੁੰਦਾ ਹੈ, ਜ਼ਮੀਨ ਦੀ ਉਪਜਾਊ ਸ਼ਕਤੀ ਵਧਾਉਣ ਵਾਲੇ ਤੱਤ ਸੜਦੇ ਹਨ, ਮਿੱਤਰ ਕੀੜਿਆਂ ਦਾ ਖਾਤਮਾ ਹੁੰਦਾ ਹੈ, ਵਾਤਾਵਰਨ ਗੰਧਲਾ ਹੋ ਕੇ ਬਿਮਾਰੀਆਂ ਫੈਲਦੀਆਂ ਹਨ। ਇਹ ਜਾਣਦੇ ਹੋਏ ਵੀ ਪੰਜਾਬ ਦੇ ਕਿਸਾਨਾਂ ਕੋਲ ਵੱਡੀ ਮਾਤਰਾ 'ਚ ਫਸਲ ਦੀ ਬਚੀ ਪਰਾਲੀ ਨੂੰ ਜਜ਼ਬ ਕਰਨ ਲਈ ਰਾਹ ਨਹੀਂ ਕਿਉਂਕਿ ਸਾਧਨਾਂ ਦੀ ਕਮੀ ਤੇ ਪੈਸਾ ਖਰਚ ਸਕਣ ਦੀ ਸਮਰੱਥਾ ਅੱਜ ਦੇ ਕਿਸਾਨ ਕੋਲ ਸਿੱਧੇ ਰੂਪ 'ਚ ਨਹੀਂ ਹੈ।

ਕਿਸਾਨਾਂ ਦਾ ਕਹਿਣਾ ਹੈ ਕਿ ਪਰਾਲੀ ਦਾ ਧੂੰਆਂ ਵਾਤਾਵਰਣ ਪ੍ਰਦੂਸ਼ਣ ਲਈ ਮਹਿਜ਼ 8



ਫੀਸਦੀ ਜ਼ਿੰਮੇਵਾਰ ਹੈ। ਇਸ ਦੇ ਬਾਵਜੂਦ ਕੌਮੀ ਗਰੀਨ ਟ੍ਰਿਬਿਊਨਲ ਤੋਂ ਇਲਾਵਾ ਕੇਂਦਰੀ ਤੇ ਸੂਬਾਈ ਸਰਕਾਰਾਂ ਕਿਸਾਨਾਂ ਮਗਰ ਹੱਥ ਧੋ ਕੇ ਪੈ ਗਈਆਂ ਹਨ। ਦੂਜੇ ਪਾਸੇ ਪ੍ਰਦੂਸ਼ਣ ਲਈ 92 ਫੀਸਦੀ ਜ਼ਿੰਮੇਵਾਰ ਸਨਅਤੀ ਤੇ ਟਰੈਫਿਕ ਧੂੰਏਂ ਬਾਰੇ ਕੋਈ ਨਹੀਂ ਬੋਲ ਰਿਹਾ। ਕਿਸਾਨਾਂ ਦਾ ਕਹਿਣਾ ਹੈ ਕਿ ਉਹ ਤਾਂ ਸਾਲ ਵਿਚ ਸਿਰਫ ਦੋ ਵਾਰ ਫਸਲਾਂ ਦੀ ਰਹਿੰਦ-ਖੂੰਹਦ ਸਾੜਦੇ ਹਨ ਪਰ ਫੈਕਟਰੀਆਂ ਤੇ ਵਾਹਨ ਰੋਜ਼ਾਨਾ ਵਾਤਾਵਰਨ ਵਿਚ ਜ਼ਹਿਰ ਘੋਲ ਰਹੇ ਹਨ ਪਰ ਸਰਕਾਰ ਇਸ ਬਾਰੇ ਕੁਝ ਨਹੀਂ ਕਰ ਰਹੀ। ਕਿਸਾਨਾਂ ਦਾ ਸਵਾਲ ਹੈ ਕਿ ਮਾਲਵੇ ਦੇ ਧਰਤੀ ਹੇਠਲੇ ਪਾਣੀਆਂ ਵਿਚ ਜ਼ਹਿਰ ਘੋਲਣ ਵਾਲੇ ਸਨਅਤਕਾਰ ਹਨ ਤੇ ਉਨ੍ਹਾਂ ਖਿਲਾਫ ਕੋਈ ਕਾਰਵਾਈ ਕਿਉਂ ਨਹੀਂ ਹੋ ਰਹੀ।

ਕਿਸਾਨ ਲੀਡਰਾਂ ਦਾ ਦਾਅਵਾ ਹੈ ਕਿ ਪਰਾਲੀ ਨੂੰ ਖੇਤ ਵਿਚ ਹੀ ਦੱਬਣ ਦੇ ਜੁਗਾੜ ਲਈ ਸਰਕਾਰ ਵੱਲੋਂ ਮਸ਼ੀਨਰੀ ਦੇ ਨਾਂ 'ਤੇ ਸਬਸਿਡੀ ਤੇ ਕਿਸਾਨੀ ਜੇਬ (1700 ਸਬਸਿਡੀ +1300 ਕਿਸਾਨਾਂ ਤੋਂ) ਵਿਚੋਂ 3 ਹਜ਼ਾਰ ਕਰੋੜ ਖਰਚ ਕੀਤੇ ਜਾਣ ਦੇ ਬਾਵਜੂਦ ਪੰਜਾਬ ਖੇਤੀ ਕਮਿਸ਼ਨਰ ਦੀ ਜਬਾਨੀ ਸਿਰਫ ਕੁੱਲ ਪਰਾਲੀ 220 ਲੱਖ ਟਨ ਵਿਚੋਂ ਮਹਿਜ਼ 20 ਲੱਖ ਟਨ ਭਾਵ ਸਿਰਫ 9 ਫੀਸਦੀ ਦੱਬਣ ਦਾ ਹੀ ਜੁਗਾੜ ਹੋ ਸਕਿਆ ਹੈ। ਕਿਸਾਨਾਂ ਨੇ ਇਲਜ਼ਾਮ ਲਾਇਆ ਕਿ ਮੋਦੀ ਦੇ ਚਹੇਤੇ ਰਿਲਾਇੰਸ ਗਰੁੱਪ ਸਮੇਤ 10-12 ਹੋਰ ਧਨਾਢ ਸਨਅਤੀ ਘਰਾਣਿਆਂ ਦੇ ਅੰਨ੍ਹੇ ਮੁਨਾਫੇ ਜਾਰੀ ਰੱਖਣ ਲਈ ਸਾਰੇ ਕਾਨੂੰਨ ਛਿੱਕੇ ਟੰਗ ਰੱਖੇ ਹਨ। ਕਿਸਾਨਾਂ ਦਾ ਕਹਿਣਾ ਹੈ ਕਿ ਸਮੱਸਿਆ ਦੀ ਜੜ੍ਹ ਝੋਨਾ 50 ਸਾਲ ਪਹਿਲਾਂ ਅਮਰੀਕਨ ਕੰਪਨੀ 'ਫੋਰਡ ਫਾਊਂਡੇਸ਼ਨ' ਦੇ ਘੜੇ ਮਾਡਲ 'ਹਰੇ ਇਨਕਲਾਬ' ਤਹਿਤ ਅੰਨ ਸੰਕਟ ਦੇ ਨਾਂ ਉਤੇ ਪੰਜਾਬ ਦੇ ਗਲ ਮੜ੍ਹਿਆ ਸੀ। ਇਸ ਦੌਰਾਨ ਵਰਤੀਆਂ ਗਈਆਂ ਖਾਦਾਂ, ਰਸਾਇਣਾਂ ਤੇ ਮਸ਼ੀਨਰੀ, ਕਰਜ਼ੇ ਦੇ ਸਿੱਟੇ ਵਜੋਂ ਕੈਂਸਰ ਵਰਗੀਆਂ ਬਿਮਾਰੀਆਂ ਤੇ ਖੁਦਕੁਸ਼ੀਆਂ ਕਿਸਾਨੀ ਗਲ ਪਾਈਆਂ। ਕਿਸਾਨਾਂ ਮੰਗ ਕੀਤੀ ਕਿ ਪਰਾਲੀ ਸਾਂਭਣ ਲਈ ਬਦਲਵਾਂ ਪ੍ਰਦੂਸ਼ਣ ਰਹਿਤ ਹੱਲ ਸਰਕਾਰ ਆਪਣੇ ਖਰਚੇ 'ਤੇ ਤੁਰਤ ਲਾਗੂ ਕਰੇ ਜਾਂ 200 ਰੁਪਏ ਫੀ ਕੁਇੰਟਲ ਬੋਨਸ ਦਿੱਤਾ ਜਾਵੇ। ਉਧਰ, ਮਾਹਿਰਾਂ ਅਤੇ ਕਿਸਾਨ ਆਗੂਆਂ ਨੇ ਪੰਜਾਬ ਸਰਕਾਰ ਨੂੰ ਜ਼ੋਰ ਦੇ ਕੇ ਕਿਹਾ ਕਿ ਕਿਸਾਨਾਂ ਨੂੰ ਪਰਾਲੀ ਸਾੜਨ ਤੋਂ ਰੋਕਣ ਵਾਸਤੇ ਇਸ ਸਮੱਸਿਆ ਦੇ ਹੱਲ ਵਾਸਤੇ ਪਹਿਲਾਂ ਢੁਕਵੇਂ ਪ੍ਰਬੰਧ ਕੀਤੇ ਜਾਣ। ਲੋਕਾਂ ਵੱਲੋਂ ਚੁਣੀ ਸਰਕਾਰ ਇਸ ਤਰ੍ਹਾਂ ਦੇ ਮੁੱਦਿਆਂ 'ਤੇ ਆਪਣੇ ਲੋਕਾਂ ਨੂੰ ਸਜ਼ਾ ਨਹੀਂ ਦੇ ਸਕਦੀ।

ਪੰਜਾਬ ਦੇ ਖੇਤੀਬਾੜੀ ਕਮਿਸ਼ਨਰ ਡਾ. ਬਲਵਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਉਨ੍ਹਾਂ ਨੇ ਕਾਫੀ ਸਮਾਂ ਪਹਿਲਾਂ ਕੇਂਦਰ ਸਰਕਾਰ ਦੇ ਵੱਖ-ਵੱਖ ਫੋਰਮਾਂ 'ਤੇ ਇਸ ਸਮੱਸਿਆ ਨੂੰ ਹੱਲ ਕਰਨ ਦੇ ਸੁਝਾਅ ਦਿੱਤੇ ਸਨ ਤੇ ਪਰ ਇਸ ਪਾਸੇ ਧਿਆਨ ਨਹੀਂ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਪਰਾਲੀ ਦੇ ਨਿਪਟਾਰੇ ਲਈ ਜਿੰਨੀ ਮਸ਼ੀਨਰੀ ਤਿਆਰ ਕੀਤੀ ਗਈ ਹੈ, ਉਸ ਨਾਲ 22 ਮਿਲੀਅਨ ਟਨ ਪਰਾਲੀ ਵਿਚੋਂ ਕੇਵਲ ਦੋ ਮਿਲੀਅਨ ਟਨ ਪਰਾਲੀ ਨੂੰ ਸਾਂਭਿਆ ਜਾ ਸਕਦਾ ਹੈ। ਇਸ ਕਰ ਕੇ ਕਿਸਾਨਾਂ ਨੂੰ ਮਜਬੂਰੀ ਵਸ ਪਰਾਲੀ ਸਾੜਨੀ ਪੈਂਦੀ ਹੈ। ਉਨ੍ਹਾਂ ਕਿਹਾ ਕਿ ਪਰਾਲੀ ਨੂੰ ਗਊਸ਼ਾਲਾਵਾਂ ਵਿਚ ਚਾਰੇ ਲਈ ਵਰਤ ਕੇ ਇਸ ਸਮੱਸਿਆ ਨੂੰ ਕਾਫੀ ਹੱਦ ਤੱਕ ਹੱਲ ਕੀਤਾ ਜਾ ਸਕਦਾ ਹੈ ਤੇ ਇਸ ਸਮੱਸਿਆ ਦੇ ਹੱਲ ਲਈ ਮਿਆਦੀ ਨੀਤੀ ਬਣਾਉਣ ਦੀ ਲੋੜ ਹੈ। ਨਹੀਂ ਤਾਂ ਕੇਂਦਰ ਸਰਕਾਰ ਜਿਹੜਾ ਪੈਸਾ ਹੁਣ ਦੇ ਰਹੀ ਹੈ, ਉਸ ਦਾ ਕੋਈ ਫਾਇਦਾ ਨਹੀਂ ਹੋਣਾ।

## ਦਿੱਲੀ ਵਿਚ ਹਵਾ ਦੀ ਕੁਆਲਿਟੀ 'ਚ ਨਿਘਾਰ

**ਨਵੀਂ ਦਿੱਲੀ:** ਹਵਾ ਦੀ ਰਫਤਾਰ ਘਟਣ ਨਾਲ ਦਿੱਲੀ 'ਚ ਹਵਾ ਦੀ ਗੁਣਵੱਤਾ 'ਚ ਨਿਘਾਰ ਆ ਗਿਆ ਹੈ। ਅਧਿਕਾਰੀਆਂ ਨੇ ਪੇਸ਼ੀਨਗੋਈ ਕੀਤੀ ਹੈ ਕਿ ਆਉਂਦੇ ਦਿਨਾਂ 'ਚ ਕੌਮੀ ਰਾਜਧਾਨੀ ਵਿਚ ਹਵਾ ਗੁਣਵੱਤਾ ਇੰਡੈਕਸ 'ਚ ਹੋਰ ਗਿਰਾਵਟ ਦਰਜ ਹੋਵੇਗੀ। ਸਵੇਰੇ 10 ਵਜੇ ਹਵਾ ਗੁਣਵੱਤਾ ਇੰਡੈਕਸ 201 ਰਿਹਾ ਜੋ ਮਾੜੀ ਸ਼੍ਰੇਣੀ 'ਚ ਆਉਂਦਾ ਹੈ। ਹਵਾ ਗੁਣਵੱਤਾ ਅਤੇ ਮੌਸਮ ਭਵਿੱਖਬਾਣੀ ਤੇ ਖੋਜ ਪ੍ਰਣਾਲੀ ਮੁਤਾਬਕ ਦਿੱਲੀ 'ਚ ਇਹ ਅੰਕੜਾ 300 ਸੀ। ਸੀ.ਪੀ.ਸੀ.ਬੀ. ਵੈੱਬਸਾਈਟ ਮੁਤਾਬਕ ਆਨੰਦ ਵਿਹਾਰ 'ਚ ਅੰਕੜਾ 249, ਡੀ.ਟੀ.ਯੂ. 'ਚ 209, ਆਈਟੀਓ 'ਚ 199 ਅਤੇ ਜਹਾਂਗੀਰਪੁਰੀ 'ਚ ਇਹ 302 ਦਰਜ ਕੀਤਾ ਗਿਆ। ਦਿੱਲੀ ਦੇ ਗੁਆਂਢ 'ਚ ਪੈਂਦੇ ਸ਼ਹਿਰਾਂ ਫਰੀਦਾਬਾਦ ਅਤੇ ਗੁੜਗਾਉਂ 'ਚ ਵੀ ਧੂੰਆਂ ਜਿਹਾ ਨਜ਼ਰ ਆਇਆ। ਕੇਂਦਰੀ ਪ੍ਰਦੂਸ਼ਨ ਕੰਟਰੋਲ ਬੋਰਡ ਨੇ ਸਰਦੀਆਂ 'ਚ ਪ੍ਰਦੂਸ਼ਨ ਨਾਲ ਨਜਿੱਠਣ ਲਈ ਕਈ ਕਦਮ ਉਠਾਏ ਹਨ। ਉਧਰ, ਨਾਸਾ ਵੱਲੋਂ ਲਈਆਂ ਗਈਆਂ ਸੈਟੇਲਾਈਟ ਤਸਵੀਰਾਂ 'ਚ ਦਰਸਾਇਆ ਗਿਆ ਹੈ ਕਿ ਪੰਜਾਬ ਅਤੇ ਹਰਿਆਣਾ ਦੇ ਕਿਸਾਨਾਂ ਨੇ ਇਸ ਮਹੀਨੇ ਦੇ ਸ਼ੁਰੂ ਵਿਚ ਹੀ ਪਰਾਲੀ ਨੂੰ ਅੱਗ ਲਾਉਣੀ ਸ਼ੁਰੂ ਕਰ ਦਿੱਤੀ ਸੀ।

ਸੰਯੁਕਤ ਰਾਸ਼ਟਰ ਦੇ ਆਈ.ਪੀ.ਸੀ.ਸੀ. ਨੇ ਭਾਰਤ ਨੂੰ ਕੋਲੇ ਦੀ ਥਾਂ 'ਤੇ ਹੋਰ ਸਾਧਨਾਂ ਦੀ ਵਰਤੋਂ ਕਰਨ ਉਤੇ ਜ਼ੋਰ ਦਿੱਤਾ ਹੈ। ਸੰਯੁਕਤ ਰਾਸ਼ਟਰ ਦੀ ਵਾਤਾਵਰਨ ਬਦਲਾਅ ਅੰਤਰ ਸਰਕਾਰੀ ਕਮੇਟੀ ਵੱਲੋਂ ਜਾਰੀ ਰਿਪੋਰਟ 'ਚ ਕਿਹਾ ਗਿਆ ਹੈ ਕਿ ਜੇਕਰ ਧਰਤੀ ਦਾ ਤਾਪਮਾਨ ਦੋ ਡਿਗਰੀ ਤੱਕ ਵਧਦਾ ਹੈ ਤਾਂ ਭਾਰਤ 'ਚ ਗਰਮ ਹਵਾਵਾਂ ਚੱਲ ਸਕਦੀਆਂ ਹਨ।

## ਕਿਸਾਨਾਂ ਨੇ ਡੀ. ਸੀ. ਕੰਪਲੈਕਸ ਅੱਗੇ ਪਰਾਲੀ ਦੇ ਢੇਰ ਲਾਏ

**ਸੰਗਰੂਰ:** ਪੰਜਾਬ ਸਰਕਾਰ ਦੀ ਘੁਰਕੀ ਦੀ ਪਰਵਾਹ ਨਾ ਕਰਦਿਆਂ ਸੈਂਕੜੇ ਕਿਸਾਨਾਂ ਨੇ ਡੀਸੀ ਕੰਪਲੈਕਸ ਦੇ ਮੁੱਖ ਗੇਟ ਅੱਗੇ ਪਰਾਲੀ ਦੇ ਢੇਰ ਲਾ ਦਿੱਤੇ। ਕਿਸਾਨਾਂ ਨੇ ਪਰਾਲੀ ਉਪਰ ਬੈਠ ਕੇ ਹੀ ਰੋਸ ਧਰਨਾ ਦਿੰਦਿਆਂ ਪੰਜਾਬ ਸਰਕਾਰ ਖਿਲਾਫ਼ ਨਾਅਰੇਬਾਜ਼ੀ ਕੀਤੀ। ਕਿਸਾਨਾਂ ਨੇ ਪੰਜਾਬ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਚੁਣੌਤੀ ਦਿੱਤੀ ਕਿ ਪਰਾਲੀ ਨੂੰ ਫੂਕੇ ਬਗੈਰ ਘੱਟ ਖਰਚੇ 'ਤੇ ਇਸ ਦਾ ਕੋਈ ਹੱਲ ਦੱਸੇ। ਪ੍ਰਦਰਸ਼ਨਕਾਰੀ ਕਿਸਾਨਾਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਕੋਈ ਨੋਡਲ ਅਫਸਰ ਜਾਂ ਕੋਈ ਅਧਿਕਾਰੀ ਪਰਾਲੀ ਸਾੜਨ ਵਾਲੇ ਕਿਸਾਨਾਂ ਨੂੰ ਤੰਗ ਪਰੇਸ਼ਾਨ ਕਰੇਗਾ ਤਾਂ ਉਸ ਅਧਿਕਾਰੀ ਦੇ ਦਫਤਰ ਅਤੇ ਘਰ ਅੱਗੇ ਪਰਾਲੀ ਦੇ ਢੇਰ ਲਾਏ ਜਾਣਗੇ।

# ਕਿਸਾਨ ਖੁਦਕੁਸ਼ੀਆਂ: ਪੀੜਤ ਪਰਿਵਾਰਾਂ ਦੀ ਕਿਸੇ ਨਾ ਪੁੱਛੀ ਵਾਤ

**ਚੰਡੀਗੜ੍ਹ:** ਖੇਤੀ ਖੇਤਰ ਵਿਚ ਪਿਛਲੇ 3 ਦਹਾਕਿਆਂ ਤੋਂ ਲਗਾਤਾਰ ਘਾਟਾ ਪੈਣ ਕਾਰਨ ਮਾਲਵਾ ਪੱਟੀ ਦੇ ਛੋਟੇ ਅਤੇ ਦਰਮਿਆਨੇ ਕਿਸਾਨ ਲਗਾਤਾਰ ਖੁਦਕੁਸ਼ੀਆਂ ਕਰ ਰਹੇ ਹਨ, ਪਰ ਪੰਜਾਬ ਵਿਚ ਰਾਜ ਕਰਨ ਵਾਲੀਆਂ ਵੱਖ-ਵੱਖ ਪਾਰਟੀਆਂ ਦੀਆਂ ਸਰਕਾਰਾਂ, ਕਿਸਾਨਾਂ ਦੀਆਂ ਖੁਦਕੁਸ਼ੀਆਂ ਨੂੰ ਰੋਕਣ ਲਈ ਕੁਝ ਨਹੀਂ ਕਰ ਸਕੀਆਂ। ਸਰਕਾਰੀ ਦਾਅਵਿਆਂ ਦੇ ਉਲਟ ਕਿਸਾਨ ਖੁਦਕੁਸ਼ੀਆਂ ਦਾ ਇਹ ਦੌਰ ਪੀੜ੍ਹੀ ਦਰ ਪੀੜ੍ਹੀ ਚੱਲਣ ਲੱਗਿਆ ਹੈ। ਸਰਕਾਰੀ ਝਾਕ ਛੱਡ ਕੇ ਔਰਤਾਂ ਹੁਣ ਕਬੀਲਦਾਰੀ ਚਲਾਉਣ ਲਈ ਆਪਣੇ ਪੱਧਰ ਉਪਰ ਪਿੰਡਾਂ ਵਿਚ ਨਿੱਕੇ ਮੋਟੇ ਕੰਮ ਚਲਾਉਣ ਲੱਗ ਪਈਆਂ ਹਨ।

ਮਾਨਸਾ ਦੇ ਪਿੰਡ ਫਫੜੇ ਭਾਈਕੇ ਦੀ ਵਿਧਵਾ ਕਿਸਾਨ ਔਰਤ ਮਨਜੀਤ ਕੌਰ ਨੇ ਦੱਸਿਆ ਕਿ ਉਸ ਦੇ ਪਤੀ ਦੀ ਮੌਤ 7 ਸਾਲ ਪਹਿਲਾਂ ਹੋ ਗਈ ਸੀ ਅਤੇ ਉਸ ਸਮੇਂ 3 ਬੱਚੇ ਬਹੁਤ ਛੋਟੇ ਸਨ। ਉਸ ਦਾ ਪਤੀ ਠੇਕੇ 'ਤੇ ਜ਼ਮੀਨ ਲੈ ਕੇ ਖੇਤੀ ਕਰਦਾ ਸੀ। ਉਸ ਦੀ ਮੌਤ ਤੋਂ ਬਾਅਦ ਘਰ ਦਾ ਗੁਜ਼ਾਰਾ ਬੰਦ ਹੋ ਗਿਆ ਸੀ। ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਵੀ ਕੋਈ ਸਹੂਲਤ ਨਹੀਂ ਮਿਲੀ ਅਤੇ ਉਹ ਕਿਸਾਨ ਯੂਨੀਅਨ ਦੇ ਧਰਨਿਆਂ ਵਿਚ ਵੀ ਬਹੁਤ ਵਾਰ ਗਈ, ਪਰ ਕੋਈ ਸਹਾਇਤਾ ਨਹੀਂ ਮਿਲੀ। ਆਖਰ ਨੂੰ ਕੁਝ ਰਿਸ਼ਤੇਦਾਰਾਂ ਦੀ ਮਦਦ ਨਾਲ ਪਿੰਡ ਵਿਚ ਪਰਚੂਨ ਦੀ ਦੁਕਾਨ ਖੋਲੀ, ਜਿਸ ਨਾਲ ਥੋੜ੍ਹਾ ਬਹੁਤ ਘਰ ਦਾ ਗੁਜ਼ਾਰਾ ਚੱਲਣ ਲੱਗਿਆ, ਪਰ ਹੁਣ ਉਸ ਉਪਰ ਜੀ.ਐਸ.ਟੀ. ਦੀ ਮਾਰ ਪੈ ਰਹੀ ਹੈ।

ਪਿੰਡ ਫਰਵਾਹੀ ਦੀ ਵਿਧਵਾ ਔਰਤ ਸੁਰਜੀਤ ਕੌਰ ਨੇ ਦੱਸਿਆ ਕਿ ਉਸ ਦੇ ਘਰ ਵਾਲੇ ਗੁਰਦਿਆਲ ਸਿੰਘ ਨੇ ਕਰਜ਼ੇ ਤੋਂ ਤੰਗ ਆ ਕੇ ਖੇਤ ਵਿਚ ਟਾਹਲੀ ਦੇ ਦਰਖਤ ਨਾਲ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ ਸੀ ਅਤੇ ਉਨ੍ਹਾਂ ਦੀ 2 ਏਕੜ ਜ਼ਮੀਨ ਪਹਿਲਾਂ ਹੀ ਕਰਜ਼ੇ ਵਿਚ ਵਿਕ ਚੁੱਕੀ ਹੈ, ਉਨ੍ਹਾਂ ਕੋਲ ਸਿਰਫ ਅੱਧਾ ਏਕੜ ਜ਼ਮੀਨ ਖੇਤੀ ਲਈ ਬਚੀ ਹੈ, ਜਿਸ ਨਾਲ ਤਿੰਨ ਬੱਚੀਆਂ ਸਮੇਤ



ਉਸ ਦਾ ਗੁਜ਼ਾਰਾ ਕਰਨਾ ਬਹੁਤ ਮੁਸ਼ਕਲ ਹੋ ਗਿਆ। ਇਸ ਲਈ ਉਹ ਪਿੰਡ ਦੀਆਂ ਔਰਤਾਂ ਦੇ ਕੱਪੜੇ ਸਿਲਾਈ ਕਰ ਕੇ ਆਪਣਾ ਪਰਿਵਾਰ ਪਾਲ ਰਹੀ ਹੈ।

ਇਸੇ ਤਰ੍ਹਾਂ ਹੀ ਪਿੰਡ ਧਲੇਵਾਂ ਦੀ ਵਿਧਵਾ ਕਿਸਾਨ ਔਰਤ ਮਹਿੰਦਰ ਕੌਰ ਦੱਸਦੀ ਹੈ ਕਿ ਖੇਤੀ ਵਿਚ ਘਾਟੇ ਕਾਰਨ ਉਸ ਦਾ ਪਤੀ ਜਗਦੇਵ ਸਿੰਘ 2 ਲੜਕੀਆਂ ਅਤੇ ਇਕ ਲੜਕੇ ਨੂੰ ਛੱਡ ਕੇ ਘਰ ਵਿਚ ਹੀ ਕੀੜੇਮਾਰ ਦਵਾਈ ਪੀ ਕੇ ਖੁਦਕੁਸ਼ੀ ਕਰ ਗਿਆ ਸੀ, 2 ਕਿੱਲੇ ਜ਼ਮੀਨ ਉਹ ਵੀ ਕਰਜ਼ੇ ਵਿਚ ਕਾਫੀ ਸਮਾਂ ਪਹਿਲਾਂ ਵਿਕ ਗਈ ਸੀ ਅਤੇ ਹੁਣ ਉਹ ਪਿੰਡ ਦੇ ਲਾਗਲੇ ਸ਼ਹਿਰ ਭੀਖੀ ਵਿਖੇ ਇਕ ਪ੍ਰਾਈਵੇਟ ਕਾਲਜ ਵਿਚ ਸੇਵਾਦਾਰ ਦੀ ਨੌਕਰੀ ਦੇ 6000 ਹਜ਼ਾਰ ਰੁਪਏ ਨਾਲ ਆਪਣੇ ਪਰਿਵਾਰ ਦਾ ਪਾਲਣ-ਪੋਸਣ ਕਰਨ ਲੱਗੀ ਹੈ।

ਪਿੰਡ ਫਫੜੇ ਭਾਈਕੇ ਦੀ ਵਿਧਵਾ ਨਸੀਬ ਕੌਰ ਨੇ ਦੱਸਿਆ ਕਿ ਅੱਜ ਤੋਂ 13 ਸਾਲ ਪਹਿਲਾਂ ਉਸ ਦਾ ਪਤੀ ਭੋਲਾ ਸਿੰਘ ਸਲਫਾਸ ਖਾ ਕੇ ਖੁਦਕੁਸ਼ੀ ਕਰ ਗਿਆ ਸੀ ਅਤੇ ਜ਼ਮੀਨ ਕਰਜ਼ੇ ਕਾਰਨ ਪਹਿਲਾਂ ਹੀ ਵਿਕ ਗਈ ਸੀ। ਉਸ ਨੇ ਆਪਣੀਆਂ 2 ਲੜਕੀਆਂ ਦਾ ਵਿਆਹ ਰਿਸ਼ਤੇਦਾਰ ਦੀ ਸਹਾਇਤਾ ਨਾਲ ਕਲੱਬ ਵਿਚ ਕੀਤਾ ਹੈ ਅਤੇ ਘਰ ਦੀ ਕਬੀਲਦਾਰੀ ਚਲਾਉਣ ਲਈ ਖੁਦ ਕਿਸਾਨ ਹੋ ਕੇ ਵੱਡੇ ਕਿਸਾਨਾਂ ਦੇ ਘਰ ਝਾੜੂ ਪੋਚਾ ਲਾਉਣ ਲਈ ਮਜਬੂਰ ਹੋਣਾ ਪੈ ਰਿਹਾ ਹੈ।

ਮਾਖਾ-ਚਹਿਲਾਂ ਪਿੰਡ ਦੇ ਸੁਖਵੀਰ ਸਿੰਘ ਵੱਲੋਂ ਖੁਦਕੁਸ਼ੀ ਕਰਨ ਤੋਂ ਬਾਅਦ ਉਸ ਦੀ ਪਤਨੀ ਜਸਵਿੰਦਰ ਕੌਰ ਘਰ ਦਾ ਗੁਜ਼ਾਰਾ ਲੋਕਾਂ ਦੇ ਕੱਪੜੇ ਸਿਲਾਈ ਕਰ ਕੇ ਕਰਨ ਲੱਗੀ ਹੈ। ਉਹ ਬਾਜ਼ਾਰ ਨਾਲੋਂ ਸਸਤੇ ਰੇਟਾਂ 'ਤੇ ਲੀੜੇ ਸਿਉਂਦੀ ਹੈ ਤਾਂ ਜੋ ਉਸ ਦੀ ਗਾਹਕੀ ਕਾਇਮ ਰਹੇ, ਪਰ ਉਸ ਨੂੰ ਉਧਾਰ ਮਾਰਨ ਲੱਗਿਆ ਹੈ। ਉਸ ਦੇ ਕੋਲ ਪਤੀ ਦੇ ਹਿੱਸੇ ਵਿਚੋਂ ਡੇਢ ਏਕੜ ਜ਼ਮੀਨ ਆਉਂਦੀ ਸੀ। ਪਿੰਡ ਖੱਤਰੀਵਾਲਾ ਦੇ ਹਰੀ ਰਾਮ (ਜੱਟ ਸਿੱਖ) ਦੀ 45 ਸਾਲਾ ਪਤਨੀ ਜਸਵੀਰ ਕੌਰ ਹੁਣ ਦੁੱਧ ਵੇਚ ਕੇ ਆਪਣੇ ਪੁੱਤ ਨੂੰ ਪੜ੍ਹਾ ਰਹੀ ਹੈ। ਉਸ ਦੀ ਦੋ ਕਿੱਲੇ ਜ਼ਮੀਨ ਗਹਿਣੇ ਪਈ ਹੈ ਅਤੇ 7 ਕਨਾਲਾਂ ਵਿਚ ਉਹ ਪਸ਼ੂਆਂ ਦਾ ਹਰਾ ਚਾਰਾ ਅਤੇ ਗੁਜ਼ਾਰੇ ਜੋਗੀ ਕਣਕ ਬੀਜ ਲੈਂਦੀ ਹੈ। ਦੁੱਧ ਦਾ ਥੋੜ੍ਹਾ ਭਾਅ ਉਸ ਦੀ ਮਿਹਨਤ ਪੂਰੀ ਨਹੀਂ ਪਾ ਰਿਹਾ ਹੈ।

# ਆਰਥਕ ਖੁਸ਼ਹਾਲੀ ਦਾ ਰਾਹ ਨਾ ਵਿਖਾ ਸਕੀ ਮਗਨਰੇਗਾ ਸਕੀਮ

ਸੰਗਰੂਰ: ਮਗਨਰੇਗਾ ਸਕੀਮ ਪੇਂਡੂ ਗਰੀਬ ਮਜ਼ਦੂਰ ਔਰਤਾਂ ਲਈ ਆਰਥਿਕ ਖੁਸ਼ਹਾਲੀ ਨਹੀਂ ਲਿਆ ਸਕੀ, ਭਾਵੇਂ ਕਿ ਇਸ ਸਕੀਮ ਨਾਲ ਪੇਂਡੂ ਵਿਕਾਸ ਨੂੰ ਹੁਲਾਰਾ ਮਿਲਿਆ ਹੈ। ਜਾਣਕਾਰੀ ਅਨੁਸਾਰ ਜ਼ਿਲ੍ਹਾ ਸੰਗਰੂਰ ਦੇ 10 ਬਲਾਕਾਂ ਵਿਚ ਮਗਨਰੇਗਾ ਸਕੀਮ ਦੇ 88,896 ਜੌਬ ਕਾਰਡ ਹੋਲਡਰ ਹਨ, ਜਿਨ੍ਹਾਂ ਵਿਚੋਂ 68,068 ਅਨੁਸੂਚਿਤ ਜਾਤੀਆਂ ਨਾਲ ਸਬੰਧਤ ਹਨ।

ਚਾਲੂ ਸਾਲ ਦੌਰਾਨ ਹੁਣ ਤੱਕ 21,979 ਮਜ਼ਦੂਰਾਂ ਨੂੰ 3,26,994 ਦਿਨ ਰੁਜ਼ਗਾਰ ਮਿਲਿਆ ਹੈ। ਕੰਮ ਪ੍ਰਾਪਤ ਕਰਨ ਵਾਲਿਆਂ ਵਿਚੋਂ ਮਜ਼ਦੂਰ ਔਰਤਾਂ ਦੀ ਗਿਣਤੀ 16,300 ਹੈ, ਜਿਨ੍ਹਾਂ ਨੂੰ 2,10,327 ਦਿਨ ਰੁਜ਼ਗਾਰ (ਦਿਹਾੜੀਆਂ) ਨਸੀਬ ਹੋ ਸਕਿਆ ਹੈ।

ਇਨ੍ਹਾਂ ਅੰਕੜਿਆਂ ਅਨੁਸਾਰ ਪ੍ਰਤੀ ਜੌਬ ਕਾਰਡ ਹੋਲਡਰ 15 ਦਿਹਾੜੀਆਂ ਕੰਮ ਹੀ ਮਿਲ ਸਕਿਆ ਹੈ। ਹੁਣ ਤੱਕ ਜ਼ਿਲ੍ਹੇ ਵਿਚੋਂ ਸਿਰਫ 12 ਜੌਬ ਕਾਰਡ ਹੋਲਡਰ ਮਜ਼ਦੂਰ ਪਰਿਵਾਰ ਹੀ ਅਜਿਹੇ ਹਨ, ਜਿਨ੍ਹਾਂ ਨੂੰ 100 ਦਿਨਾਂ ਦਾ ਰੁਜ਼ਗਾਰ ਨਸੀਬ ਹੋਇਆ ਹੈ। ਇਨ੍ਹਾਂ ਵਿਚੋਂ ਬਲਾਕ ਅਹਿਮਦਗੜ੍ਹ ਵਿਚ ਇਕ, ਬਲਾਕ ਅੰਨਦਾਨਾ ਵਿਚ ਤਿੰਨ, ਬਲਾਕ ਧੂਰੀ ਵਿਚ ਦੋ ਤੇ ਬਲਾਕ ਸੰਗਰੂਰ ਵਿਚ ਛੇ ਜੌਬ ਕਾਰਡ ਹੋਲਡਰ ਸ਼ਾਮਲ ਹਨ, ਜਦੋਂਕਿ ਬਾਕੀ ਛੇ ਬਲਾਕਾਂ 'ਚ ਕਿਸੇ ਨੂੰ ਵੀ 100 ਦਿਨਾਂ ਲਈ ਰੁਜ਼ਗਾਰ ਨਹੀਂ ਮਿਲਿਆ। ਅੱਸੀ ਫੀਸਦੀ ਦਲਿਤ ਵਸੋਂ ਵਾਲੇ ਪਿੰਡ ਫਤਹਿਗੜ੍ਹ ਛੰਨਾ ਦੀ ਮਗਨਰੇਗਾ ਮਜ਼ਦੂਰ ਰਾਣੀ ਕੌਰ ਦਾ ਜੌਬ ਕਾਰਡ ਬਣਿਆ ਸੱਤ ਵਰ੍ਹੇ ਹੋ ਚੁੱਕੇ ਹਨ। ਜੌਬ ਕਾਰਡ ਬਣਨ ਨਾਲ ਰਾਣੀ ਕੌਰ ਨੂੰ ਆਸ ਦੀ ਕਿਰਨ ਦਿਸੀ ਸੀ, ਪਰ ਸੱਤ ਸਾਲਾਂ ਬਾਅਦ ਵੀ ਹਾਲਾਤ ਨਹੀਂ ਬਦਲੇ। ਜੁਲਾਈ 2011 ਵਿਚ ਬਣੇ ਜੌਬ ਕਾਰਡ ਨੰਬਰ 132 ਵਿਚ ਦਰਜ ਐਂਟਰੀਆਂ ਵਿਖਾਉਂਦਿਆਂ ਰਾਣੀ ਨੇ ਦੱਸਿਆ ਕਿ ਨਵੰਬਰ-2011 ਅਤੇ ਮਈ-2012 ਵਿਚ ਸਿਰਫ ਛੇ-ਛੇ ਦਿਨ ਕੰਮ ਮਿਲਿਆ।

ਦੋ ਸਾਲਾਂ ਵਿਚ ਸਿਰਫ 12 ਦਿਨ ਮਿਲੇ ਕੰਮ ਤੋਂ ਬਾਅਦ 5 ਸਾਲ ਨਾ ਕੰਮ ਮਿਲਿਆ ਤੇ ਨਾ ਹੀ ਕੋਈ ਬੇਰੁਜ਼ਗਾਰੀ ਭੱਤਾ ਨਸੀਬ ਹੋਇਆ। ਸਤੰਬਰ-2017 ਵਿਚ 14 ਦਿਨ ਕੰਮ ਤਾਂ ਮਿਲਿਆ, ਪਰ ਸਾਲ ਬੀਤਣ ਮਗਰੋਂ ਵੀ ਅਜੇ ਤੱਕ 14 ਦਿਨਾਂ ਦਾ ਧੇਲਾ ਵੀ ਨਸੀਬ ਨਹੀਂ ਹੋਇਆ। ਇਨ੍ਹਾਂ 14 ਦਿਨਾਂ ਦੀ ਜੌਬ ਕਾਰਡ ਵਿਚ ਵੀ ਕੋਈ ਐਂਟਰੀ ਦਰਜ ਨਹੀਂ ਹੈ। ਰਾਣੀ ਕੌਰ ਦੇ ਦੋ ਧੀਆਂ 18 ਅਤੇ 13 ਸਾਲ ਦੀਆਂ ਤੇ ਪੁੱਤ 15 ਸਾਲ ਦਾ ਹੈ। ਮਕਾਨ ਬਣਾਉਣ ਦੀ ਸਮਰੱਥਾ ਤਾਂ ਦੂਰ, ਫਰਸ਼ ਵੀ ਉਚਾ ਚੁੱਕਣ ਦੀ ਆਰਥਿਕ ਸਮਰੱਥਾ ਨਹੀਂ ਹੈ। ਮਗਨਰੇਗਾ ਮਜ਼ਦੂਰ ਯੂਨੀਅਨ ਦੇ ਸੰਗਰੂਰ ਤੇ ਬਰਨਾਲਾ ਜ਼ਿਲ੍ਹਿਆਂ ਦੇ ਪ੍ਰਧਾਨ ਜੋਗਿੰਦਰ ਸਿੰਘ ਬੱਧਣ ਦਾ ਕਹਿਣਾ ਹੈ ਕਿ ਸੂਬਾ ਸਰਕਾਰਾਂ ਵਲੋਂ ਮਗਨਰੇਗਾ ਸਕੀਮ ਨੂੰ ਅਮਲੀ ਤੌਰ 'ਤੇ ਲਾਗੂ ਹੀ ਨਹੀਂ ਕੀਤਾ ਜਾਂਦਾ, ਜਿਸ ਕਾਰਨ ਗ਼ਰੀਬ, ਸਕੀਮ ਦੇ ਲਾਭ ਤੋਂ ਵਾਂਝੇ ਰਹਿ ਜਾਂਦੇ ਹਨ।

# ਕਿਤਾਬਾਂ ਦੀ ਥਾਂ ਹਥਿਆਰਾਂ ਨੂੰ ਤਰਜੀਹ ਦੇਣ ਲੱਗੀ ਕਸ਼ਮੀਰ ਦੀ ਜਵਾਨੀ

**ਚੰਡੀਗੜ੍ਹ:** ਜੰਮੂ ਕਸ਼ਮੀਰ ਪੁਲਿਸ ਨੇ ਜਲੰਧਰ ਵਿਚ ਪੜ੍ਹਦੇ ਤਿੰਨ ਕਸ਼ਮੀਰੀ ਨੌਜਵਾਨਾਂ ਨੂੰ ਅਤਿਵਾਦੀ ਜਥੇਬੰਦੀ ਨਾਲ ਸਬੰਧਾਂ ਦੇ ਦੋਸ਼ ਹੇਠ ਹਥਿਆਰਾਂ ਸਮੇਤ ਗ੍ਰਿਫਤਾਰ ਕੀਤਾ ਹੈ। ਇਸ ਤੋਂ ਅਗਲੇ ਦਿਨ ਹੀ ਪੀ.ਐਚ.ਡੀ. ਸਕਾਲਰ ਸਮੇਤ ਤਿੰਨ ਨੌਜਵਾਨ ਪੁਲਿਸ ਮੁਕਾਬਲੇ ਵਿਚ ਮਾਰੇ ਗਏ। ਇਹ ਦੋਵੇਂ ਘਟਨਾਵਾਂ ਇਹ ਸਾਬਤ ਕਰਨ ਲਈ ਕਾਫੀ ਹਨ ਕਿ ਪੜ੍ਹਿਆ ਲਿਖਿਆ ਕਸ਼ਮੀਰੀ ਨੌਜਵਾਨ ਲਗਾਤਾਰ ਹਥਿਆਰਬੰਦ ਜਥੇਬੰਦੀਆਂ ਵੱਲ ਝੁਕ ਰਿਹਾ ਹੈ। ਉਹ ਪੈੱਨ ਦੇ ਬਜਾਇ ਬੰਦੂਕ ਨੂੰ ਤਰਜੀਹ ਦੇਣ ਲੱਗਾ ਹੈ। ਪੁਲਿਸ ਦਾ ਆਪਣਾ ਰਿਕਾਰਡ ਦੱਸਦਾ ਹੈ ਕਿ 2016 ਵਿਚ ਹਿਜ਼ਬੁਲ ਮੁਜਾਹਿਦੀਨ ਕਮਾਂਡਰ ਬੁਰਹਾਨ ਬਾਨੀ ਦੀ ਮੌਤ ਤੋਂ ਬਾਅਦ 200 ਤੋਂ ਵੱਧ ਨੌਜਵਾਨ ਹਥਿਆਰਾਂ ਦੀ ਖੇਡ ਵਿਚ ਸ਼ਾਮਲ ਹੋ ਚੁੱਕੇ ਹਨ। ਸਾਲ 2017 ਦੌਰਾਨ ਜੰਮੂ ਕਸ਼ਮੀਰ ਵਿਚ ਹਰ ਤੀਸਰੇ ਦਿਨ ਇਕ ਨੌਜਵਾਨ ਕਿਸੇ ਨਾ ਕਿਸੇ ਹਥਿਆਰਬੰਦ ਜਥੇਬੰਦੀ ਦਾ ਮੈਂਬਰ ਬਣਿਆ ਹੈ। ਇਹ ਗਿਣਤੀ ਲਗਾਤਾਰ ਵਧ ਰਹੀ ਹੈ। 2015 ਵਿਚ 53, 2016 'ਚ 88 ਤੇ 2017 ਵਿਚ 124 ਨੌਜਵਾਨਾਂ ਨੇ ਕਿਤਾਬ ਛੱਡ ਕੇ ਹਥਿਆਰ ਚੁੱਕੇ ਸਨ।

ਹੁਣ ਤੱਕ ਸੁਰੱਖਿਆ ਬਲਾਂ ਵੱਲੋਂ ਅਪਣਾਈ ਜਾਣ ਵਾਲੀ ਸਖਤੀ ਨੌਜਵਾਨਾਂ ਨੂੰ ਹਥਿਆਰਬੰਦ ਜਥੇਬੰਦੀਆਂ ਵਿਚ ਭਰਤੀ ਹੋਣ ਵੱਲ ਵੀ ਧੱਕ ਰਹੀ ਹੈ। ਕਿਸੇ ਨੌਜਵਾਨ ਦੇ ਅੰਤਿਮ ਸੰਸਕਾਰ ਤੋਂ ਬਾਅਦ ਉਸ ਦੇ ਗੁਆਂਢੀ, ਰਿਸ਼ਤੇਦਾਰ ਅਤੇ ਜਾਣ-ਪਛਾਣ ਵਾਲਿਆਂ ਨਾਲ ਦਿਨ ਪ੍ਰਤੀ ਦਿਨ ਸਖਤੀ, ਉਨ੍ਹਾਂ ਨੂੰ ਉਸੇ ਰਾਹ ਜਾਣ ਦਾ ਆਧਾਰ ਵੀ ਬਣ ਜਾਂਦੀ ਹੈ। ਐਮ.ਬੀ.ਬੀ.ਐਸ., ਪੀ.ਐਚ.ਡੀ. ਅਤੇ ਹੋਰ ਉਚ ਡਿਗਰੀਆਂ ਵਾਲੇ ਤੇ ਕਈ ਅਹੁਦਿਆਂ ਉਤੇ ਬੈਠੇ ਨੌਜਵਾਨਾਂ ਦੇ ਅਤਿਵਾਦੀ ਬਣਨ ਦਾ ਵਰਤਾਰਾ ਉਸ ਦਲੀਲ ਨੂੰ ਵੀ ਕੱਟ ਰਿਹਾ ਹੈ ਕਿ ਕਸ਼ਮੀਰ ਦੀ ਸਮੱਸਿਆ ਸਿਰਫ ਬੇਰੁਜ਼ਗਾਰੀ ਜਾਂ ਆਰਥਿਕ ਤੰਗੀ ਨਾਲ ਜੁੜੀ ਹੋਈ ਹੈ।



ਏ.ਐਮ.ਯੂ. 'ਚ ਪੀ.ਐਚ.ਡੀ. ਵਿਚਾਲੇ ਛੱਡ ਕੇ ਦਹਿਸ਼ਤੀ ਸਫਾਂ 'ਚ ਸ਼ਾਮਲ ਹੋਣ ਵਾਲਾ ਕਮਾਂਡਰ ਮਨਾਨ ਬਸ਼ੀਰ ਵਾਨੀ (27) ਉਤਰੀ ਕਸ਼ਮੀਰ 'ਚ ਸੁਰੱਖਿਆ ਬਲਾਂ ਨਾਲ ਹੋਏ ਮੁਕਾਬਲੇ ਦੌਰਾਨ ਮਾਰਿਆ ਗਿਆ। ਵਾਨੀ ਅਲਾਈਡ ਜਿਓਲੋਜੀ ਦੀ ਪੀ.ਐਚ.ਡੀ. ਕਰ ਰਿਹਾ ਸੀ ਜਦੋਂ ਉਹ ਇਸ ਸਾਲ ਜਨਵਰੀ 'ਚ ਪਾਬੰਦੀਸ਼ੁਦਾ ਦਹਿਸ਼ਤੀ ਜਥੇਬੰਦੀ ਹਿਜ਼ਬੁਲ ਮੁਜਾਹਿਦੀਨ 'ਚ ਸ਼ਾਮਲ ਹੋ ਗਿਆ ਸੀ। ਇਕ ਹੋਰ ਹਿਜ਼ਬੁਲ ਦਹਿਸ਼ਤਗਰਦ ਆਸ਼ਿਕ ਹੁਸੈਨ, ਜੋ ਹੰਦਵਾੜਾ ਦੇ ਲੰਗੇਟ ਇਲਾਕੇ ਦਾ ਵਸਨੀਕ ਸੀ, ਅਪਰੇਸ਼ਨ ਦੌਰਾਨ ਮਾਰਿਆ ਗਿਆ। ਪੜ੍ਹਾਈ-ਲਿਖਾਈ 'ਚ ਹੁਸ਼ਿਆਰ ਵਾਨੀ ਨੇ ਜਵਾਹਰ ਨਵੋਦਿਆ ਵਿਦਿਆਲਿਆ ਅਤੇ ਸੈਨਿਕ ਸਕੂਲ ਮਾਨਸਬਲ ਤੋਂ ਮੁੱਢਲੀ ਸਿੱਖਿਆ ਹਾਸਲ ਕੀਤੀ ਸੀ ਅਤੇ ਉੱਤਰੀ ਕਸ਼ਮੀਰ 'ਚ ਉਹ ਦਹਿਸ਼ਤਗਰਦ ਭਰਤੀ ਕਰਨ ਦਾ ਮੁਖੀ ਸਮਝਿਆ ਜਾਂਦਾ ਸੀ। ਵਾਨੀ ਦੀਆਂ ਅੰਤਿਮ ਰਸਮਾਂ ਵਿਚ 10 ਹਜ਼ਾਰ ਤੋਂ ਵੱਧ ਲੋਕਾਂ ਨੇ ਹਿੱਸਾ ਲਿਆ। ਜਿਵੇਂ ਹੀ ਵਾਨੀ ਦੀ ਮੌਤ ਦੀ ਖਬਰ ਫੈਲੀ ਤਾਂ ਲੋਕ ਸੜਕਾਂ 'ਤੇ ਨਿਕਲ ਆਏ ਅਤੇ ਕੁਝ ਥਾਵਾਂ ਉਪਰ ਉਨ੍ਹਾਂ ਸੁਰੱਖਿਆ ਬਲਾਂ 'ਤੇ ਪਥਰਾਅ ਕੀਤਾ। ਅਧਿਕਾਰੀਆਂ ਨੇ ਇਹਤਿਆਤ ਵਜੋਂ ਸਕੂਲ, ਵਿਦਿਅਕ ਅਦਾਰੇ ਅਤੇ ਇੰਟਰਨੈੱਟ ਸੇਵਾਵਾਂ ਬੰਦ ਕਰ ਦਿੱਤੀਆਂ।

ਇਨ੍ਹਾਂ ਵਿਦਿਆਰਥੀਆਂ ਬਾਰੇ ਸਚਾਈ ਸਾਹਮਣੇ ਆਉਣ ਪਿੱਛੋਂ ਕੇਂਦਰੀ ਗ੍ਰਹਿ ਮੰਤਰਾਲੇ ਨੇ ਪੰਜਾਬ ਦੇ ਪ੍ਰਮੁੱਖ ਵਿੱਦਿਅਕ ਅਦਾਰਿਆਂ ਵਿਚ ਪੜ੍ਹਦੇ ਕਸ਼ਮੀਰੀ ਨੌਜਵਾਨਾਂ ਦੀ ਪੜਤਾਲ ਵਿੱਢ ਦਿੱਤੀ ਹੈ। ਕਸ਼ਮੀਰੀ ਨੌਜਵਾਨਾਂ ਦੇ ਵਿੱਦਿਅਕ ਅਦਾਰਿਆਂ ਵਿਚਲੇ ਦਾਖਲੇ ਅਤੇ ਉਨ੍ਹਾਂ ਦੇ ਰਿਹਾਇਸ਼ੀ ਟਿਕਾਣਿਆਂ ਦੇ ਵੇਰਵੇ ਇਕੱਠੇ ਕੀਤੇ ਜਾ ਰਹੇ ਹਨ। ਪਤਾ ਲੱਗਾ ਹੈ ਕਿ ਇਨ੍ਹਾਂ ਅਦਾਰਿਆਂ ਤੋਂ ਸੂਚਨਾਵਾਂ ਇੱਕਤਰ ਕਰਨ ਮਗਰੋਂ ਗ੍ਰਹਿ ਵਿਭਾਗ ਨੇ ਕਰੜੀ ਨਜ਼ਰ ਰੱਖਣੀ ਸ਼ੁਰੂ ਕਰ ਦਿੱਤੀ ਹੈ। ਗ੍ਰਹਿ ਮੰਤਰਾਲੇ ਨੇ ਨਵੀਂ ਮੁਹਿੰਮ ਚੁੱਪ ਚੁਪੀਤੇ ਵਿੱਢੀ ਹੈ। ਪੰਜਾਬ ਵਿਚ ਇਸ ਵੇਲੇ ਕੁੱਲ 29 ਯੂਨੀਵਰਸਿਟੀਆਂ ਹਨ, ਜਿਨ੍ਹਾਂ 'ਚੋਂ 11 ਸਰਕਾਰੀ ਯੂਨੀਵਰਸਿਟੀਆਂ, 16 ਪ੍ਰਾਈਵੇਟ ਯੂਨੀਵਰਸਿਟੀਆਂ ਅਤੇ ਦੋ ਡੀਮਡ ਯੂਨੀਵਰਸਿਟੀਆਂ ਹਨ। ਪ੍ਰਾਈਵੇਟ ਯੂਨੀਵਰਸਿਟੀਆਂ 'ਤੇ ਖਾਸ ਕਰਕੇ ਹੁਣ ਨਜ਼ਰ ਰੱਖਣੀ ਸ਼ੁਰੂ ਕੀਤੀ ਗਈ ਹੈ। ਕੇਂਦਰੀ ਯੂਨੀਵਰਸਿਟੀ ਆਫ ਪੰਜਾਬ ਬਠਿੰਡਾ ਵਿਚ ਕਰੀਬ 26 ਸੂਬਿਆਂ ਦੇ ਕਰੀਬ 594 ਵਿਦਿਆਰਥੀ ਪੜ੍ਹ ਰਹੇ ਹਨ, ਜਿਨ੍ਹਾਂ 'ਚੋਂ ਸਭ ਤੋਂ ਜ਼ਿਆਦਾ 78 ਵਿਦਿਆਰਥੀ ਜੰਮੂ ਕਸ਼ਮੀਰ ਦੇ ਹਨ। ਦੂਸਰੇ ਨੰਬਰ 'ਤੇ ਯੂ.ਪੀ ਦੇ 63 ਵਿਦਿਆਰਥੀ, ਕੇਰਲਾ ਦੇ 50 ਅਤੇ ਉੜੀਸਾ ਦੇ ਕਰੀਬ 35 ਵਿਦਿਆਰਥੀ ਪੜ੍ਹਦੇ ਹਨ। ਪੰਜਾਬ ਵਿਚ ਕੇਂਦਰੀ ਯੂਨੀਵਰਸਿਟੀ ਵਿਚ ਸਿਰਫ 14 ਫੀਸਦੀ ਵਿਦਿਆਰਥੀ ਹੀ ਹਨ।

### ਕਸ਼ਮੀਰ ਮਸਲੇ ਦੇ ਹੱਲ ਲਈ ਵਾਜਪਾਈ ਵਾਲੀ ਪਹੁੰਚ ਦੀ ਲੋੜ: ਦੁੱਲਤ

**ਚੰਡੀਗੜ੍ਹ:** 'ਰਾਅ' ਦੇ ਸਾਬਕਾ ਮੁਖੀ ਏ.ਐਸ. ਦੁੱਲਤ ਨੇ ਆਖਿਆ ਹੈ ਕਿ ਕਸ਼ਮੀਰ ਮਾਮਲੇ ਦੇ ਹੱਲ ਲਈ ਮਰਹੂਮ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਵਾਲੀ ਪਹੁੰਚ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸਮਾਂ ਮੰਗ ਕਰਦਾ ਹੈ ਕਿ ਕੇਂਦਰ ਸਰਕਾਰ, ਕਸ਼ਮੀਰ ਦੀਆਂ ਸਾਰੀਆਂ ਧਿਰਾਂ ਨਾਲ ਗੱਲਬਾਤ ਕਰੇ। ਉਨ੍ਹਾਂ ਹਿੰਦੁਸਤਾਨ ਨੂੰ ਸਾਰੇ ਗੁਆਂਢੀ ਦੇਸ਼ਾਂ ਨਾਲ ਵੀ ਗੱਲਬਾਤ ਜਾਰੀ ਰੱਖਣ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਸਾਨੂੰ ਨੇਪਾਲ, ਭੂਟਾਨ ਤੇ ਹੋਰਨਾਂ ਦੇਸ਼ਾਂ ਦਾ ਭਰੋਸਾ ਜਿੱਤਣਾ ਚਾਹੀਦਾ ਹੈ ਤੇ ਉਨ੍ਹਾਂ ਦੀ ਹਰ ਪੱਖੋਂ ਸਹਾਇਤਾ ਕਰਨੀ ਚਾਹੀਦੀ ਹੈ। ਉਨ੍ਹਾਂ ਚੜ੍ਹਦੇ ਦੇ ਲਹਿੰਦੇ ਪੰਜਾਬ ਦੇ ਲੋਕਾਂ ਦੀ ਆਪਸੀ ਸਾਂਝ ਵਧਾਉਣ 'ਤੇ ਜ਼ੋਰ ਦਿੱਤਾ।

# ਮੋਦੀ ਸਰਕਾਰ ਦੇ ਭ੍ਰਿਸ਼ਟਾਚਾਰ ਦੇ ਖਾਤਮੇ ਬਾਰੇ ਦਾਅਵਿਆਂ ਦੀ ਖੁੱਲ੍ਹੀ ਪੋਲ

**ਲੰਡਨ:** ਭਾਰਤ ਵਿਚ ਭਾਵੇਂ ਭ੍ਰਿਸ਼ਟਾਚਾਰ ਖਤਮ ਕਰਨ ਦੇ ਦਾਅਵੇ ਕੀਤੇ ਜਾਂਦੇ ਹਨ ਪਰ ਹਕੀਕਤ ਕੁਝ ਹੋਰ ਹੈ। ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਭਾਰਤ 'ਚ ਵੱਢੀ ਦੇਣ ਦੇ ਮਾਮਲਿਆਂ 'ਚ ਲਗਾਤਾਰ ਵਾਧਾ ਹੋਇਆ ਹੈ। ਪਿਛਲੇ ਇਕ ਸਾਲ 'ਚ ਦੇਸ਼ ਦੇ 56 ਫੀਸਦੀ ਲੋਕਾਂ ਨੇ ਪ੍ਰਤੱਖ ਜਾਂ ਅਪ੍ਰਤੱਖ ਤਰੀਕੇ ਨਾਲ ਰਿਸ਼ਵਤ ਦਿੱਤੀ ਹੈ। ਇਹ ਦਾਅਵਾ ਟ੍ਰਾਂਸਪੇਰੈਂਸੀ ਇੰਟਰਨੈਸ਼ਨਲ ਇੰਡੀਆ ਐਂਡ ਲੋਕਲ ਸਕਿਰਲਸ ਨੇ ਆਪਣੀ ਇਕ ਰਿਪੋਰਟ 'ਚ ਕੀਤਾ ਹੈ। ਇਹ ਸਰਵੇਖਣ 1.60 ਲੱਖ ਲੋਕਾਂ ਦੇ ਆਧਾਰ 'ਤੇ ਕੀਤਾ ਗਿਆ ਹੈ। ਦੁਨੀਆਂ ਭਰ 'ਚ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਭਾਰਤ ਦਾ ਸਥਾਨ 79 ਤੋਂ 81ਵੇਂ ਸਥਾਨ 'ਤੇ ਪਹੁੰਚ ਗਿਆ ਹੈ। ਪਿਛਲੇ ਸਾਲ 45 ਫੀਸਦੀ ਲੋਕਾਂ ਨੇ ਦੇਸ਼ 'ਚ ਰਿਸ਼ਵਤ ਦਿੱਤੀ ਸੀ। ਇਸ ਸਾਲ ਇਹ ਅੰਕੜਾ 56 ਉਤੇ ਪਹੁੰਚ ਗਿਆ ਹੈ। ਇਸ ਸਰਵੇਖਣ ਅਨੁਸਾਰ 58 ਫੀਸਦੀ ਲੋਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਸੂਬੇ 'ਚ ਭ੍ਰਿਸ਼ਟਾਚਾਰ ਵਿਰੋਧੀ ਹੈਲਪਲਾਈਨ ਜਿਹੀ ਕੋਈ ਚੀਜ਼ ਨਹੀਂ ਹੈ। ਉਥੇ ਹੀ 33 ਫੀਸਦੀ ਲੋਕ ਤਾਂ ਇਥੋਂ ਤੱਕ ਕਹਿ ਰਹੇ ਹਨ ਕਿ ਉਹ ਕਿਸੇ ਵੀ ਹੈਲਪਲਾਈਨ ਤੋਂ ਵਾਕਫ ਨਹੀਂ ਹਨ।

ਸਾਲ 2014 ਦੀਆਂ ਲੋਕ ਸਭਾ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਦੀ ਜਿੱਤ ਪਿੱਛੇ ਮੁੱਖ ਤੌਰ 'ਤੇ ਕੁਝ ਅਜਿਹੇ ਜੁਮਲੇ ਹੀ ਸਨ, ਜਿਹੜੇ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਲਈ ਚਲਾਏ ਗਏ ਸਨ। ਖਾਸ ਤੌਰ 'ਤੇ ਬੋਫੋਰਸ ਤੋਪਾਂ ਦੇ ਦੱਬੇ ਹੋਏ ਮੁਰਦੇ ਨੂੰ ਭਾਜਪਾ ਅਤੇ ਕੌਮੀ ਜਮਹੂਰੀ ਗਠਜੋੜ ਦੇ ਨੇਤਾਵਾਂ ਨੇ ਜ਼ੋਰ-ਸ਼ੋਰ ਨਾਲ ਪੁੱਟਿਆ ਸੀ। ਜਿਸ ਵਿਸ਼ਵਾਸ ਅਤੇ ਦ੍ਰਿੜ੍ਹਤਾ ਨਾਲ ਦੇਸ਼ ਦੇ ਪ੍ਰਸ਼ਾਸਨ ਅਤੇ ਰਾਜਨੀਤੀ ਵਿਚੋਂ ਭ੍ਰਿਸ਼ਟਾਚਾਰ ਨੂੰ ਖਤਮ ਕੀਤੇ ਜਾਣ ਦੇ ਵਾਅਦੇ ਅਤੇ ਦਾਅਵੇ ਕੀਤੇ ਜਾਂਦੇ ਰਹੇ ਹਨ, ਉਨ੍ਹਾਂ ਤੋਂ ਕਿਤੇ ਨਾ ਕਿਤੇ ਕਿਸੇ ਪੱਧਰ 'ਤੇ ਆਮ ਲੋਕ ਇਹ ਮੰਨਣ ਲੱਗੇ ਸਨ ਕਿ ਸ਼ਾਇਦ ਸੱਚਮੁੱਚ ਹੀ ਦੇਸ਼ ਵਿਚ ਅੱਛੇ ਦਿਨ ਆ ਜਾਣਗੇ। ਇਹ ਵੀ ਆਸ ਬੱਝੀ ਸੀ ਕਿ ਕਾਂਗਰਸ ਅਤੇ ਸਾਂਝੇ ਪ੍ਰਗਤੀਸ਼ੀਲ ਗਠਜੋੜ ਦੀ ਸਰਕਾਰ ਦੇ 10 ਸਾਲਾਂ ਦੇ ਕਾਰਜਕਾਲ ਦੌਰਾਨ ਬੋਫੋਰਸ ਦੇ ਨਾਲ ਕੋਲਾ ਘੁਟਾਲਾ ਅਤੇ 2-ਜੀ ਟੈਲੀਕਾਮ ਘੁਟਾਲੇ ਤਹਿਤ ਜਿਹੜਾ ਭ੍ਰਿਸ਼ਟਾਚਾਰ ਪੈਦਾ ਹੋਇਆ ਸੀ, ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ, ਉਸ ਦੀ ਕੁਝ ਤਾਂ ਭਰਪਾਈ ਜ਼ਰੂਰ ਕਰੇਗੀ, ਪਰ ਜਿਵੇਂ-ਜਿਵੇਂ ਸਮਾਂ ਲੰਘਦਾ ਗਿਆ, ਉਮੀਦਾਂ ਅਤੇ ਇੱਛਾਵਾਂ ਦੀ ਰੋਸ਼ਨੀ ਧੁੰਦਲੀ ਪੈਂਦੀ ਗਈ। ਭ੍ਰਿਸ਼ਟਾਚਾਰ ਨੂੰ ਖਤਮ ਕਰਨ ਦੀਆਂ ਜਿੰਨੀਆਂ ਵੀ ਯੋਜਨਾਵਾਂ ਬਣੀਆਂ ਜਾਂ ਐਲਾਨ ਕੀਤੇ ਗਏ, ਉਹ ਕਾਂਗਰਸ ਮੁਕਤ ਭਾਰਤ ਬਣਾਉਣ ਦੇ ਰੌਲੇ ਹੇਠ ਦੱਬਦੀਆਂ ਚਲੀਆਂ ਗਈਆਂ। ਲਿਹਾਜ਼ਾ ਪਰਦੇ ਦੇ ਪਿੱਛੇ ਉਪਜਦੇ ਨਵੇਂ ਭ੍ਰਿਸ਼ਟਾਚਾਰ ਦੇ ਵਾਵਰੋਲੇ ਦੇਸ਼ ਦੀ ਰਾਜਨੀਤੀ ਅਤੇ ਪ੍ਰਸ਼ਾਸਨਿਕ ਤੰਤਰ ਦੇ ਆਕਾਸ਼ 'ਤੇ ਤੇਜ਼ੀ ਨਾਲ ਵਿਕਸਤ ਹੁੰਦੇ ਚਲੇ ਗਏ।

ਅੱਜ ਸਥਿਤੀ ਇਹ ਹੈ ਕਿ ਕੱਲ੍ਹ ਜਿਸ ਜਾਹੋ-ਜਲਾਲ ਨਾਲ ਰਾਜਗ ਅਤੇ ਭਾਜਪਾ ਦੇ ਆਗੂ ਕਾਂਗਰਸ ਦੀਆਂ ਧੱਜੀਆਂ ਉਡਾਉਂਦੇ ਅੱਗੇ ਵਧਦੇ ਜਾਂਦੇ ਸਨ, ਅੱਜ ਉਸੇ ਜੋਸ਼ ਨਾਲ ਕਾਂਗਰਸੀ ਨੇਤਾ ਰਾਫੇਲ ਜਹਾਜ਼ਾਂ ਦੀ ਖਰੀਦ ਵਿਚ ਹੋਏ ਘੁਟਾਲੇ ਦੇ ਦੋਸ਼ ਇਸ ਭ੍ਰਿਸ਼ਟਾਚਾਰ ਮੁਕਤ ਸਰਕਾਰ 'ਤੇ ਜ਼ੋਰ-ਸ਼ੋਰ ਨਾਲ ਲਗਾ ਰਹੇ ਹਨ। ਕਾਂਗਰਸ ਦੀ ਅਗਵਾਈ ਵਾਲੀ ਗਠਜੋੜ ਦੀ ਸਰਕਾਰ ਸਮੇਂ ਜਦੋਂ ਪੈਟਰੋਲ ਅਤੇ ਡੀਜ਼ਲ ਦੇ ਭਾਅ ਥੋੜ੍ਹੇ ਜਿਹੇ ਵੀ ਵਧਦੇ ਸਨ ਤਾਂ ਭਾਜਪਾ ਦੀ ਅਗਵਾਈ ਵਾਲੀਆਂ ਵਿਰੋਧੀ ਪਾਰਟੀਆਂ ਰੌਲਾ ਪਾ-ਪਾ ਜ਼ਮੀਨ-ਅਸਮਾਨ ਇਕ ਕਰ ਦਿੰਦੀਆਂ ਸਨ। ਪਰ ਪਿਛਲੇ ਕੁਝ ਮਹੀਨਿਆਂ ਤੋਂ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿਚ ਵਾਧਾ ਨਿਰੰਤਰ ਜਾਰੀ ਹੈ। ਲੰਦਨ ਦੀ ਇਕ ਏਜੰਸੀ ਵੱਲੋਂ ਕੀਤੇ ਗਏ ਸਰਵੇਖਣ ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਭ੍ਰਿਸ਼ਟਾਚਾਰ ਦੇ ਮਾਮਲੇ 'ਚ ਦੇਸ਼ ਪਿਛਲੇ ਸਾਲ ਨਾਲੋਂ ਹੇਠਾਂ ਗਿਆ ਹੈ। ਇਸ ਰਿਪੋਰਟ ਵਿਚ ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਦੇਸ਼ ਵਿਚ ਰਿਸ਼ਵਤ ਲੈਣ-ਦੇਣ ਵਾਲਿਆਂ ਦੀ ਗਿਣਤੀ 45 ਫ਼ੀਸਦੀ ਤੋਂ ਵਧ ਕੇ 56 ਫ਼ੀਸਦੀ ਹੋ ਗਈ ਹੈ।

# ਸਟੀਫਨ ਹਾਕਿੰਗ ਨੇ ਦਿੱਤੀ ਸੀ 'ਮਹਾਮਾਨਵ' ਬਾਰੇ ਚਿਤਾਵਨੀ

**ਲੰਡਨ:** ਦੁਨੀਆਂ ਦੇ ਸਭ ਤੋਂ ਵੱਡੇ ਭੌਤਿਕ ਵਿਗਿਆਨੀਆਂ 'ਚ ਸ਼ੁਮਾਰ ਸਟੀਫਨ ਹਾਕਿੰਗ, ਜਿਨ੍ਹਾਂ ਦਾ ਸੱਤ ਮਹੀਨੇ ਪਹਿਲਾਂ ਦੇਹਾਂਤ ਹੋ ਗਿਆ ਸੀ, ਨੇ ਆਪਣੀਆਂ ਲਿਖਤਾਂ 'ਚ ਜੈਨੇਟਿਕ



ਇੰਜੀਨੀਅਰਿੰਗ ਦੀ ਮਦਦ ਨਾਲ ਪੈਦਾ ਹੋਣ ਵਾਲੀ ਨਵੀਂ ਨਸਲ 'ਮਹਾਮਾਨਵ' (ਸੁਪਰ ਹਿਊਮਨ) ਬਾਰੇ ਚਿਤਾਵਨੀ ਦਿੱਤੀ ਹੈ ਜੋ ਮਨੁੱਖੀ ਨਸਲ ਨੂੰ ਤਬਾਹ ਕਰ ਸਕਦੀ ਹੈ।

'ਬਰੀਫ ਹਿਸਟਰੀ ਆਫ ਟਾਈਮ' ਨਾਂ ਦੀ ਮਸ਼ਹੂਰ ਕਿਤਾਬ ਲਿਖਣ ਵਾਲੇ ਸਟੀਫਨ ਹਾਕਿੰਗ ਨੇ ਆਪਣੇ ਲੇਖਾਂ 'ਚ ਆਖਰੀ ਭਵਿੱਖਵਾਣੀ ਡਰਾਉਣੇ ਮਹਾਮਾਨਵਾਂ ਬਾਰੇ ਕੀਤੀ ਸੀ ਅਤੇ ਇਹ ਲੇਖ ਅਗਲੇ ਹਫਤੇ ਪ੍ਰਕਾਸ਼ਿਤ ਹੋ ਰਹੇ ਹਨ। ਹਾਕਿੰਗ ਨੇ ਲਿਖਿਆ ਸੀ, 'ਇਕ ਵਾਰ ਜੇ ਇਹ ਮਹਾਮਾਨਵ ਆ ਗਏ ਤਾਂ ਮਨੁੱਖਤਾ ਲਈ ਬਹੁਤ ਵੱਡੀ ਸਮੱਸਿਆ ਖੜ੍ਹੀ ਹੋ ਜਾਵੇਗੀ, ਜੋ ਇਨ੍ਹਾਂ ਦਾ ਮੁਕਾਬਲਾ ਨਹੀਂ ਕਰ ਸਕਣਗੇ।' ਸਾਇੰਸਦਾਨ ਵੱਲੋਂ ਆਪਣੇ ਲੇਖਾਂ ਨੂੰ 'ਇਕ ਵੱਡਾ ਸਵਾਲ' ਦਾ ਨਾਂ ਦਿੱਤਾ ਗਿਆ ਸੀ ਤੇ ਇਨ੍ਹਾਂ ਸਾਰੇ ਲੇਖਾਂ ਨੂੰ ਇਕੱਠੇ ਕਰ ਕੇ ਕਿਤਾਬ ਦੀ ਸ਼ਕਲ ਦਿੱਤੀ ਜਾ ਰਹੀ ਹੈ। ਅਖਬਾਰ 'ਦਿ ਸੰਡੇ ਟਾਈਮਜ਼' ਨੂੰ ਦਿੱਤੀ ਇੰਟਰਵਿਊ 'ਚ ਹਾਕਿੰਗ ਨੇ ਕਿਹਾ ਸੀ ਕਿ ਅਮੀਰ ਲੋਕ ਜਲਦੀ ਹੀ ਆਪਣੇ ਤੇ ਆਪਣੇ ਬੱਚਿਆਂ ਦੇ ਡੀ.ਐਨ.ਏ. 'ਚ ਤਬਦੀਲੀ ਕਰਕੇ ਮਹਾਮਾਨਵ ਤਿਆਰ ਕਰਨ ਦੇ ਯੋਗ ਹੋ ਜਾਣਗੇ, ਜਿਨ੍ਹਾਂ ਕੋਲ ਵੱਡੀ ਯਾਦਾਸ਼ਕਤੀ, ਬਿਮਾਰੀਆਂ ਨਾਲ ਲੜਨ ਦੀ ਵੱਧ ਸਮਰੱਥਾ, ਸਮਝ ਤੇ ਲੰਮੀ ਜ਼ਿੰਦਗੀ ਹੋਵੇਗੀ। ਉਨ੍ਹਾਂ ਲਿਖਿਆ, 'ਮੈਨੂੰ ਯਕੀਨ ਹੈ ਕਿ ਇਸ ਸਦੀ ਦੌਰਾਨ ਲੋਕ ਸਮਝ ਤੇ ਗੁੱਸੇ ਵਰਗੀਆਂ ਮੂਲ ਰੁਚੀਆਂ ਨੂੰ ਆਪਣੇ ਮੁਤਾਬਕ ਢਾਲਣ ਦਾ ਢੰਗ ਖੋਜ ਲੈਣਗੇ।' ਹਾਕਿੰਗ ਦੇ ਲੇਖਾਂ ਦਾ ਸੰਗ੍ਰਹਿ ਸਟੀਫਨ ਹਾਕਿੰਗ ਫਾਊਂਡੇਸ਼ਨ ਵੱਲੋਂ ਪੇਸ਼ ਕੀਤਾ ਜਾਵੇਗਾ।

# ਸ਼ਾਸਤਰੀ ਸੰਗੀਤ ਦੀ ਮਲਿਕਾ ਅੰਨਪੂਰਨਾ ਦਾ ਦੇਹਾਂਤ

**ਮੁੰਬਈ:** ਹਿੰਦੁਸਤਾਨੀ ਸ਼ਾਸਤਰੀ ਸੰਗੀਤ ਦੀ ਮਲਿਕਾ ਅੰਨਪੂਰਨਾ ਦੇਵੀ ਦਾ ਇਥੋਂ ਦੇ ਬ੍ਰੀਚ ਕੈਂਡੀ ਹਸਪਤਾਲ 'ਚ ਦੇਹਾਂਤ ਹੋ ਗਿਆ। ਉਹ



92 ਵਰ੍ਹਿਆਂ ਦੇ ਸਨ ਅਤੇ ਪਿਛਲੇ ਕੁਝ ਵਰ੍ਹਿਆਂ ਤੋਂ ਵਡੇਰੀ ਉਮਰ ਦੀਆਂ ਬਿਮਾਰੀਆਂ ਨਾਲ ਜੂਝ ਰਹੇ ਸਨ। ਹਸਪਤਾਲ ਦੇ ਅਧਿਕਾਰੀਆਂ ਨੇ ਉਨ੍ਹਾਂ ਨੂੰ ਤੜਕੇ 3:51 ਵਜੇ 'ਤੇ ਮ੍ਰਿਤਕ ਐਲਾਨਿਆ। ਪਦਮ ਭੂਸ਼ਣ ਨਾਲ ਸਨਮਾਨਿਤ ਅੰਨਪੂਰਨਾ ਨੂੰ 'ਮਾਂ' ਦੇ ਨਾਮ ਨਾਲ ਵੀ ਸੱਦਿਆ ਜਾਂਦਾ ਸੀ। ਉਨ੍ਹਾਂ ਦਾ ਜਨਮ ਉਸਤਾਦ 'ਬਾਬਾ' ਅਲਾਊਦੀਨ ਖਾਨ ਅਤੇ ਮਦੀਨਾ ਬੇਗ਼ਮ ਦੇ ਘਰ ਹੋਇਆ ਸੀ ਅਤੇ ਉਹ ਚਾਰ ਬੱਚਿਆਂ 'ਚੋਂ ਸਭ ਤੋਂ ਛੋਟੇ ਸਨ। ਅੰਨਪੂਰਨਾ ਦੇਵੀ ਫਾਊਂਡੇਸ਼ਨ, ਮੁੰਬਈ ਦੇ ਤਰਜਮਾਨ ਨੇ ਦੱਸਿਆ ਕਿ ਵਿਸ਼ਵ ਪ੍ਰਸਿੱਧ ਉਸਤਾਦ ਅਲੀ ਅਕਬਰ ਖਾਨ ਉਨ੍ਹਾਂ ਦੇ ਭਰਾ ਸਨ।

ਅੰਨਪੂਰਨਾ ਦੇਵੀ ਆਪਣੇ ਪਿਤਾ ਦੇ ਸ਼ਾਗਿਰਦ ਸਨ ਜਿਨ੍ਹਾਂ ਦੇ ਯੋਗਦਾਨ ਸਦਕਾ ਸੇਨੀਆ-ਮਹੀਅਰ ਘਰਾਣਾ ਸਥਾਪਤ ਹੋਇਆ ਸੀ। ਉਨ੍ਹਾਂ ਪੰਜ ਸਾਲ ਦੀ ਉਮਰ ਤੋਂ ਸੰਗੀਤ ਦੀ ਸਿਖਲਾਈ ਲੈਣੀ ਸ਼ੁਰੂ ਕਰ ਦਿੱਤੀ ਸੀ ਅਤੇ ਸਿਤਾਰ ਮਗਰੋਂ ਸੁਰਬਹਾਰ ਨੂੰ ਆਪਣਾ ਸਾਜ਼ ਬਣਾਇਆ ਸੀ। ਉਨ੍ਹਾਂ ਜ਼ਿਆਦਾਤਰ ਸਮਾਂ ਥੋੜ੍ਹੇ ਜਿਹੇ ਬੱਚਿਆਂ ਨੂੰ ਸੰਗੀਤ ਸਿਖਾਉਣ ਲਈ ਸਮਰਪਿਤ ਕਰ ਦਿੱਤਾ ਸੀ। ਉਨ੍ਹਾਂ ਦਾ ਵਿਆਹ ਉੱਘੇ ਸਿਤਾਰ ਵਾਦਕ ਪੰਡਤ ਰਵੀ ਸ਼ੰਕਰ ਨਾਲ ਹੋਇਆ ਸੀ ਅਤੇ ਇਕ ਸਪੁੱਤਰ ਸ਼ੁਭੇਂਦਰ 'ਸ਼ੁਭੋ' ਸ਼ੰਕਰ ਸੀ ਜਿਸ ਦਾ 1992 'ਚ ਦੇਹਾਂਤ ਹੋ ਗਿਆ ਸੀ।

1982 'ਚ ਉਨ੍ਹਾਂ ਮੈਨੇਜਮੈਂਟ ਕੰਸਲਟੈਂਟ ਰੂਸ਼ੀਕੁਮਾਰ ਪਾਂਡਿਆ ਨਾਲ ਵਿਆਹ ਕਰਵਾਇਆ ਸੀ ਜਿਨ੍ਹਾਂ ਦਾ ਦੇਹਾਂਤ 2013 'ਚ ਹੋ ਗਿਆ ਸੀ।

# ਫਰਜ਼ੀ ਮੁਕਾਬਲੇ 'ਚ ਮੇਜਰ ਜਨਰਲ ਤੇ ਦੋ ਕਰਨਲਾਂ ਨੂੰ ਉਮਰ ਕੈਦ

**ਚੰਡੀਗੜ੍ਹ:** ਮਨੀਪੁਰ ਵਿਚ ਤਕਰੀਬਨ 24 ਸਾਲ ਪਹਿਲਾਂ ਹੋਏ ਫਰਜ਼ੀ ਮੁਕਾਬਲੇ ਦੇ ਦੋਸ਼ੀ ਪਾਏ ਗਏ ਇਕ ਮੇਜਰ ਜਨਰਲ, ਦੋ ਕਰਨਲਾਂ ਸਮੇਤ ਸੱਤ ਜਵਾਨਾਂ ਨੂੰ ਕੋਰਟ ਮਾਰਸ਼ਲ ਤਹਿਤ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਤਿੰਨ ਦੋਸ਼ੀ ਅਧਿਕਾਰੀਆਂ ਤੋਂ ਸਨਮਾਨ ਵਾਪਸ ਲੈ ਕੇ ਅਹੁਦੇ ਤੋਂ ਹਟਾਉਣ ਦੇ ਨਾਲ ਸੇਵਾ ਦੇ ਕੋਈ ਲਾਭ ਨਾ ਦੇਣ ਅਤੇ ਬਾਕੀ ਫੌਜੀਆਂ ਨੂੰ ਬਰਤਰਫ ਕਰਨ ਦੇ ਹੁਕਮ ਦਿੱਤੇ ਗਏ ਹਨ।

ਅਸਾਮ ਦੇ ਤੀਨਸੁਕੀਆ ਜ਼ਿਲ੍ਹੇ 'ਚ 1994 ਵਿਚ ਫਰਜ਼ੀ ਮੁਕਾਬਲੇ ਦੇ ਕੇਸ 'ਚ ਮੇਜਰ ਜਨਰਲ ਏ.ਕੇ. ਲਾਲ, ਕਰਨਲ ਥੌਮਸ ਮੈਥਿਊ, ਕਰਨਲ ਆਰ.ਐਸ. ਸਿਬੀਰਨ, ਕੈਪਟਨ ਦਲੀਪ ਸਿੰਘ, ਕੈਪਟਨ ਜਗਦਿਓ ਸਿੰਘ, ਨਾਇਕ ਅਲਬਿੰਦਰ ਸਿੰਘ ਅਤੇ ਨਾਇਕ ਸ਼ਿਵੇਂਦਰ ਸਿੰਘ ਦੀ ਸ਼ਮੂਲੀਅਤ ਪਾਈ ਗਈ ਸੀ। ਉਨ੍ਹਾਂ ਕੋਰਟ ਮਾਰਸ਼ਲ ਦੌਰਾਨ ਦਾਅਵਾ ਕੀਤਾ ਕਿ ਉਹ ਦੋਸ਼ੀ ਨਹੀਂ ਹਨ। ਕੋਰਟ ਮਾਰਸ਼ਲ ਦੌਰਾਨ ਸੁਣਾਈ ਗਈ ਸਜ਼ਾ ਖਿਲਾਫ ਦੋਸ਼ੀ ਢੁਕਵੀਂ ਅਥਾਰਟੀ ਕੋਲ ਪਟੀਸ਼ਨ ਪਾ ਸਕਦੇ ਹਨ। ਜ਼ਿਕਰਯੋਗ ਹੈ ਕਿ 1994 ਵਿਚ ਚਾਰ ਵਿਅਕਤੀਆਂ ਨੂੰ ਪੁੱਛ-ਗਿੱਛ ਲਈ ਹਿਰਾਸਤ 'ਚ ਲਿਆ ਗਿਆ ਸੀ ਅਤੇ ਤਿੰਨ ਦਿਨਾਂ ਮਗਰੋਂ ਪੁਲਿਸ ਨੂੰ ਦੱਸਿਆ ਗਿਆ ਕਿ ਫੌਜੀਆਂ 'ਤੇ ਹਮਲੇ ਵਿਚ ਚਾਰੇ ਵਿਅਕਤੀ ਮਾਰੇ ਗਏ। ਇਸ ਮਾਮਲੇ ਨੂੰ ਕਈ ਜਥੇਬੰਦੀਆਂ ਨੇ ਉਭਾਰਿਆ ਸੀ।

# ਮੋਦੀ ਸਰਕਾਰ ਨੇ ਨਰਮਾ ਪੱਟੀ ਦੀ ਕਿਸਾਨੀ ਨੂੰ ਰੋਲਿਆ

**ਬਠਿੰਡਾ:** ਕੇਂਦਰੀ ਟੈਕਸਟਾਈਲ ਮੰਤਰੀ ਸਮ੍ਰਿਤੀ ਇਰਾਨੀ ਨੇ ਐਤਕੀਂ ਪੰਜਾਬ ਦੀ ਨਰਮਾ ਪੱਟੀ ਦੀ ਕਿਸਾਨੀ ਮਾਰ ਦਿੱਤੀ ਹੈ। ਕੇਂਦਰੀ ਮੰਤਰੀ ਨੇ ਭਾਰਤੀ ਕਪਾਹ ਨਿਗਮ ਦੇ ਮਾਪਦੰਡ ਏਨੇ ਸਖਤ ਕਰ ਦਿੱਤੇ ਹਨ ਕਿ ਪ੍ਰਾਈਵੇਟ ਵਪਾਰੀ ਲਾਹਾ ਲੈਣ ਲੱਗੇ ਹਨ। ਭਾਰਤੀ ਕਪਾਹ ਨਿਗਮ ਦੇ ਅਫਸਰ ਕਪਾਹ ਮੰਡੀਆਂ ਵਿਚ ਖੜ੍ਹੇ ਤਾਂ ਹਨ ਪਰ ਹਾਲੇ ਤੱਕ ਕਪਾਹ ਨਿਗਮ ਪੰਜਾਬ ਵਿਚ ਖਰੀਦ ਦਾ ਮਹੂਰਤ ਵੀ ਨਹੀਂ ਕਰ ਸਕਿਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮਲੋਟ ਰੈਲੀ ਵਿਚ ਵਾਅਦਾ ਕੀਤਾ ਸੀ ਕਿ ਐਤਕੀਂ ਨਰਮਾ ਪੱਟੀ ਵਿਚ ਨਰਮੇ ਨੂੰ ਨਰਮ ਨਹੀਂ ਪੈਣ ਦਿਆਂਗੇ, ਪਰ ਸਭ ਐਲਾਨਾਂ ਦੀ ਫੂਕ ਨਿਕਲ ਗਈ ਹੈ। ਪਿਛਲੇ ਸਮੇਂ ਦੌਰਾਨ ਹੋਈ ਬਾਰਸ਼ ਨੇ ਸਭ ਤੋਂ ਵੱਡੀ ਸੱਟ ਮਾਰੀ। ਕਪਾਹ ਨਿਗਮ ਨੂੰ ਬਹਾਨਾ ਮਿਲ ਗਿਆ ਕਿ ਉਹ 12 ਫੀਸਦੀ ਨਮੀ ਤੋਂ ਜ਼ਿਆਦਾ ਵਾਲੀ ਫਸਲ ਖਰੀਦ ਨਹੀਂ ਸਕਦੇ।

ਪਹਿਲਾਂ ਵੱਡਾ ਮਸਲਾ ਨਮੀ ਦਾ ਸੀ ਅਤੇ ਹੁਣ ਵੱਡੀ ਦਿੱਕਤ ਸਿੱਧੀ ਖਰੀਦ ਦੀ ਬਣ ਗਈ ਹੈ। ਨਵੇਂ ਕੇਂਦਰੀ ਨਿਯਮਾਂ ਅਨੁਸਾਰ ਭਾਰਤੀ ਕਪਾਹ ਨਿਗਮ ਨੂੰ ਕਿਸਾਨਾਂ ਤੋਂ ਸਿੱਧੀ ਫਸਲ ਖਰੀਦ ਕਰਨ ਦੀ ਹਦਾਇਤ ਹੈ, ਜਿਸ ਦੇ ਵਿਰੋਧ ਵਿਚ ਆੜ੍ਹਤੀ ਉਤਰੇ ਹਨ। ਉਨ੍ਹਾਂ ਨੇ ਇਕ ਦਿਨ ਦੀ ਹੜਤਾਲ ਵੀ ਕੀਤੀ ਸੀ। ਭਾਰਤੀ ਕਪਾਹ ਨਿਗਮ ਨੇ ਹੁਣ ਤੱਕ ਮੁਕਤਸਰ, ਬਠਿੰਡਾ, ਸੰਗਤ, ਮਲੋਟ, ਅਬੋਹਰ ਤੇ ਗਿੱਦੜਬਾਹਾ ਵਿਚ ਫੈਕਟਰੀ ਮਾਲਕਾਂ ਨਾਲ ਸਮਝੌਤੇ ਕੀਤੇ ਹਨ, ਜਿਨ੍ਹਾਂ ਵਿਚ ਨਿਗਮ ਤਰਫੋਂ ਮਾਲ ਲਾਇਆ ਜਾਣਾ ਹੈ। ਮੌੜ ਅਤੇ ਮਾਨਸਾ ਵਿਚ ਵੱਡੀ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਿਸਾਨ ਧਿਰਾਂ ਨੇ ਅਧਿਕਾਰੀਆਂ ਦੇ ਘਿਰਾਓ ਸ਼ੁਰੂ ਕਰ ਦਿੱਤੇ ਹਨ।



ਆੜ੍ਹਤੀਆਂ ਨੇ ਸਿੱਧੀ ਖਰੀਦ ਖਿਲਾਫ ਬਿਗਲ ਵਜਾਇਆ ਹੈ। ਕਪਾਹ ਮੰਡੀਆਂ ਵਿਚ ਇਸ ਵੇਲੇ ਨਰਮੇ ਕਪਾਹ ਦੀ ਫਸਲ ਸਰਕਾਰੀ ਭਾਅ 5350 ਰੁਪਏ ਪ੍ਰਤੀ ਕੁਇੰਟਲ ਤੋਂ ਹੇਠਾਂ ਵਿਕ ਰਹੀ ਹੈ। ਉਤਰੀ ਭਾਰਤ ਵਿਚ ਇਸ ਵੇਲੇ ਭਾਅ 5200 ਤੋਂ 5450 ਰੁਪਏ ਤੱਕ ਚੱਲ ਰਿਹਾ ਹੈ ਜਦੋਂਕਿ ਪੰਜਾਬ ਵਿਚ ਨਰਮੇ ਦੀ ਫਸਲ 4800 ਤੋਂ 5300 ਰੁਪਏ ਪ੍ਰਤੀ ਕੁਇੰਟਲ ਤੱਕ ਵਿਕ ਰਹੀ ਹੈ।

ਆੜ੍ਹਤੀਆ ਐਸੋਸੀਏਸ਼ਨ ਗੋਨਿਆਣਾ ਮੰਡੀ ਦੇ ਚੇਅਰਮੈਨ ਪ੍ਰਮੋਦ ਕੁਮਾਰ ਕਾਲਾ ਦਾ ਕਹਿਣਾ ਸੀ ਕਿ ਕਪਾਹ ਨਿਗਮ ਸਿੱਧੀ ਖਰੀਦ ਕਰਨੀ ਚਾਹੁੰਦਾ ਹੈ ਅਤੇ ਆੜ੍ਹਤੀਆਂ ਨੂੰ ਢਾਈ ਫ਼ੀਸਦੀ ਆੜ੍ਹਤ ਦੇਣ ਤੋਂ ਨਿਗਮ ਭੱਜ ਰਿਹਾ ਹੈ, ਜਿਸ ਦੇ ਵਿਰੋਧ ਵਿਚ ਆੜ੍ਹਤੀਏ ਆਪਣਾ ਰੋਸ ਦਰਜ ਕਰਾ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਮੀਂਹ ਨੇ ਨਰਮੇ ਦੀ ਗੁਣਵੱਤਾ ਨੂੰ ਵੱਡੀ ਸੱਟ ਮਾਰੀ ਹੈ। ਪਤਾ ਲੱਗਾ ਹੈ ਕਿ ਕਈ ਕਪਾਹ ਮੰਡੀਆਂ ਵਿਚ ਟਕਰਾਓ ਵਾਲਾ ਮਾਹੌਲ ਵੀ ਬਣ ਚੁੱਕਿਆ ਹੈ।

ਭਾਰਤੀ ਕਪਾਹ ਨਿਗਮ ਨੇ ਹੁਣ ਬਠਿੰਡਾ ਦੇ ਡਿਪਟੀ ਕਮਿਸ਼ਨਰ ਨੂੰ ਪੱਤਰ ਵੀ ਲਿਖਿਆ ਹੈ ਕਿ ਫੈਕਟਰੀਆਂ ਨਾ ਮਿਲਣ ਕਰ ਕੇ ਖਰੀਦ ਵਿਚ ਵੱਡੀ ਦਿੱਕਤ ਹੈ। ਕਪਾਹ ਨਿਗਮ ਦੇ ਅਧਿਕਾਰੀਆਂ ਨੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਲਿਖਿਆ ਹੈ ਕਿ ਕਪਾਹ ਮੰਡੀਆਂ ਵਿਚ ਸੁਰੱਖਿਆ ਦੇ ਬੰਦੋਬਸਤ ਵੀ ਕੀਤੇ ਜਾਣ ਕਿਉਂਕਿ ਨਿਗਮ ਦੇ ਅਧਿਕਾਰੀਆਂ ਦੇ ਘਿਰਾਓ ਹੋ ਰਹੇ ਹਨ।

ਦੂਜੇ ਪਾਸੇ ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੇ ਜਸਵੀਰ ਸਿੰਘ ਬੁਰਜ ਸੇਮਾ ਦਾ ਕਹਿਣਾ ਸੀ ਕਿ ਕਪਾਹ ਨਿਗਮ ਦੀ ਬਦੌਲਤ ਕਿਸਾਨ ਮੰਡੀਆਂ ਵਿਚ ਲੁੱਟਿਆ ਜਾ ਰਿਹਾ ਹੈ। ਸਖਤ ਮਾਪਦੰਡਾਂ ਦੇ ਬਹਾਨੇ ਨਿਗਮ ਖਰੀਦ ਕਰਨ ਤੋਂ ਭੱਜ ਗਿਆ ਹੈ ਅਤੇ ਸਰਕਾਰ ਨੂੰ ਫੌਰੀ ਦਾਖਲ ਦੇਣਾ ਚਾਹੀਦਾ ਹੈ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ 5 ਅਕਤੂਬਰ ਨੂੰ ਕੇਂਦਰੀ ਕੱਪੜਾ ਮੰਤਰੀ ਸਮ੍ਰਿਤੀ ਇਰਾਨੀ ਨੂੰ ਪੱਤਰ ਲਿਖ ਕੇ ਭਾਰਤੀ ਕਪਾਹ ਨਿਗਮ ਨੂੰ ਮੰਡੀਆਂ ਵਿਚ ਉਤਾਰੇ ਜਾਣ ਦੀ ਮੰਗ ਕੀਤੀ ਸੀ। ਉਸ ਮਗਰੋਂ ਅਧਿਕਾਰੀ ਮੰਡੀਆਂ ਵਿਚ ਤਾਂ ਦਿੱਖੇ ਹਨ ਪਰ ਕਿਧਰੇ ਖ਼ਰੀਦ ਸ਼ੁਰੂ ਨਹੀਂ ਕੀਤੀ। ਵੇਰਵਿਆਂ ਅਨੁਸਾਰ ਹੁਣ ਤੱਕ ਨਰਮਾ ਪੱਟੀ ਚੋਂ ਕਰੀਬ 85 ਹਜ਼ਾਰ ਗੰਠਾਂ ਦੀ ਖ਼ਰੀਦ ਹੋ ਚੁੱਕੀ ਹੈ ਅਤੇ ਕਰੀਬ 9 ਲੱਖ ਗੰਠਾਂ ਦੀ ਪੈਦਾਵਾਰ ਦਾ ਅਨੁਮਾਨ ਹੈ।

ਪੰਜਾਬ ਵਿਚ ਇਸ ਵਾਰ 2.84 ਲੱਖ ਹੈਕਟੇਅਰ ਰਕਬੇ ਵਿਚ ਨਰਮੇ ਦੀ ਬਿਜਾਂਦ ਸੀ। ਕੌਮਾਂਤਰੀ ਬਾਜ਼ਾਰ ਵਿਚ ਇਕ ਹਫਤੇ ਤੋਂ ਰੂੰਈ ਦੀ ਮੰਗ ਵਧੀ ਹੈ ਅਤੇ ਐਕਸਪੋਰਟਰਾਂ ਨੇ ਦਿਲਚਸਪੀ ਕਾਫ਼ੀ ਵਧਾਈ ਹੈ। ਪਾਕਿਸਤਾਨ ਅਤੇ ਬੰਗਲਾ ਦੇਸ਼ ਨੂੰ ਰੂੰਈ ਭੇਜੀ ਜਾ ਰਹੀ ਹੈ।

## ਪੰਜਾਬ 'ਚ ਹਰ ਤਰ੍ਹਾਂ ਦੇ ਤੰਬਾਕੂ ਉਤਪਾਦਾਂ 'ਤੇ ਪਾਬੰਦੀ

**ਚੰਡੀਗੜ੍ਹ:** ਫੂਡ ਸੇਫਟੀ ਐਂਡ ਰੈਗੂਲੇਸ਼ਨਜ਼, 2011 ਅਨੁਸਾਰ, ਬਾਜ਼ਾਰ 'ਚ ਉਪਲਬਧ ਗੁਟਖਾ, ਪਾਨ ਮਸਾਲਾ (ਜਿਸ 'ਚ ਤੰਬਾਕੂ ਜਾਂ ਨਿਕੋਟੀਨ ਪਾਈ ਜਾਂਦੀ ਹੈ), ਪ੍ਰੋਸੈਸਡ/ ਫਲੇਵਰਡ/ਸੁਗੰਧਿਤ ਚਬਾਉਣ ਵਾਲੇ




ਤੰਬਾਕੂ ਅਤੇ ਹੋਰ ਕੋਈ ਵੀ ਉਤਪਾਦ ਜਿਨ੍ਹਾਂ 'ਚ ਤੰਬਾਕੂ ਜਾਂ ਨਿਕੋਟੀਨ ਪਾਈ ਜਾਂਦੀ ਹੈ, ਆਦਿ ਦੇ ਉਤਪਾਦਨ, ਵਿਕਰੀ ਜਾਂ ਵੰਡ, ਭੰਡਾਰਨ 'ਤੇ ਪੰਜਾਬ ਵਿਚ ਨੋਟੀਫਿਕੇਸ਼ਨ ਜਾਰੀ ਹੋਣ ਦੀ ਤਰੀਕ ਤੋਂ ਲੈ ਕੇ ਇਕ ਸਾਲ ਦੀ ਪਾਬੰਦੀ ਲਗਾਈ ਗਈ ਹੈ। ਭਾਵੇਂ ਇਹ ਉਤਪਾਦ ਪੈਕ ਕੀਤੇ ਜਾਂ ਨਾ ਕੀਤੇ ਹੋਣ, ਇਕੱਲੇ ਜਾਂ ਵੱਖ-ਵੱਖ ਪੈਕਟ ਸਾਂਝੇ ਤੌਰ 'ਤੇ ਵੇਚੇ ਜਾਣ, ਇਨ੍ਹਾਂ ਉਤੇ ਪਾਬੰਦੀ ਸਬੰਧੀ ਇਹ ਨਿਯਮ ਸਖਤੀ ਨਾਲ ਲਾਗੂ ਹੋਣਗੇ। ਇਸ ਸਬੰਧੀ ਨੋਟੀਫਿਕੇਸ਼ਨ 9 ਅਕਤੂਬਰ, 2018 ਨੂੰ ਜਾਰੀ ਕੀਤਾ ਜਾ ਚੁੱਕਾ ਹੈ।

ਫੂਡ ਸੇਫਟੀ ਵਿਭਾਗ ਦਾ ਕਹਿਣਾ ਹੈ ਕਿ ਵਿਕਰੀ ਉਤੇ ਲਗਾਈ ਪਾਬੰਦੀ ਨੂੰ ਨਾਕਾਮ ਬਣਾਉਣ ਲਈ ਉਤਪਾਦਕਾਂ ਵੱਲੋਂ ਜੋ ਪਾਨ ਮਸਾਲਾ (ਬਿਨਾਂ ਤੰਬਾਕੂ) ਵੇਚਿਆ ਜਾਂਦਾ ਹੈ ਅਤੇ ਜੋ ਫਲੇਵਰਡ ਚਬਾਉਣ ਵਾਲਾ ਤੰਬਾਕੂ ਵੱਖਰੇ ਸੈਸ਼ੇ 'ਚ ਪੈਕ ਕਰ ਕੇ ਦਿੱਤਾ ਜਾਂਦਾ ਹੈ, ਉਨ੍ਹਾਂ ਨੂੰ ਅਕਸਰ ਇਕੋ ਵਿਕਰੇਤਾ ਵੱਲੋਂ ਇਕ ਥਾਂ 'ਤੇ ਦੋਵੇਂ ਚੀਜ਼ਾਂ ਨੂੰ ਇਕੱਠਿਆਂ ਵੇਚਿਆ ਜਾਂਦਾ ਹੈ। ਇਹ ਜਾਣਬੁਝ ਕੇ ਕੀਤਾ ਜਾਂਦਾ ਹੈ ਤਾਂ ਜੋ ਉਪਭੋਗਤਾ ਪਾਨ ਮਸਾਲਾ ਅਤੇ ਫਲੇਵਰਡ ਚਬਾਉਣ ਵਾਲਾ ਤੰਬਾਕੂ ਇਕੋ ਥਾਂ ਤੋਂ ਖਰੀਦ ਕੇ ਇਸ ਦਾ ਮਿਸ਼ਰਣ ਬਣਾ ਕੇ ਇਸ ਨੂੰ ਗੁਟਕੇ ਦੀ ਥਾਂ ਵਰਤ ਸਕਣ। ਇਸ ਤਰ੍ਹਾਂ ਗੁਟਕਾ ਜੋ ਕਿ ਸੇਵਨ ਲਈ ਪਹਿਲਾਂ ਤੋਂ ਹੀ ਤਿਆਰ ਮਿਸ਼ਰਣ ਹੁੰਦਾ ਹੈ, ਉਸ ਦੀ ਥਾਂ 'ਤੇ ਪਾਨ ਮਸਾਲਾ ਅਤੇ ਫਲੇਵਰਡ/ ਸੁਗੰਧਿਤ ਚਬਾਉਣ ਤੰਬਾਕੂ ਵੀ ਵਰਤੇ ਜਾ ਰਹੇ ਹਨ। ਇਸ ਦੇ ਮੱਦੇਨਜ਼ਰ ਸੂਬੇ 'ਚ ਪ੍ਰੋਸੈਸਡ/ ਫਲੇਵਰਡ/ਸੁਗੰਧਿਤ ਚਬਾਉਣ ਵਾਲੇ ਤੰਬਾਕੂ, ਗੁਟਕਾ ਅਤੇ ਤੰਬਾਕੂ ਯੁਕਤ ਪਾਨ ਮਸਾਲੇ ਉਤੇ ਪਾਬੰਦੀ ਲਗਾਈ ਗਈ ਹੈ।

## ਚੰਡੀਗੜ੍ਹ 'ਚ ਸਿੱਖ ਔਰਤਾਂ ਨੂੰ ਹੈਲਮਟ ਪਹਿਨਣ ਤੋਂ ਛੋਟ

**ਨਵੀਂ ਦਿੱਲੀ:** ਚੰਡੀਗੜ੍ਹ ਵਿਚ ਸਿੱਖ ਔਰਤਾਂ ਨੂੰ ਦੋਪਹੀਆ ਵਾਹਨ ਚਲਾਉਣ ਸਮੇਂ ਹੈਲਮਟ ਪਹਿਨਣ ਤੋਂ ਛੋਟ ਮਿਲ ਗਈ ਹੈ। ਭਾਰਤੀ ਗ੍ਰਹਿ ਮੰਤਰਾਲੇ ਨੇ ਕਿਹਾ ਕਿ ਸਿੱਖ ਸੰਗਠਨਾਂ ਵੱਲੋਂ ਰਾਜਨਾਥ ਕੋਲ ਇਕ ਵਫਦ ਭੇਜਿਆ ਗਿਆ ਸੀ, ਜਿਸ ਤੋਂ ਬਾਅਦ ਇਹ ਫੈਸਲਾ ਲਿਆ ਗਿਆ। ਇਹ ਵਫਦ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਸ਼੍ਰੋਮਣੀ ਅਕਾਲੀ ਦਲ ਦੇ ਮੁਖੀ ਸੁਖਬੀਰ ਸਿੰਘ ਬਾਦਲ ਦੀ ਅਗਵਾਈ 'ਚ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੂੰ ਮਿਲਿਆ ਸੀ।

ਸੁਖਬੀਰ ਸਿੰਘ ਬਾਦਲ ਇਸ ਮੰਗ 'ਤੇ ਜ਼ੋਰ ਦੇਣ ਲਈ ਰਾਜਨਾਥ ਸਿੰਘ ਨੂੰ ਮਿਲੇ ਸਨ, ਜਿਸ ਤੋਂ ਬਾਅਦ ਗ੍ਰਹਿ ਮੰਤਰਾਲੇ ਨੇ ਇਹ ਐਲਾਨ ਕੀਤਾ। ਮੰਤਰਾਲੇ ਨੇ ਇਕ ਬਿਆਨ ਵਿਚ ਕਿਹਾ ਕਿ ਉਸ ਨੇ ਚੰਡੀਗੜ੍ਹ ਪ੍ਰਸ਼ਾਸਨ ਨੂੰ ਦਿੱਲੀ ਸਰਕਾਰ ਵੱਲੋਂ ਜਾਰੀ ਕੀਤੇ ਗਏ ਨੋਟੀਫਿਕੇਸ਼ਨ ਦੀ ਪਾਲਣਾ ਕਰਨ ਦੀ ਸਲਾਹ ਦਿੱਤੀ ਹੈ। ਇਸ ਨੋਟੀਫਿਕੇਸ਼ਨ ਵਿਚ ਕੇਂਦਰ ਸ਼ਾਸਿਤ ਖੇਤਰ ਚੰਡੀਗੜ੍ਹ ਵਿਚ ਦੋਪਹੀਆ ਵਾਹਨ ਚਲਾਉਣ ਸਮੇਂ ਸਿੱਖ ਔਰਤਾਂ ਨੂੰ ਹੈਲਮਟ ਪਾਉਣ ਤੋਂ ਛੋਟ ਦਿੱਤੀ ਗਈ ਹੈ। ਦਿੱਲੀ ਟਰਾਂਸਪੋਰਟ ਵਿਭਾਗ ਨੇ 4 ਜੂਨ 1999 ਦੇ ਨਿਯਮ 115 ਵਿਚ ਸੋਧ ਕਰਦੇ ਹੋਏ ਔਰਤਾਂ ਲਈ ਦੋਪਹੀਆ ਵਾਹਨ ਚਲਾਉਣ ਸਮੇਂ ਹੈਲਮਟ ਪਾਉਣ ਲਈ ਛੋਟ ਦੇ ਦਿੱਤੀ ਸੀ। 28 ਅਗਸਤ 2014 ਨੂੰ ਜਾਰੀ ਕੀਤੇ ਨੋਟੀਫਿਕੇਸ਼ਨ ਦੇ ਜ਼ਰੀਏ ਨਿਯਮ ਵਿਚ ਹੋਰ ਸੋਧ ਕੀਤੀ ਗਈ ਤਾਂ ਕਿ ਦਿੱਲੀ ਮੋਟਰ ਵਾਹਨ ਨਿਯਮ, 1993 ਦੇ ਉਪ ਨਿਯਮ 115 ਵਿਚ 'ਔਰਤਾਂ' ਸ਼ਬਦ ਦੀ ਜਗ੍ਹਾ 'ਸਿੱਖ ਔਰਤਾਂ' ਸ਼ਬਦ ਜੋੜਿਆ ਜਾਵੇ। ਰਾਜਨਾਥ ਸਿੰਘ ਨੂੰ ਮਿਲੇ ਵਫਦ ਨੂੰ ਇਸ ਤੋਂ ਇਲਾਵਾ ਇਹ ਭਰੋਸਾ ਦਿਵਾਇਆ ਕਿ ਚੰਡੀਗੜ੍ਹ 'ਚ ਪੰਜਾਬ ਅਤੇ ਹਰਿਆਣਾ ਤੋਂ ਕਰਮਚਾਰੀਆਂ ਦੀ ਨਿਯੁਕਤੀ ਨੂੰ ਲੈ ਕੇ 60:40 ਦੇ ਅਨੁਪਾਤ ਨੂੰ ਬਰਕਰਾਰ ਰੱਖਿਆ ਜਾਵੇਗਾ।



ਮੁਲਾਕਾਤ ਤੋਂ ਬਾਅਦ ਮੀਡੀਆ ਨਾਲ ਗੱਲ ਕਰਦੇ ਹੋਏ ਸ. ਬਾਦਲ ਨੇ ਸਿੱਖ ਭਾਈਚਾਰੇ ਅਤੇ ਪੰਜਾਬੀਆਂ ਦੀਆਂ ਦੋਵੇਂ ਮੰਗਾਂ ਨੂੰ ਮੰਨਣ ਲਈ ਗ੍ਰਹਿ ਮੰਤਰੀ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਜੁਲਾਈ 2018 ਵਿਚ ਜਾਰੀ ਨੋਟੀਫਿਕੇਸ਼ਨ ਨੂੰ ਵਾਪਸ ਲੈਣ ਉਪਰੰਤ ਪਹਿਲਾਂ ਵਾਂਗ ਹੀ ਦੋਪਹੀਆ ਵਾਹਨ ਦੀ ਸਵਾਰੀ ਕਰਦਿਆਂ ਹੈਲਮਟ ਪਾਉਣ ਤੋਂ ਛੋਟ ਹੋਵੇਗੀ। ਸਾਬਕਾ ਮੁੱਖ ਮੰਤਰੀ ਨੇ ਅਕਾਲੀ ਦਲ ਦੀ ਉਸ ਅਪੀਲ ਉਤੇ ਸਾਰਥਕ ਹੁੰਗਾਰਾ ਭਰਨ ਲਈ ਵੀ ਗ੍ਰਹਿ ਮੰਤਰੀ ਦਾ ਧੰਨਵਾਦ ਕੀਤਾ, ਜਿਸ ਵਿਚ ਕਿਹਾ ਗਿਆ ਸੀ ਕਿ ਸੰਘੀ ਖੇਤਰਾਂ ਦੇ ਸਾਂਝੇ ਪੁਲਿਸ ਕੇਡਰ ਬਾਰੇ ਨੋਟੀਫਿਕੇਸ਼ਨ ਲਿਆ ਕੇ ਚੰਡੀਗੜ੍ਹ 'ਤੇ ਪੰਜਾਬ ਦੇ ਅਧਿਕਾਰਾਂ ਨੂੰ ਕਮਜ਼ੋਰ ਕੀਤਾ ਜਾ ਰਿਹਾ ਹੈ। ਸਾਬਕਾ ਮੁੱਖ ਮੰਤਰੀ ਨੇ ਦੱਸਿਆ ਕਿ ਇਹ ਨੋਟੀਫਿਕੇਸ਼ਨ ਪੰਜਾਬ ਪੁਨਰਗਠਨ ਐਕਟ ਦੀ ਸਿੱਧੀ ਉਲੰਘਣਾ ਹੈ, ਜਿਹੜਾ ਕਿ ਸਪੱਸ਼ਟ ਰੂਪ ਵਿਚ ਨਿਰਧਾਰਿਤ ਕਰਦਾ ਹੈ ਕਿ ਚੰਡੀਗੜ੍ਹ ਪ੍ਰਸ਼ਾਸਨ ਲਈ ਕਰਮਚਾਰੀਆਂ ਦੀ ਭਰਤੀ ਪੰਜਾਬ ਅਤੇ ਹਰਿਆਣਾ ਵਿਚੋਂ ਕ੍ਰਮਵਾਰ 60:40 ਅਨੁਪਾਤ ਨਾਲ ਕੀਤੀ ਜਾਵੇਗੀ।

## ਪੰਜਾਬ 'ਚ ਬਿਜਲੀ ਹੋਰ ਮਹਿੰਗੀ ਹੋਈ

**ਚੰਡੀਗੜ੍ਹ:** ਪੰਜਾਬ ਰਾਜ ਬਿਜਲੀ ਨਿਗਮ ਲਿਮਟਿਡ ਨੇ ਈਂਧਣ ਸਰਚਾਰਜ ਦੇ ਨਾਂ ਤੇ ਚਾਰ ਪੈਸੇ ਪ੍ਰਤੀ ਯੂਨਿਟ ਬਿਜਲੀ ਸਾਰੀਆਂ ਧਿਰਾਂ ਵਾਸਤੇ ਮਹਿੰਗੀ ਕਰ ਦਿੱਤੀ ਹੈ। ਬਿਜਲੀ ਨਿਗਮ ਦਾ ਕਹਿਣਾ ਹੈ ਕਿ ਇਹ ਰੁਟੀਨ ਫੈਸਲਾ ਹੈ ਤੇ ਕੋਲੇ ਦੀ ਕੀਮਤ ਅਤੇ ਭਾੜੇ ਵਿਚ ਵਾਧਾ ਹੋਣ ਕਾਰਨ ਈਂਧਣ ਸਰਚਾਰਜ ਵਿਚ ਹਰੇਕ ਤਿੰਨ ਮਹੀਨਿਆਂ ਬਾਅਦ ਵਾਧਾ ਕੀਤਾ ਜਾਂਦਾ ਹੈ।

ਪਿਛਲੀ ਵਾਰ ਅੱਠ ਪੈਸੇ ਪ੍ਰਤੀ ਯੂਨਿਟ ਦਾ ਵਾਧਾ ਪਹਿਲੀ ਜੁਲਾਈ ਤੋਂ ਸਤੰਬਰ ਤੱਕ ਕੀਤਾ ਗਿਆ ਸੀ ਤੇ ਹੁਣ ਚਾਰ ਪੈਸੇ ਪ੍ਰਤੀ ਯੂਨਿਟ ਦਾ ਵਾਧਾ ਪਹਿਲੀ ਅਕਤੂਬਰ ਤੋਂ ਦਸੰਬਰ ਤੱਕ ਕੀਤਾ ਗਿਆ ਹੈ ਤੇ ਇਸ ਵਾਧੇ ਦੀ ਵਸੂਲੀ ਪਹਿਲਾਂ ਕੀਤੇ ਵਾਧੇ ਨਾਲ ਅਗਲੇ ਬਿਲਾਂ ਵਿੱਚ ਕੀਤੀ ਜਾਵੇਗੀ।

ਬਿਜਲੀ ਦਰਾਂ ਵਿਚ ਵਾਰ ਵਾਰ ਵਾਧਾ ਕੀਤੇ ਜਾਣ ਕਰ ਕੇ ਉਤਰੀ ਭਾਰਤ ਵਿਚੋਂ ਹੁਣ ਪੰਜਾਬ ਵਿਚ ਬਿਜਲੀ ਸਭ ਤੋਂ ਜ਼ਿਆਦਾ ਮਹਿੰਗੀ ਹੋ ਗਈ ਹੈ। ਇਸ ਬਾਰੇ ਬਿਜਲੀ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਨੇ ਉਹ ਵਾਧੇ ਸਮੇਂ ਮੀਟਿੰਗ ਵਿਚ ਹਾਜ਼ਰ ਨਹੀਂ ਸਨ। ਪਰ ਉਨ੍ਹਾਂ ਕਿਹਾ ਕਿ ਹਰੇਕ ਤਿੰਨ ਮਹੀਨਿਆਂ ਬਾਅਦ ਵਾਧਾ ਕੀਤਾ ਜਾਂਦਾ ਹੈ ਤੇ ਕੋਲੇ ਦੀਆਂ ਕੀਮਤਾਂ ਘਟ ਗਈਆਂ ਤਾਂ ਇਹ ਵਾਧਾ ਘਟਾ ਦਿੱਤਾ ਜਾਵੇਗਾ।

ਨਿਗਮ ਦੇ ਇਕ ਸੀਨੀਅਰ ਅਧਿਕਾਰੀ ਨੂੰ ਇਹ ਪੁੱਛੇ ਜਾਣ 'ਤੇ ਕਿ ਪਿਛਲੇ ਮਹੀਨੇ ਬਿਜਲੀ ਨਿਗਮ ਨੇ ਦੂਜੇ ਸੂਬਿਆਂ ਨੂੰ ਬਿਜਲੀ ਵੇਚ ਕੇ 425 ਕਰੋੜ ਰੁਪਏ ਕਮਾਏ ਸਨ ਤਾਂ ਵਾਧਾ ਕਰਨ ਦੀ ਕੀ ਲੋੜ ਸੀ ਤਾਂ ਉਨ੍ਹਾਂ ਕਿਹਾ ਕਿ ਜਿਹੜੇ ਪੈਸੇ ਕਮਾਏ ਹਨ, ਉਸ ਵਿਚ ਬਿਜਲੀ ਪੈਦਾ ਕਰਨ ਦਾ ਖਰਚ ਵੀ ਸ਼ਾਮਲ ਹੈ ਤੇ ਇਸ ਪੈਸੇ ਦਾ ਅਸਰ ਜਦੋਂ ਅਗਲੇ ਸਾਲ ਬਿਜਲੀ ਦਰਾਂ ਤੈਅ ਕੀਤੀਆਂ ਜਾਣਗੀਆਂ, ਉਸ ਸਮੇਂ ਬਿਜਲੀ ਵੇਚ ਕੇ ਕਮਾਏ ਪੈਸੇ ਲੋਕਾਂ ਨੂੰ ਰਾਹਤ ਦੇਣ ਭਾਵ ਬਿਜਲੀ ਦਰਾਂ ਘਟਾਉਣ ਵਿਚ ਮਦਦਗਾਰੀ ਸਾਬਤ ਹੋਣਗੇ।

ਬਿਜਲੀ ਨਿਗਮ ਦਾ ਕਹਿਣਾ ਹੈ ਕਿ 6 ਤੋਂ 14 ਗਰੇਡ ਦੇ ਕੋਲੇ ਦੀਆਂ ਕੀਮਤਾਂ ਵਿਚ ਇਸ ਸਾਲ 9 ਜਨਵਰੀ ਤੋਂ 3 ਤੋਂ 22 ਫੀਸਦੀ ਵਾਧਾ ਹੋਇਆ ਹੈ। ਇਸ ਕਰਕੇ ਬਿਜਲੀ ਨਿਗਮ ਨੂੰ ਵਾਧਾ ਕਰਨ ਲਈ ਮਜਬੂਰ ਹੋਣਾ ਪਿਆ ਹੈ।

## *ਪਿਸ਼ਾਵਰ ਦੀ ਇਤਿਹਾਸਕ ਇਮਾਰਤ ਪਲਾਜ਼ਾ ਲਈ ਢਾਹੀ*

**ਪਿਸ਼ਾਵਰ:** ਬੌਲੀਵੁੱਡ ਦੇ ਉਘੇ ਅਦਾਕਾਰ ਰਾਜ ਕਪੂਰ ਦੀ ਪਿਸ਼ਾਵਰ ਸ਼ਹਿਰ 'ਚ ਜੱਦੀ ਹਵੇਲੀ ਨੇੜੇ ਇਤਿਹਾਸਕ ਇਮਾਰਤ ਨੂੰ ਢਾਹ ਦਿੱਤਾ ਗਿਆ ਹੈ। ਇਸ ਥਾਂ 'ਤੇ ਕਮਰਸ਼ੀਅਲ ਪਲਾਜ਼ਾ ਉਸਾਰੇ ਜਾਣ ਦੀ ਯੋਜਨਾ ਹੈ। ਇਸ ਨਾਲ ਦੋ ਸਰਕਾਰੀ ਵਿਭਾਗਾਂ ਦਰਮਿਆਨ ਵਿਵਾਦ ਪੈਦਾ ਹੋ ਗਿਆ ਹੈ।

ਪੁਰਾਤਤਵ ਵਿਭਾਗ ਨੇ ਇਮਾਰਤ ਦੇ ਮਾਲਕ ਅਤੇ ਔਕਾਫ ਟਰੱਸਟ ਖਿਲਾਫ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਹੈ ਜਿਸ ਨੇ ਇਮਾਰਤ ਨੂੰ ਢਾਹੁਣ ਲਈ 'ਇਤਰਾਜ਼ ਨਹੀਂ' ਦਾ ਸਰਟੀਫਿਕੇਟ ਜਾਰੀ ਕੀਤਾ ਸੀ। ਉਂਜ ਪੁਲਿਸ ਨੇ ਇਸ ਕੇਸ ਵਿਚ ਅਜੇ ਐਫ.ਆਈ.ਆਰ. ਦਰਜ ਨਹੀਂ ਕੀਤੀ ਹੈ। ਲੱਕੜ ਨਾਲ ਬਣੀ ਇਮਾਰਤ ਦੀ ਉਸਾਰੀ 1830-60 ਦੌਰਾਨ ਹੋਈ ਸੀ। ਇਹ ਇਮਾਰਤ ਪਿਸ਼ਾਵਰ ਸ਼ਹਿਰ ਦੀ ਸ਼ਾਨ ਸੀ ਅਤੇ ਪੁਰਾਤਤਵ ਵਿਭਾਗ ਐਂਟੀਕੁਇਟੀ ਐਕਟ ਤਹਿਤ ਇਸ ਨੂੰ ਬਚਾਉਣਾ ਚਾਹੁੰਦਾ ਸੀ ਜਿਸ ਦੀ ਸ਼ਿਕਾਇਤ ਪੁਲਿਸ ਨੂੰ ਕੀਤੀ ਗਈ ਹੈ।

## ਰਾਜਪੁਰਾ ਨੇੜਲੇ ਛੇ ਪਿੰਡਾਂ ਵਿਚ ਉਦਯੋਗ ਲਾਉਣ ਲਈ ਹਰੀ ਝੰਡੀ

**ਮੁਹਾਲੀ:** ਪੰਜਾਬ ਸਰਕਾਰ ਨੇ ਆਪਣੇ ਚੋਣ ਵਾਅਦੇ 'ਘਰ-ਘਰ ਰੁਜ਼ਗਾਰ' ਤਹਿਤ ਰਾਜਪੁਰਾ ਤਹਿਸੀਲ ਦੇ ਪਿੰਡਾਂ 'ਚ ਸਨਅਤ ਲਾਉਣ ਦਾ ਫੈਸਲਾ ਕੀਤਾ ਹੈ। ਰਾਜਪੁਰਾ ਦੇ ਮੌਜੂਦਾ ਮਾਸਟਰ ਪਲਾਨ ਵਿਚ ਸੋਧ ਨੂੰ ਮਨਜ਼ੂਰੀ ਦਿੱਤੀ ਗਈ ਹੈ, ਜਿਸ ਨਾਲ ਪਿੰਡ ਮਿਰਜ਼ਾਪੁਰ, ਗੱਦੋ ਮਾਜਰਾ, ਕੋਟਲਾ, ਭੱਪਲ, ਦਬਾਲੀ ਕਲਾਂ ਅਤੇ ਮੰਗਪੁਰ ਦੀ ਜਰਖੇਜ਼ ਭੂਮੀ ਵਿਚ ਉਦਯੋਗਿਕ ਇਕਾਈਆਂ ਸਥਾਪਤ ਕੀਤੀਆਂ ਜਾਣਗੀਆਂ। ਇਸ ਨਾਲ ਜ਼ਿਲ੍ਹਾ ਮੁਹਾਲੀ, ਪਟਿਆਲਾ, ਫਤਹਿਗੜ੍ਹ ਸਾਹਿਬ ਅਤੇ ਰੂਪਨਗਰ ਦੇ ਨੌਜਵਾਨਾਂ ਨੂੰ ਰੁਜ਼ਗਾਰ ਦੇ ਅਵਸਰ ਪ੍ਰਦਾਨ ਕੀਤੇ ਜਾਣਗੇ।

ਇਹ ਮਹੱਤਵਪੂਰਨ ਫੈਸਲਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਲਿਆ। ਮੀਟਿੰਗ ਵਿਚ ਇਕ ਮੁੱਖ ਏਜੰਡਾ ਸੂਬੇ ਦੇ ਵੱਖ-ਵੱਖ ਸ਼ਹਿਰਾਂ/ ਕਸਬਿਆਂ ਦੇ ਜ਼ੋਨਿੰਗ ਨਿਯਮਾਂ ਅਤੇ ਮਾਸਟਰ ਪਲਾਨ ਦੇ ਡਿਵੈਲਪਮੈਂਟ ਕੰਟਰੋਲ ਵਿਚ ਇਕਸਾਰਤਾ ਲਿਆਉਣ ਸਬੰਧੀ ਪੇਸ਼ ਕੀਤਾ ਗਿਆ ਸੀ। ਇਸ ਦੌਰਾਨ ਫੈਸਲਾ ਕੀਤਾ ਗਿਆ ਕਿ ਭਵਿੱਖ ਵਿਚ ਪ੍ਰਤੀ ਏਕੜ ਵਿਚ ਫਲੈਟਾਂ ਦੀ ਗਿਣਤੀ 'ਤੇ ਕੋਈ ਪਾਬੰਦੀ ਨਹੀਂ ਹੋਵੇਗੀ ਅਤੇ ਪ੍ਰਤੀ ਪਰਿਵਾਰ ਦਾ ਆਕਾਰ ਮੌਜੂਦਾ 5 ਵਿਅਕਤੀ ਪ੍ਰਤੀ ਪਰਿਵਾਰ ਤੋਂ ਘਟਾ ਕੇ 4.5 ਵਿਅਕਤੀ ਪ੍ਰਤੀ ਪਰਿਵਾਰ ਕਰ ਦਿੱਤਾ ਗਿਆ ਹੈ। ਇਸ ਦਾ ਬਿਲਡਰਾਂ ਨੂੰ ਬਹੁਤ ਲਾਭ ਹੋਵੇਗਾ। ਪੀ.ਆਰ.ਟੀ.ਪੀ.ਡੀ.ਬੀ. ਦੇ ਏਜੰਡੇ ਤੋਂ ਇਲਾਵਾ ਹੋਰ ਵੱਖ-ਵੱਖ ਸਮੂਹ ਅਥਾਰਟੀਆਂ ਦੇ ਏਜੰਡੇ ਪੇਸ਼ ਕੀਤੇ ਗਏ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਰਾਜਪੁਰਾ ਕਈ ਨਾਮੀ ਕੰਪਨੀਆਂ ਅਤੇ ਛੋਟੀਆਂ ਸਨਅਤਾਂ ਹਨ।

# ਏਨਾ ਬੇਵੱਸ ਕਿਉਂ ਹੋ ਗਿਆ ਹੈ ਵੱਡਾ ਬਾਦਲ!

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਸਿਹਤ ਕੁਝ ਜ਼ਿਆਦਾ ਵਿਗੜ ਜਾਣ ਕਾਰਨ ਪਿਛਲੇ ਦੋ ਦਿਨ ਜਦੋਂ ਹਸਪਤਾਲ ਵਿਚ ਰਹਿਣਾ ਪਿਆ ਤਾਂ ਹਰ ਤਰ੍ਹਾਂ ਦੀ ਸਿਆਸੀ ਅਤੇ ਪੱਤਰਕਾਰੀ ਸਰਗਰਮੀ ਨਾਲੋਂ ਸੰਪਰਕ ਬੰਦ ਕਰਨਾ ਪਿਆ ਸੀ। ਇਸ ਹਾਲਤ ਵਿਚ ਹੋਰ ਕੁਝ ਨਹੀਂ ਸੀ ਕਰ ਸਕਦਾ, ਪਰ ਦਿਮਾਗ ਵਿਹਲਾ ਨਹੀਂ ਸੀ ਰਹਿਣ ਵਾਲਾ, ਇਸ ਲਈ ਬੀਤੇ ਦਿਨਾਂ ਦੀਆਂ ਘਟਨਾਵਾਂ ਨੂੰ ਇੱਕ ਜਾਂ ਦੂਸਰੇ ਪੱਖੋਂ ਵਿਚਾਰਨ ਤੇ ਉਨ੍ਹਾਂ ਦੇ ਕਾਰਨ ਸਮਝਣ ਦਾ ਯਤਨ ਆਪਣੇ ਆਪ ਇਸ ਸਿਰ ਵਿਚ ਹੁੰਦਾ ਰਿਹਾ।

ਇਸ ਦੌਰਾਨ ਬਹੁਤਾ ਧਿਆਨ ਪਿਛਲੇ ਐਤਵਾਰ ਦੀਆਂ ਕਾਂਗਰਸ ਤੇ ਅਕਾਲੀ ਦਲ ਦੀਆਂ ਰੈਲੀਆਂ ਅਤੇ ਕੋਟਕਪੂਰਾ-ਬਰਗਾੜੀ ਮਾਰਚ ਵਾਲੇ ਮੁੱਦੇ ਵੱਲ ਲੱਗਾ ਰਿਹਾ। ਅੱਗੋਂ ਇਸ ਧਿਆਨ ਦਾ ਵੱਡਾ ਹਿੱਸਾ ਪ੍ਰਕਾਸ਼ ਸਿੰਘ ਬਾਦਲ ਨੇ ਮੱਲੀ ਰੱਖਿਆ। ਪ੍ਰਕਾਸ਼ ਸਿੰਘ ਬਾਦਲ ਦਾ ਹਮਾਇਤੀ ਮੈਂ ਕਦੇ ਵੀ ਨਹੀਂ ਰਿਹਾ, ਪਰ ਕੁਝ ਗੱਲਾਂ ਇਹੋ ਜਿਹੀਆਂ ਚੇਤੇ ਆਈਆਂ, ਜਿਨ੍ਹਾਂ ਕਾਰਨ ਮਨ ਵਿਚ ਇਹ ਖਿਆਲ ਆਉਣ ਲੱਗਾ ਕਿ ਇਹ ਬੰਦਾ ਬੇਵੱਸ ਨਾ ਹੋ ਚੁੱਕਾ ਹੁੰਦਾ ਤਾਂ ਆਹ ਹਾਲਾਤ ਨਹੀਂ ਸੀ ਹੋਣੇ।

ਪਿਛਲੇ ਐਤਵਾਰ ਜਦੋਂ ਪਟਿਆਲੇ ਦੀ ਰੈਲੀ ਵਿਚ ਸਿਕੰਦਰ ਸਿੰਘ ਮਲੂਕਾ ਅਤੇ ਬੀਬੀ ਜਗੀਰ ਕੌਰ ਨੇ ਦੋ ਚੈਨਲਾਂ ਅਤੇ ਇੱਕ ਅਖਬਾਰ ਦਾ ਨਾਂ ਲੈ ਕੇ ਉਨ੍ਹਾਂ ਦੇ ਬਾਈਕਾਟ ਦਾ ਅਣਕਿਆਸਿਆ ਸੱਦਾ ਦੇ ਦਿੱਤਾ ਤਾਂ ਮੈਂ ਆਪਣੇ ਨਾਲ ਬੈਠੇ ਇੱਕ ਸੱਜਣ ਨੂੰ ਕਿਹਾ ਸੀ, ਇਹ ਨਹੀਂ ਬੋਲ ਰਹੇ, ਸੁਖਬੀਰ ਦੀ ਚਾਲ ਬੋਲਦੀ ਪਈ ਹੈ। ਉਨ੍ਹਾਂ ਨੇ ਕਾਰਨ ਪੁੱਛਿਆ ਤਾਂ ਮੈਂ ਕਿਹਾ ਸੀ ਕਿ ਸੁਖਬੀਰ ਨੇ ਇਨ੍ਹਾਂ ਦੋਵਾਂ ਤੋਂ ਇਹ ਗੱਲ ਕਹਾਈ ਹੈ ਕਿ ਜੇ ਸਟੇਜ ਉਤੇ ਬੈਠੇ ਬਜ਼ੁਰਗਾਂ ਵਿਚੋਂ ਕਿਸੇ ਨੇ ਬੁਰਾ ਮਨਾਇਆ ਤਾਂ ਮੈਂ ਜਾ ਕੇ ਸੋਧ ਲਵਾਂਗਾ, ਨਹੀਂ ਤਾਂ ਅਗਲਾ ਗੇਅਰ ਲਾ ਦੇਵਾਂਗਾ।

ਹੋਇਆ ਵੀ ਇਹੋ ਹੀ। ਵੱਡੇ ਬਾਦਲ ਦੇ ਭਾਸ਼ਣ ਵਿਚ ਏਦਾਂ ਦੀ ਗੱਲ ਨਹੀਂ ਸੀ। ਸਾਫ ਹੈ ਕਿ ਉਹ ਸਹਿਮਤ ਨਹੀਂ, ਪਰ ਵਿਰੋਧ ਨਹੀਂ ਸੀ ਕਰ ਸਕਿਆ। ਇਹ ਗੱਲ ਇਸ ਲਈ ਹੈ ਕਿ ਉਹ ਪਹਿਲਾਂ ਵਾਲਾ ਬਾਦਲ ਨਹੀਂ ਰਿਹਾ, ਅੱਜ ਵਾਲੇ ਪ੍ਰਕਾਸ਼ ਸਿੰਘ ਬਾਦਲ ਦਾ ਨਿਤਾਣਾਪਣ ਏਨਾ ਹੈ ਕਿ ਉਹ ਅੱਖਾਂ ਸਾਹਮਣੇ ਸਭ ਕੁਝ ਹੁੰਦਾ ਵੇਖ ਅਤੇ ਸੁਣ ਸਕਦਾ ਹੈ, ਦਖਲ ਦੇਣ ਦੀ ਸਥਿਤੀ ਵਿਚ ਨਹੀਂ। ਜਦੋਂ ਉਸ ਕੋਲ ਸਾਰੇ ਕੁਝ ਦੀ ਕਮਾਨ ਹੁੰਦੀ ਸੀ, ਉਹ ਵਿਰੋਧੀ ਵਿਚਾਰਾਂ ਦਾ ਸਾਹਮਣਾ ਕਰਨਾ ਜਾਣਦਾ ਸੀ ਅਤੇ ਆਪਣੇ ਢੰਗ ਨਾਲ ਕਰਦਾ ਵੀ ਹੁੰਦਾ ਸੀ, ਕਦੀ ਕਿਸੇ ਦਾ ਬਾਈਕਾਟ ਕਰਨ ਜਾਂ ਮੈਦਾਨ ਖਾਲੀ ਛੱਡਣ ਦਾ ਰਾਹ ਨਹੀਂ ਸੀ ਫੜਿਆ।

ਬਹੁਤੇ ਲੋਕਾਂ ਨੂੰ ਇਹ ਚੇਤੇ ਨਹੀਂ ਹੋਣਾ ਕਿ ਜਿਹੜੇ ਤੇਜਾ ਸਿੰਘ ਬਾਦਲ ਨੇ ਪ੍ਰਕਾਸ਼ ਸਿੰਘ ਬਾਦਲ ਨੂੰ ਰਾਜਨੀਤੀ ਦੇ ਮੈਦਾਨ ਵਿਚ ਲਿਆਂਦਾ ਸੀ, ਪ੍ਰਕਾਸ਼ ਸਿੰਘ ਬਾਦਲ ਦੀ ਚੜ੍ਹਤ ਦੇ ਦੌਰ ਵਿਚ ਉਹ ਬੁਰੇ ਹਾਲਾਤ ਵਿਚ ਰਿਹਾ ਸੀ। ਜਦੋਂ



ਉਸ ਦਾ ਦੇਹਾਂਤ ਹੋਇਆ, ਉਦੋਂ ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਸੀ ਤੇ ਟੌਹੜਾ ਧੜਾ ਅਕਾਲੀ ਦਲ ਨਾਲੋਂ ਵੱਖਰਾ ਸੀ। ਭੋਗ ਪੈਣ ਦੇ ਵਕਤ ਪ੍ਰਕਾਸ਼ ਸਿੰਘ ਬਾਦਲ ਅਤੇ ਉਸ ਦੀ ਪਤਨੀ ਵੀ ਆਏ ਤੇ ਮੱਥਾ ਟੇਕ ਕੇ ਬੈਠ ਗਏ। ਜਿਹੜਾ ਵੀ ਬੁਲਾਰਾ ਬੋਲਿਆ, ਉਹ ਟੌਹੜਾ ਧੜੇ ਦਾ ਹੋਵੇ, ਦਿੱਲੀ ਦੇ ਸਰਨਿਆਂ ਵਾਲੇ ਅਕਾਲੀ ਦਲ ਦਾ ਜਾਂ ਪੰਜਾਬ ਕਾਂਗਰਸ ਦਾ ਕੋਈ ਆਗੂ, ਹਰ ਕਿਸੇ ਨੇ ਪ੍ਰਕਾਸ਼ ਸਿੰਘ ਬਾਦਲ ਨੂੰ ਰੱਜ ਕੇ ਭੰਡਣ ਉਤੇ ਜ਼ੋਰ ਲਾਇਆ। ਬੜੇ ਲੋਕ ਇਹ ਸੋਚ ਰਹੇ ਸਨ ਕਿ ਇਹ ਮੀਆਂ-ਬੀਵੀ ਕਿਸੇ ਵੇਲੇ ਵੀ ਉਠ ਕੇ ਤੁਰ ਪੈਣਗੇ। ਉਹ ਨਹੀਂ ਸੀ ਗਏ। ਕੁਝ ਲੋਕ ਇਸ ਝਾਕ ਵਿਚ ਬੈਠੇ ਸਨ ਕਿ ਜਦੋਂ ਇਹ ਜਾਣ ਲੱਗੇ ਤਾਂ ਅਸੀਂ ਹੂਟਿੰਗ ਕਰਾਂਗੇ, ਉਹ ਵੀ ਨਿਰਾਸ਼ ਹੋ ਗਏ।

ਪ੍ਰਸ਼ਾਦ ਵਰਤਣ ਪਿੱਛੋਂ ਬਾਹਰ ਨਿਕਲਦੇ ਪ੍ਰਕਾਸ਼ ਸਿੰਘ ਬਾਦਲ ਨੂੰ ਇੱਕ ਪੱਤਰਕਾਰ ਨੇ ਛੇੜਨ ਦੀ ਭਾਸ਼ਾ ਵਿਚ ਪੁੱਛ ਲਿਆ, "ਬਾਦਲ ਸਾਹਿਬ ਏਦਾਂ ਦੇ ਮੌਕੇ ਤੁਹਾਡੇ ਨਾਲ ਆਹ ਜੋ ਕੁਝ ਇਨ੍ਹਾਂ ਨੇ ਕੀਤਾ ਹੈ, ਇਹ ਕਰਨਾ ਨਹੀਂ ਸੀ ਚਾਹੀਦਾ!" ਬਾਦਲ ਨੇ ਹੌਲੀ ਜਿਹਾ ਸਿਰਫ ਏਨਾ ਕਿਹਾ ਸੀ, "ਉਨ੍ਹਾਂ ਦੇ ਮਨ ਵਿਚ ਜਿੰਨਾ ਰੋਸ ਸੀ, ਉਨ੍ਹਾਂ ਨੇ ਕੱਢ ਲਿਆ, ਮੈਨੂੰ ਕੋਈ ਗਿਲਾ ਨਹੀਂ।" ਏਨੇ ਸ਼ਬਦਾਂ ਨਾਲ ਉਹ ਉਥੇ ਖੜ੍ਹੇ ਸਾਰੇ ਪੱਤਰਕਾਰਾਂ ਨੂੰ ਇਸ ਖਬਰ ਦਾ ਮਸਾਲਾ ਦੇ ਗਿਆ, 'ਏਨੀ ਹਲੀਮੀ ਵਾਲਾ ਹੈ, ਵੱਡਾ ਬਾਦਲ।'

ਸਾਨੂੰ ਕੈਪਟਨ ਅਮਰਿੰਦਰ ਸਿੰਘ ਦੀ ਪਿਛਲੀ ਸਰਕਾਰ ਦਾ ਉਹ ਵਕਤ ਵੀ ਯਾਦ ਹੈ, ਜਦੋਂ ਬਾਦਲ ਬਾਪ-ਬੇਟੇ ਦਾ ਵਾਰੰਟ ਬਣਦਾ ਪਿਆ ਸੀ ਤੇ ਕਿਸੇ ਵਕਤ ਵੀ ਗ੍ਰਿਫਤਾਰੀ ਹੋਣ ਦਾ ਡਰ ਸੀ। ਉਦੋਂ ਅਕਾਲੀ ਦਲ ਨੇ ਇੱਕ ਰੈਲੀ ਲੁਧਿਆਣੇ ਦੇ ਨੇੜੇ ਕਿਸੇ ਥਾਂ ਕੀਤੀ ਸੀ। ਆਪਣੇ ਭਾਸ਼ਣਾਂ ਵਿਚ ਟੋਟਕੇ ਸੁਣਾਉਣ ਦਾ ਮਾਹਰ ਬਾਦਲ ਤੋਂ ਵੱਡਾ ਨਹੀਂ ਲੱਭਦਾ। ਉਸ ਨੇ ਕਿਹਾ, "ਮੈਨੂੰ ਇਸ ਰੈਲੀ ਵਿਚ ਆਉਣ ਲੱਗੇ ਨੂੰ ਪੱਤਰਕਾਰਾਂ ਨੇ ਦੱਸਿਆ ਕਿ ਸਰਕਾਰ ਤੁਹਾਡੇ ਵਾਰੰਟ ਬਣਾਈ ਜਾਂਦੀ ਹੈ। ਉਹ ਮੇਰਾ ਪ੍ਰਤੀਕਰਮ ਪੁੱਛਦੇ ਸਨ, ਮੈਂ ਕਿਹਾ ਸੀ ਕਿ ਫੌਜ ਦੀ ਭਰਤੀ ਵਿਚ ਵੱਡੇ ਅਫਸਰਾਂ ਨੇ ਇੰਟਰਵਿਊ ਦੇਣ ਆਏ ਇੱਕ ਮੁੰਡੇ ਨੂੰ ਪੁੱਛਿਆ ਸੀ, 'ਤੂੰ ਜੰਗਲ ਵਿਚ ਜਾ ਰਿਹਾ ਹੋਵੇਂ ਤੇ ਅੱਗੋਂ ਸ਼ੇਰ ਆ ਜਾਵੇ, ਤੂੰ ਫਿਰ ਕੀ ਕਰੇਂਗਾ? ਉਸ ਮੁੰਡੇ ਨੇ ਕਿਹਾ ਸੀ, ਮੈਂ ਕੀ ਕਰਨਾ ਹੈ, ਜੋ ਕੁਝ ਕਰਨਾ ਹੋਇਆ, ਸ਼ੇਰ ਨੇ ਆਪੇ ਹੀ ਕਰ ਲੈਣਾ ਹੈ।' ਮੈਂ ਵੀ ਪੱਤਰਕਾਰਾਂ ਨੂੰ ਕਹਿ ਦਿੱਤਾ ਕਿ ਐਸ ਵੇਲੇ ਅਮਰਿੰਦਰ ਸਿੰਘ ਉਸ ਸ਼ੇਰ ਵਾਲੀ ਸਥਿਤੀ ਵਿਚ ਹੈ, ਉਸ ਨੇ ਜੋ ਵੀ ਕਰਨਾ ਹੋਵੇਗਾ, ਅਸੀਂ ਉਸ ਨੂੰ ਰੋਕ ਨਹੀਂ ਸਕਦੇ, ਜਦੋਂ ਲੋਕਾਂ ਵਿਚ ਜਾਣ ਦਾ ਮੌਕਾ ਲੱਗਾ, ਉਦੋਂ ਸਾਰਾ ਲੇਖਾ ਕਰ ਲਿਆ ਜਾਵੇਗਾ।' ਇੰਜ ਉਸ ਨੇ ਕੇਸ ਦੇ ਵਾਰੰਟਾਂ ਬਾਰੇ ਆਪਣੀ ਬੇਵੱਸੀ ਵੀ ਦੱਸ ਦਿੱਤੀ ਤੇ ਅੱਗੋਂ ਦਾ ਦਬਕਾ ਮਾਰ ਕੇ ਗੱਲ ਵੀ ਟਾਲ ਦਿੱਤੀ ਸੀ।

ਉਸ ਤੋਂ ਵੀ ਪਹਿਲਾਂ ਦਾ ਇੱਕ ਮੌਕਾ ਵਿਧਾਨ ਸਭਾ ਵਿਚ ਵੇਖਿਆ ਗਿਆ ਸੀ, ਜਦੋਂ ਕੈਪਟਨ ਅਮਰਿੰਦਰ ਸਿੰਘ ਨੇ ਪਹਿਲੀ ਵਾਰੀ ਪੰਜਾਬ ਦੀ ਕਮਾਨ ਸੰਭਾਲੀ ਸੀ। ਜਿਵੇਂ ਅਸੀਂ ਪਿਛਲੇ ਅਗਸਤ ਮਹੀਨੇ ਜਸਟਿਸ ਰਣਜੀਤ ਸਿੰਘ ਦੀ ਜਾਂਚ ਰਿਪੋਰਟ ਉਤੇ ਬਹਿਸ ਵੇਲੇ ਬਾਦਲ ਅਕਾਲੀ ਦਲ 'ਤੇ ਧੂੰਆਂਧਾਰ ਚਾਂਦਮਾਰੀ ਹੁੰਦੀ ਵੇਖੀ ਹੈ, ਕੈਪਟਨ ਅਮਰਿੰਦਰ ਸਿੰਘ ਦੀ ਪਹਿਲੀ ਸਰਕਾਰ ਦੇ ਪਹਿਲੇ ਵਿਧਾਨ ਸਭਾ ਇਜਲਾਸ ਵਿਚ ਵੀ ਏਦਾਂ ਹੀ ਹੋਈ ਸੀ। ਗਿਣ-ਗਿਣ ਕੇ ਨੁਕਸ ਕੱਢੇ ਗਏ ਤੇ ਸਾਰਾ ਦੋਸ਼ ਪਿਛਲੀ ਸਰਕਾਰ ਦੇ ਮੁਖੀ ਵਜੋਂ ਵੱਡੇ ਬਾਦਲ 'ਤੇ ਲਾਇਆ ਗਿਆ। ਅਕਾਲੀ ਦਲ ਦੇ ਜਿੰਨੇ ਵੱਡੇ ਜਾਂ ਛੋਟੇ ਆਗੂ ਬਹਿਸ ਵਿਚ ਬੋਲੇ, ਬਹੁਤ ਕੌੜੀ ਭਾਸ਼ਾ ਵਰਤਦੇ ਰਹੇ ਤੇ ਹਰ ਕੋਈ ਹੈਰਾਨ ਸੀ ਕਿ ਵੱਡੇ ਬਾਦਲ ਦੇ ਬੋਲਣ ਲਈ ਅਕਾਲੀ ਦਲ ਨੇ ਸਮਾਂ ਹੀ ਨਹੀਂ ਬਚਣ ਦਿੱਤਾ।

ਅਖੀਰ ਜਦੋਂ ਪ੍ਰਕਾਸ਼ ਸਿੰਘ ਬਾਦਲ ਨੇ ਬੋਲਣਾ ਸੀ, ਬੜੇ ਥੋੜ੍ਹੇ ਸਮੇਂ ਵਿਚ ਆਪਣੀ ਗੱਲ ਆਖ ਕੇ ਇਨ੍ਹਾਂ ਲਫਜ਼ਾਂ ਨਾਲ ਸਿਰੇ ਲਾ ਦਿੱਤੀ ਕਿ ਅਸੀਂ ਤਾਂ ਸਾਰਾ ਕੁਝ ਗਲਤ ਕੀਤਾ ਸੀ, ਸਾਡੀਆਂ ਗਲਤੀਆਂ ਤੋਂ ਤੁਸੀਂ ਹੀ ਸਿੱਖ ਲਵੋ, ਅੱਗੋਂ ਤੁਸੀਂ ਪੰਜਾਬ ਦਾ ਨੁਕਸਾਨ ਹੋਣ ਤੋਂ ਰੋਕ ਲਓ। ਨਾ ਕੋਈ ਸਫਾਈ ਦਿੱਤੀ ਤੇ ਨਾ ਕੋਈ ਗੁਨਾਹ ਮੰਨਿਆ, ਬਹੁਤ ਆਰਾਮ ਨਾਲ ਗੱਲ ਤਿਲਕਾ ਕੇ ਤੁਰ ਗਿਆ, ਪਰ ਉਠ ਕੇ ਬਾਹਰ ਨਹੀਂ ਸੀ ਗਿਆ। ਉਸ ਪਿੱਛੋਂ ਜਦੋਂ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਬਹਿਸ ਸਮੇਟਦਿਆਂ ਫਿਰ ਤਿੱਖੇ ਹਮਲੇ ਕੀਤੇ ਤਾਂ ਅਕਾਲੀ ਲੀਡਰ ਭੁੜਕਣ ਲੱਗੇ ਸਨ, ਪਰ ਵੱਡੇ ਬਾਦਲ ਨੇ ਇਹ ਕਹਿ ਕੇ ਰੋਕ ਦਿੱਤਾ ਸੀ, "ਉਨ੍ਹਾਂ ਦਾ ਸਮਾਂ ਹੈ, ਮਨ ਦੀ ਗੱਲ ਕਹਿ ਲੈਣ ਦਿਓ।"

ਅੱਜ ਦਾ ਪ੍ਰਕਾਸ਼ ਸਿੰਘ ਬਾਦਲ ਜੇ ਪੁੱਤਰ ਤੇ ਉਸ ਦੇ ਜੋਤੀਦਾਰਾਂ ਅੱਗੇ ਬੇਵੱਸ ਨਾ ਹੋ ਜਾਂਦਾ ਤਾਂ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਪੇਸ਼ ਹੋਣ ਵਾਲੇ ਦਿਨ ਵਿਧਾਨ ਸਭਾ ਤੋਂ ਭੱਜਣ ਦਾ ਫੈਸਲਾ ਕਦੇ ਨਾ ਕਰਨ ਦਿੰਦਾ ਅਤੇ ਉਥੇ ਬੈਠ ਕੇ ਸਾਰਾ ਕੁਝ ਸੁਣਦਾ। ਅਸੀਂ ਪੰਜਾਬ ਵਿਚ ਸੁਣਿਆ ਸੀ ਕਿ ਬਾਪੂ ਨੂੰ ਬਰਾਤ ਦੇ ਨਾਲ ਸੰਦੂਕ ਵਿਚ ਲੁਕਾ ਕੇ ਲੈ ਗਏ ਸਨ, ਉਹ ਲੋਕ ਸਿਆਣੇ ਹੋਣਗੇ, ਬਾਪੂ ਬਾਦਲ ਦੀ ਅਗਲੀ ਪੀੜ੍ਹੀ ਉਨ੍ਹਾਂ ਬਰਾਤੀਆਂ ਜਿੰਨੀ ਸਿਆਣੀ ਵੀ ਨਹੀਂ।

ਤੇ ਆਖਰੀ ਗੱਲ ਇਹ ਕਿ ਕੈਪਟਨ ਅਮਰਿੰਦਰ ਸਿੰਘ ਦੀ ਪਿਛਲੀ ਸਰਕਾਰ ਦੇ ਵੇਲੇ ਹੀ ਵਿਧਾਨ ਸਭਾ ਵਿਚ ਇੱਕ ਹੋਰ ਘਟਨਾ ਵਾਪਰ ਗਈ ਸੀ। ਬਾਦਲ ਪਿਤਾ-ਪੁੱਤਰ ਉਤੇ ਕੇਸ ਦਰਜ ਹੋਣ ਪਿੱਛੋਂ ਹੋ ਰਹੀ ਬਹਿਸ ਵਿਚ ਇੱਕ ਮੌਕੇ ਵੱਡੇ ਬਾਦਲ ਨੇ ਇੱਕ ਗੱਲ ਦਾ ਜ਼ਿਕਰ ਕਰ ਕੇ ਸਭ ਨੂੰ ਹੈਰਾਨ ਕਰ ਦਿੱਤਾ ਸੀ। ਉਨ੍ਹਾਂ ਕਿਹਾ ਕਿ ਜਦੋਂ ਮੈਂ ਮੁੱਖ ਮੰਤਰੀ ਸਾਂ ਤਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਡਿੱਗ ਕੇ ਮੇਰਾ ਚੂਲਾ ਟੁੱਟ ਗਿਆ ਸੀ, ਪਰ ਮੇਰੀ ਸਕਿਓਰਿਟੀ ਦੇ ਮੁਖੀ ਅਫਸਰ ਨੇ ਡਾਕਟਰ ਨੂੰ ਫੋਨ ਕਰਨ ਦੀ ਥਾਂ ਪਹਿਲਾ ਫੋਨ ਅਮਰਿੰਦਰ ਸਿੰਘ ਜੀ ਤੁਹਾਨੂੰ ਕੀਤਾ ਸੀ ਕਿ ਚੋਣਾਂ ਸਿਰ ਉਤੇ ਹਨ ਤੇ ਆਹ ਤੁਹਾਡੇ ਲਈ ਚੰਗੀ ਖਬਰ ਆ ਗਈ ਹੈ। ਇਸ ਨਾਲ ਬਹਿਸ ਦਾ ਰੁਖ ਬਾਦਲ ਦੇ ਆਪਣੇ ਖਿਲਾਫ ਮੁੜ ਸਕਦਾ ਸੀ ਕਿ ਉਸ ਨੂੰ ਕਿਵੇਂ ਪਤਾ, ਜਾਂ ਤਾਂ ਉਹ ਅਮਰਿੰਦਰ ਸਿੰਘ ਦੇ ਫੋਨ ਟੈਪ ਕਰਾਉਂਦਾ ਰਿਹਾ ਹੋਵੇਗਾ ਜਾਂ ਆਪਣੀ ਸੁਰੱਖਿਆ ਵਾਲੇ ਮੁਖੀ ਦੇ ਕਰਾਉਂਦਾ ਹੋਵੇਗਾ, ਪਰ ਉਸ ਨੇ ਇਹ ਮੌਕਾ ਹੀ ਨਹੀਂ ਆਉਣ ਦਿੱਤਾ। ਇਸ ਦੀ ਥਾਂ ਅਗਲੀ ਗੱਲ ਇਹ ਆਖ ਦਿੱਤੀ ਕਿ ਅਮਰਿੰਦਰ ਸਿੰਘ ਜੀ, ਅਫਸਰ ਕਿਸੇ ਦੇ ਸਕੇ ਨਹੀਂ ਹੋਇਆ ਕਰਦੇ, ਇਨ੍ਹਾਂ ਦੀ ਸਾਂਝ ਕੁਰਸੀ ਨਾਲ ਹੁੰਦੀ ਹੈ, ਤੁਸੀਂ ਇਨ੍ਹਾਂ ਦੇ ਕਹੇ ਉਤੇ ਸਰਕਾਰ ਚਲਾਓਗੇ ਤਾਂ ਸਾਡੇ ਵਾਲੀਆਂ ਗਲਤੀਆਂ ਹੀ ਕਰ ਬੈਠੋਗੇ। ਬਹਿਸ ਦਾ ਰੁਖ ਇਸ ਨਾਲ ਇਸ ਪਾਸੇ ਮੁੜ ਗਿਆ ਸੀ ਕਿ ਪੰਜਾਬ ਵਿਚ ਅਫਸਰਸ਼ਾਹੀ ਭਾਰੂ ਹੋਈ ਜਾ ਰਹੀ ਹੈ, ਪਰ ਆਪਣੇ ਦੌਰ ਦੀਆਂ ਬੱਜਰ ਗਲਤੀਆਂ ਅਤੇ ਲਾਏ ਗਏ ਦੋਸ਼ਾਂ ਨੂੰ ਸੁਣਨ ਤੋਂ ਭੱਜਣ ਦੀ ਥਾਂ ਬਾਦਲ ਨੇ ਸਾਹਮਣਾ ਕੀਤਾ ਸੀ।

ਅੱਜ ਦੇ ਦੌਰ ਵਿਚ ਵੀ ਸਿਰਫ ਇਹੋ ਨਹੀਂ ਕਿ ਵਿਧਾਨ ਸਭਾ 'ਚੋਂ ਉਠਣ ਦੀ ਬਾਦਲ ਨੇ ਗੱਲ ਨਹੀਂ ਸੀ ਸੋਚਣੀ, ਉਸ ਦੇ ਹੱਥ ਕਮਾਨ ਹੁੰਦੀ ਤਾਂ ਮੀਡੀਆ ਚੈਨਲਾਂ ਤੇ ਅਖਬਾਰਾਂ ਦੇ ਬਾਈਕਾਟ ਦੇ ਬਿਆਨ ਵੀ ਕਿਸੇ ਮਲੂਕੇ ਜਾਂ ਜਗੀਰ ਕੌਰ ਨੇ ਨਹੀਂ ਸੀ ਦੇ ਸਕਣੇ ਤੇ ਮੀਡੀਆ ਵਾਲਿਆਂ ਬਾਰੇ ਇਹ ਲਫਜ਼ ਕਹਿਣ ਦੀ ਤਾਂ ਕਿਸੇ ਦੀ ਹਿੰਮਤ ਵੀ ਨਹੀਂ ਸੀ ਹੋਣੀ ਕਿ 'ਚੀਰ ਕੇ ਰੱਖ ਦਿਆਂਗੇ।' ਵੱਡਾ ਬਾਦਲ ਅਜੇ ਖੁਦ ਨੂੰ ਏਨਾ ਬੁੱਢਾ ਵੀ ਨਹੀਂ ਮੰਨਦਾ ਕਿ ਸੰਨਿਆਸ ਲੈ ਕੇ ਬੈਠ ਜਾਵੇ। ਫਿਰ ਉਸ ਨੂੰ ਜ਼ਿੰਮੇਵਾਰੀ ਸਮਝ ਕੇ ਦਖਲ ਦੇਣਾ ਚਾਹੀਦਾ ਹੈ। ਜੋ ਗਲਤ ਹੁੰਦਾ ਦਿਸਦਾ ਹੈ, ਰੋਕਣ ਦਾ ਬਲ ਧਾਰਨਾ ਚਾਹੀਦਾ ਹੈ। ਏਨਾ ਵੀ ਨਹੀਂ ਕਰਨਾ ਤਾਂ ਜੋ ਨੁਕਸਾਨ ਹੋ ਗਿਆ, ਉਸ ਦੀ ਜ਼ਿੰਮੇਵਾਰੀ ਕਿਸ ਦੇ ਸਿਰ ਪਵੇਗੀ, ਸਭ ਨੂੰ ਪਤਾ ਹੈ।

# ਬਰਗਾੜੀ: ਧਰਮ ਅਤੇ ਸਿਆਸਤ

ਧਰਮ ਤੇ ਸਿਆਸਤ ਇਕ ਦੂਜੇ ਲਈ ਲਗਾਤਾਰ ਮਸਲਾ ਬਣਦੇ ਆਏ ਹਨ ਅਤੇ ਇਸ ਬਾਰੇ ਅੰਤਿਮ ਫੈਸਲਾ ਸਦਾ ਹੀ ਸਿਆਸਤਦਾਨ ਲੈਂਦੇ ਆਏ ਹਨ। ਵਿਸਥਾਰ 'ਚ ਜਾਣੇ ਬਿਨਾ ਗੱਲ ਇਥੋਂ ਸ਼ੁਰੂ ਕਰਨੀ ਚਾਹੁੰਦਾ ਹਾਂ ਕਿ ਆਜ਼ਾਦ ਭਾਰਤ ਦੇ ਵਿਧਾਨ 'ਚ ਧਰਮ ਨਿਰਪੇਖ ਸਿਆਸਤ ਨੂੰ ਮਾਨਤਾ ਦਿੱਤੀ ਗਈ ਸੀ। ਧਰਮ ਨਿਰਪੇਖਤਾ ਦੇ ਵਿਰੋਧ 'ਚ ਆਰ. ਐਸ. ਐਸ. ਲਗਾਤਾਰ ਭੁਗਤਦੀ ਰਹੀ ਹੈ ਅਤੇ ਇਸ ਪਾਸੇ ਮੋਦੀ ਦੀ ਅਗਵਾਈ 'ਚ ਪਹਿਲੀ ਵਾਰ ਮਨਭਾਉਂਦੀ ਸਫਲਤਾ ਮਿਲ ਵੀ ਗਈ ਹੈ। ਧਰਮ ਨਿਰਪੇਖਤਾ ਨੂੰ ਧਰਮ ਵਿਹੂਣਤਾ

ਡਾ. ਬਲਕਾਰ ਸਿੰਘ, ਪਟਿਆਲਾ
ਫੋਨ: 91-93163-01328

ਵਾਂਗ ਪ੍ਰਚਾਰਨ ਨੂੰ ਪੂਰਬ ਤੇ ਪੱਛਮ ਦੀ ਲੜਾਈ ਵਾਂਗ ਪ੍ਰਚਾਰਨ ਦਾ ਕੰਮ ਵੀ ਭਾਜਪਾ ਦੇ ਸਿਆਸੀ ਏਜੰਡੇ ਵਾਂਗ ਸਫਲ ਹੋ ਗਿਆ ਹੈ। ਇਸੇ ਦੀ ਸਿਆਸਤ ਇਥੋਂ ਤੱਕ ਪਹੁੰਚ ਗਈ ਹੈ ਕਿ ਇਸਲਾਮੀ ਪਾਕਿਸਤਾਨ ਵਾਂਗ ਹਿੰਦੂ ਭਾਰਤ ਦਾ ਏਜੰਡਾ ਜਿਸ ਪਾਸੇ ਭਾਰਤ ਨੂੰ ਲੈ ਕੇ ਜਾ ਰਿਹਾ ਹੈ, ਉਸ ਨਾਲ ਭਾਰਤ ਨੂੰ ਭਾਰਤ ਰੱਖ ਸਕਣਾ ਮੁਸ਼ਕਿਲ ਹੁੰਦਾ ਜਾ ਰਿਹਾ ਹੈ।

ਇਸ ਸਥਿਤੀ ਵਿਚ ਬਰਗਾੜੀ ਦੇ ਹਵਾਲੇ ਨਾਲ ਜੋ ਕੁਝ ਸਾਹਮਣੇ ਆ ਰਿਹਾ ਹੈ, ਉਸ ਦੇ ਨਤੀਜਿਆਂ ਨੂੰ ਲੈ ਕੇ ਹਰ ਪੰਜਾਬੀ ਪ੍ਰੇਸ਼ਾਨ ਹੈ। ਇਸ ਹਾਲਤ ਵਿਚ ਜਿੰਨਾ ਧਰਮ ਨੂੰ ਸਿਆਸਤ ਤੋਂ ਬਚਾਉਣਾ ਜ਼ਰੂਰੀ ਹੋ ਗਿਆ ਹੈ, ਓਨਾ ਹੀ ਸਿਆਸਤ ਨੂੰ ਧਰਮ ਤੋਂ ਬਚਾਉਣਾ ਵੀ। ਇਹ ਸਮਝਣਾ ਸੌਖਾ ਹੈ ਕਿ ਜਿਸ ਤਰ੍ਹਾਂ ਧਰਮ ਅਤੇ ਸਿਆਸਤ ਇਕ ਦੂਜੇ ਨੂੰ ਫੇਲ੍ਹ ਕਰਨ ਵਾਲੇ ਰਾਹ ਪੈ ਗਏ ਹਨ, ਇਸ ਦੇ ਨਤੀਜਿਆਂ ਬਾਰੇ ਸੋਚਦਿਆਂ ਵੀ ਡਰ ਲੱਗਣ ਲੱਗ ਪਿਆ ਹੈ। ਹਰ ਕੋਈ ਹਰ ਕਿਸੇ ਨੂੰ ਦੱਸੀ ਜਾਂਦਾ ਹੈ ਕਿ ਧਰਮ ਅਤੇ ਸਿਆਸਤ ਦੇ ਰਲਗੱਡ ਹੋ ਜਾਣ ਦੇ ਜਿਹੋ ਜਿਹੇ ਨਤੀਜੇ ਵੀਹਵੀਂ ਸਦੀ ਦੇ ਪਿਛਲੇ ਦਹਾਕਿਆਂ ਵਿਚ ਪੰਜਾਬ ਭੁਗਤ ਚੁਕਾ ਹੈ, ਉਸ ਪਾਸੇ ਤੁਰਨ ਤੋਂ ਗੁਰੇਜ ਕਰਨਾ ਚਾਹੀਦਾ ਹੈ। ਫਿਰ ਵੀ ਹਰ ਕੋਈ ਉਸੇ ਪਾਸੇ ਨੂੰ ਭੱਜਿਆ ਜਾ ਰਿਹਾ ਲੱਗਣ ਲੱਗ ਪਿਆ ਹੈ।

ਇਹ ਠੀਕ ਹੈ ਕਿ ਬਾਣੀ ਦੀ ਬੇਅਦਬੀ ਦਾ ਮਸਲਾ ਆਮ ਪੰਜਾਬੀ ਦੀ ਮਾਨਸਿਕਤਾ ਵਿਚ ਡੂੰਘਾ ਉਤਰ ਗਿਆ ਹੈ। ਇਹ ਤਾਂ ਉਸ ਵੇਲੇ ਵੀ ਸੀ, ਜਦੋਂ ਸਿਰਸੇ ਵਾਲੇ ਪ੍ਰੇਮੀਆਂ ਨੂੰ ਗੁਰੂ ਗ੍ਰੰਥ ਸਾਹਿਬ ਚੋਰੀ ਕਰਨ ਦੀ ਖੁੱਲ੍ਹ ਦੇ ਦਿੱਤੀ ਗਈ ਸੀ। ਜਿਸ ਤਰ੍ਹਾਂ ਸਾਰਾ ਪੰਜਾਬ ਉਸ ਵੇਲੇ ਸੜਕਾਂ 'ਤੇ ਉਤਰ ਆਇਆ ਸੀ, ਉਸੇ ਤਰ੍ਹਾਂ 7 ਅਤੇ 14 ਅਕਤੂਬਰ ਨੂੰ ਤਿੰਨ ਸਾਲ ਬਾਅਦ ਬਰਗਾੜੀ ਵੱਲ ਫਿਰ ਸਾਰਾ ਪੰਜਾਬ ਆਪ ਮੁਹਾਰੇ ਤੁਰ ਪਿਆ ਲੱਗਦਾ ਸੀ। ਸੋਚਣ ਵਾਲੀ ਗੱਲ ਇਹ ਹੈ ਕਿ ਜਿਵੇਂ ਉਸ ਵੇਲੇ ਪੰਜਾਬੀਆਂ ਦੀਆਂ ਸੁੱਚੀਆਂ ਰੀਝਾਂ ਦੀ ਸਿਆਸਤ ਸਰਬੱਤ ਖਾਲਸਾ ਦੇ ਨਤੀਜਿਆਂ 'ਚ ਢਲ ਗਈ ਸੀ, ਕਿਧਰੇ ਉਸੇ ਤਰ੍ਹਾਂ ਇਕ ਵਾਰ ਫਿਰ ਇਹ ਰੀਝਾਂ ਸਿਆਸਤ ਦਾ ਸ਼ਿਕਾਰ ਨਾ ਹੋ ਜਾਣ?

ਕੌਣ ਕਿਸ ਨੂੰ ਸਮਝਾਏ ਕਿ ਧਰਮ ਸਦਾ ਹੀ ਸਿਆਸਤ ਹੱਥੋਂ ਹਾਰਦਾ ਰਿਹਾ ਹੈ ਕਿਉਂਕਿ ਜਿੰਨੀ ਕੁ ਖੁੱਲ੍ਹ ਕਿਸੇ ਵੀ ਹੱਦ ਤੱਕ ਜਾਣ ਦੀ ਸਿਆਸਤ ਨੂੰ ਹੈ, ਉਨੀ ਖੁੱਲ੍ਹ ਧਰਮ ਨੂੰ ਨਹੀਂ ਹੈ। ਧਰਮ ਦੀ ਜੇ ਨੈਤਿਕਤਾ ਵੱਲ ਪਿੱਠ ਹੋ ਜਾਏ ਤਾਂ ਧਰਮ ਵੀ ਸਿਆਸਤ ਹੋ ਜਾਂਦਾ ਹੈ ਤੇ ਸਿਆਸਤ ਦੀ ਜੇ ਨੈਤਿਕਤਾ ਨਾਲ ਗਲਵੱਕੜੀ ਪੈ ਜਾਏ ਤਾਂ ਸਿਆਸਤ ਵੀ ਧਰਮ ਹੋ ਜਾਂਦੀ ਹੈ। ਮੀਰੀ ਪੀਰੀ ਦੇ ਹਵਾਲੇ ਨਾਲ ਅਜਿਹੀਆਂ ਗੱਲਾਂ ਕੀਤੀਆਂ ਤਾਂ ਜਾ ਸਕਦੀਆਂ ਹਨ, ਪਰ ਅੱਜ ਅਜਿਹੇ ਸੰਤੁਲਨ ਦੀ ਆਸ ਨਾ ਹੀ ਧਾਰਮਿਕ ਲੀਡਰਸ਼ਿਪ ਤੋਂ ਕੀਤੀ ਜਾ ਸਕਦੀ ਹੈ ਅਤੇ ਨਾ ਹੀ ਸਿਆਸੀ ਲੀਡਰਸ਼ਿਪ ਤੋਂ। ਇਸੇ ਕਰਕੇ ਬਾਣੀ ਦੀ ਬੇਅਦਬੀ ਦੇ ਮਸਲੇ ਵਾਂਗ ਸ੍ਰੀ ਅਕਾਲ ਤਖਤ, ਸ਼੍ਰੋਮਣੀ ਕਮੇਟੀ, ਦਿੱਲੀ ਕਮੇਟੀ ਅਤੇ ਅਕਾਲੀ ਦਲ ਜਿਹੀਆਂ ਸੱਭੇ ਪੰਥਕ ਸੰਸਥਾਵਾਂ ਮਸਲਾ ਹੋ ਗਈਆਂ ਹਨ। ਇਹ ਦੁਖਾਂਤ ਸਿਆਸਤਦਾਨਾਂ ਦੇ ਪੈਰੋਂ ਪੈਦਾ ਹੋਇਆ ਹੈ ਤੇ ਇਸ ਨੂੰ ਸਿਆਸਤਦਾਨਾਂ ਵਲੋਂ ਹੱਲ ਕਰ ਸਕਣ ਦੀਆਂ ਤਿਫਲ ਤਸੱਲੀਆਂ ਦੇ ਸ਼ਿਕਾਰ ਹੋ ਕੇ ਇਸ ਦੁਖਾਂਤ ਨੂੰ ਹੋਰ ਸੰਘਣਾ ਕਰੀ ਜਾ ਰਹੇ ਹਾਂ।

14 ਅਕਤੂਬਰ ਨੂੰ ਪੰਜਾਬ ਦੇ ਜਿਨ੍ਹਾਂ ਸਿਆਸਤਦਾਨਾਂ ਨੇ ਸਿੱਧੇ-ਅਸਿੱਧੇ ਬਰਗਾੜੀ ਵੱਲ ਵਹੀਰਾਂ ਘੱਤੀਆਂ, ਹਰ ਕਿਸੇ ਦੀ ਕੋਸ਼ਿਸ਼ ਇਹੀ ਰਹਿਣੀ ਕਿ ਬਾਣੀ ਦੀ ਬੇਅਦਬੀ ਦੀ ਸਿਆਸਤ ਕਿਵੇਂ ਕਰਨੀ ਹੈ ਤੇ ਕਿਸ ਦੇ ਖਿਲਾਫ ਭੁਗਤਾਉਣੀ ਹੈ? ਪਿਛਲੇ ਤਿੰਨ ਸਾਲਾਂ ਤੋਂ ਆਪੋ ਆਪਣੀ ਸਿਆਸਤ 'ਚ ਉਲਝੇ ਸਿਆਸਤਦਾਨ ਬਰਗਾੜੀ ਇਕੱਠ ਨੂੰ ਲੈ ਕੇ ਜਿਸ ਤਰ੍ਹਾਂ ਪੱਬਾਂ ਭਾਰ ਹਨ, ਉਸ ਨਾਲ ਬਾਦਲਕੇ ਅਤੇ ਕੈਪਟਨ ਸਰਕਾਰ ਨਿਸ਼ਾਨੇ 'ਤੇ ਆ ਗਏ ਹਨ। ਕਾਰਨ ਇਹ ਹੈ ਕਿ ਆਮ ਆਦਮੀ ਪਾਰਟੀ (ਆਪ) ਵਾਲਾ ਸਿਆਸੀ ਲਾਣਾ ਕੈਪਟਨ ਸਰਕਾਰ ਦਾ ਬਦਲ ਬਣਨਾ ਚਾਹੁੰਦਾ ਹੈ ਅਤੇ ਪੰਥਕ ਜਥੇਬੰਦੀਆਂ ਦੀ ਹੋੜ ਬਾਦਲਕਿਆਂ ਦਾ ਬਦਲ ਬਣਨਾ ਚਾਹੁੰਦੀ ਹੈ।

ਇਕ ਪਾਸੇ ਬਦਲ ਬਣਨ ਦੇ ਇੱਛੁਕ ਹਨ, ਜਿਨ੍ਹਾਂ ਕੋਲ ਗੁਆਉਣ ਨੂੰ ਕੁਝ ਵੀ ਨਹੀਂ ਹੈ ਅਤੇ ਦੂਜੇ ਪਾਸੇ ਸਰਕਾਰ ਤੇ ਬਾਦਲਕੇ ਹਨ, ਜਿਨ੍ਹਾਂ ਕੋਲ ਬਚਾਉਣ ਨੂੰ ਘੱਟ ਅਤੇ ਗੁਆਉਣ ਨੂੰ ਵੱਧ ਹੈ। ਇਸੇ ਕਰਕੇ ਸਰਕਾਰ ਅਤੇ ਬਾਦਲਕਿਆਂ ਨੂੰ ਇਕੱਠੇ ਕਰਕੇ ਕੁੱਟਣ ਦੀ ਸਿਆਸਤ 'ਆਪ' ਦਾ ਸਿਆਸੀ ਲਾਣਾ ਕਰ ਰਿਹਾ ਹੈ ਅਤੇ ਇਸੇ ਵਿਚ ਪੰਥਕ ਧਿਰਾਂ ਨੂੰ ਭਾਈਵਾਲ ਬਣਾਉਣ ਦੀ ਲੋੜ ਉਪਜੀ ਹੈ। ਵੇਖਿਆ ਜਾਵੇ ਤਾਂ ਬਰਗਾੜੀ ਕਾਂਡ ਨੂੰ ਲੈ ਕੇ ਸਿਆਸੀ ਮੁਕਾਬਲਾ 'ਆਪ' ਦੇ ਸਿਆਸੀ ਲਾਣੇ ਤੇ ਪੰਥਕ ਧਿਰਾਂ ਵਿਚਾਲੇ ਰਹਿਣਾ ਹੈ। ਇਹ ਗੱਲ ਬਰਗਾੜੀ 'ਚੋਂ ਬਾਦਲਕੇ ਤੇ ਕੈਪਟਨ ਸਰਕਾਰ ਨੂੰ ਗੈਰਹਾਜ਼ਰ ਮੰਨ ਕੇ ਕਹੀ ਜਾ ਰਹੀ ਹੈ।

ਸਿਆਸਤ ਬਿਨਾ ਸ਼ੱਕ ਧਰਮ 'ਤੇ ਭਾਰੂ ਹੋ ਗਈ ਹੈ। ਇਸੇ ਕਰਕੇ ਬਾਣੀ ਦੀ ਬੇਅਦਬੀ ਦਾ ਧਾਰਮਿਕ ਮੁੱਦਾ, ਸਿਆਸਤ ਹੀ ਸਿਆਸਤ ਹੋ ਗਿਆ ਹੈ। ਬਰਗਾੜੀ ਵਿਖੇ ਸਿਆਸੀ ਫੱਟਿਆਂ ਦੀ ਭਰਮਾਰ ਵਿਚ ਵੀ ਬਾਣੀ ਦੀ ਬੇਅਦਬੀ ਦਾ ਮੁੱਦਾ ਭਾਵੇਂ ਕੇਂਦਰ ਵਿਚ ਸੀ/ਹੈ, ਪਰ ਨਤੀਜੇ ਸਿਆਸੀ ਹੀ ਨਿਕਲਣਗੇ। ਕਾਰਨ ਇਹ ਹੈ ਕਿ ਜਿਸ ਤਰ੍ਹਾਂ ਸਿਆਸੀ ਏਜੰਡੇ ਸਪਸ਼ਟ ਹਨ, ਉਸ ਤਰ੍ਹਾਂ ਧਾਰਮਿਕ ਏਜੰਡਾ ਸਪਸ਼ਟ ਨਹੀਂ ਹੈ। ਸਿਆਸੀ ਏਜੰਡੇ ਵਿਚ ਤਾਂ ਮੀਡੀਆ ਵਿਚ ਬਣੇ ਰਹਿਣਾ ਵੀ ਸ਼ਾਮਲ ਹੈ ਕਿਉਂਕਿ ਸਿਆਸੀ ਏਜੰਡੇ ਵਿਚ ਅਕਾਲ ਤਖਤ ਤੇ ਪੰਥਕ ਸੰਸਥਾਵਾਂ ਦੀ ਸਿੱਖ ਸਿਆਸਤਦਾਨਾਂ ਤੋਂ ਮੁਕਤੀ ਨੂੰ ਸ਼ਾਮਲ ਕੀਤਾ ਹੀ ਨਹੀਂ ਜਾ ਸਕਦਾ।

ਇਹ ਮੁਕਤੀ ਮਾਡਲ ਤਾਂ ਪੰਥਕ ਏਜੰਡੇ ਵਿਚ ਹੀ ਸ਼ਾਮਲ ਕੀਤਾ ਜਾ ਸਕਦਾ ਹੈ। ਇਸ ਵਾਸਤੇ ਪੰਥਕ ਧਿਰਾਂ ਨੂੰ ਸੋਚਣਾ ਚਾਹੀਦਾ ਹੈ ਕਿ ਬਾਣੀ ਦੀ ਬੇਅਦਬੀ ਨੂੰ ਲੈ ਕੇ ਸਿਆਸੀ ਸਪੇਸ ਵਾਸਤੇ ਕੋਈ ਥਾਂ ਹੀ ਨਹੀਂ ਹੈ। ਬਾਦਲਕੇ ਪੰਥਕ ਏਜੰਡਾ ਛੱਡ ਚੁਕੇ ਹਨ ਤੇ ਕਾਂਗਰਸ ਏਜੰਡੇ ਵਿਚ ਪੰਥਕਤਾ ਸ਼ਾਮਲ ਨਹੀਂ ਕੀਤੀ ਜਾ ਸਕਦੀ। 'ਆਪ' ਲਈ ਵੀ ਪੰਥਕਤਾ ਨਾਲ ਨਿਭਣਾ ਸੌਖਾ ਨਹੀਂ ਹੈ। ਇਸ ਹਾਲਤ ਵਿਚ ਪੰਥਕ ਸਪੇਸ ਖਾਲੀ ਪਈ ਹੈ।

ਬਾਦਲਕਿਆਂ ਦੀ ਇਹ ਸਿਆਸੀ ਚੀਕ ਕਿ ਕਾਂਗਰਸ ਗੁਰਦੁਆਰਿਆਂ 'ਤੇ ਕਬਜ਼ਾ ਕਰਨਾ ਚਾਹੁੰਦੀ ਹੈ, ਅਰਥਹੀਣ ਹੈ ਕਿਉਂਕਿ ਕੈਪਟਨ ਅਮਰਿੰਦਰ ਸਿੰਘ ਇਹ ਕਹਿ ਚੁਕੇ ਹਨ ਕਿ ਬਾਦਲ-ਮੁਕਤ ਸ਼੍ਰੋਮਣੀ ਕਮੇਟੀ ਵਾਸਤੇ ਉਹ ਕਿਸੇ ਦੀ ਵੀ ਮਦਦ ਕਰਨ ਲਈ ਤਿਆਰ ਹਨ। ਅਜਿਹੀ ਸਥਿਤੀ ਪਹਿਲਾਂ ਮਰਹੂਮ ਜਥੇਦਾਰ ਗੁਰਚਰਨ ਸਿੰਘ ਟੌਹੜਾ ਵੇਲੇ ਵੀ ਪੈਦਾ ਹੋ ਗਈ ਸੀ ਤੇ ਬਾਦਲਕੇ ਕੇਂਦਰ ਦੀ ਮਦਦ ਨਾਲ ਬਚ ਗਏ ਸਨ। ਹੁਣ ਵੀ ਬਾਦਲਕੇ ਕੇਂਦਰ ਦੀ ਮਦਦ ਨਾਲ ਸ਼੍ਰੋਮਣੀ ਕਮੇਟੀ 'ਤੇ ਕਾਬਜ਼ ਰਹਿਣਾ ਚਾਹੁੰਦੇ ਹਨ।

ਗੁਰਦੁਆਰਿਆਂ 'ਤੇ ਸਿਆਸੀ ਕਬਜ਼ਾ ਜਿਵੇਂ ਮਹੰਤਾਂ ਰਾਹੀਂ ਅੰਗਰੇਜ਼ਾਂ ਦਾ ਸੀ, ਉਵੇਂ ਹੀ ਅੱਜ ਪੰਥਕ ਸੰਸਥਾਵਾਂ ਦੇ ਮੁਖੀਆਂ ਰਾਹੀਂ ਬਾਦਲਕਿਆਂ ਦਾ ਹੈ। ਗੁਰਦੁਆਰਿਆਂ ਨੂੰ ਸਿਆਸੀ ਕਬਜ਼ੇ ਵਿਚੋਂ ਮੁਕਤ ਕਰਾਉਣ ਲਈ ਜਿਹੋ ਜਿਹੀਆਂ ਕੁਰਬਾਨੀਆਂ ਗੁਲਾਮ ਭਾਰਤ ਵਿਚ ਕਰਨੀਆਂ ਪਈਆਂ ਸਨ, ਉਹੋ ਜਿਹੀਆਂ ਕੁਰਬਾਨੀਆਂ ਆਜ਼ਾਦ ਭਾਰਤ ਵਿਚ ਵੀ ਕਰਨੀਆਂ ਪੈ ਸਕਦੀਆਂ ਹਨ।

ਬਰਗਾੜੀ ਮੋਰਚੇ ਨੂੰ ਇਸ ਪਾਸੇ ਤੋਰਨ ਦਾ ਰਾਹ ਪੱਧਰਾ ਕਰਨਾ ਚਾਹੀਦਾ ਹੈ। ਇਜ ਨਾ ਕਰਾਂਗੇ ਤਾਂ ਸੁੱਚੀਆਂ ਰੀਝਾਂ ਦੇ ਇਕੱਠ ਵੀ ਸਿਆਸੀ ਦਲਾਲੀ ਲਈ ਮੰਡੀ ਹੁੰਦੇ ਰਹਿਣਗੇ। ਪੰਥ ਤੇ ਪੰਥਕ ਸੰਸਥਾਵਾਂ ਉਹ ਮੰਚ ਹਨ, ਜਿਨ੍ਹਾਂ ਨੂੰ ਜਿਹੋ ਜਿਹੇ ਲੋਕ ਵਰਤਣਗੇ, ਉਹੋ ਜਿਹੇ ਨਤੀਜੇ ਨਿਕਲਦੇ ਰਹਿਣਗੇ। ਇਸ ਵੇਲੇ ਪੰਥ ਤੇ ਪੰਥਕ ਸੰਸਥਾਵਾਂ ਦਾ ਸਿਆਸੀ ਅਪਹਰਣ ਹੋ ਚੁਕਾ ਹੈ ਤੇ ਇਹੀ ਪੰਥ ਦੇ ਵਾਰਸਾਂ ਲਈ ਵੰਗਾਰ ਹੋ ਗਿਆ ਹੈ। ਇਸ ਤੋਂ ਬਚਣ ਦਾ ਏਜੰਡਾ ਖੁਦ ਤਿਆਰ ਨਹੀਂ ਕਰਾਂਗੇ ਤਾਂ ਭਾਂਤ ਸੁਭਾਂਤੇ ਸਿਆਸੀ ਏਜੰਡਿਆਂ ਵਿਚ ਇਸੇ ਤਰ੍ਹਾਂ ਉਲਝੇ ਰਹਾਂਗੇ, ਜਿਸ ਤਰ੍ਹਾਂ ਇਸ ਵੇਲੇ ਉਲਝੇ ਹੋਏ ਹਾਂ।

ਪੰਜਾਬ ਟਾਈਮਜ਼

ਸਨਿਚਰਵਾਰ, 20 ਅਕਤੂਬਰ 2018

# ਔਰਤਾਂ ਦੇ ਹੱਕ ਬਨਾਮ ਭਗਵਾ ਬ੍ਰਿਗੇਡ

ਇਹ ਸਵਾਲ ਬਹੁਤ ਪੁਰਾਣਾ ਹੈ ਕਿ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਵਿਚ ਔਰਤਾਂ ਦੀ ਭਰਤੀ ਕਿਉਂ ਨਹੀਂ? ਆਰ.ਐਸ.ਐਸ. ਕਦੀ ਇਸ ਸਵਾਲ ਦਾ ਜਵਾਬ ਨਹੀਂ ਦਿੰਦੀ ਅਤੇ ਹਰ ਵਾਰ ਅੰਦਰੂਨੀ ਮਾਮਲਾ ਕਹਿ ਕੇ ਟਾਲ ਦਿੰਦੀ ਹੈ ਪਰ ਪਿਛਲੇ ਕੁਝ ਦਿਨਾਂ ਦੌਰਾਨ ਭਾਰਤ ਦੀ ਸਿਆਸਤ ਵਿਚ ਜੋ ਕੁਝ ਵਾਪਰਿਆ ਹੈ, ਉਸ ਤੋਂ ਜਾਹਰ ਹੋ ਗਿਆ ਹੈ ਕਿ ਇਸ ਸਵਾਲ ਦਾ ਜਵਾਬ ਕੀ ਹੈ। ਭਾਰਤੀ ਜਨਤਾ ਪਾਰਟੀ ਦੇ ਆਗੂ ਅਤੇ ਮਸ਼ਹੂਰ ਪੱਤਰਕਾਰ ਰਹੇ ਐਮ. ਜੇ. ਅਕਬਰ ਉਤੇ ਇਕ ਦਰਜਨ ਤੋਂ ਵੱਧ ਮਹਿਲਾ ਪੱਤਰਕਾਰਾਂ ਨੇ ਜਿਨਸੀ ਛੇੜਛਾੜ ਦੇ ਦੋਸ਼ ਲਾਏ ਹਨ। ਉਸ ਵਕਤ ਉਹ ਵਿਦੇਸ਼ ਦੌਰੇ ਉਤੇ ਸਨ ਪਰ ਉਸ ਨੂੰ ਵਿਦੇਸ਼ ਦੌਰਾ ਛੱਡ ਕੇ ਦੇਸ਼ ਪਰਤਣ ਲਈ ਕਿਹਾ ਹੀ ਨਹੀਂ ਗਿਆ। ਆਮ ਹਾਲਾਤ ਵਿਚ ਅਜਿਹਾ ਕੋਈ ਮਸਲਾ ਉਠਣ ਨਾਲ ਸਭ ਤੋਂ ਪਹਿਲਾ ਕੰਮ ਸਬੰਧਤ ਬੰਦੇ ਨੂੰ ਵਾਪਸ ਬੁਲਾਉਣਾ ਹੁੰਦਾ ਹੈ। ਇਸ ਬਾਰੇ ਪੱਤਰਕਾਰਾਂ ਵਲੋਂ ਸਵਾਲਾਂ ਦਾ ਢੰਗ ਦਾ ਜਵਾਬ ਵੀ ਭਾਰਤੀ ਜਨਤਾ ਪਾਰਟੀ ਦੇ ਕਿਸੇ ਸਰਕਰਦਾ ਆਗੂ ਨੇ ਨਹੀਂ ਦਿੱਤਾ। ਮਹਿਲਾ ਪੱਤਰਕਾਰਾਂ ਨੇ ਐਮ.ਜੇ. ਅਕਬਰ ਉਥੇ ਜੋ ਦੋਸ਼ ਲਾਏ ਹਨ ਅਤੇ ਜਿਸ ਤਰ੍ਹਾਂ ਦੇ ਵੇਰਵੇ ਸਾਹਮਣੇ ਲਿਆਂਦੇ ਹਨ, ਉਹ ਦਿਲ ਦਹਿਲਾਉਣ ਵਾਲੇ ਹਨ ਕਿ ਇਹ ਬੰਦਾ ਆਪਣੀ ਤਾਕਤ ਦੇ ਸਿਰ ਉਤੇ ਆਪਣੀਆਂ ਕੁਲੀਗਜ਼ ਨੂੰ ਕਿਸ ਤਰ੍ਹਾਂ ਤੰਗ-ਪ੍ਰੇਸ਼ਾਨ ਕਰਦਾ ਰਿਹਾ ਹੈ। ਸਿਤਮਜ਼ਰੀਫੀ ਇਹ ਕਿ ਦੇਸ਼ ਵਾਪਸ ਪਰਤ ਕੇ ਅਸਤੀਫਾ ਦੇਣ ਦੀ ਥਾਂ ਉਸ ਨੇ ਉਲਟਾ ਮਹਿਲਾ ਪੱਤਰਕਾਰਾਂ ਨੂੰ ਝੂਠੀਆਂ ਕਰਾਰ ਦੇ ਦਿੱਤਾ ਹੈ ਅਤੇ ਇਨ੍ਹਾਂ ਵਿਚੋਂ ਇਕ ਦੇ ਖਿਲਾਫ ਅਪਰਾਧਕ ਮਾਣਹਾਨੀ ਦਾ ਮੁਕੱਦਮਾ ਵੀ ਕਰ ਦਿੱਤਾ ਹੈ। ਸੱਤਾਧਿਰ ਜਾਂ ਪ੍ਰਧਾਨ ਮੰਤਰੀ ਦਫਤਰ ਵੱਲੋਂ ਇਸ ਬਾਰੇ ਖਾਮੋਸ਼ੀ ਧਾਰੀ ਹੋਈ ਹੈ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਜਦੋਂ ਬੱਚੀਆਂ ਦੇ ਹੱਕ ਵਿਚ 'ਬੱਚੀ ਪੜ੍ਹਾਓ, ਬੱਚੀ ਬਚਾਓ' ਮੁਹਿੰਮ ਚਲਾਈ ਸੀ ਤਾਂ ਬਹੁਤ ਵੱਡੇ ਵੱਡੇ ਦਾਅਵੇ ਕੀਤੇ ਗਏ ਸਨ ਪਰ ਹੁਣ ਜਦੋਂ ਇਸ ਮੁਹਿੰਮ ਨੂੰ ਅਮਲੀ ਰੂਪ ਦੇਣ ਦਾ ਸਮਾਂ ਆਇਆ ਤਾਂ ਸਮੁੱਚੀ ਧਿਰ ਇਸ ਬਾਰੇ ਚੁੱਪ ਹੋ ਗਈ ਹੈ। ਹਾਂ, ਤੀਹਰੇ ਤਲਾਕ ਦੇ ਮਾਮਲੇ ਵਿਚ ਪ੍ਰਧਾਨ ਮੰਤਰੀ ਅਤੇ ਉਸ ਦੇ ਜੋਟੀਦਾਰ ਕਦੀ ਕੋਈ ਬਿਆਨ ਦੇਣ ਤੋਂ ਨਹੀਂ ਖੁੰਝਦੇ। ਇਸੇ ਕਰਕੇ ਹੀ ਸਿਆਸੀ ਮਾਹਿਰਾਂ ਨੇ ਇਸ ਨੂੰ ਵੋਟਾਂ ਬਟੋਰਨ ਲਈ ਸਾਹਮਣੇ ਲਿਆਂਦਾ ਮਾਮਲਾ ਕਰਾਰ ਦਿੱਤਾ ਹੈ। ਹੁਣ ਰਤਾ ਦੇਖੋ, ਕੇਰਲ ਦੇ ਸ਼ਬਰੀਮਾਲਾ ਮੰਦਿਰ ਦਾ ਮਾਮਲਾ, ਜਿਥੇ ਭਾਰਤ ਦੀ ਸੁਪਰੀਮ ਕੋਰਟ ਨੇ ਹਰ ਉਮਰ ਵਰਗ ਦੀਆਂ ਔਰਤਾਂ ਨੂੰ ਮੰਦਿਰ ਦੇ ਅੰਦਰ ਜਾਣ ਦੀ ਆਗਿਆ ਦਿੱਤੀ ਹੈ। ਹੁਣ ਤੱਕ 10 ਸਾਲ ਤੋਂ ਲੈ ਕੇ 50 ਸਾਲ ਤੱਕ ਉਮਰ ਵਰਗ ਵਾਲੀਆਂ ਔਰਤਾਂ ਉਤੇ ਮੰਦਿਰ ਦੇ ਅੰਦਰ ਜਾਣ ਦੀ ਮਨਾਹੀ ਸੀ; ਲੇਕਿਨ ਸੁਪਰੀਮ ਕੋਰਟ ਦੇ ਫੈਸਲੇ ਦੇ ਬਾਵਜੂਦ ਭਾਰਤੀ ਜਨਤਾ ਪਾਰਟੀ ਦੀ ਕੇਰਲ ਇਕਾਈ ਉਥੇ ਵੱਡੇ ਵੱਡੇ ਰੋਸ ਮੁਜ਼ਾਹਰੇ ਕਰ ਰਹੀ ਹੈ ਕਿ ਸੂਬਾ ਸਰਕਾਰ ਨੂੰ ਸੁਪਰੀਮ ਕੋਰਟ ਦਾ ਫੈਸਲਾ ਲਾਗੂ ਨਹੀਂ ਕਰਨ ਦਿੱਤਾ ਜਾਵੇਗਾ, ਭਾਵ ਖਾਸ ਉਮਰ ਵਰਗ ਵਾਲੀਆਂ ਔਰਤਾਂ ਨੂੰ ਮੰਦਿਰ ਦੇ ਅੰਦਰ ਜਾਣ ਨਹੀਂ ਦਿੱਤਾ ਜਾਵੇਗਾ। ਇਹ ਮਸਲਾ ਤਾਂ ਵੱਖਰਾ ਹੈ ਕਿ ਸੁਪਰੀਮ ਕੋਰਟ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਖਿਲਾਫ ਅਦਾਲਤੀ ਮਾਣਹਾਨੀ ਦਾ ਕੇਸ ਚਲਾਉਂਦੀ ਹੈ ਜਾਂ ਨਹੀਂ, ਪਰ ਇਕ ਗੱਲ ਸਪਸ਼ਟ ਹੋ ਗਈ ਹੈ ਕਿ ਭਾਰਤੀ ਜਨਤਾ ਪਾਰਟੀ ਔਰਤਾਂ ਨੂੰ ਉਨ੍ਹਾਂ ਦਾ ਹੱਕ ਦੇਣ ਤੋਂ ਸਾਫ ਇਨਕਾਰੀ ਹੈ। ਜਾਹਰ ਹੈ ਕਿ ਇਹ ਵੀ ਵੋਟ ਸਿਆਸਤ ਦਾ ਹੀ ਮਸਲਾ ਹੈ, ਕਿਉਂਕਿ ਭਾਰਤੀ ਜਨਤਾ ਪਾਰਟੀ ਕੇਰਲ ਵਿਚ ਹਿੰਦੂ ਵੋਟਾਂ ਬਟੋਰਨ ਲਈ ਅਜਿਹੇ ਔਰਤ ਵਿਰੋਧੀ ਪੈਂਤੜੇ ਮੱਲ ਰਹੀ ਹੈ।

ਇਨ੍ਹਾਂ ਤਿੰਨਾਂ ਮਸਲਿਆਂ ਤੋਂ ਸਾਫ ਜਾਹਰ ਹੈ ਕਿ ਭਾਰਤੀ ਜਨਤਾ ਪਾਰਟੀ ਦਾ ਔਰਤਾਂ ਦੇ ਹੱਕਾਂ ਨਾਲ ਕਿੰਨਾ ਕੁ ਲਾਗਾ-ਦੇਗਾ ਹੈ। ਜਿਥੇ ਜਿਥੇ ਵੋਟ ਸਿਆਸਤ ਦੀ ਗੁੰਜਾਇਸ਼ ਹੈ, ਉਥੇ ਉਥੇ ਇਹ ਔਰਤਾਂ ਦੇ ਹੱਕਾਂ ਦੀ ਅਲੰਬਰਦਾਰ ਬਣ ਜਾਂਦੀ ਹੈ ਪਰ ਰਤਾ ਘੋਖ ਨਾਲ ਵਾਚਿਆਂ ਸਪਸ਼ਟ ਹੋ ਜਾਂਦਾ ਹੈ ਕਿ ਇਹ ਪਾਰਟੀ ਕਿਸ ਤਰ੍ਹਾਂ ਬਹੁਤ ਸੂਖਮ ਰੂਪ ਵਿਚ ਔਰਤਾਂ ਦੇ ਖਿਲਾਫ ਭੁਗਤ ਰਹੀ ਹੈ; ਨਹੀਂ ਤਾਂ ਕੋਈ ਕਾਰਨ ਨਹੀਂ ਸੀ ਕਿ ਐਮ.ਜੇ. ਅਕਬਰ ਦੇ ਖਿਲਾਫ ਕੋਈ ਕਾਰਵਾਈ ਨਾ ਕੀਤੀ ਜਾਂਦੀ। ਜੇ ਉਹ ਸੱਚਮੁੱਚ ਹੀ ਬੇਕਸੂਰ ਸੀ ਅਤੇ ਉਸ ਉਤੇ ਦੋਸ਼ ਲਾਉਣ ਵਾਲੀਆਂ ਔਰਤਾਂ ਸੱਚਮੁੱਚ ਹੀ ਝੂਠੀਆਂ ਹਨ ਤਾਂ ਇਹ ਤਾਂ ਜਾਂਚ ਤੋਂ ਪਤਾ ਲੱਗ ਜਾਣਾ ਸੀ ਪਰ ਪਾਰਟੀ ਅਤੇ ਮੋਦੀ ਸਰਕਾਰ ਨੇ ਇਨ੍ਹਾਂ ਮਸਲਿਆਂ ਬਾਰੇ ਜਾਂਚ ਕਰਵਾਉਣੀ ਵੀ ਗਵਾਰਾ ਨਾ ਸਮਝੀ। ਐਮ.ਜੇ. ਅਕਬਰ ਨੇ ਤਾਂ ਸਗੋਂ ਇਸ ਮਸਲੇ ਨੂੰ ਆਉਣ ਵਾਲੀਆਂ ਲੋਕ ਸਭਾ ਚੋਣਾਂ ਨਾਲ ਵੀ ਜੋੜ ਲਿਆ ਹੈ। ਉਸ ਦਾ ਕਹਿਣਾ ਹੈ ਕਿ ਉਸ ਖਿਲਾਫ ਇਹ ਦੋਸ਼ ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਇਸੇ ਕਰਕੇ ਲਾਏ ਗਏ ਹਨ ਤਾਂ ਕਿ ਉਸ ਦਾ ਅਕਸ ਖਰਾਬ ਕਰਕੇ ਪਾਰਟੀ ਨੂੰ ਨੁਕਸਾਨ ਪਹੁੰਚਾਇਆ ਜਾ ਸਕੇ।

ਅਸਲ ਵਿਚ ਇਨ੍ਹਾਂ ਸਾਰੇ ਹੀ ਮਾਮਲਿਆਂ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਨੇ ਔਰਤਾਂ ਨੂੰ ਨਹੀਂ, ਸਗੋਂ ਆਪਣੀ ਸਿਆਸਤ ਨੂੰ ਹੀ ਪਹਿਲ ਦਿੱਤੀ ਹੈ। ਅੱਜ ਜਦੋਂ ਇਹ ਸੱਤਾਧਾਰੀ ਪਾਰਟੀ ਮਹਿੰਗਾਈ ਤੋਂ ਲੈ ਕੇ ਰਾਫਾਲ ਜਹਾਜ ਸਮਝੌਤੇ ਤੱਕ ਕਈ ਮਾਮਲਿਆਂ ਵਿਚ ਬੁਰੀ ਤਰ੍ਹਾਂ ਫਸੀ ਹੋਈ ਹੈ, ਇਹ ਆਪਣੇ ਖਿਲਾਫ ਉਠੇ ਇਕ ਹੋਰ ਤੂਫਾਨ ਨੂੰ ਠੱਲ੍ਹਣ ਦੇ ਯਤਨ ਕਰ ਰਹੀ ਹੈ। ਇਸ ਦਾ ਸੋਚਣਾ ਹੈ ਕਿ ਕੁਝ ਸਮਾਂ ਪਾ ਕੇ ਇਹ ਮਾਮਲੇ ਆਪਣੇ ਆਪ ਹੀ ਰਫਾ-ਦਫਾ ਹੋ ਜਾਣੇ ਹਨ। ਇਸੇ ਕਰਕੇ ਹੁਣ ਇਕ ਵਾਰ ਫਿਰ ਵਿਰੋਧੀ ਧਿਰ ਦੀ ਪਰਖ ਦਾ ਸਮਾਂ ਹੈ। ਹੁਣ ਤੱਕ ਅਜਿਹੇ ਕਈ ਮਾਮਲਿਆਂ 'ਤੇ ਵਿਰੋਧੀ ਧਿਰ ਆਪਣੀ ਕਾਰਗਰ ਭੂਮਿਕਾ ਨਿਭਾਉਣ ਤੋਂ ਨਾਕਾਮ ਹੀ ਰਹੀ ਹੈ ਜਿਸ ਦਾ ਸਿੱਧਾ ਲਾਹਾ ਸੱਤਾਧਿਰ ਨੂੰ ਮਿਲਦਾ ਰਿਹਾ ਹੈ। ਹੁਣ ਦੇਖਣਾ ਇਹ ਹੈ ਕਿ ਸਰਕਾਰ ਖਿਲਾਫ ਵੱਖ ਵੱਖ ਮਾਮਲਿਆਂ 'ਤੇ ਉਠਦੇ ਰੋਹ ਨੂੰ ਵਿਰੋਧੀ ਧਿਰ ਆਪਣੇ ਹੱਕ ਵਿਚ ਭੁਗਤਾਉਣ ਵਿਚ ਕਿੰਨੀ ਕੁ ਸਫਲ ਹੁੰਦੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਫੇਸ-ਬੁੱਕੀ ਫਲਸਫਾ!

ਕਰੀਏ ਮਦਦ ਨਾ ਤੜਫਦੇ ਸਹਿਕਦੇ ਦੀ, ਉਸ ਦੀ ਫਿਲਮ ਜਰੂਰ ਬਣਾਈਏ ਜੀ।
ਬਿਨਾ ਸੋਚ-ਵਿਚਾਰ ਕੋਈ ਕੀਤਿਆਂ ਹੀ, ਸੋਸ਼ਲ ਮੀਡੀਏ ਉਤੇ ਚੜ੍ਹਾਈਏ ਜੀ।
'ਵੱਟਸ-ਐਪ' ਉਤੇ ਦੋਸਤ ਪੰਜਾਬੀਆਂ ਨੂੰ, 'ਗੁੱਡ ਮਾਰਨਿੰਗ' ਆਖ ਬੁਲਾਈਏ ਜੀ।
ਟੱਬਰ ਵਾਸਤੇ ਟਾਈਮ ਨਾ ਦਿਓ ਭੋਰਾ, 'ਫੇਸ-ਬੁੱਕ' ਦੇ ਨਾਲ ਦਿਲ ਲਾਈਏ ਜੀ।
ਆਏ 'ਲਾਈਕ-ਕੁਮੈਂਟ' ਤੇ ਵਿਊ ਗਿਣ ਕੇ, ਫੁੱਲ ਫੁੱਲ ਕੇ ਕੁੱਪਾ ਹੋ ਜਾਈਏ ਜੀ।
ਵਾਰਸ ਸ਼ਾਹ ਦਿਖਾਲੀਏ 'ਲਾਈਵ' ਹੋ ਕੇ, ਭਾਵੇਂ ਆਪਣਾ ਹੀ ਗੁੜ ਖਾਈਏ ਜੀ!

# ਬਰਗਾੜੀ ਮੋਰਚਾ ਤੇ ਤੀਜੀ ਧਿਰ ਦੀ ਸਿਆਸਤ

*ਬਰਗਾੜੀ ਮੋਰਚੇ ਵਿਚ ਸੰਗਤ ਦੇ ਵਿਸ਼ਾਲ ਇਕੱਠ ਨੇ ਪੰਜਾਬ ਵਿਚ ਇਕ ਵਾਰ ਫਿਰ ਤੀਜੀ ਧਿਰ ਦੀ ਆਮਦ ਦਾ ਬਿਗਲ ਵਜਾਇਆ ਹੈ। ਇਸ ਮਾਮਲੇ 'ਤੇ ਸਿਆਸਤੀ ਸਰਗਰਮੀਆਂ ਭਖ ਗਈਆਂ ਹਨ। ਕੀ ਇਸ ਵਿਸ਼ਾਲ ਇਕੱਠ ਵਿਚੋਂ ਕੋਈ ਨਵੀਂ ਸਿਆਸੀ ਸਫਬੰਦੀ ਉਭਰ ਸਕਦੀ ਹੈ? ਇਹ ਸਵਾਲ ਇਸ ਕਰਕੇ ਵੀ ਵਧੇਰੇ ਧਿਆਨ ਖਿੱਚ ਰਿਹਾ ਹੈ ਕਿਉਂਕਿ ਤੀਜੀ ਧਿਰ ਦੀ ਅਗਵਾਈ ਕਰਨ ਵਾਲੀ ਲੀਡਰਸ਼ਿਪ ਅਜੇ ਉਭਰ ਨਹੀਂ ਸਕੀ ਹੈ। ਇਹੀ ਅਸਲ ਵਿਚ ਪੰਜਾਬ ਦੀ ਤ੍ਰਾਸਦੀ ਹੈ। -ਸੰਪਾਦਕ*

ਜਗਤਾਰ ਸਿੰਘ
ਫੋਨ: +91-97797-11201

ਬਰਗਾੜੀ ਵਿਚਲਾ ਵਰਤਾਰਾ ਪੰਜਾਬ ਦੇ ਧਾਰਮਿਕ-ਸਿਆਸੀ ਖੇਤਰ ਵਿਚ ਪਹਿਲੀ ਵਾਰ ਨਹੀਂ ਵਾਪਰਿਆ; ਕਈ ਵਾਰੀ ਤਾਂ ਇਸ ਤੋਂ ਵੀ ਜ਼ੋਰਦਾਰ ਢੰਗ ਨਾਲ। ਇਹ ਵਰਤਾਰਾ ਪੰਜਾਬ ਦੇ ਲੋਕਾਂ ਵਲੋਂ ਸੂਬੇ ਵਿਚ ਵਿਚ ਤੀਜੀ ਸਿਆਸੀ ਧਿਰ ਦੇ ਉਭਾਰ ਦੀ ਇੱਛਾ ਦਾ ਕੀਤਾ ਗਿਆ ਪ੍ਰਗਟਾਵਾ ਹੈ। ਪੰਜਾਬ ਦੀ ਦੋ ਧਿਰੀ ਸਿਆਸਤ ਵਿਚ ਤੀਜੀ ਧਿਰ ਉਭਾਰਨ ਦੀ ਇੱਛਾ ਦਾ ਪ੍ਰਗਟਾਵਾ ਪਹਿਲਾਂ 10 ਨਵੰਬਰ 2015 ਨੂੰ ਅੰਮ੍ਰਿਤਸਰ ਜ਼ਿਲ੍ਹੇ ਦੇ ਚੱਬਾ ਪਿੰਡ ਵਿਚ ਹੋਏ ਸਰਬੱਤ ਖਾਲਸਾ ਸਮੇਂ ਸਾਹਮਣੇ ਆਇਆ ਸੀ। 2017 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਮੁਕਤਸਰ ਵਿਚ ਮਾਘੀ ਮੇਲੇ ਉਤੇ ਆਮ ਆਦਮੀ ਪਾਰਟੀ ਦੀ ਰੈਲੀ ਵਿਚ ਲੋਕਾਂ ਦਾ ਇਕੱਠ ਵੀ ਤਕਰੀਬਨ ਅਜਿਹਾ ਵਰਤਾਰਾ ਸੀ। ਇਨ੍ਹਾਂ ਦੋਹਾਂ ਵਰਤਾਰਿਆਂ ਤੋਂ ਬਾਅਦ ਲੋਕ ਨਿਰਾਸ਼ ਹੋਏ, ਉਨ੍ਹਾਂ ਨੂੰ ਲੱਗਿਆ ਕਿ ਚੱਬਾ ਸਰਬੱਤ ਖਾਲਸਾ ਦੇ ਆਗੂ ਸੂਬੇ ਦੀ ਸਿਆਸਤ ਨੂੰ ਕੋਈ ਨਵਾਂ ਮੋੜ ਦੇਣ ਵਿਚ ਬੁਰੀ ਤਰਾਂ ਫੇਲ੍ਹ ਸਾਬਤ ਹੋਏ। ਆਮ ਆਦਮੀ ਪਾਰਟੀ ਵੀ ਆਪਣੀਆਂ ਕਮਜ਼ੋਰੀਆਂ ਅਤੇ ਅੰਦਰੂਨੀ ਵਿਰੋਧਾਂ ਕਰਕੇ ਆਪਣੇ ਵਾਅਦਿਆਂ ਉਤੇ ਖ਼ਰੀ ਨਹੀਂ ਉਤਰ ਸਕੀ। ਇਸ ਪਾਰਟੀ ਦੇ ਆਗੂਆਂ ਨੂੰ ਤਾਂ ਹੁਣ ਆਪਣੀ ਸਿਆਸੀ ਹੋਂਦ ਪ੍ਰਗਟਾਉਣ ਦੇ ਹੀ ਲਾਲੇ ਪਏ ਹੋਏ ਹਨ।

ਬਰਗਾੜੀ ਵਿਚ ਇਕੱਠ ਦਾ ਸੱਦਾ ਬਰਗਾੜੀ ਇਨਸਾਫ ਮੋਰਚੇ ਵਲੋਂ ਦਿੱਤਾ ਗਿਆ ਸੀ। ਬਰਗਾੜੀ ਵਿਚ ਪਹਿਲੀ ਜੂਨ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਹੁਰਮਤੀ ਨਾਲ ਸਬੰਧਿਤ ਮੰਗਾਂ ਨੂੰ ਲੈ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁਤਵਾਜ਼ੀ ਜਥੇਦਾਰ ਧਿਆਨ ਸਿੰਘ ਮੰਡ ਦੀ ਅਗਵਾਈ ਵਿਚ ਧਰਨਾ ਦਿੱਤਾ ਜਾ ਰਿਹਾ ਹੈ ਜਿਸ ਨੂੰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਦਲ ਖਾਲਸਾ ਅਤੇ ਯੂਨਾਈਟਿਡ ਅਕਾਲੀ ਦਲ ਦਾ ਸਮਰਥਨ ਹਾਸਲ ਹੈ। ਹੁਣ ਇਹ ਮੋਰਚਾ ਸਿਰਫ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਹੁਰਮਤੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦੀ ਮੰਗ ਤੱਕ ਹੀ ਮਹਿਦੂਦ ਨਹੀਂ, ਬਲਕਿ ਉਸ ਤੋਂ ਬਾਅਦ ਪੁਲਿਸ ਵਲੋਂ ਸ਼ਾਂਤਮਈ ਮੁਜ਼ਾਹਰਾ ਕਰ ਰਹੇ ਲੋਕਾਂ ਉਤੇ ਗੋਲੀ ਚਲਾਉਣ ਅਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੁਆਰਾ ਉਸ ਸਮੇਂ ਦੌਰਾਨ ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਨਾਲ ਨਿੱਜੀ ਤੇ ਸਿਆਸੀ ਗਰਜ਼ਾਂ ਲਈ ਸਮਝੌਤਾ ਕਰਨ ਖ਼ਿਲਾਫ਼ ਵੀ ਹੈ। ਇਸ ਦੇ ਨਾਲ ਹੀ ਲੰਮੇ ਸਮੇਂ ਤੋਂ ਜੇਲ੍ਹਾਂ ਅੰਦਰ ਬੰਦ ਸਿੱਖ ਸਿਆਸੀ ਕੈਦੀਆਂ ਦੀ ਰਿਹਾਈ ਦੇ ਮਸਲੇ ਨੂੰ ਜੋੜਿਆ ਗਿਆ ਹੈ। ਉਂਜ, ਬਰਗਾੜੀ ਮੋਰਚੇ ਅਤੇ ਕੈਪਟਨ ਅਮਰਿੰਦਰ ਸਿੰਘ ਸਰਕਾਰ ਦਰਮਿਆਨ ਕਈ ਮਹੀਨਿਆਂ ਤੋਂ ਚੱਲ ਰਹੀ ਗੱਲਬਾਤ ਅਜੇ ਕਿਸੇ ਸਿਰੇ ਨਹੀਂ ਲੱਗ ਰਹੀ। ਸਮਝਿਆ ਇਹ ਜਾ ਰਿਹਾ ਹੈ ਕਿ ਮੋਰਚਾ ਚਲਾ ਰਹੀਆਂ ਧਿਰਾਂ ਵਿਚ ਇੱਕਜੁਟਤਾ ਦੀ ਘਾਟ ਕਾਰਨ ਹਰ ਵਾਰ ਸਿਰੇ ਲੱਗੀ ਗੱਲ ਨੂੰ ਕੋਈ ਇੱਕ ਧਿਰ ਤਾਰਪੀਡੋ ਕਰ ਦਿੰਦੀ ਹੈ।

ਬਰਗਾੜੀ ਮੋਰਚਾ ਵਲੋਂ ਕੋਟਕਪੂਰਾ ਤੋਂ ਬਰਗਾੜੀ ਤੱਕ ਰੋਸ ਮਾਰਚ ਕਰਨ ਦੇ ਦਿੱਤੇ ਸੱਦੇ ਨੂੰ ਹੁੰਗਾਰਾ ਸਭ ਤੋਂ ਪਹਿਲਾਂ ਆਮ ਆਦਮੀ ਪਾਰਟੀ ਦੇ ਖਹਿਰਾ ਧੜੇ ਅਤੇ ਫਿਰ ਭਗਵੰਤ ਮਾਨ ਧੜੇ ਦਾ ਮਿਲਿਆ। ਦੋਵੇਂ ਧੜੇ ਮੂਜਦਾ ਸਿਆਸੀ ਹਾਲਾਤ ਦਾ ਲਾਹਾ ਖੱਟਣ ਦੇ ਯਤਨ ਕਰ ਰਹੇ ਹਨ। ਜ਼ਿਕਰਯੋਗ ਹੈ ਕਿ ਆਪ ਦੇ ਬਾਗੀ ਧੜੇ ਦੀਆਂ ਤੰਦਾਂ ਬਾਹਰਲੇ ਮੁਲਕਾਂ ਦੇ ਸਿੱਖਾਂ ਨਾਲ ਵੀ ਜੁੜੀਆਂ ਹੋਈਆਂ ਹਨ ਅਤੇ ਇਨ੍ਹਾਂ ਸਿੱਖਾਂ ਦਾ ਇੱਕ ਹਿੱਸਾ ਮੋਰਚੇ ਦੀ ਮਦਦ ਵੀ ਕਰ ਰਿਹਾ ਹੈ। ਕੋਟਕਪੂਰਾ ਅਤੇ ਬਰਗਾੜੀ ਵਿਚ ਹੋਏ ਵਿਸ਼ਾਲ ਇਕੱਠ ਨੇ ਆਪ ਦੇ ਬਾਗੀ ਧੜੇ ਨੂੰ ਵਕਤੀ ਸ਼ਕਤੀ ਦਿੱਤੀ ਹੈ।

ਪੰਜਾਬ ਦਾ ਸਿਆਸੀ ਵਰਤਾਰਾ ਭਾਰਤ ਦੇ ਹੋਰ ਸੂਬਿਆਂ ਤੋਂ ਬਿਲਕੁਲ ਹੀ ਵੱਖਰਾ ਹੈ, ਕਿਉਂਕਿ ਵੋਟਾਂ ਅਤੇ ਚੋਣਾਂ ਦਾ ਅਮਲ ਧਾਰਮਿਕ-ਸਿਆਸੀ ਵਰਤਾਰੇ ਤੋਂ ਵੱਖਰਾ ਹੈ। ਇਹ ਧਾਰਮਿਕ-ਸਿਆਸੀ ਵਰਤਾਰਾ ਚੋਣ ਅਮਲ ਨੂੰ ਪ੍ਰਭਾਵਿਤ ਜ਼ਰੂਰ ਕਰਦਾ ਹੈ। ਬਰਗਾੜੀ ਵਾਲਾ ਇਕੱਠ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਿਰੁੱਧ ਸਿੱਖਾਂ ਦੇ ਮਨਾਂ ਵਿਚ 10 ਸਾਲਾਂ ਤੋਂ ਉਬਲ ਰਹੇ ਗੁੱਸੇ ਅਤੇ ਰੋਹ ਦਾ ਪ੍ਰਗਟਾਵਾ ਹੈ। ਇਹ ਰੋਹ 2015 ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਉਸ ਤੋਂ ਬਾਅਦ ਹੋਏ ਗੋਲੀ ਕਾਂਡਾਂ ਨਾਲ ਆਪਣੀ ਚਰਮ ਸੀਮਾ ਉਤੇ ਪਹੁੰਚ ਗਿਆ। ਅੱਜ ਦੇ ਹਾਲਾਤ ਦਾ ਕੇਂਦਰ ਬਿੰਦੂ ਬੀੜ ਦੀ ਚੋਰੀ, ਬੇਅਦਬੀ ਅਤੇ ਪੁਲਿਸ ਗੋਲੀ ਨਾਲ ਮਾਰੇ ਗਏ ਨੌਜਵਾਨਾਂ ਦੀਆਂ ਘਟਨਾਵਾਂ ਹਨ ਜਿਨ੍ਹਾਂ ਨੂੰ ਪ੍ਰਕਾਸ਼ ਸਿੰਘ ਬਾਦਲ ਆਪਣੇ ਭਾਸ਼ਨਾਂ ਅਤੇ ਬਿਆਨਾਂ ਵਿਚ ਨਜ਼ਰਅੰਦਾਜ਼ ਕਰਦੇ ਰਹੇ ਹਨ। ਇਹ ਕਹਿ ਕੇ, ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਤਾਂ ਹੁਣ ਵੀ ਹੋ ਰਹੀਆਂ ਹਨ, ਉਹ ਆਪਣੀ ਅਸਫਲਤਾ ਨੂੰ ਸਹੀ ਨਹੀਂ ਠਹਿਰਾ ਸਕਦੇ। ਪੂਰੇ ਸਿੱਖ ਇਤਿਹਾਸ ਅੰਦਰ ਬੀੜ ਚੋਰੀ ਹੋਣ ਦੀ ਕੋਈ ਹੋਰ ਮਿਸਾਲ ਨਹੀਂ ਮਿਲਦੀ। ਮੁਗਲਾਂ ਦੇ ਉਸ ਕਾਲੇ ਦੌਰ ਵਿਚ ਵੀ ਨਹੀਂ ਜਦੋਂ ਸਿੱਖਾਂ ਦੇ ਸਿਰਾਂ ਦੇ ਮੁੱਲ ਪੈਂਦੇ ਸਨ।

ਹੁਣ ਸਵਾਲ ਇਹ ਹੈ ਕਿ ਬਰਗਾੜੀ ਦੇ ਇਸ ਇਕੱਠ ਤੋਂ ਬਾਅਦ ਪੰਜਾਬ ਦੀ ਚੋਣ ਸਿਆਸਤ



ਅਤੇ ਪੰਥਕ ਸਿਆਸਤ ਕੀ ਦਿਸ਼ਾ ਲੈਣਗੀਆਂ। ਬਰਗਾੜੀ ਮੋਰਚੇ ਦੀ ਸਟੇਜ ਤੋਂ ਜਥੇਦਾਰ ਧਿਆਨ ਸਿੰਘ ਮੰਡ ਨੇ ਕੁੱਝ ਇਸ਼ਾਰੇ ਮਾਤਰ ਗੱਲਾਂ ਕੀਤੀਆਂ ਹਨ। ਉਸ ਨੇ ਕਿਹਾ ਹੈ ਕਿ ਆਉਣ ਵਾਲੀਆਂ ਚੋਣਾਂ ਵਿਚ ਬੱਸ ਉਮੀਦਵਾਰ ਖੜ੍ਹੇ ਕਰ ਦਿਓ, ਲੋਕ ਆਪੇ ਜਿਤਾ ਦੇਣਗੇ। ਇਹ ਕਹਿਣ ਤੋਂ ਪਹਿਲਾਂ ਉਸ ਨੇ ਸਟੇਜ ਉਤੇ ਆਪਣੇ ਨਾਲ ਜਿਹੜੇ ਲੀਡਰ ਖੜ੍ਹੇ ਕੀਤੇ, ਉਨ੍ਹਾਂ ਵਿਚ ਭਾਈ ਮੋਹਕਮ ਸਿੰਘ, 'ਆਪ' ਦਾ ਬਾਗੀ ਆਗੂ ਸੁਖਪਾਲ ਸਿੰਘ ਖਹਿਰਾ ਅਤੇ ਲੋਕ ਇਨਸਾਫ ਪਾਰਟੀ ਦਾ ਆਗੂ ਸਿਮਰਜੀਤ ਸਿੰਘ ਬੈਂਸ ਸ਼ਾਮਲ ਸਨ; ਪਰ ਨਾ ਤਾਂ 'ਆਪ' ਦੇ ਬਾਗੀ ਧੜੇ ਅਤੇ ਨਾ ਹੀ ਲੋਕ ਇਨਸਾਫ ਪਾਰਟੀ ਦਾ ਖੇਤਰ ਪੰਥਕ ਸਿਆਸਤ ਹੈ। ਮੋਹਕਮ ਸਿੰਘ ਉਨ੍ਹਾਂ ਮੁੱਖ ਖਾੜਕੂ ਆਗੂਆਂ ਵਿਚੋਂ ਹੈ ਜਿਨ੍ਹਾਂ ਨੇ 26 ਜਨਵਰੀ 1986 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਰਬੱਤ ਖਾਲਸਾ ਕਰਕੇ 5 ਮੈਂਬਰੀ ਪੰਥਕ ਕਮੇਟੀ ਬਣਾਈ ਸੀ ਅਤੇ ਸ਼੍ਰੋਮਣੀ ਕਮੇਟੀ ਨੂੰ ਵੀ ਭੰਗ ਕਰ ਦਿੱਤਾ ਸੀ। ਗਰਮ ਖਿਆਲ ਆਗੂ ਸਿਮਰਨਜੀਤ ਸਿੰਘ ਮਾਨ ਸਮੇਤ ਇਹ ਸਾਰੇ ਕਿਸੇ ਵੇਲੇ ਖਾੜਕੂ ਸਿਆਸਤ ਕਰਦੇ ਰਹੇ ਆਗੂ ਹੁਣ ਜਮਹੂਰੀ ਰਾਜਸੀ ਢਾਂਚੇ ਵਿਚ ਆਪਣੀ ਜਗ੍ਹਾ ਬਣਾਉਣ ਲਈ ਯਤਨਸ਼ੀਲ ਹਨ।

ਅਜੋਕੇ ਸਿਆਸੀ ਹਾਲਾਤ ਵਿਚ ਮੁੱਖ ਮੁੱਦਾ ਭਰੋਸੇਯੋਗ ਅਤੇ ਪਾਏਦਾਰ ਲੀਡਰਸ਼ਿਪ ਉਭਰਨ ਦਾ ਹੈ। ਬਿਨਾਂ ਸ਼ੱਕ ਬਰਗਾੜੀ ਦਾ ਇਕੱਠ ਆਮ ਲੋਕਾਂ ਦੀਆਂ ਭਾਵਨਾਵਾਂ ਦਾ ਪ੍ਰਗਟਾਵਾ ਤਾਂ ਸੀ ਪਰ ਹੁਣ ਵੇਖਣਾ ਇਹ ਹੈ ਕਿ ਇਸ ਪ੍ਰਗਟਾਵੇ ਨੂੰ ਸਿਆਸੀ ਢਾਂਚੇ ਵਿਚ ਕਿਵੇਂ ਤਬਦੀਲ ਕੀਤਾ ਜਾਂਦਾ ਹੈ। ਹੁਣ 7 ਅਕਤੂਬਰ ਤੋਂ ਪੰਜਾਬ ਵਿਚ ਲੋਕ ਸਭਾ ਚੋਣਾਂ ਦਾ ਬਿਗਲ ਵੀ ਵੱਜ ਚੁੱਕਿਆ ਹੈ। ਪੰਥਕ ਮੋਰਚੇ ਵਿਚ ਸ਼ਾਮਲ ਧਿਰਾਂ ਜੇ ਚਾਹੁੰਦੀਆਂ ਹਨ ਕਿ ਲੋਕਾਂ ਦੇ ਉਭਾਰ ਨੂੰ ਤੀਜੇ ਸਿਆਸੀ ਬਦਲ ਵਿਚ ਤਬਦੀਲ ਕਰਨਾ ਹੈ, ਉਨ੍ਹਾਂ ਨੂੰ ਸਿਆਸੀ ਮੰਚ ਕਾਇਮ ਕਰਨਾ ਜ਼ਰੂਰੀ ਹੈ। ਇਹ ਮੰਚ ਬਣਾਉਣ ਲਈ ਪਹਿਲੀ ਸ਼ਰਤ ਭਰੋਸੇਯੋਗ ਲੀਡਰਸ਼ਿਪ ਹੈ ਜਿਸ ਦੀ ਇਨ੍ਹਾਂ ਧਿਰਾਂ ਕੋਲ ਘਾਟ ਹੈ। ਫ਼ਿਲਹਾਲ ਇਨ੍ਹਾਂ ਪੰਥਕ ਧਿਰਾਂ ਦਾ ਮੁੱਖ ਨਿਸ਼ਾਨਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਬਾਦਲ ਅਕਾਲੀ ਦਲ ਦਾ ਕਬਜ਼ਾ ਖ਼ਤਮ ਕਰਨਾ ਹੈ। ਕਮੇਟੀ ਦੇ ਜਨਰਲ ਹਾਊਸ ਦੀ ਮਿਆਦ ਖ਼ਤਮ ਹੋ ਚੁੱਕੀ ਹੈ ਅਤੇ ਆਮ ਚੋਣਾਂ ਕਿਸੇ ਵੇਲੇ ਵੀ ਕਰਵਾਈਆਂ ਜਾ ਸਕਦੀਆਂ ਹਨ। ਗੁਰਦੁਆਰਾ ਚੋਣ ਕਮਿਸ਼ਨਰ ਦੀ ਨਿਯੁਕਤੀ ਹੋ ਚੁੱਕੀ ਹੈ, ਹੁਣ ਸਿਰਫ਼ ਵੋਟਰ ਸੂਚੀਆਂ ਦੀ ਸੁਧਾਈ ਹੀ ਹੋਣੀ ਹੈ। ਇਹ ਚੋਣਾਂ ਕੇਂਦਰੀ ਗ੍ਰਹਿ ਵਿਭਾਗ ਕਰਵਾਉਂਦਾ ਹੈ। ਜੇ ਇਨ੍ਹਾਂ ਧਿਰਾਂ ਨੇ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲੜਨੀਆਂ ਹਨ ਤਾਂ ਤਿਆਰੀ ਹੁਣ ਤੋਂ ਹੀ ਕਰਨੀ ਪਵੇਗੀ ਅਤੇ ਆਪਣੀ ਗਰਮ ਮਿਜ਼ਾਜ ਵਾਲੀ ਸਿਆਸਤ ਵਿਚ ਬਦਲਾਓ ਲਿਆਉਣਾ ਪਵੇਗਾ। ਇਸ ਲਈ ਬਰਗਾੜੀ ਇਨਸਾਫ ਮੋਰਚੇ ਨੂੰ ਸਿਆਸੀ ਪਾਰਟੀ ਦਾ ਰੂਪ ਦੇਣਾ ਪਵੇਗਾ। ਜ਼ਿਕਰਯੋਗ ਹੈ ਕਿ ਸ਼੍ਰੋਮਣੀ ਕਮੇਟੀ ਧਾਰਮਿਕ-ਸਿਆਸੀ ਪਿੜ ਹੈ ਜਦਕਿ ਲੋਕ ਸਭਾ ਤੇ ਵਿਧਾਨ ਸਭਾ ਚੋਣਾਂ ਸਿਆਸੀ ਪਿੜ ਹਨ। ਇਨਸਾਫ ਮੋਰਚਾ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਜਿੱਤਣ ਤੋਂ ਬਾਅਦ ਹੀ ਪੰਜਾਬ ਵਿਚ ਤੀਜੀ ਧਿਰ ਉਸਾਰਨ ਵਿਚ ਕਾਮਯਾਬ ਹੋ ਸਕਦਾ ਹੈ।

ਪੰਜਾਬ ਦਾ ਧਾਰਮਿਕ-ਸਿਆਸੀ ਪਿੜ ਇਸ ਵੇਲੇ ਤਕਰੀਬਨ ਖਾਲੀ ਹੈ। ਅਕਾਲੀ ਦਲ ਪਹਿਲਾਂ ਹੀ ਪੰਥਕ ਮੁੱਦਿਆਂ ਤੋਂ ਪਾਸੇ ਜਾ ਚੁੱਕਿਆ ਹੈ। ਪਟਿਆਲਾ ਰੈਲੀ ਦੇ ਮੰਚ ਤੋਂ ਵੀ ਲਗਾਤਾਰ ਇਹੀ ਕਿਹਾ ਗਿਆ ਕਿ ਇਹ ਪੰਜਾਬੀਆਂ ਦਾ ਇਕੱਠ ਹੈ। ਉਂਝ, ਦੂਜਾ ਪਹਿਲੂ ਇਹ ਵੀ ਸੀ ਕਿ ਸੁਖਬੀਰ ਸਿੰਘ ਬਾਦਲ ਸ਼੍ਰੋਮਣੀ ਅਕਾਲੀ ਦਲ ਨੂੰ ਸਿੱਖਾਂ ਦੀ ਨੁਮਾਇੰਦਾ ਜਮਾਤ ਦੱਸ ਰਿਹਾ ਸੀ। ਇਸ ਲਈ ਹੁਣ ਅਕਾਲੀ ਦਲ ਨੂੰ ਵੀ ਫੈਸਲਾ ਕਰਨਾ ਪੈਣਾ ਹੈ ਕਿ ਪੰਥਕ ਪਾਰਟੀ ਹੈ ਜਾਂ ਪੰਜਾਬੀ ਪਾਰਟੀ। ਇਹ ਪੰਜਾਬੀ ਪਿੜ ਵਿਚ ਆਪਣੀ ਸਿਆਸਤ ਕਰਨਾ ਚਾਹੁੰਦਾ ਹੈ ਜਾਂ ਪੰਥਕ ਪਿੜ ਵਿਚ। ਪੰਥਕ ਲੋਕ ਵੀ ਭਾਵੇਂ ਪੰਜਾਬੀ ਹਨ ਪਰ ਸਾਰੇ ਪੰਜਾਬੀ ਪੰਥਕ ਨਹੀਂ। ਅਕਾਲੀ ਦਲ ਦੀ ਜੜ੍ਹ ਪੰਥਕ ਸਿਆਸਤ ਵਿਚ ਹੈ। ਪੰਥਕ ਸਿਆਸਤ ਨੂੰ ਤਿਲਾਂਜਲੀ ਦੇ ਕੇ ਇਹ ਬੂਟਾ ਹਰਾ ਨਹੀਂ ਰਹਿ ਸਕਦਾ।

***ਪੰਜਾਬ ਦਾ ਸਿਆਸੀ ਵਰਤਾਰਾ ਭਾਰਤ ਦੇ ਹੋਰ ਸੂਬਿਆਂ ਤੋਂ ਬਿਲਕੁਲ ਹੀ ਵੱਖਰਾ ਹੈ, ਕਿਉਂਕਿ ਵੋਟਾਂ ਅਤੇ ਚੋਣਾਂ ਦਾ ਅਮਲ ਧਾਰਮਿਕ-ਸਿਆਸੀ ਵਰਤਾਰੇ ਤੋਂ ਵੱਖਰਾ ਹੈ। ਇਹ ਧਾਰਮਿਕ-ਸਿਆਸੀ ਵਰਤਾਰਾ ਚੋਣ ਅਮਲ ਨੂੰ ਪ੍ਰਭਾਵਿਤ ਜ਼ਰੂਰ ਕਰਦਾ ਹੈ। ਬਰਗਾੜੀ ਵਾਲਾ ਇਕੱਠ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਿਰੁੱਧ ਸਿੱਖਾਂ ਦੇ ਮਨਾਂ ਵਿਚ 10 ਸਾਲਾਂ ਤੋਂ ਉਬਲ ਰਹੇ ਗੁੱਸੇ ਅਤੇ ਰੋਹ ਦਾ ਪ੍ਰਗਟਾਵਾ ਹੈ।***

# ਜਿਨਸੀ ਛੇੜਛਾੜ ਦੇ ਮਾਮਲੇ ਅਤੇ ਨੈਤਿਕਤਾ ਦੀ ਚਾਦਰ

***ਇਸ ਵਕਤ 'ਮੀ ਟੂ' ਲਹਿਰ ਜ਼ਰੀਏ ਵੱਖ-ਵੱਖ ਖੇਤਰਾਂ ਵਿਚ ਕੰਮ ਕਰਦੀਆਂ ਔਰਤਾਂ ਨਾਲ ਜਿਨਸੀ ਛੇੜਛਾੜ ਦਾ ਵਰਤਾਰਾ ਚਰਚਾ ਵਿਚ ਹੈ। 14 ਔਰਤ ਪੱਤਰਕਾਰਾਂ ਨੇ ਵੱਡੇ ਪੱਤਰਕਾਰ ਅਤੇ ਭਾਜਪਾ ਸਰਕਾਰ ਵਿਚ ਵਿਦੇਸ਼ ਰਾਜ ਮੰਤਰੀ ਐਮ.ਜੇ. ਅਕਬਰ ਉਪਰ ਜਿਨਸੀ ਛੇੜਛਾੜ ਦੇ ਗੰਭੀਰ ਇਲਜ਼ਾਮ ਲਗਾਏ ਹਨ। ਅਕਬਰ ਨੇ ਨੈਤਿਕਤਾ ਦਿਖਾਉਣ ਦੀ ਬਜਾਏ ਵਿਦੇਸ਼ ਤੋਂ ਪਰਤ ਕੇ ਇਲਜ਼ਾਮ ਲਗਾਉਣ ਵਾਲੀਆਂ ਔਰਤ ਪੱਤਰਕਾਰਾਂ ਨੂੰ ਹੀ ਧਮਕਾਉਣਾ ਸ਼ੁਰੂ ਕਰ ਦਿੱਤਾ ਅਤੇ ਪੱਤਰਕਾਰ ਪ੍ਰਿਯਾ ਰਮਾਨੀ ਖਿਲਾਫ ਮਾਣਹਾਨੀ ਦਾ ਕੇਸ ਕਰ ਦਿੱਤਾ ਹੈ। ਸੀਨੀਅਰ ਪੱਤਰਕਾਰ ਰਵੀਸ਼ ਕੁਮਾਰ ਨੇ ਇਸ ਮਾਮਲੇ ਉਪਰ ਗੰਭੀਰ ਟਿੱਪਣੀ ਲਿਖੀ ਹੈ ਜੋ ਪਾਠਕਾਂ ਦੀ ਨਜ਼ਰ ਕੀਤੀ ਜਾ ਰਹੀ ਹੈ। ਇਸ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। -ਸੰਪਾਦਕ***

14 ਔਰਤ ਪੱਤਰਕਾਰਾਂ ਨੇ ਮੁਬਸ਼ਿਰ ਜਾਵੇਦ ਅਕਬਰ ਉਪਰ ਸੰਪਾਦਕ ਹੋਣ ਸਮੇਂ ਜਿਸਮਾਨੀ ਛੇੜਛਾੜ ਦੇ ਇਲਜ਼ਾਮ ਲਗਾਏ ਹਨ। ਇਹ ਸਾਰੇ ਲੇਖ ਅੰਗਰੇਜ਼ੀ ਵਿਚ ਲਿਖੇ ਗਏ ਹਨ ਅਤੇ ਅੰਗਰੇਜ਼ੀ ਦੀਆਂ ਵੈੱਬਸਾਈਟਾਂ- ਹਫਿੰਗਟਨ ਪੋਸਟ, ਮੀਡੀਅਮ, ਦਿ ਵਾਇਰ, ਵੋਗ, ਫਸਟ ਪੋਸਟ, ਇੰਡੀਅਨ ਐਕਸਪ੍ਰੈੱਸ ਉਪਰ ਪਾਏ ਗਏ ਹਨ। ਗ਼ਜ਼ਾਲਾ ਵਹਾਬ, ਕਨਿਕਾ ਗਹਿਲੋਤ, ਪ੍ਰਿਯਾ ਰਮਾਨੀ, ਪ੍ਰੇਰਨਾ ਬਿੰਦਰਾ ਸਿੰਘ, ਸ਼ੁਮਾ ਰਾਹਾ, ਪ੍ਰੇਮ ਪਣੀਕਰ, ਸਪੁਰਣਾ ਸ਼ਰਮਾ, ਸੁਤਪਾ ਪਾਲ,

**ਰਵੀਸ਼ ਕੁਮਾਰ**
**ਅਨੁਵਾਦ: ਬੂਟਾ ਸਿੰਘ**

ਦੂ ਪੂ ਕਾਂਪ, ਰੂਥ ਡੇਵਿਡ, ਅਨਸੂਆ ਬਾਸੂ, ਕਾਦੰਬਰੀ ਐਮ ਵਾਡੇ। ਇਹਨਾਂ ਚੌਦਾਂ ਔਰਤ ਪੱਤਰਕਾਰਾਂ ਦੀਆਂ ਯਾਦਾਂ ਨੂੰ ਗ਼ੌਰ ਨਾਲ ਪੜ੍ਹੋ।

ਇਹਨਾਂ ਸਭ ਦੇ ਵੇਰਵਿਆਂ ਵਿਚ ਕੁਛ ਖਾਸ ਚੀਜ਼ਾਂ ਵਾਰ-ਵਾਰ ਮਿਲਣਗੀਆਂ। ਜਿਵੇਂ, ਅਕਬਰ ਦਾ ਤੰਗ ਰਸਤਿਆਂ ਵਾਲਾ ਕਮਰਾ, ਲੈਦਰ ਕੁਰਸੀ, ਉਸਦਾ ਪਿੱਛਿਓਂ ਆਕੇ ਮੋਢੇ ਫੜ ਲੈਣਾ, ਗੱਲ ਕਰਦੇ ਵਕਤ ਛਾਤੀ ਨੂੰ ਘੂਰਦੇ ਰਹਿਣਾ, ਫੜ ਕੇ ਚੁੰਮ ਲੈਣਾ, ਲੰਡਨ ਬਿਊਰੋ ਵਿਚ ਪੋਸਟਿੰਗ ਦਾ ਲਾਲਚ, ਪੱਤਰਕਾਰੀ ਵਿਚ ਕਰੀਅਰ ਚਮਕਾ ਦੇਣ ਦੀ ਪੇਸ਼ਕਸ਼ ਜਾਂ ਬਰਬਾਦ ਕਰ ਦੇਣ ਦੀ ਧਮਕੀ। ਇਹਨਾਂ ਸਭ ਨੂੰ ਪੜ੍ਹਦੇ ਹੋਏ ਲੱਗਦਾ ਹੈ ਕਿ ਅਕਬਰ ਬਿਮਾਰ ਸ਼ਿਕਾਰੀ ਹੈ। ਚੌਦਾਂ ਔਰਤ ਪੱਤਰਕਾਰਾਂ ਨੇ ਇਲਜ਼ਾਮ ਲਗਾਏ ਹਨ, ਪ੍ਰਸੰਗ ਸਹਿਤ।

ਇਹਨਾਂ ਇਲਜ਼ਾਮਾਂ ਦੇ ਬਾਰੇ ਪ੍ਰਤੀਕਰਮ ਦਿੰਦੇ ਹੋਏ ਭਾਜਪਾ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਨੇ ਕਿਹਾ ਹੈ ਕਿ ਉਹ ਅਕਬਰ ਉਪਰ ਲੱਗੇ ਇਲਜ਼ਾਮਾਂ ਦੀ ਜਾਂਚ ਕਰਨਗੇ। ਜੋ ਪੋਸਟ ਕੀਤਾ ਹੈ ਉਸ ਨੂੰ ਚੈੱਕ ਕਰਨਗੇ, ਸਚਾਈ ਦਾ ਪਤਾ ਲਗਾਉਣਗੇ, ਕਿਸ ਵਿਅਕਤੀ ਨੇ ਇਹ ਲਿਖਿਆ ਹੈ, ਇਹ ਵੀ ਦੇਖਣਗੇ। ਕੀ ਅਮਿਤ ਸ਼ਾਹ ਇਹਨਾਂ ਸਾਰੇ 14 ਔਰਤ ਪੱਤਰਕਾਰਾਂ ਨੂੰ ਸੱਦ ਕੇ ਅਕਬਰ ਦੇ ਸਾਹਮਣੇ ਜਨ ਸੁਣਵਾਈ ਕਰਨਗੇ? ਅਮਿਤ ਸ਼ਾਹ ਕਿਵੇਂ ਚੈੱਕ ਕਰੇਗਾ?

ਕੀ ਉਹ ਇਹ ਸੰਕੇਤ ਦੇ ਰਿਹਾ ਹੈ ਕਿ ਅਕਬਰ ਨੂੰ ਬਚਾਉਣ ਦੇ ਤਰੀਕੇ ਕੱਢ ਲਏ ਜਾਣਗੇ। ਜਾਂਚ ਦੇ ਨਾਮ ਉਪਰ ਕਮੇਟੀ। ਕੀ ਉਹ ਅਦਾਲਤ ਹੈ, ਜੱਜ ਹੈ ਜੋ ਇਹ ਚੈੱਕ ਕਰੇਗਾ? ਇਕ ਵਾਰ ਭਾਜਪਾ ਦੇ ਪ੍ਰਧਾਨ ਨਿਤਿਨ ਗਡਕਰੀ ਉਪਰ ਵੀ ਇਲਜ਼ਾਮ ਲੱਗੇ ਸਨ। ਭਾਜਪਾ ਦਾ ਅੰਦਰੂਨੀ ਲੋਕਪਾਲ ਬਣਾਇਆ ਗਿਆ ਸੀ ਜਿਸ ਨੂੰ ਇਹਨੀਂ ਦਿਨੀਂ ਰਿਜ਼ਰਵ ਬੈਂਕ ਦਾ ਮੈਂਬਰ ਬਣਾ ਦਿੱਤਾ ਗਿਆ ਹੈ। ਭਾਜਪਾ ਸਰਕਾਰ ਦੇ ਪੰਜ ਸਾਲ ਪੂਰੇ ਹੋਣ ਵਾਲੇ ਹਨ, ਅਸਲੀ ਲੋਕਪਾਲ ਦਾ ਅਜੇ ਤਕ ਪਤਾ ਨਹੀਂ ਲੱਗਿਆ ਹੈ।

ਅਸਤੀਫਾ ਦੇਣ ਦੀ ਵੀ ਆਪਣੀ ਨੈਤਿਕਤਾ ਹੁੰਦੀ ਹੈ। ਬਹੁਤ ਸਾਰੇ ਛੋਟੇ ਬੜੇ ਆਗੂਆਂ ਨੇ ਮਾਮੂਲੀ ਇਲਜ਼ਾਮ ਦੀ ਜਾਂਚ ਤੋਂ ਪਹਿਲਾਂ ਅਸਤੀਫੇ ਦਿੱਤੇ ਹਨ। ਟਾਈਮਜ਼ ਆਫ ਇੰਡੀਆ ਦੇ ਰੈਜ਼ੀਡੈਂਟ ਐਡੀਟਰ ਕੇ.ਐਸ. ਸ੍ਰੀਨਿਵਾਸ ਨੇ ਅਸਤੀਫਾ ਦੇ ਦਿੱਤਾ। ਉਸ ਉਪਰ ਸੱਤ ਔਰਤ ਪੱਤਰਕਾਰਾਂ ਨੇ ਇਲਜ਼ਾਮ ਲਗਾਏ ਹਨ। ਹਿੰਦੁਸਤਾਨ ਟਾਈਮਜ਼ ਦੇ ਰਾਜਨੀਤਕ ਸੰਪਾਦਕ ਪ੍ਰਸ਼ਾਂਤ ਝਾਅ ਨੇ ਵੀ ਅਸਤੀਫਾ ਦਿੱਤਾ ਹੈ।

ਹੁਣ ਮੈਂ ਇਕ ਹੋਰ ਮਾਮਲੇ ਵੱਲ ਆਉਂਦਾ ਹਾਂ। ਅਕਬਰ ਦੀ ਖਬਰ ਨੂੰ ਅੰਗਰੇਜ਼ੀ ਅਤੇ ਹਿੰਦੀ ਦੇ ਕਈ ਅਖਬਾਰਾਂ ਨੇ ਕਿਉਂ ਨਹੀਂ ਛਾਪਿਆ? ਐਕਸਪ੍ਰੈੱਸ ਅਤੇ ਟੈਲੀਗ੍ਰਾਫ ਨੇ ਵਿਸਤਾਰ ਅਤੇ ਪ੍ਰਮੁੱਖਤਾ ਨਾਲ ਛਾਪਿਆ ਹੈ। ਬਾਕੀ ਅੰਗਰੇਜ਼ੀ ਅਖਬਾਰ ਵੀ ਹਿੰਦੀ ਅਖਬਾਰਾਂ ਵਾਂਗ ਡਰਪੋਕ ਨਿੱਕਲੇ। ਹਿੰਦੀ ਅਖਬਾਰਾਂ ਵਿਚ ਜਿਥੇ ਇਹ ਖਬਰ ਛਪੀ ਹੈ, ਉਹਨਾਂ ਦਾ ਵਿਸ਼ਲੇਸ਼ਣ ਕਰਨਾ ਚਾਹੀਦਾ ਹੈ। ਦੈਨਿਕ ਭਾਸਕਰ ਅਤੇ ਨਵਭਾਰਤ ਟਾਈਮਜ਼ ਨੇ ਇਸ ਖਬਰ ਨੂੰ ਛਾਪਿਆ ਹੈ। ਲੇਕਿਨ ਕੀ ਉਹਨਾਂ ਵਿਚ ਜਿਨਸੀ ਸ਼ੋਸ਼ਣ ਦੇ ਇਲਜ਼ਾਮਾਂ ਦਾ ਵਿਸਤਾਰ ਹੈ? ਜਾਂ ਇਹਨਾਂ ਨੂੰ ਵਿਵਾਦ ਦੀ ਸ਼ਕਲ ਵਿਚ ਹੀ ਛਾਪਿਆ ਹੈ। ਹਿੰਦੀ ਦੇ ਕਈ ਬੜੇ ਅਖਬਾਰਾਂ ਨੇ ਇਸ ਖਬਰ ਨੂੰ ਛਾਪਿਆ ਹੀ ਨਹੀਂ। ਕਰੋੜਾਂ ਪਾਠਕਾਂ ਤਕ ਇਹ ਖਬਰ ਪਹੁੰਚੀ ਹੀ ਨਹੀਂ। ਜਿਥੇ ਛਪੀ ਹੈ ਉਥੇ ਸਿਰਫ ਰਸਮ ਪੂਰੀ ਕੀਤੀ ਗਈ ਹੈ। ਅੰਦਰਲੇ ਪੰਨਿਆਂ ਉਪਰ ਤਿੰਨ ਚਾਰ ਸਤਰਾਂ ਦੀ ਖਬਰ ਛਪੀ ਹੈ। ਇਹਨਾਂ ਵਿਚ ਇਹ ਜ਼ਿਕਰ ਹੀ ਨਹੀਂ ਹੈ ਕਿ 14 ਔਰਤਾਂ ਪੱਤਰਕਾਰਾਂ ਨੇ ਜੋ ਇਲਜ਼ਾਮ ਲਗਾਏ ਹਨ, ਉਹਨਾਂ ਦਾ ਵੇਰਵਾ ਕੀ ਹੈ।

"ਉਹ ਕੁਰਸੀ ਤੋਂ ਉਠਿਆ ਅਤੇ ਆਪਣੀ ਮੇਜ਼ ਦਾ ਚੱਕਰ ਲਗਾਉਂਦੇ ਹੋਏ ਮੇਰੇ ਵੱਲ ਆਇਆ, ਜਿਥੇ ਮੈਂ ਬੈਠੀ ਸੀ। ਮੈਂ ਵੀ ਉਠ ਖੜ੍ਹੀ ਅਤੇ ਉਸ ਦੇ ਨਾਲ ਹੱਥ ਮਿਲਾਇਆ। ਉਸ ਨੇ ਮੋਢਿਆਂ ਤੋਂ ਹੇਠਾਂ ਮੇਰੇ ਹੱਥਾਂ ਨੂੰ ਜਕੜ ਲਿਆ ਅਤੇ ਆਪਣੇ ਵੱਲ ਖਿੱਚ ਲਿਆ। ਮੇਰੇ ਮੂੰਹ ਵਿਚ ਆਪਣੀ ਜੀਭ ਪਾ ਦਿੱਤੀ। ਮੈਂ ਉਥੇ ਖੜ੍ਹੀ ਰਹੀ। ਅਕਬਰ ਨੇ ਜੋ ਕੀਤਾ, ਉਹ ਬਹੁਤ ਭੱਦਾ ਸੀ। ਸੀਮਾਵਾਂ ਦਾ ਉਲੰਘਣ ਕੀਤਾ ਅਤੇ ਮੇਰਾ, ਮੇਰੇ ਮਾਂ-ਬਾਪ ਦਾ ਵਿਸ਼ਵਾਸ ਤੋੜਿਆ।"

ਇਹ ਪ੍ਰਸੰਗ ਸੀ.ਐਨ.ਐਨ. ਦੀ ਖੋਜੀ ਪੱਤਰਕਾਰ ਦੂ ਪੂ ਕਾਂਪ ਦਾ ਹੈ। ਕਾਂਪ ਨੇ ਲਿਖਿਆ ਹੈ: ਮੈਂ 18 ਸਾਲ ਦੀ ਸੀ, ਅਕਬਰ 56 ਸਾਲ ਦਾ ਸੀ। ਭਾਰਤ ਵਿਚ ਵਿਦੇਸ਼ੀ ਪੱਤਰਕਾਰ ਦੇ ਤੌਰ 'ਤੇ ਕੰਮ ਕਰ ਰਹੇ ਆਪਣੇ ਮਾਂ-ਬਾਪ ਦੇ ਜ਼ਰੀਏ ਉਹ ਅਕਬਰ ਨੂੰ ਮਿਲੀ ਸੀ। ਔਰਤ ਪੱਤਰਕਾਰ ਦੇ ਬਾਪ ਨੇ ਇਸ ਮਾਮਲੇ ਵਿਚ ਅਕਬਰ ਨੂੰ ਈ-ਮੇਲ ਵੀ ਕੀਤਾ ਸੀ ਜਿਸ ਨੂੰ ਹਫਿੰਗਟਨ ਪੋਸਟ ਦੀ ਬੇਤਵਾ ਸ਼ਰਮਾ ਅਤੇ ਅਮਨ ਸੇਠੀ ਨੇ ਛਾਪਿਆ ਹੈ। ਅਕਬਰ ਨੇ ਈ-ਮੇਲ ਦਾ ਜਵਾਬ ਦਿੱਤਾ ਹੈ ਕਿ 'ਇਹਨਾਂ ਗੱਲਾਂ ਨੂੰ ਲੈ ਕੇ ਗ਼ਲਤਫਹਿਮੀ ਹੋ ਜਾਂਦੀ ਹੈ। ਇਹਨਾਂ ਗੱਲਾਂ ਨੂੰ ਲੈ ਕੇ ਬਹਿਸ ਦਾ ਕੋਈ ਫਾਇਦਾ ਨਹੀਂ ਹੈ। ਜੇ ਕੁਝ ਵੀ ਅਣਉਚਿਤ ਹੋਇਆ ਹੈ ਤਾਂ ਮੈਂ ਮੁਆਫੀ ਮੰਗਦਾ ਹਾਂ।"

ਸੁਪਰਨਾ ਸ਼ਰਮਾ ਜੋ ਫਿਲਮ ਆਲੋਚਕ ਹੈ, ਉਸ ਨੇ ਵੀ ਇਲਜ਼ਾਮ ਲਗਾਏ ਹਨ। ਨਿਊ ਕ੍ਰਾਪ ਦੀ ਬਾਨੀ ਸੰਪਾਦਕ ਹੈ ਸੁਤਪਾ ਪਾਲ, ਉਸ ਨੇ ਤਾਂ 10 ਅਕਤੂਬਰ ਨੂੰ 23 ਟਵੀਟ ਕੀਤੇ ਅਤੇ ਦੱਸਿਆ ਕਿ ਕਿਵੇਂ ਇੰਡੀਆ ਟੂਡੇ ਦੇ ਕੋਲਕਾਤਾ ਬਿਊਰੋ ਵਿਚ ਕੰਮ ਕਰਨ ਦੌਰਾਨ ਅਕਬਰ ਨੇ ਸਬੰਧ ਬਣਾਉਣ ਦਾ ਯਤਨ ਕੀਤਾ। ਇਹ ਸਾਰੀਆਂ ਗੱਲਾਂ 2010-11 ਦੀਆਂ ਹਨ। ਕੀ ਔਰਤ ਪੱਤਰਕਾਰ ਸੁਤਪਾ ਪਾਲ ਨੇ ਅਕਬਰ ਉਪਰ ਲਗਾਏ ਜਿਨਸੀ ਛੇੜਛਾੜ ਦੇ ਇਲਜ਼ਾਮ ਲਿਖ ਦੇਣ ਦਾ ਹਿੰਦੀ ਦੇ ਪਾਠਕ ਨੂੰ ਪਤਾ ਲੱਗ ਸਕੇਗਾ? ਕੀ ਤੁਸੀਂ ਕਿਸੇ ਵਿਦੇਸ਼ੀ ਔਰਤ ਪੱਤਰਕਾਰ ਦੂ ਪਾ ਕਾਂਪ ਦੇ ਵੇਰਵਿਆਂ ਨੂੰ ਆਪਣੇ ਹਿੰਦੀ ਅਖਬਾਰ ਵਿਚ ਅੱਖਰ-ਅੱਖਰ ਛਪੇ ਦੇਖਿਆ ਹੈ? ਇਸੇ ਲਈ ਮੈਂ ਕਹਿੰਦਾ ਹਾਂ ਕਿ ਹਿੰਦੀ ਦੇ ਅਖਬਾਰ ਹਿੰਦੀ ਦੇ ਪਾਠਕਾਂ ਦੀ ਹੱਤਿਆ ਕਰ ਰਹੇ ਹਨ। ਜਦੋਂ ਜਾਣਕਾਰੀ ਹੀ ਨਹੀਂ ਹੋਵੇਗੀ ਤਾਂ ਸਮਝ ਲਓ, ਉਸ ਨਾਗਰਿਕ ਕੀ ਹੋਵੇਗਾ, ਵੋਟਰ ਕੀ ਹੋਵੇਗਾ? ਹਿੰਦੀ ਦੀ ਇਕ ਔਰਤ ਪੱਤਰਕਾਰ ਨੇ ਆਪਣੀਆਂ ਯਾਦਾਂ ਲਿਖੀਆਂ ਹਨ। ਫੇਸਬੁੱਕ ਉਪਰ। ਕੀ ਕੋਈ ਹਿੰਦੀ ਦਾ ਅਖਬਾਰ ਉਸ ਦੀਆਂ ਯਾਦਾਂ ਛਾਪੇਗਾ?

ਸ਼ਸ਼ੀ ਪਾਂਡੇ ਮਿਸ਼ਰਾ ਨੇ ਲਿਖਿਆ ਹੈ: "ਗੱਲ 2010 ਦੀ ਹੈ। ਉਦੋਂ ਮੈਂ ਆਈਨੈਕਸ ਅਖਬਾਰ (ਦੈਨਿਕ ਜਾਗਰਣ) ਵਿਚ ਰਿਪੋਰਟਰ ਸੀ। ਨਵਾਂ ਇੰਚਾਰਜ ਆਇਆ ਮੁਸ਼ਹਿਦ। ਔਰਤ ਰਿਪੋਰਟਰਾਂ ਨਾਲ ਗੰਦੀਆਂ-ਗੰਦੀਆਂ ਗੱਲਾਂ ਕਰਦਾ ਸੀ, ਲੇਕਿਨ ਕਿਸੇ ਵਿਚ ਹਿੰਮਤ ਨਹੀਂ ਹੁੰਦੀ ਸੀ ਉਸ ਦੇ ਬਰਖਿਲਾਫ ਕੁਝ ਵੀ ਬੋਲਣ ਦੀ। ਇਕ ਦਿਨ ਮੈਨੂੰ ਬੁਲਾ ਕੇ ਬੋਲਿਆ: ਕੌਂਡੋਮ ਉਪਰ ਸਟੋਰੀ ਕਰੋ ਕਿ ਅੱਜ ਕੱਲ੍ਹ ਕੁੜੀਆਂ ਨੂੰ ਕਿਸ ਫਲੇਵਰ ਦੇ ਕੌਂਡੋਮ ਪਸੰਦ ਹਨ? ਮੈਂ ਪੁੱਛਿਆ- ਸਰ, ਕੀ ਇਹ ਖਬਰ ਤੁਸੀਂ ਛਾਪੋਗੇ? ਭੋਲਿਆ- ਚੱਲੋ ਛੱਡੋ, ਤੈਨੂੰ ਕਿਸ ਫਲੇਵਰ ਦੇ ਕੌਂਡੋਮ ਪਸੰਦ ਹਨ? ਮੈਂ ਉਸ ਦੇ ਕੈਬਿਨ ਵਿਚੋਂ ਗਾਲਾਂ ਕੱਢਦੀ ਹੋਈ ਬਾਹਰ ਆ ਗਈ।" ਹਿੰਦੀ ਦੇ ਅਖਬਾਰ ਹਿੰਦੀ ਦੀਆਂ ਔਰਤ ਪੱਤਰਕਾਰਾਂ ਦੇ 'ਮੀ ਟੂ' ਪ੍ਰਸੰਗ ਨਹੀਂ ਛਾਪ ਰਹੇ। ਇਸ ਨਾਲ ਧਾਰਨਾ ਬਣਾਈ ਜਾ ਰਹੀ ਹੈ ਕਿ ਇਹ ਸਾਰਾ ਮਾਮਲਾ ਅੰਗਰੇਜ਼ੀ ਦੀਆਂ ਔਰਤਾਂ ਪੱਤਰਕਾਰਾਂ ਦਾ ਹੈ। ਇਹ ਗ਼ਲਤ ਹੈ।

"ਅਕਬਰ ਆਪਣੀ ਕਿਤਾਬ ਦੀ ਪਰੂਫ ਰੀਡਿੰਗ ਕਰਨ ਲਈ ਕਹਿਣ ਲੱਗਾ। ਮੇਰੀ ਕੁਰਸੀ ਦੇ ਲਾਗੇ ਆ ਕੇ ਖੜ੍ਹਾ ਹੋ ਜਾਂਦਾ, ਮੈਨੂੰ ਤਣਾਓ ਵਿਚ ਦੇਖ ਕੇ ਮਸਾਜ ਕਰ ਦੇਣ ਦੀ ਪੇਸ਼ਕਸ਼ ਕਰਨ ਲੱਗਦਾ। ਮੇਰੇ ਨਾਂਹ ਕਰਨ 'ਤੇ ਮੈਨੂੰ ਚੁੰਮਣ ਦੀ ਕੋਸ਼ਿਸ਼ ਕਰਦਾ। ਮੈਂ ਘਬਰਾਹਟ ਦਿਖਾ ਕੇ ਪਾਸਾ ਵੱਟ ਜਾਂਦੀ ਸੀ।" ਇਹ ਵੇਰਵਾ ਰੂਥ ਡੇਵਿਡ ਨਾਮ ਦੀ ਮਹਿਲਾ ਪੱਤਰਕਾਰ ਦਾ ਹੈ। ਉਸ ਨੇ ਮੀਡੀਅਮ ਨਾਮ ਦੀ ਵੈੱਬਸਾਈਟ ਉਪਰ ਹੱਡਬੀਤੀ ਲਿਖੀ



ਹੈ। ਅੰਗਰੇਜ਼ੀ ਵਿਚ। ਹਿੰਦੀ ਦੇ ਸੰਪਾਦਕ ਜਿਨਸੀ ਛੇੜਛੇੜ ਦੇ ਤਮਾਮ ਪ੍ਰਸੰਗ ਅਤੇ ਸ਼ਬਦ ਗ਼ਾਇਬ ਕਰ ਰਹੇ ਹਨ। ਬਹੁਤ ਸਾਰੇ ਚੁੰਮਣ ਦੀ ਗੱਲ ਤਾਂ ਛਾਪ ਦੇਣਗੇ ਲੇਕਿਨ ਹਨੇਰੇ ਵਿਚ ਛਾਤੀ ਦਬਾਉਣ ਦੀ ਗੱਲ ਨਹੀਂ ਲਿਖਣਗੇ ਜੋ ਅਕਬਰ ਬਾਰੇ ਕਈ ਔਰਤ ਪੱਤਰਕਾਰਾਂ ਨੇ ਲਿਖਿਆ ਹੈ। ਜਬਰੀ ਖਿੱਚ ਕੇ ਅਕਬਰ ਆਪਣੀ ਜੀਭ ਉਹਨੇ ਦੇ ਮੂੰਹ ਵਿਚ ਪਾ ਦਿੰਦਾ ਸੀ, ਇਸ ਦਾ ਵੇਰਵਾ ਨਹੀਂ ਛਾਪਣਗੇ; ਜਦਕਿ ਹਿੰਦੀ ਦੀਆਂ ਔਰਤਾਂ ਠੀਕ ਇਸੇ ਤਰ੍ਹਾਂ ਦੀ ਜਿਨਸੀ ਛੇੜਛਾੜ ਝੱਲ ਰਹੀਆਂ ਹਨ। ਲੇਕਿਨ ਜਦੋਂ ਉਹ ਆਪਣੀ ਵੈੱਬਸਾਈਟ ਉਪਰ ਪਾਠਕਾਂ ਨੂੰ ਭਰਮਾਉਣ ਲਈ ਸੈਕਸ ਸਬੰਧੀ ਖਬਰਾਂ ਛਾਪਦੇ ਹਨ ਤਾਂ ਉਹ ਅੰਗਰੇਜ਼ੀ ਦੇ ਅਖਬਾਰਾਂ ਤੋਂ ਵੀ ਅੱਗੇ ਨਿਕਲ ਜਾਂਦੇ ਹਨ।

ਕਿਸੇ ਖੋਜਕਾਰ ਨੂੰ ਖੋਜ ਕਰਨੀ ਚਾਹੀਦੀ ਹੈ ਕਿ ਹਿੰਦੀ ਦੀਆਂ ਔਰਤ ਪੱਤਰਕਾਰ ਜਦੋਂ ਆਪਣੇ ਨਾਲ ਹੋਏ ਇਹਨਾਂ ਮਾਮਲਿਆਂ ਨੂੰ ਲਿਖਦੀਆਂ ਤਾਂ ਕੀ ਉਹਨਾਂ ਦਾ ਵੇਰਵਾ ਓਨਾ ਸਪਸ਼ਟ ਹੁੰਦਾ ਹੈ, ਅੱਖਰ ਅੱਖਰ ਹੁੰਦਾ ਹੈ, ਜਿਵੇਂ ਅੰਗਰੇਜ਼ੀ ਦੀਆਂ ਔਰਤ ਪੱਤਰਕਾਰ ਲਿਖ ਰਹੀਆਂ ਹਨ? ਖੋਜਕਾਰ ਨੂੰ ਇਹਨਾਂ ਹਿੰਦੀ ਪੱਤਰਕਾਰਾਂ ਨਾਲ ਗੱਲ ਵੀ ਕਰਨੀ ਚਾਹੀਦੀ ਹੈ ਤਾਂ ਹੀ ਪਤਾ ਲੱਗੇਗਾ ਕਿ ਜੋ ਹੋਇਆ ਉਹ ਉਹਨਾਂ ਨੇ ਹੂ-ਬ-ਹੂ ਲਿਖਿਆ ਹੈ ਜਾਂ ਬਹੁਤ ਕੁਝ ਸੋਚ ਕੇ ਸੰਪਾਦਤ ਕਰ ਦਿੱਤਾ ਹੈ ਅਤੇ ਬਾਰੀਕੀ ਵਿਚ ਵੇਰਵੇ ਦੀ ਥਾਂ ਆਮ ਗੱਲ ਲਿਖ ਦਿੱਤੀ ਹੈ। ਇਹ ਵੀ ਦੇਖਣਾ ਚਾਹੀਦਾ ਹੈ ਕਿ ਅਕਬਰ ਦੇ ਮਾਮਲੇ ਵਿਚ 'ਮੀ ਟੂ' ਦਾ ਵੇਰਵਾ ਕਿਹੋ ਜਿਹਾ ਹੈ ਅਤੇ ਬਾਕੀ ਫਿਲਮ ਜਗਤ ਦੇ ਲੋਕਾਂ ਉਪਰ ਜੋ ਇਲਜ਼ਾਮ ਲੱਗੇ ਉਹਨਾਂ ਇਲਜ਼ਾਮਾਂ ਦਾ ਵਿਸਤਾਰ ਕਿਸ ਤਰ੍ਹਾਂ ਨਾਲ ਛਪਿਆ ਹੈ। ਮੈਂ ਸਾਰਿਆਂ ਦਾ ਵੇਰਵਾ ਨਹੀਂ ਪੜ੍ਹਿਆ ਹੈ ਅਤੇ ਮੈਂ ਐਸੀਆਂ ਗੱਲਾਂ ਨੂੰ ਪ੍ਰਮਾਣਿਕ ਤਰੀਕੇ ਨਾਲ ਕਹਿਣ ਦੇ ਕਾਬਲ ਨਹੀਂ ਹਾਂ। ਖੋਜ ਅਤੇ ਅਕਾਦਮਿਕ ਕੰਮ ਦਾ ਅਮਲ ਪੱਤਰਕਾਰੀ ਦੇ ਕੰਮ ਨਾਲੋਂ ਕਾਫੀ ਵੱਖਰਾ ਹੁੰਦਾ ਹੈ।

ਗ਼ਜ਼ਾਲਾ ਵਹਾਬ ਨੇ ਆਪਣੀ ਹੱਡਬੀਤੀ ਅੰਗਰੇਜ਼ੀ ਵਿਚ ਲਿਖੀ। ਦਿ ਵਾਇਰ ਵਿਚ। ਕਾਫੀ ਦੇਰ ਬਾਅਦ ਜਦੋਂ ਵਾਇਰ ਵਿਚ ਉਸ ਦਾ ਉਰਦੂ ਤਰਜਮਾ ਆਇਆ ਤਾਂ ਮੈਂ ਇਹੀ ਦੇਖਣਾ ਚਾਹਿਆ ਕਿ ਕੀ ਹਿੰਦੀ ਤਰਜਮਾ ਕਰਦੇ ਵਕਤ ਉਸ ਦੇ ਵੇਰਵੇ ਨੂੰ ਛੱਡ ਦਿੱਤਾ ਗਿਆ ਹੈ ਜਾਂ ਫਿਰ ਸਹੀ ਸਹੀ ਉਹ ਗੱਲ ਨਹੀਂ ਹੈ ਜੋ ਗ਼ਜ਼ਾਲਾ ਨੇ ਅੰਗਰੇਜ਼ੀ ਵਿਚ ਕਹੀ ਹੈ। ਵਾਇਰ ਹਿੰਦੀ ਦੇ ਲੇਖ ਨੂੰ ਹੋਰ ਗ਼ੌਰ ਨਾਲ ਦੇਖਣ ਦੀ ਜ਼ਰੂਰਤ ਹੈ, ਲੇਕਿਨ ਸਰਸਰੀ ਤੌਰ 'ਤੇ ਲੱਗਾ ਕਿ ਤਰਜਮਾ ਕਰਨ ਵਾਲੇ ਨੇ ਕਿਸੇ ਵੇਰਵੇ ਨਾਲ ਸਮਝੌਤਾ ਨਹੀਂ ਕੀਤਾ ਹੈ। ਉਸ ਨੇ ਆਪਣੇ ਪਾਠਕਾਂ ਨੂੰ ਚੁਣੌਤੀ ਦਿੱਤੀ ਹੈ ਕਿ ਉਹ ਹਿੰਦੀ ਦੀ ਝੂਠੀ ਨੈਤਿਕਤਾ ਨੂੰ ਛੱਡ ਕੇ ਗ਼ਜ਼ਾਲਾ ਵਹਾਬ ਦੇ ਨਾਲ ਅਕਬਰ ਨੇ ਜੋ ਕੀਤਾ ਹੈ, ਉਸ ਨੂੰ ਹੂ-ਬ-ਹੂ ਪੜ੍ਹਨ।

"ਕਦੇ-ਕਦੇ ਜਦੋਂ ਉਸ ਨੇ ਆਪਣਾ ਹਫਤਾਵਾਰ ਕਾਲਮ ਲਿਖਣਾ ਹੁੰਦਾ, ਉਹ ਮੈਨੂੰ ਆਪਣੇ ਸਾਹਮਣੇ ਬਿਠਾ ਲੈਂਦਾ। ਇਸ ਦੇ ਪਿੱਛੇ ਸੋਚ ਇਹ ਸੀ ਕਿ ਜੇ ਉਸ ਨੇ ਲਿਖਦੇ ਵਕਤ ਮੋਟੀ ਡਿਕਸ਼ਨਰੀ, ਜੋ ਉਸ ਨੇ ਕੈਬਿਨ ਦੇ ਦੂਜੇ ਕੋਨੇ ਉਪਰ ਘੱਟ ਉਚਾਈ ਵਾਲੀ ਤਪਾਈ ਉਪਰ ਰੱਖੀ ਹੁੰਦੀ ਸੀ, ਤੋਂ ਕੋਈ ਸ਼ਬਦ ਦੇਖਣਾ ਹੋਵੇ ਤਾਂ ਉਹ ਉਥੋਂ ਤਕ ਜਾਣ ਦੀ ਜ਼ਹਿਮਤ ਉਠਾਉਣ ਦੀ ਬਜਾਏ ਇਹ ਕੰਮ ਕਰਨ ਲਈ ਮੈਨੂੰ ਕਹਿ ਸਕੇ। ਇਹ ਡਿਕਸ਼ਨਰੀ ਏਨੀ ਘੱਟ ਉਚਾਈ ਉਪਰ ਰੱਖੀ ਹੁੰਦੀ ਸੀ ਕਿ ਉਸ ਵਿਚੋਂ ਕੁਝ ਲੱਭਣ ਲਈ ਜਾਂ ਤਾਂ ਪੂਰੀ ਤਰ੍ਹਾਂ ਝੁਕਣਾ ਪੈਂਦਾ ਜਾਂ ਪੈਰਾਂ ਭਾਰ ਬੈਠਣਾ ਪੈਂਦਾ ਅਤੇ ਇਉਂ ਪਿੱਠ ਅਕਬਰ ਵੱਲ ਹੋ ਜਾਂਦੀ। 1997 ਦੇ ਇਕ ਦਿਨ ਜਦੋਂ ਮੈਂ ਪੈਰਾਂ ਉਪਰ ਅੱਧੀ ਕੁ ਬੈਠ ਕੇ ਡਿਕਸ਼ਨਰੀ ਉਪਰ ਝੁਕੀ ਹੋਈ ਸੀ, ਉਸ ਨੇ ਅਛੋਪਲੇ ਹੀ ਪਿੱਛਿਓਂ ਆ ਕੇ ਮੈਨੂੰ ਕਮਰ ਤੋਂ ਫੜ ਲਿਆ। ਮੈਂ ਡਰ ਦੇ ਮਾਰੇ ਉਠਣ ਦੀ ਕੋਸ਼ਿਸ਼ ਵਿਚ ਲੜਖੜਾ ਗਈ। ਉਹ ਆਪਣੇ ਹੱਥ ਮੇਰੀਆਂ ਛਾਤੀਆਂ ਉਪਰ ਫੇਰਦੇ ਹੋਏ ਲੱਕ ਉਪਰ ਲੈ ਆਇਆ। ਮੈਂ ਉਸ ਦਾ ਹੱਥ ਝਟਕਣ ਦੀ ਕੋਸ਼ਿਸ਼ ਕੀਤੀ, ਲੇਕਿਨ ਉਸ ਨੇ ਮਜ਼ਬੂਤੀ ਨਾਲ ਮੇਰੇ ਲੱਕ ਨੂੰ ਜਕੜਿਆ ਹੋਇਆ ਸੀ ਅਤੇ ਆਪਣੇ ਅੰਗੂਠੇ ਮੇਰੀਆਂ ਛਾਤੀਆਂ ਨਾਲ ਰਗੜ ਰਿਹਾ ਸੀ।

ਦਰਵਾਜ਼ਾ ਨਾ ਕੇਵਲ ਬੰਦ ਸੀ, ਬਲਕਿ ਉਸ ਦੀ ਪਿੱਠ ਵੀ ਉਸ ਨਾਲ ਲੱਗੀ ਹੋਈ ਸੀ। ਖੌਫ ਦੇ ਉਹਨਾਂ ਚੰਦ ਪਲਾਂ ਵਿਚ ਹਰ ਤਰ੍ਹਾਂ ਦੇ ਖਿਆਲ ਮੇਰੇ ਦਿਮਾਗ ਵਿਚ ਆਏ। ਆਖਿਰ ਉਸ ਨੇ ਮੈਨੂੰ ਛੱਡ ਦਿੱਤਾ। ਇਸ ਦਰਮਿਆਨ ਲਗਾਤਾਰ ਸ਼ੈਤਾਨੀ ਮੁਸਕਰਾਹਟ ਉਸ ਦੇ ਚਿਹਰੇ ਉਪਰ ਤੈਰਦੀ ਰਹੀ। ਮੈਂ ਉਸ ਦੇ ਕੈਬਿਨ ਵਿਚੋਂ ਦੌੜ ਆਈ ਅਤੇ ਵਾਸ਼ਰੂਮ ਵਿਚ ਜਾ ਕੇ ਰੋਣ ਲੱਗੀ। ਮੈਨੂੰ ਖੌਫ ਨੇ ਘੇਰ ਲਿਆ ਸੀ। ਮੈਂ ਖੁਦ ਨੂੰ ਕਿਹਾ ਕਿ ਇਹ ਮੁੜ ਨਹੀਂ ਹੋਵੇਗਾ ਅਤੇ ਮੇਰੇ ਵਿਰੋਧ ਨੇ ਉਸ ਨੂੰ ਇਹ ਦੱਸ ਦਿੱਤਾ ਹੋਵੇਗਾ ਕਿ ਮੈਂ ਉਸ ਦੀ 'ਇਕ ਹੋਰ ਗਰਲ ਫਰੈਂਡ' ਨਹੀਂ ਬਣਨਾ ਚਾਹੁੰਦੀ। ਲੇਕਿਨ ਇਹ ਇਸ ਬੁਰੇ ਸੁਪਨੇ ਦੀ ਮਹਿਜ਼ ਸ਼ੁਰੂਆਤ ਸੀ।

ਅਗਲੀ ਸ਼ਾਮ ਉਸ ਨੇ ਮੈਨੂੰ ਆਪਣੇ ਕੈਬਿਨ ਵਿਚ ਬੁਲਾਇਆ। ਮੈਂ ਦਰਵਾਜ਼ਾ ਖੜਕਾਇਆ ਅਤੇ ਅੰਦਰ ਗਈ। ਉਹ ਦਰਵਾਜ਼ੇ ਦੇ ਸਾਹਮਣੇ ਹੀ ਖੜ੍ਹਾ ਸੀ ਅਤੇ ਇਸ ਤੋਂ ਪਹਿਲਾਂ ਕਿ ਮੈਂ ਕੋਈ ਪ੍ਰਤੀਕਰਮ ਕਰਦੀ, ਉਸ ਨੇ ਦਰਵਾਜ਼ਾ ਬੰਦ ਕਰ ਦਿੱਤਾ ਅਤੇ ਮੈਨੂੰ ਆਪਣੇ ਜਿਸਮ ਅਤੇ ਦਰਵਾਜ਼ੇ ਵਿਚਾਲੇ ਜਕੜ ਲਿਆ। ਮੈਂ ਖੁਦ ਨੂੰ ਛੁਡਾਉਣ ਦੀ ਕੋਸ਼ਿਸ਼ ਕੀਤੀ, ਲੇਕਿਨ ਉਸ ਨੇ ਮੈਨੂੰ ਜਕੜੀ ਰੱਖਿਆ ਅਤੇ ਮੈਨੂੰ ਚੁੰਮਣ ਲਈ ਝੁਕਿਆ। ਮੈਂ ਪੂਰੀ ਤਾਕਤ ਨਾਲ ਆਪਣਾ ਮੂੰਹ ਘੁੱਟਦੇ ਹੋਏ, ਆਪਣੇ ਚਿਹਰੇ ਨੂੰ ਇਕ ਪਾਸੇ ਘੁੰਮਾਉਣ ਲਈ ਜੂਝ ਰਹੀ ਸੀ। ਇਹ ਖਿੱਚੋਤਾਣ ਚਲਦੀ ਰਹੀ, ਮੈਨੂੰ ਕਾਮਯਾਬੀ ਨਹੀਂ ਮਿਲੀ।

ਮੇਰੇ ਕੋਲ ਬਚ ਨਿਕਲਣ ਲਈ ਕੋਈ ਜਗ੍ਹਾ ਨਹੀਂ ਸੀ। ਖੌਫ ਨੇ ਮੇਰੀ ਆਵਾਜ਼ ਖੋਹ ਲਈ ਸੀ। ਕਿਉਂਕਿ ਮੇਰਾ ਜਿਸਮ ਦਰਵਾਜ਼ੇ ਨੂੰ ਧੱਕ ਰਿਹਾ ਸੀ, ਇਸ ਲਈ ਥੋੜ੍ਹੀ ਦੇਰ ਬਾਅਦ ਉਸ ਨੇ ਮੈਨੂੰ ਜਾਣ ਦਿੱਤਾ। ਅੱਖਾਂ ਵਿਚ ਹੰਝੂ ਲਈ ਮੈਂ ਉਥੋਂ ਦੌੜੀ। ਦੌੜਦੇ ਹੋਏ ਮੈਂ ਦਫਤਰ ਤੋਂ ਬਾਹਰ ਆ ਗਈ ਅਤੇ ਸੂਰੀਆ ਕਿਰਨ ਬਿਲਡਿੰਗ ਤੋਂ ਬਾਹਰ ਆ ਕੇ ਪਾਰਕਿੰਗ ਵਿਚ ਪਹੁੰਚ ਗਈ। ਉਥੇ ਜਾ ਕੇ ਬੈਠ ਗਈ ਅਤੇ ਰੋਂਦੀ ਰਹੀ।"

ਤੁਸੀਂ ਜੋ ਹਿੱਸਾ ਪੜ੍ਹਿਆ, ਉਹ ਦੀ ਵਾਇਰ ਦੀ ਸਾਈਟ ਉਪਰ ਗ਼ਜ਼ਾਲਾ ਵਹਾਬ ਦੇ ਵੇਰਵੇ ਦਾ ਅਨੁਵਾਦ ਹੈ। ਗ਼ਜ਼ਾਲਾ ਫੋਰਸ ਨਿਊਜ਼ ਮੈਗਜ਼ੀਨ ਦੀ ਐਗਜ਼ੀਕਿਊਟਿਵ ਸੰਪਾਦਕ ਹੈ। ਉਹ 'ਡਰੈਗਨ ਆਨ ਯੂਅਰ ਡੋਰ ਸਟੈਪਸ: ਮੈਨੇਜਿੰਗ ਚਾਈਨਾ ਥਰੂ ਮਿਲਟਰੀ ਪਾਵਰ' ਦੀ ਸਹਿ-ਲੇਖਿਕਾ ਹੈ। ਕਾਦੰਵਰੀ ਨੇ ਟਵਿਟਰ ਉਪਰ ਲਿਖਿਆ ਹੈ ਕਿ ਉਸ ਨੇ ਅਕਬਰ ਨੂੰ ਸਾਫ ਸਾਫ ਕਹਿ ਦਿੱਤਾ ਸੀ ਕਿ 'ਸਰ ਮੈਨੂੰ ਚੰਗਾ ਲੱਗੇਗਾ, ਜੇ ਤੁਸੀਂ ਮੇਰੇ ਨਾਲ ਗੱਲ ਕਰਦੇ ਹੋਏ ਚਿਹਰੇ ਵੱਲ ਦੇਖੋ, ਛਾਤੀਆਂ ਨੂੰ ਨਾ ਘੂਰੋ।'

ਜੇ ਹਿੰਦੀ ਦੇ ਅਖਬਾਰ ਇਹ ਸਭ ਛਾਪ ਕੇ ਆਪਣੇ ਕਰੋੜਾਂ ਪਾਠਕਾਂ ਤਕ ਪਹੁੰਚਾਉਂਦੇ ਤਾਂ ਉਹ ਔਰਤ ਪਾਠਕਾਂ ਨੂੰ ਵਧੇਰੇ ਤਾਕਤ ਦਿੰਦੇ। ਉਹਨਾਂ ਨੂੰ ਨਵੇਂ ਸ਼ਬਦ ਦਿੰਦੇ ਅਤੇ ਹੌਸਲਾ ਦਿੰਦੇ ਕਿ ਆਪਣੇ ਨਾਲ ਹੋਈ ਜਿਨਸੀ ਛੇੜਛਾੜ ਨੂੰ ਇਸ ਤਰ੍ਹਾਂ ਬਿਆਨ ਕਰਨਾ ਹੈ। ਆਖਿਰ ਹਿੰਦੀ ਜਾਂ ਹੋਰ ਭਾਸ਼ਾਈ ਅਖਬਾਰਾਂ ਦੇ ਕੋਲ ਨੈਤਿਕਤਾ ਦੀ ਕਿਹੜੀ ਚਾਦਰ ਹੈ ਜਿਸ ਦੇ ਹੇਠਾਂ ਉਹ ਜਿਨਸੀ ਛੇੜਛਾੜ ਦੇ ਇਹ ਸਾਰੇ ਪ੍ਰਸੰਗ ਪਾਠਕਾਂ ਤੋਂ ਲੁਕੋ ਦਿੰਦੇ ਹਨ।

## ਖਾਲਸਾ ਰਾਜ ਸਮੇਂ ਦੀਆਂ ਵਸਤਾਂ ਦੀ ਹੋਵੇਗੀ ਨਿਲਾਮੀ

**ਲੰਡਨ:** ਮਹਾਰਾਜਾ ਰਣਜੀਤ ਸਿੰਘ ਦਾ ਸੋਨੇ ਦੀਆਂ ਤਾਰਾਂ ਦੀ ਕਢਾਈ ਵਾਲਾ ਤੀਰਾਂ ਦਾ ਭੱਥਾ, ਤਰਕਸ਼ ਅਤੇ ਮਹਾਰਾਣੀ ਜਿੰਦ ਕੌਰ ਦੇ ਹਾਰ ਸਮੇਤ ਖ਼ਾਲਸਾ ਰਾਜ ਸਮੇਂ ਦੀਆਂ ਚੀਜ਼ਾਂ ਦੀ ਨਿਲਾਮੀ ਲੰਡਨ 'ਚ 23 ਅਕਤੂਬਰ ਨੂੰ ਬੋਨਹੈਮਜ਼ ਨਿਲਾਮੀ ਘਰ ਵਿਖੇ ਹੋ ਰਹੀ ਹੈ। ਨਿਲਾਮੀ ਘਰ ਅਨੁਸਾਰ ਤੀਰਾਂ ਦਾ ਭੱਥਾ ਅਤੇ ਤਰਕਸ਼ ਪੁਰਾਤਨ ਕਲਾ ਦਾ ਅਦਭੁੱਤ ਨਮੂਨਾ ਹੈ। ਇਸ ਦੇ ਮਖ਼ਮਲ ਕੱਪੜੇ ਵਾਲੇ ਚਮੜੇ ਦੀ ਪੇਟੀ ਨੂੰ ਲੋਹੇ ਦੇ ਛੋਟੇ ਕੜੇ ਲੱਗੇ ਹੋਏ ਹਨ, ਜਿਸ ਨੂੰ ਸੁਨਹਿਰੀ ਅਤੇ ਲਾਲ ਮਖ਼ਮਲ ਦੇ ਧਾਗੇ ਨਾਲ ਸੁੰਦਰ ਕਢਾਈ ਕੀਤੀ ਹੋਈ ਹੈ, ਜਿਸ ਦੀ ਅੰਦਾਜ਼ਨ ਕੀਮਤ 80 ਹਜ਼ਾਰ ਪੌਂਡ ਤੋਂ 1 ਲੱਖ 20 ਹਜ਼ਾਰ ਪੌਂਡ ਤੱਕ ਜਾਣ ਦੀ ਸੰਭਾਵਨਾ ਹੈ। ਇਸ ਨੂੰ ਮਹਾਰਾਜਾ ਰਣਜੀਤ ਸਿੰਘ ਲਈ 1838 'ਚ ਖੜਕ ਸਿੰਘ ਦੇ ਵਿਆਹ ਮੌਕੇ ਲਈ ਵਿਸ਼ੇਸ਼ ਤੌਰ ਉਤੇ ਬਣਵਾਇਆ ਗਿਆ ਸੀ। ਇਸ ਨੂੰ ਲਾਰਡ ਡਲਹੌਜ਼ੀ ਨੇ 1950 'ਚ ਆਪਣੇ ਕਬਜ਼ੇ ਵਿਚ ਲੈ ਲਿਆ ਸੀ। ਮਹਾਰਾਣੀ ਜਿੰਦ ਕੌਰ ਦਾ ਕੀਮਤੀ ਗਲੇ ਦਾ ਹਾਰ, ਜਿਸ ਦੀ ਅੰਦਾਜ਼ਨ ਕੀਮਤ 80 ਹਜ਼ਾਰ ਪੌਂਡ ਤੋਂ 1 ਲੱਖ 20 ਹਜ਼ਾਰ ਤੱਕ ਜਾਣ ਦੀ ਸੰਭਾਵਨਾ ਮੰਨੀ ਜਾ ਰਹੀ ਹੈ, ਇਹ ਹਾਰ ਲਾਹੌਰ ਖ਼ਜ਼ਾਨੇ ਦਾ ਜਿਸ ਨੂੰ ਮਹਾਰਾਣੀ ਜਿੰਦਾ ਪਹਿਨਿਆ ਕਰਦੀ ਸੀ, ਜੋ ਮੋਤੀਆਂ, ਪੰਨੇ ਅਤੇ ਮਣਕਿਆਂ ਨਾਲ ਸ਼ਿੰਗਾਰਿਆ ਹੋਇਆ ਹੈ। ਵਿਸ਼ਵ ਪ੍ਰਸਿੱਧ ਫੋਟੋਗ੍ਰਾਫਰ ਲੋਕਵੁੱਡ ਕਿਪਲਿੰਗ ਦੀਆਂ ਤਸਵੀਰਾਂ ਦੀ ਇਕ ਐਲਬਮ ਵੀ ਇਸ ਮੌਕੇ ਨਿਲਾਮ ਹੋ ਰਹੀ ਹੈ, ਜਿਸ 'ਚ ਅੰਮ੍ਰਿਤਸਰ, ਲਾਹੌਰ ਤੋਂ ਇਲਾਵਾ ਭਾਰਤ ਦੇ ਵੱਖ-ਵੱਖ ਹਿੱਸਿਆਂ ਦੀਆਂ 120 ਅਸਲ ਤਸਵੀਰਾਂ ਹਨ, ਜਿਸ 'ਤੇ ਜੌਹਨ ਲੌਕਵੁਡ ਕਿਲਿੰਗ ਦੇ ਦਸਤਖਤ ਅਤੇ ਲਾਹੌਰ 1888 ਅੰਕਿਤ ਕੀਤਾ ਹੋਇਆ ਹੈ। ਇਸ ਦਾ ਅੰਦਾਜ਼ਨ ਮੁੱਲ 1 ਲੱਖ ਪੌਂਡ ਤੋਂ 1 ਲੱਖ 50 ਹਜ਼ਾਰ ਪੌਂਡ ਤੱਕ ਜਾਣ ਦੀ ਸੰਭਾਵਨਾ ਹੈ। ਇਸ ਤੋਂ ਇਲਾਵਾ ਰਾਧਾ ਅਤੇ ਕ੍ਰਿਸ਼ਨ ਦੇ ਮੇਲ ਦੀ ਇਕ ਸੁੰਦਰ ਪੁਰਾਤਨ ਕਲਾਕ੍ਰਿਤੀ ਹੈ, ਜਿਸ ਨੂੰ ਸੋਨੇ ਦੇ ਕਾਗਜ਼ 'ਤੇ ਬਣਾਇਆ ਹੈ, ਨਾਗਰੀ ਲਿੱਪੀ 'ਚ ਚਾਰ ਲਾਈਨਾਂ 'ਚ ਲਿਖਿਆ ਹੋਇਆ ਹੈ, ਕਵਰ ਸ਼ੀਟ 'ਤੇ ਰਾਇਲ ਲਾਇਬ੍ਰੇਰੀ ਮੰਡੀ ਦੀ ਮੋਹਰ ਲੱਗੀ ਹੋਈ ਹੈ, ਜਿਸ ਦਾ ਆਕਾਰ 194-285 ਐਮ. ਐਮ. ਹੈ। ਇਸ ਤੋਂ ਇਲਾਵਾ ਹੋਰ ਵੀ ਕਈ ਤਸਵੀਰਾਂ, ਪੇਂਟਿੰਗਾਂ ਇਸ ਮੌਕੇ ਨਿਲਾਮ ਹੋ ਰਹੀਆਂ ਹਨ।

ਮੁਲਾਕਾਤ

# ਹਰ ਮਸਲੇ ਬਾਰੇ ਜਾਗਰੂਕਤਾ ਬਹੁਤ ਜ਼ਰੂਰੀ ਹੈ: ਕਨੂੰਪ੍ਰਿਆ

ਪੰਜਾਬ ਯੂਨੀਵਰਸਿਟੀ ਸਟੂਡੈਂਟਸ ਕੌਂਸਲ, ਚੰਡੀਗੜ੍ਹ ਦੀ ਪਹਿਲੀ ਮਹਿਲਾ ਪ੍ਰਧਾਨ ਬਣ ਕੇ ਕਨੂੰਪ੍ਰਿਆ ਨੇ ਇਤਿਹਾਸ ਰਚਿਆ ਹੈ। ਕਨੂੰਪ੍ਰਿਆ ਸਟੂਡੈਂਟਸ ਫਾਰ ਸੁਸਾਇਟੀ (ਐਸ.ਐਫ.ਐਸ.) ਜਥੇਬੰਦੀ ਨਾਲ ਸਬੰਧ ਰੱਖਦੀ ਹੈ ਅਤੇ ਇਹ ਜਥੇਬੰਦੀ ਪਿਛਲੇ ਅੱਠ ਸਾਲਾਂ ਤੋਂ ਵਿਦਿਆਰਥੀ ਹੱਕਾਂ ਲਈ ਲੜ ਰਹੀ ਹੈ। ਇਹ ਜਥੇਬੰਦੀ ਬਿਨਾਂ ਸਿਆਸੀ ਹੱਥਕੰਡਿਆਂ ਤੇ ਫਜ਼ੂਲਖਰਚੀ, ਮੁੱਦਿਆਂ ਦੇ ਆਧਾਰ 'ਤੇ ਚੋਣਾਂ ਲੜਦੀ ਆ ਰਹੀ ਹੈ। ਇਸ ਵਾਰ ਤਕੜੀ ਜਿੱਤ ਪ੍ਰਾਪਤ ਕਰ ਕੇ ਜਥੇਬੰਦੀ ਨੇ

**ਜਸਦੀਪ ਸਿੰਘ**
ਫੋਨ: +91-99886-38850

ਪੰਜਾਬ ਯੂਨੀਵਰਸਿਟੀ ਵਿਚ 'ਕਾਕਾਸ਼ਾਹੀ' ਦਾ ਬਦਲ ਪੇਸ਼ ਕੀਤਾ ਹੈ। ਕਨੂੰਪ੍ਰਿਆ ਦੀ ਇਸ ਜਿੱਤ ਨੂੰ ਪੂਰੇ ਪੰਜਾਬ, ਦੇਸ਼ ਅਤੇ ਵਿਦੇਸ਼ਾਂ ਵਿਚ ਸ਼ੁਭ ਸ਼ਗਨ ਮੰਨਿਆ ਗਿਆ ਹੈ। ਕਨੂੰਪ੍ਰਿਆ ਨਾਲ ਗੱਲਬਾਤ ਦੇ ਕੁਝ ਅੰਸ਼ ਪੇਸ਼ ਹਨ:

**ਸਵਾਲ: ਤੁਸੀਂ ਆਪਣੇ ਆਪ ਨੂੰ ਕੀ ਮੰਨਦੇ ਹੋ? ਔਰਤ, ਵਿਦਿਆਰਥੀ ਜਾਂ ਕਾਰਕੁਨ?**

**ਜਵਾਬ:** ਮੈਂ ਆਪਣੇ ਆਪ ਨੂੰ ਵਿਦਿਆਰਥੀ ਕਾਰਕੁਨ ਸਮਝਦੀ ਹਾਂ। ਯੂਨੀਵਰਸਿਟੀ ਆਉਣ ਤੋਂ ਪਹਿਲਾਂ ਸਿਰਫ ਵਿਦਿਆਰਥੀ ਸੀ। ਫਿਰ ਮੈਂ ਜਥੇਬੰਦੀ ਨਾਲ ਜੁੜ ਗਈ। ਪਹਿਲਾਂ ਵਿਚਾਰ-ਚਰਚਾ ਅਤੇ ਫਿਰ ਰੋਸ ਮੁਜ਼ਾਹਰਿਆਂ ਵਿਚ ਹਿੱਸਾ ਲੈਣ ਲੱਗੀ, ਇਸ ਮਗਰੋਂ ਜਥੇਬੰਦੀ ਦੀਆਂ ਕਮੇਟੀਆਂ 'ਚ ਸ਼ਾਮਲ ਹੋ ਗਈ।

**ਸਵਾਲ: ਤੁਹਾਡੇ ਪ੍ਰਧਾਨ ਬਣਨ ਨਾਲ ਪੰਜਾਬ ਦੀ ਵਿਦਿਆਰਥੀ ਸਿਆਸਤ 'ਤੇ ਕੀ ਅਸਰ ਪਿਆ ਹੈ ਜਾਂ ਪਵੇਗਾ?**

**ਜਵਾਬ:** ਵਿਦਿਆਰਥੀ ਸਿਆਸਤ 'ਤੇ ਵੱਡਾ ਅਸਰ ਪੈਂਦਾ ਲੱਗ ਰਿਹਾ ਹੈ, ਪਰ ਇਹ ਇਕੱਲਾ ਕੁੜੀ ਦੇ ਪ੍ਰਧਾਨ ਚੁਣੇ ਜਾਣ ਕਰਕੇ ਨਹੀਂ, ਬਲਕਿ ਐਸ.ਐਫ.ਐਸ. ਕਰਕੇ ਵੀ ਹੈ। ਇਥੇ ਕੌਂਸਲ 'ਚ ਵੱਖਰੀ ਤਰ੍ਹਾਂ ਦੀ ਸਿਆਸਤ ਦੀ ਆਮਦ ਹੋ ਸਕੀ ਹੈ, ਇਸ ਦਾ ਅਸਰ ਪੰਜਾਬ ਦੇ ਕਾਲਜਾਂ ਵਿਚ ਵੀ ਪਿਆ ਹੈ। ਉਥੇ ਯੂਨਿਟਾਂ ਬਣਾਉਣ ਦੇ ਸੱਦੇ ਆ ਰਹੇ ਹਨ। ਕਾਲਜਾਂ 'ਚੋਂ ਬਹੁਤ ਲੜਕੀਆਂ ਅੱਗੇ ਆ ਰਹੀਆਂ ਹਨ।

**ਸਵਾਲ: ਸਾਡਾ ਸਮਾਜ ਮਰਦ ਪ੍ਰਧਾਨ ਹੈ। ਔਰਤਾਂ ਉਤੇ ਦਾਬਾ ਰਿਹਾ ਹੈ, ਹੁਣ ਕੀ ਫਰਕ ਲੱਗਦਾ ਹੈ?**

**ਜਵਾਬ:** ਪੰਜਾਬ ਵਿਚ ਸਮਾਜਿਕ ਜਾਂ ਸਿਆਸੀ ਤੌਰ 'ਤੇ ਪੁਰਸ਼ ਦਾ ਬੋਲਬਾਲਾ ਹੈ। ਸਮਾਜ 'ਚ ਇਸ ਦੀਆਂ ਜੜ੍ਹਾਂ ਜਥੇਬੰਦੀ ਨਾਲੋਂ ਵੀ ਡੂੰਘੀਆਂ ਹਨ। ਇਸੇ ਨੂੰ ਤੋੜਨ ਤੇ ਨਵੀਆਂ ਪਿਰਤਾਂ ਪਾਉਣ ਦੀ ਕੋਸ਼ਿਸ਼ 'ਚ ਲੱਗੇ ਹੋਏ ਹਾਂ।

**ਸਵਾਲ: ਨਾਰੀਵਾਦ ਬਾਰੇ ਕੀ ਕਹੋਗੇ?**

**ਜਵਾਬ:** ਮੈਂ ਨਾਰੀਵਾਦ ਨੂੰ ਨਵੀਂ ਨੁਹਾਰ ਵਾਲੀ ਲਹਿਰ ਮੰਨਦੀ ਹਾਂ। ਔਰਤਾਂ ਆਪਣੇ ਹੱਕਾਂ ਲਈ ਲੜ ਰਹੀਆਂ ਹਨ, ਪਰ ਕਈਆਂ ਨੇ ਨਾਰੀਵਾਦ ਦਾ ਮਜ਼ਾਕ ਬਣਾਇਆ ਹੋਇਆ ਹੈ। ਕਈ ਲੜਕੀਆਂ ਨੂੰ ਗਾਲਾਂ ਕੱਢਦਿਆਂ ਸੁਣਦੇ ਹਾਂ ਤੇ ਉਹ ਇਸ ਨੂੰ ਨਾਰੀਵਾਦ ਆਖਦੀਆਂ ਹਨ। ਇਹ ਬਹੁਤ ਹੀ ਵੱਖਰੀ ਤਰ੍ਹਾਂ ਦਾ ਤੇ ਨਿੱਜੀ ਹਿੱਤਾਂ ਨੂੰ ਪੂਰਨ ਵਾਲਾ ਨਾਰੀਵਾਦ ਹੈ। ਜੇ ਚੌਵੀ ਘੰਟੇ



ਹੋਸਟਲ ਖੁੱਲ੍ਹਾ ਰੱਖਣ ਦੀ ਗੱਲ ਕਰੀਏ ਤਾਂ ਮਾਮਲਾ ਸਮਾਂ ਵਧਾਉਣ-ਘਟਾਉਣ ਦਾ ਨਹੀਂ, ਅਸਲ ਮੁੱਦਾ ਹੈ ਕਿ ਸਿਰਫ ਲੜਕੀਆਂ 'ਤੇ ਹੀ ਪਾਬੰਦੀਆਂ ਕਿਉਂ?

**ਸਵਾਲ: ਵਿਦਿਆਰਥੀ ਜੀਵਨ ਤੋਂ ਬਾਅਦ ਸਰਗਰਮ ਸਿਆਸਤ ਦਾ ਹਿੱਸਾ ਬਣਨਾ ਚਾਹੋਗੇ?**

**ਜਵਾਬ:** ਮੈਨੂੰ ਲੱਗਦਾ ਹੈ ਕਿ ਇਕੱਲੇ ਰਹਿ ਕੇ ਜ਼ਿਆਦਾ ਉਪਰਾਲੇ ਨਹੀਂ ਕੀਤੇ ਜਾ ਸਕਦੇ। ਕਿਸੇ ਤਨਜ਼ੀਮ ਨਾਲ ਜੁੜ ਕੇ, ਜਥੇਬੰਦੀ ਦੀ ਸਾਂਝੀ ਸੋਚ ਅਤੇ ਫੈਸਲਿਆਂ ਮੁਤਾਬਿਕ ਪ੍ਰੋਗਰਾਮ ਉਲੀਕ ਕੇ ਕੰਮ ਕਰਨਾ ਚੰਗਾ ਤਰੀਕਾ ਹੈ।

**ਸਵਾਲ: ਵਿਦਿਆਰਥੀ ਜਥੇਬੰਦੀਆਂ ਤੇ ਰਵਾਇਤੀ ਸਿਆਸੀ ਪਾਰਟੀਆਂ ਦੇ ਸਬੰਧਾਂ ਬਾਰੇ ਕੀ ਕਹੋਗੇ?**

**ਜਵਾਬ:** ਜਦੋਂ ਵੱਡੀਆਂ ਜਾਂ ਰਵਾਇਤੀ ਸਿਆਸੀ ਪਾਰਟੀਆਂ ਵਿਦਿਆਰਥੀ ਸਿਆਸਤ ਵਿਚ ਆਉਂਦੀਆਂ ਹਨ, ਤਾਂ ਵੱਖਰਾ ਹੀ ਸਭਿਆਚਾਰ ਬਣਾ ਦਿੰਦੀਆਂ ਹਨ, ਜਿਹੜਾ ਗ਼ੈਰ-ਜਮਹੂਰੀ ਤੇ ਪੈਸੇ ਨਾਲ ਵੋਟਾਂ ਖਰੀਦਣ ਵਾਲਾ ਹੁੰਦਾ ਹੈ। ਜਦੋਂ ਮੈਂ ਚੰਡੀਗੜ੍ਹ ਆਈ, ਉਸ ਤੋਂ ਥੋੜ੍ਹਾ ਸਮਾਂ ਪਹਿਲਾਂ ਹੀ ਮੁੱਖ ਸਿਆਸੀ ਪਾਰਟੀਆਂ ਨੇ ਯੂਨੀਵਰਸਿਟੀ ਵਿਚ ਪੈਰ ਪਾਏ ਸਨ ਤੇ ਉਸ ਤੋਂ ਬਾਅਦ ਪੈੱਨ ਡਰਾਈਵ, ਕੂਪਨ, ਪਾਰਟੀਆਂ ਤੇ ਫਿਲਮਾਂ ਵਾਲਾ ਰੁਝਾਨ ਸ਼ੁਰੂ ਹੋਇਆ। ਉਸ ਤੋਂ ਪਹਿਲਾਂ ਤਾਂ ਬਹਿਸ ਹੀ ਕਰਦੇ ਹੁੰਦੇ ਸੀ, ਜਾਂ ਕਿਹੜੇ ਬਾਈ ਦੀ ਚਲਦੀ ਆ, ਉਸ ਮੁਤਾਬਿਕ ਜਿੱਤ-ਹਾਰ ਹੁੰਦੀ ਸੀ, ਪਰ ਕਈ ਰਵਾਇਤੀ ਸਿਆਸੀ ਪਾਰਟੀਆਂ ਦੇ ਆਉਣ ਤੋਂ ਬਾਅਦ ਰਿਸ਼ਵਤਖੋਰੀ ਹਾਵੀ ਹੋ ਗਈ।

**ਸਵਾਲ: ਪੰਜਾਬ ਵਿਚ ਬੇਰੁਜ਼ਗਾਰੀ ਤੇ ਸਿੱਖਿਆ ਪ੍ਰਬੰਧਾਂ ਦੇ ਨਿਘਾਰ ਬਾਰੇ ਕੀ ਸੋਚਦੇ ਹੋ?**

**ਜਵਾਬ:** ਸਿੱਖਿਆ ਦਾ ਬਹੁਤ ਬੁਰਾ ਹਾਲ ਹੈ, ਸਕੂਲਾਂ ਦਾ ਹੀ ਨਹੀਂ, ਯੂਨੀਵਰਸਿਟੀਆਂ ਦਾ ਵੀ। ਜੇ ਕੋਈ ਅਧਿਆਪਕ ਸੱਚੀ ਨੀਅਤ ਨਾਲ ਕੁਝ ਵੱਖਰਾ ਸਿਖਾਉਣਾ ਚਾਹੇ ਤਾਂ ਸਿਲੇਬਸ ਉਸ ਨੂੰ ਇਜਾਜ਼ਤ ਨਹੀਂ ਦਿੰਦਾ। ਜੇ ਕੋਈ ਵਿਦਿਆਰਥੀ ਆਪੇ ਕੁਝ ਕਰਨਾ ਚਾਹੁੰਦਾ ਹੈ ਤਾਂ ਉਸ ਨੂੰ ਢੁਕਵਾਂ ਸਮਾਂ ਹੀ ਨਹੀਂ ਮਿਲਦਾ। ਅਸਾਈਨਮੈਂਟਸ ਦਿੱਤੀਆਂ ਜਾਂਦੀਆਂ ਹਨ, ਜੋ ਨਕਲ ਮਾਰ ਕੇ ਦੇ ਦਿੱਤੀਆਂ ਜਾਂਦੀਆਂ ਹਨ, ਉਸ ਦਾ ਕੀ ਫਾਇਦਾ? ਸਿਲੇਬਸ ਇਸ ਤਰ੍ਹਾਂ ਦਾ ਹੈ ਕਿ ਰੱਟਾ ਮਾਰੋ ਤੇ ਨੰਬਰ ਲਓ। ਪ੍ਰਯੋਗੀ ਕੰਮਾਂ ਵੱਲ ਧਿਆਨ ਨਹੀਂ ਦਿੱਤਾ ਜਾਂਦਾ।

**ਸਵਾਲ: ਨੌਜਵਾਨ ਬਾਹਰਲੇ ਦੇਸ਼ਾਂ 'ਚ ਕਿਉਂ ਜਾ ਰਹੇ ਹਨ?**

**ਜਵਾਬ:** ਕੁੜੀਆਂ ਬਾਹਰ ਤਾਂ ਜਾਂਦੀਆਂ ਹਨ, ਕਿਉਂਕਿ ਉਥੇ ਸਮਾਜਿਕ ਆਜ਼ਾਦੀ ਮਿਲਦੀ ਹੈ, ਇਥੇ ਉਹ ਆਜ਼ਾਦੀ ਮਿਲਦੀ ਨਹੀਂ, ਜਦੋ-ਜਹਿਦ ਕਰਕੇ ਵੀ ਨਹੀਂ, ਭਾਵੇਂ ਬਾਹਰ ਵੱਖਰੇ ਤਰ੍ਹਾਂ ਦਾ ਮਰਦ ਪ੍ਰਧਾਨ ਸਮਾਜ ਹੈ। ਨੌਜਵਾਨਾਂ ਤੇ ਮੁਟਿਆਰਾਂ ਨੂੰ ਬਾਹਰ ਆਪਣਾ ਚੰਗਾ ਭਵਿਖ ਦਿਸ ਰਿਹਾ ਹੈ। ਉਨ੍ਹਾਂ ਨੂੰ ਇਥੇ ਕੋਈ ਬਦਲਾਅ ਅਤੇ ਬਦਲ ਨਹੀਂ ਦਿਸ ਰਿਹਾ। ਦੂਜੇ ਪਾਸੇ, ਇਥੇ ਅਸੀਂ ਨਿੱਜੀਕਰਨ ਅਤੇ ਫੀਸਾਂ ਦੇ ਵਾਧੇ ਖਿਲਾਫ ਲੜ ਰਹੇ ਹਾਂ, ਪਰ ਉਥੇ ਅਸੀਂ ਐਨੀਆਂ ਮੋਟੀਆਂ ਫੀਸਾਂ ਭਰ ਰਹੇ ਹਾਂ। ਮਾਪਿਆਂ ਨੂੰ ਹੈ ਕਿ ਇਸ ਤੋਂ ਪਹਿਲਾਂ ਕੀ ਕੁੜੀ-ਮੁੰਡਾ ਨਸ਼ਿਆਂ 'ਚ ਪਵੇ, ਉਸ ਨੂੰ ਬਾਹਰ ਭੇਜ ਦੇਵੋ, ਬਾਹਰ ਜਾ ਕੇ ਉਹ ਕੁਝ ਵੀ ਕਰੇ। ਅਸੀਂ ਸਿਸਟਮ ਤੋਂ ਹਾਰ ਮੰਨ ਗਏ ਲੱਗਦੇ ਹਾਂ।

**ਸਵਾਲ: ਤੁਹਾਡੇ ਸਿਆਸਤ ਵਿਚ ਸਰਗਰਮ ਹੋਣ 'ਤੇ ਪਰਿਵਾਰ ਦਾ ਰਵੱਈਆ ਕਿਵੇਂ ਰਿਹਾ?**

**ਜਵਾਬ:** ਮੇਰੇ ਮਾਪਿਆਂ ਵਿਚ ਵੀ ਕਾਫੀ ਬਦਲਾਅ ਆਇਆ, ਪਰ ਸਮਾਂ ਪਾ ਕੇ। ਪਹਿਲਾਂ ਮੈਂ ਕਿਤੇ ਵੀ ਜਾਣਾ, ਦੱਸ ਕੇ ਜਾਣਾ ਤੇ ਕਈ ਵਾਰ ਘਰੇ ਲੜਨਾ ਵੀ ਪੈਂਦਾ ਸੀ, ਪਰ ਜਦੋਂ ਜਥੇਬੰਦੀ ਨਾਲ ਜੁੜੀ ਹਾਂ ਤੇ ਚੋਣਾਂ ਲੜ ਰਹੀਂ ਹਾਂ, ਉਹ ਮੇਰੇ ਫੈਸਲਿਆਂ ਵਿਚ ਭਰੋਸਾ ਕਰਦੇ ਹਨ। ਹੁਣ ਪਰਿਵਾਰ ਤੋਂ ਬਹੁਤ ਸਹਿਯੋਗ ਮਿਲ ਰਿਹਾ ਹੈ।

**ਸਵਾਲ: ਆਪਣੇ ਨਾਂ ਨਾਲ ਕੋਈ ਜਾਤ-ਗੋਤ ਕਿਉਂ ਨਹੀਂ ਲਾਉਂਦੇ?**

**ਜਵਾਬ:** ਸਾਡੀ ਸੋਚ ਜਾਤੀਵਾਦ ਤੇ ਜਾਤਾਂ/ਗੋਤਾਂ ਕਾਰਨ ਹੁੰਦੇ ਵਿਤਕਰੇ ਖਿਲਾਫ ਹੈ, ਅਸੀਂ ਬਾਕੀਆਂ ਨੂੰ ਵੀ ਇਸ ਪ੍ਰਤੀ ਜਾਗਰੂਕ ਕਰ ਰਹੇ ਹਾਂ। ਇਸ ਲਈ ਨਾਮ ਪਿੱਛੇ ਗੋਤ ਲਾ ਕੇ ਮਸ਼ਹੂਰੀ ਦੀ ਕੀ ਲੋੜ ਹੈ? ਮੈਂ ਇਹ ਨਹੀਂ ਕਹਿੰਦੀ ਕਿ ਜੋ ਲੋਕ ਨਾਮ ਪਿੱਛੇ ਗੋਤ ਲਾਉਂਦੇ ਹਨ, ਉਹ ਜਾਤੀਵਾਦੀ ਹਨ, ਪਰ ਇਸ ਤਰ੍ਹਾਂ ਤੁਸੀ ਜਾਤੀਵਾਦ ਨੂੰ ਮਾਨਤਾ ਦੇ ਰਹੇ ਹੋ।

**ਸਵਾਲ: ਤੁਹਾਡੀ ਆਪਣੀ ਤੇ ਜਥੇਬੰਦੀ ਐਸ.ਐਫ.ਐਸ. ਦੀ ਵਿਚਾਰਧਾਰਾ ਕੀ ਹੈ?**

**ਜਵਾਬ:** ਮੈਂ ਤਾਂ ਬਣੀ ਹੀ ਜਥੇਬੰਦੀ ਤੋਂ ਹਾਂ, ਇਸ ਲਈ ਜਥੇਬੰਦੀ ਅਤੇ ਮੇਰੀ ਵਿਚਾਰਧਾਰਾ 'ਚ ਕੋਈ ਫਰਕ ਨਹੀਂ, ਪਰ ਵਿਚਾਰਧਾਰਾ ਨਾਲੋਂ ਜ਼ਿਆਦਾ ਅਮਲ ਜ਼ਰੂਰੀ ਹੈ। ਅੱਜ ਦੇ ਸਮੇਂ ਵਿਚ ਅਸੀਂ ਚਾਹੁੰਦੇ ਹਾਂ ਕਿ ਕੁਝ ਕਰੀਏ। ਜੇ ਅਸੀਂ ਪਿੰਡਾਂ, ਬਸਤੀਆਂ ਵਿਚ ਨਹੀਂ ਜਾਵਾਂਗੇ ਤਾਂ ਇਸ ਦਾ ਕੋਈ ਫਾਇਦਾ ਨਹੀਂ।

**ਸਵਾਲ: ਤੁਹਾਡੀ ਜਥੇਬੰਦੀ 'ਤੇ ਹਿੰਸਾ ਦੇ ਦੋਸ਼ ਲੱਗਦੇ ਰਹੇ ਹਨ, ਇਸ ਬਾਰੇ ਕੀ ਕਹੋਗੇ?**

**ਜਵਾਬ:** ਜਦੋਂ ਤੁਸੀਂ ਘੱਟ ਜਾਗਰੂਕ ਹੁੰਦੇ ਹੋ, ਤਾਂ ਲੱਗਦਾ ਹੈ ਕਿ ਲੜਾਈ ਹੋ ਗਈ ਤਾਂ ਹਿੰਸਾ ਹੈ, ਨਹੀਂ ਹੋਈ ਤਾਂ ਅਹਿੰਸਾ ਹੈ। ਇਹ ਗੱਲ ਇੰਨੀ ਸਿੱਧੀ ਨਹੀਂ। ਹਿੰਸਾ ਪਿੱਛੇ ਕਾਰਨ ਕੀ ਹਨ, ਉਹ ਦੇਖਣਾ ਜ਼ਰੂਰੀ ਹੈ। ਯੂਨੀਵਰਸਿਟੀ ਵਿਚ ਬਹੁਤ ਸਾਰੇ ਹੁਕਮ ਕਾਗਜ਼ਾਂ ਵਿਚ ਆ ਜਾਂਦੇ ਹਨ, ਬਹੁਤ ਪਿਆਰ ਨਾਲ ਨੋਟਿਸ ਦੇ ਰੂਪ ਵਿਚ ਹੁਕਮ ਲਾਗੂ ਕਰਵਾਏ ਜਾਂਦੇ ਹਨ, ਪਰ ਇਹ ਹਿੰਸਾ ਦਿਸਦੀ ਨਹੀਂ। ਇਹ ਭਾਸ਼ਾ ਵਿਚਲੀ ਹਿੰਸਾ ਹੈ। ਇਸ ਹਿੰਸਾ ਖਿਲਾਫ ਜੇ ਕੁੜੀਆਂ ਧਰਨੇ 'ਤੇ ਬਹਿ ਜਾਣ, ਪੁਲਿਸ ਉਨ੍ਹਾਂ ਨੂੰ ਉਠਾਉਣ ਲਈ ਡਾਂਗਾਂ ਮਾਰੇ ਅਤੇ ਉਹ ਅੱਗੋਂ ਬਚਾਅ ਲਈ ਡਾਂਗਾਂ ਫੜ ਲੈਣ ਤਾਂ ਉਹ ਹਿੰਸਾ ਹੋ ਗਈ? ਹੁਕਮ ਦਾ ਕਾਗਜ਼ ਵੀ ਪਿਸਤੌਲ ਵਾਂਗ ਹੈ। ਪੰਜਾਹ ਹਜ਼ਾਰ ਮਾਈਗ੍ਰੇਸ਼ਨ ਫੀਸ ਦਾ ਨੋਟਿਸ ਆ ਰਿਹਾ ਸੀ, ਜੋ ਪਿਛਲੇ ਸਾਲ ਦੋ ਹਜ਼ਾਰ ਸੀ। ਇਹ ਬੰਦੂਕ ਦੇ ਬਰਾਬਰ ਹੈ।

**ਸਵਾਲ: ਕਲਾ ਬਾਰੇ ਕੁਝ ਦੱਸੋ?**

**ਜਵਾਬ:** ਪਹਿਲਾਂ ਮੈਨੂੰ ਲੱਗਦਾ ਸੀ ਜੋ ਸੋਹਣਾ ਲੱਗਦਾ ਹੈ, ਸਿਰਫ ਸੁਹਜ ਵਾਲਾ ਹੈ, ਉਹੀ ਚੰਗਾ ਹੈ, ਪਰ ਇਕੱਲਾ ਸੁਹੱਪਣ ਹੀ ਸਭ ਕੁਝ ਨਹੀਂ ਹੁੰਦਾ, ਇਹ ਵਿਚਾਰ ਲੋਕਾਂ ਤੱਕ ਲਿਜਾਣਾ ਜ਼ਰੂਰੀ ਹੈ। ਜਰਮਨ ਲੇਖਕ ਬਰੈਖ਼ਤ ਨੇ ਕਿਹਾ ਹੈ ਕਿ ਕਲਾ ਹਥੌੜਾ ਹੋਵੇਗਾ ਅਤੇ ਉਹ ਉਸੇ ਤਰੀਕੇ ਨਾਲ ਵਰਤਣਾ ਚਾਹੀਦਾ ਹੈ। ਕਲਾ ਨੂੰ ਸੁੰਦਰਤਾ ਤੱਕ ਹੀ ਸੀਮਿਤ ਰੱਖਣਾ ਠੀਕ ਨਹੀਂ।

**ਸਵਾਲ: ਕਲਾ ਵਾਲਾ ਹਥੌੜਾ ਪੰਜਾਬ 'ਚ ਕਿਸ ਤਰ੍ਹਾਂ ਦੇ ਸਭਿਆਚਾਰ ਨੂੰ ਤੋੜੇਗਾ ਜਾਂ ਇਸ ਨੂੰ ਕਿਹੜੇ ਨਵੇਂ ਆਯਾਮ ਦੇਵੇਗਾ?**

**ਜਵਾਬ:** ਸਭ ਤੋਂ ਪਹਿਲਾਂ ਗੀਤਾਂ ਵੱਲ ਧਿਆਨ ਦੇਣ ਦੀ ਲੋੜ ਹੈ। ਕਿਸੇ ਨੂੰ ਇਹ ਦਿੱਕਤ ਹੀ ਨਹੀਂ ਕਿ ਗਾਣੇ ਕਿਸ ਤਰ੍ਹਾਂ ਦੇ ਆ ਰਹੇ ਹਨ। ਯੂਨੀਵਰਸਿਟੀ ਵਿਚ ਵੀ ਸੀਮਿਤ ਵਰਗ ਹੀ ਹੈ, ਜੋ ਮਿਆਰੀ ਗੀਤ-ਸੰਗੀਤ ਵਾਸਤੇ ਤਿਆਰ ਹੈ। ਇਸ ਬਾਬਤ ਹੰਭਲਾ ਮਾਰਨਾ ਪੈਣਾ ਹੈ ਤਾਂ ਜੋ ਪੰਜਾਬ ਵਿਚ ਲੱਚਰ ਗੀਤਾਂ 'ਤੇ ਹਥੌੜਾ ਵੱਜੇ।

**ਸਵਾਲ: ਪੜ੍ਹਨ ਦੀ ਰੁਚੀ ਬਾਰੇ ਕੀ ਕਹੋਗੇ?**

**ਜਵਾਬ:** ਮੈਂ ਕਿਤਾਬਾਂ ਨਾਲੋਂ ਜ਼ਿਆਦਾ ਲੋਕਾਂ 'ਚ ਰਹੀਂ ਹਾਂ। ਜੇ ਲਾਇਬ੍ਰੇਰੀ ਜਾ ਕੇ ਕੁਝ ਪੜ੍ਹਦੀ ਵੀ ਹਾਂ ਤਾਂ ਉਸ ਵਿਸ਼ੇ ਬਾਰੇ ਬਾਹਰ ਆ ਕੇ ਕਿਸੇ ਨਾਲ ਵਿਚਾਰ-ਵਟਾਂਦਰਾ ਕਰਨਾ ਜ਼ਿਆਦਾ ਜ਼ਰੂਰੀ ਸਮਝਦੀ ਹਾਂ।

# ਲੜਕੀਆਂ ਦੇ ਹੋਸਟਲ ਸਬੰਧੀ ਸਮੇਂ ਦੀ ਸੀਮਾ ਨੂੰ ਲੈ ਕੇ ਹੜਤਾਲ

ਸੰਪਾਦਕ ਦੀ ਡਾਕ

**ਸੰਪਾਦਕ ਜੀ,**

ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਕਾਫੀ ਦਿਨਾਂ ਤੋਂ ਲੜਕੀਆਂ ਦੇ ਹੋਸਟਲ ਸਬੰਧੀ ਸਮੇਂ ਦੀ ਸੀਮਾ ਨੂੰ ਲੈ ਕੇ ਹੜਤਾਲ ਚੱਲ ਰਹੀ ਹੈ। ਇਸੇ ਸਬੰਧੀ 13 ਅਕਤੂਬਰ ਦੇ 'ਪੰਜਾਬ ਟਾਈਮਜ਼' ਵਿਚ ਡਾ. ਤੇਗਿੰਦਰ ਦਾ ਲੇਖ ਪੜ੍ਹਿਆ। ਡਾ. ਤੇਗਿੰਦਰ ਉਨ੍ਹਾਂ ਕੁਝ ਇੱਕ ਸੁਲਝੇ ਅਧਿਆਪਕਾਂ ਵਿਚੋਂ ਹਨ, ਜੋ ਆਪਣੇ ਵਿਦਿਆਰਥੀਆਂ ਨੂੰ ਬਹੁਤ ਹੀ ਲਗਨ ਨਾਲ ਪੜ੍ਹਾਈ ਕਰਾਉਣ ਦੇ ਨਾਲ ਨਾਲ ਜੀਵਨ ਨੂੰ ਸਮਾਜ ਦੀ ਬਿਹਤਰੀ ਅਤੇ ਵਿਕਾਸ ਲਈ ਸਮਰਪਣ ਦੀ ਲਗਨ ਪੈਦਾ ਕਰਨ, ਉਸਾਰੂ ਸੋਚ ਰੱਖਣ ਅਤੇ ਕੰਮ ਕਰਨ ਦੀ ਪ੍ਰੇਰਨਾ ਦਿੰਦੇ ਰਹੇ ਹਨ; ਭਾਵੇਂ ਉਹ ਪਿੰਡ ਦੇ ਸਕੂਲ ਵਿਚ ਅਧਿਆਪਕ ਦੇ ਤੌਰ 'ਤੇ ਰਹੇ ਹੋਣ ਤੇ ਭਾਵੇਂ ਹੁਣ ਯੂਨੀਵਰਸਿਟੀ ਦੇ ਕਾਲਜ ਘਨੌਰ ਵਿਚ ਪੜ੍ਹਾ ਰਹੇ ਹੋਣ। ਸਮਾਜ ਦੀ ਬਿਹਤਰੀ ਅਤੇ ਵਿਕਾਸ ਨੂੰ ਸਮਰਪਿਤ ਅਜਿਹੇ ਅਧਿਆਪਕ ਬਹੁਤ ਘੱਟ ਹੁੰਦੇ ਹਨ।

ਡਾ. ਤੇਗਿੰਦਰ ਨੇ ਬਿਲਕੁਲ ਸਹੀ ਆਖਿਆ ਹੈ ਕਿ ਕੋਈ ਵੀ ਚੰਗਾ ਕੰਮ ਇੱਕ ਵਾਰ ਤਾਂ ਪਹਿਲੀ ਵਾਰ ਹੀ ਕਰਨ ਦਾ ਹੌਂਸਲਾ ਕਰਨਾ ਪੈਂਦਾ ਹੈ ਭਾਵੇਂ ਉਹ ਔਰਤਾਂ ਨੂੰ ਵੋਟ ਦਾ ਹੱਕ ਸੀ, ਭਾਵੇਂ ਘਰੋਂ ਬਾਹਰ ਜਾ ਕੇ ਕੰਮ ਕਰਨ ਦਾ। ਕਦੀ ਨਾ ਕਦੀ, ਕਿਸੇ ਨਾ ਕਿਸੇ ਨੂੰ ਤਾਂ ਜੇਰਾ ਕਰਨਾ ਹੀ ਪੈਂਦਾ ਹੈ। ਮੈਂ ਜੇ ਇਥੇ ਆਪਣੀ ਮਿਸਾਲ ਦੇਵਾਂ ਤਾਂ ਮੈਂ ਆਪਣੇ ਪਿੰਡ ਦੀ ਪਹਿਲੀ ਕੁੜੀ ਸਾਂ, ਜੋ ਪਿੰਡ ਤੋਂ ਬਾਹਰ ਸ਼ਹਿਰ ਦੇ ਸਕੂਲ ਸਮਰਾਲੇ ਪੜ੍ਹਨ ਲੱਗੀ ਅਤੇ ਪਿੰਡ ਦੇ ਬਹੁਤੇ ਲੋਕਾਂ ਨੇ ਮੇਰੇ ਘਰਦਿਆਂ ਦੇ ਇਸ ਕਦਮ ਦਾ ਵਿਰੋਧ ਕੀਤਾ। ਭਾਵੇਂ ਮੇਰਾ ਸਾਰਾ ਪਰਿਵਾਰ ਖੇਤੀਬਾੜੀ ਕਰਨ ਵਾਲਾ ਸੀ ਪਰ ਉਹ ਆਪਣੇ ਫੈਸਲੇ 'ਤੇ ਡਟਿਆ ਰਿਹਾ। ਇਸ ਦਾ ਹਾਂ-ਵਾਚਕ ਨਤੀਜਾ ਇਹ ਨਿਕਲਿਆ ਕਿ ਮੇਰੇ ਪਿੰਡ ਵਿਚ ਮੇਰੇ ਤੋਂ ਦੋ ਸਾਲ ਬਾਅਦ ਹੀ ਮੇਰੀ ਛੋਟੀ ਭੈਣ ਸਮੇਤ ਪਿੰਡ ਦੀਆਂ ਕਈ ਕੁੜੀਆਂ ਸਮਰਾਲੇ ਦੇ ਹਾਈ ਸਕੂਲ ਵਿਚ ਦਾਖਲ ਹੋਈਆਂ ਅਤੇ ਪਿੰਡ ਵਿਚ ਕੁੜੀਆਂ ਨੂੰ ਪੜ੍ਹਾਉਣ ਦੀ ਪਿਰਤ ਪੈ ਗਈ। ਅੱਜ ਮੇਰਾ ਪਿੰਡ ਬਹੁਤ ਮਾਣ ਨਾਲ ਮੇਰਾ ਜ਼ਿਕਰ ਕਰਦਾ ਹੈ ਤੇ ਕੁੜੀਆਂ ਦੀ ਹੌਂਸਲਾ ਅਫਜ਼ਾਈ ਲਈ ਮੇਰੀਆਂ ਪ੍ਰਾਪਤੀਆਂ ਦੀ ਮਿਸਾਲ ਦਿੰਦਾ ਹੈ।

ਇੱਕ ਛੋਟੀ ਜਿਹੀ ਘਟਨਾ ਦਾ ਇੱਥੇ ਹੋਰ ਜ਼ਿਕਰ ਕਰਨਾ ਚਾਹਾਂਗੀ। ਮਕਾਨ ਖਰੀਦਣ ਸਬੰਧੀ ਇੱਕ ਮਿਸਟਰ ਗਿੱਲ ਨਾਲ ਵਾਹ ਪਿਆ ਤਾਂ ਉਸ ਨੇ ਦਿਲਚਸਪ ਕਹਾਣੀ ਦੱਸੀ। ਕਹਿੰਦਾ, ਭੈਣ ਜੀ ਜਦੋਂ ਮੈਂ ਨਵਾਂ ਨਵਾਂ ਆਇਆ ਤਾਂ ਆਪਣੀ ਮਾਸੀ ਵੱਲ ਠਹਿਰਿਆ ਅਤੇ ਪਹਿਲੇ ਹੀ ਦਿਨ ਦੇਖਿਆ ਕਿ ਮਾਸੀ ਦੀ ਧੀ ਕੰਮ 'ਤੇ ਗਈ ਹੋਈ ਸੀ। ਜਦੋਂ ਸ਼ਾਮ ਦੇ ਅੱਠ ਕੁ ਵੱਜ ਗਏ, ਮੈਂ ਉਚੜ-ਪੈੜੇ ਲੈਣੇ ਸ਼ੂਰੂ ਕਰ ਦਿੱਤੇ ਕਿ ਹਨੇਰਾ ਹੋ ਗਿਆ ਪਰ ਭੈਣ ਹਾਲੇ ਵਾਪਸ ਨਹੀਂ ਆਈ। ਕਹਿੰਦਾ, ਮੇਰੀ ਮਾਸੀ ਨੇ ਮੇਰੀ ਬੇਚੈਨੀ ਤਾੜ ਲਈ। ਕਹਿੰਦੀ, ਬਲਵਿੰਦਰ ਸਿੰਘ ਭੈਣ ਦਾ ਫਿਕਰ ਨਾ ਕਰ। ਜਦੋਂ ਰਾਤ ਦੇ 12 ਕੁ ਵਜੇ ਭੈਣ ਦੀ ਬੱਸ ਦੇ ਆਉਣ ਦਾ ਸਮਾਂ ਹੋਇਆ, ਜੋ ਘਰ ਤੋਂ ਥੋੜ੍ਹੀ ਵਿੱਥ 'ਤੇ ਰੁਕਦੀ ਸੀ, ਤਾਂ ਮਾਸੀ ਮੈਨੂੰ ਬਾਹਰ ਸਟਰੀਟ 'ਤੇ ਲੈ ਗਈ ਤੇ ਦਿਖਾਇਆ ਕਿ ਭੈਣ ਅਰਾਮ ਨਾਲ ਬੱਸ ਤੋਂ ਉਤਰ ਰਹੀ ਸੀ। ਕਹਿੰਦਾ, ਉਦੋਂ ਤੋਂ ਹੀ ਮੈਨੂੰ ਕੈਨੇਡਾ ਨਾਲ ਮੋਹ ਜਿਹਾ ਹੋ ਗਿਆ ਕਿ ਕੁੜੀਆਂ ਇਥੇ ਕਿਵੇਂ ਬਿਨਾ ਕਿਸੇ ਭੈ ਦੇ ਵਿਚਰਦੀਆਂ ਹਨ।

ਇਹ ਮਸਲਾ ਆਧੁਨਿਕਤਾ ਜਾਂ ਰਵਾਇਤ, ਪੱਛਮ ਜਾਂ ਪੂਰਬ ਦਾ ਨਹੀਂ ਹੈ। ਪੱਛਮ ਦੇ ਸਮਾਜ ਵੀ ਏਨੇ ਹੀ ਰੂੜ੍ਹੀਵਾਦੀ ਅਤੇ ਰਵਾਇਤੀ ਹੁੰਦੇ ਸਨ। ਯਾਦ ਆਉਂਦਾ ਹੈ, ਉਹ ਪੁਰਾਣਾ ਸਮਾਂ ਜਦੋਂ ਥਾਮਸ ਹਾਰਡੀ ਨੇ ਨਾਵਲ 'ਟੈੱਸ' ਲਿਖਿਆ ਸੀ। ਉਦੋਂ ਪੱਛਮੀ ਸਮਾਜ ਸਾਡੇ ਨਾਲੋਂ ਕੋਈ ਬਿਹਤਰ ਨਹੀਂ ਸੀ। ਟੈੱਸ ਦੇ ਦੁਖਾਂਤ ਨੂੰ ਚੇਤੇ ਕਰਦਿਆਂ ਅੱਜ ਵੀ ਕਿਹਨੂੰ ਕੰਬਣੀ ਨਹੀਂ ਛਿੜਦੀ? ਇਹ ਟੈੱਸ ਦਾ ਦੁਖਾਂਤ ਹੀ ਸੀ ਜਿਸ ਤੋਂ ਅੰਗਰੇਜ਼ ਸਮਾਜ ਅੱਗੇ ਵਧਿਆ ਅਤੇ ਵਰਜੀਨੀਆ ਵੂਲਫ ਵਰਗੀ ਸੁਤੰਤਰ ਮਾਨਸਿਕਤਾ ਪੈਦਾ ਕੀਤੀ।

ਪਾਕਿਸਤਾਨ ਦੀ ਛੋਟੀ ਉਮਰ ਦੀ ਕੁੜੀ ਮਲਾਲਾ ਦੀ ਕਹਾਣੀ ਸਭ ਨੂੰ ਪਤਾ ਹੈ, ਜੋ ਕੁੜੀਆਂ ਦੀ ਪੜ੍ਹਾਈ ਲਈ ਜਾਂ ਕਹੀਏ ਕੁੜੀਆਂ ਦੇ ਹੱਕ ਲਈ ਤਾਲਿਬਾਨਾਂ ਨਾਲ ਵੀ ਭਿੜ ਗਈ, ਕਿਸੇ ਤੋਂ ਡਰੀ ਨਹੀਂ। ਪਾਕਿਸਤਾਨ ਦੀ ਹੀ ਅਸਮਾ ਜਹਾਂਗੀਰ ਇੱਕ ਧੜੱਲੇਦਾਰ ਵਕੀਲ ਅਤੇ ਮਨੁੱਖੀ ਅਧਿਕਾਰਾਂ ਦੀ ਅਜਿਹੀ ਚੈਂਪੀਅਨ ਸੀ, ਜਿਸ ਤੋਂ ਫੌਜੀ ਤਾਨਾਸ਼ਾਹ ਵੀ ਤਰਿਹੰਦੇ ਸੀ।

ਕੁਝ ਦਿਨ ਪਹਿਲਾਂ ਚੰਡੀਗੜ੍ਹ ਤੋਂ ਨਿਕਲਦੇ 'ਪੰਜਾਬੀ ਟ੍ਰਿਬਿਊਨ' ਵਿਚ ਸਰਬਜੀਤ ਕੌਰ ਦਾ ਲੇਖ ਛਪਿਆ ਸੀ। ਉਸ ਦਾ ਕਹਿਣਾ ਬਿਲਕੁਲ ਦਰੁਸਤ ਹੈ ਕਿ ਵਿਦਿਆਰਥੀਆਂ ਨਾਲ ਵਿਦਿਆਰਥੀਆਂ ਵਾਂਗ ਹੀ ਵਰਤਣਾ ਚਾਹੀਦਾ ਹੈ, ਮੁੰਡੇ ਜਾਂ ਕੁੜੀਆਂ ਦੇ ਤੌਰ 'ਤੇ ਕਿਉਂ? ਮਸਲਾ ਭਾਰਤੀ ਸਮਾਜ ਦੀ ਜ਼ਹਿਨੀਅਤ ਬਦਲਣ ਦਾ ਹੈ, ਨਾ ਕਿ ਕੁੜੀਆਂ 'ਤੇ ਬੰਦਿਸ਼ਾਂ ਲਾਉਣ ਦਾ? ਉਨ੍ਹਾਂ ਨੂੰ ਵੀ ਲਾਇਬ੍ਰੇਰੀਆਂ ਵਿਚ ਉਵੇਂ ਹੀ ਦੇਰ ਰਾਤ ਤੱਕ ਬੈਠ ਕੇ ਪੜ੍ਹਨ ਦੀ ਜ਼ਰੂਰਤ ਪੈਂਦੀ ਹੈ ਜਿਵੇਂ ਲੜਕਿਆਂ ਨੂੰ। ਭਾਰਤੀ ਕੁੜੀਆਂ ਅੱਜ ਹਰ ਖੇਤਰ ਵਿਚ ਮੁੰਡਿਆਂ ਦੇ ਬਰਾਬਰ ਕੰਮ ਕਰ ਰਹੀਆਂ ਹਨ ਅਤੇ ਉਹ ਬਰਾਬਰ ਦੀਆਂ ਇਨਸਾਨ ਹਨ। ਜਿਹੜੇ ਲੱਖਾਂ ਵਿਦਿਆਰਥੀ ਪੰਜਾਬ ਤੋਂ ਇੱਥੇ ਕੈਨੇਡਾ ਵਿਚ ਜਾਂ ਦੂਸਰੇ ਹੋਰ ਮੁਲਕਾਂ ਵਿਚ ਪੜ੍ਹਨ ਆ ਰਹੇ ਹਨ, ਉਨ੍ਹਾਂ ਵਿਚ ਕੁੜੀਆਂ ਦੀ ਬਥੇਰੀ ਗਿਣਤੀ ਹੈ ਤੇ ਇਨ੍ਹਾਂ ਮੁਲਕਾਂ ਵਿਚ ਯੂਨੀਵਰਸਿਟੀ ਕੈਂਪਸ ਵਿਚ ਸਿਰਫ ਪਹਿਲੇ ਸਾਲ ਦੇ ਵਿਦਿਆਰਥੀਆਂ ਨੂੰ ਰਹਿਣ ਲਈ ਥਾਂ ਦਿੱਤੀ ਜਾਂਦੀ ਹੈ।

ਆਮ ਤੌਰ 'ਤੇ ਵਿਦਿਆਰਥੀ (ਕੁੜੀਆਂ ਹੋਣ ਭਾਵੇਂ ਮੁੰਡੇ) ਬਾਹਰ ਕਿਰਾਏ ਦੀਆਂ ਥਾਂਵਾਂ 'ਤੇ ਹੀ ਰਹਿੰਦੇ ਹਨ ਅਤੇ ਦੇਰ ਰਾਤ ਤੱਕ ਲੜਕੀਆਂ ਲਾਇਬ੍ਰੇਰੀਆਂ ਤੇ ਕੰਮਾਂ-ਕਾਰਾਂ ਦੀਆਂ ਥਾਂਵਾਂ 'ਤੇ ਵਿਚਰਦੀਆਂ ਹਨ। ਮਸਲਾ ਮਾਨਸਿਕਤਾ ਬਦਲਣ ਅਤੇ ਨਰੋਆ ਸਿਸਟਮ ਦੇਣ ਦਾ ਹੈ, ਨਾ ਕਿ ਫਰਕ ਕਰਨ ਦਾ। ਇਹ ਅਠਾਰਵੀਂ ਸਦੀ ਨਹੀਂ ਹੈ, ਇੱਕੀਵੀਂ ਸਦੀ ਦਾ ਦੂਜਾ ਦਹਾਕਾ ਮੁੱਕਣ ਵਾਲਾ ਹੈ। ਅਸੀਂ ਕਦੋਂ ਕੁੜੀਆਂ ਤੇ ਮੁੰਡਿਆਂ ਵਿਚ ਫਰਕ ਕਰਨਾ ਛੱਡਾਂਗੇ? ਅੱਜ ਸਾਨੂੰ ਇਸ ਮਸਲੇ ਪ੍ਰਤੀ ਜ਼ਰਾ ਹੋਰ ਖੁੱਲ੍ਹੇ ਮਨ ਨਾਲ ਵਿਚਾਰਨ ਲਈ ਤਿਆਰ ਹੋਣ ਦਾ ਜੇਰਾ ਕਰਨਾ ਚਾਹੀਦਾ ਹੈ।

***-ਡਾ. ਗੁਰਨਾਮ ਕੌਰ, ਕੈਨੇਡਾ***
***ਸਾਬਕਾ ਪ੍ਰੋਫੈਸਰ ਅਤੇ ਮੁਖੀ***
***ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ***
***ਪੰਜਾਬੀ ਯੂਨੀਵਰਸਿਟੀ, ਪਟਿਆਲਾ।***

# ਪੰਜਾਬੀ ਸਾਹਿਤ ਸਭਾ ਨਿਊ ਯਾਰਕ ਦੀ ਮੀਟਿੰਗ ਵਿਚ ਕਈ ਵਿਸ਼ਿਆਂ ‘ਤੇ ਵਿਚਾਰਾਂ



**ਨਿਊ ਯਾਰਕ (ਬਿਊਰੋ):** ਪੰਜਾਬੀ ਸਾਹਿਤ ਸਭਾ ਨਿਊ ਯਾਰਕ ਦੀ ਅਕਤੂਬਰ ਮਹੀਨੇ ਦੀ ਮੀਟਿੰਗ ਲੰਘੇ ਐਤਵਾਰ ਨੂੰ ਹੋਈ। ਮੀਟਿੰਗ ਦਾ ਅਰੰਭ ਡਾ. ਰਾਮਜੀ ਦਾਸ ਸੇਠੀ ਨੇ ਸ਼ਮਾਂ ਰੌਸ਼ਨ ਕਰ ਕੇ ਕੀਤਾ।

ਸਾਹਿਤਕ ਦੌਰ ਦਾ ਅਰੰਭ ਡਾ. ਸੇਠੀ ਨੇ ਆਪਣੀਆਂ ਕਵਿਤਾਵਾਂ ਨਾਲ ਕੀਤਾ। ਉਨ੍ਹਾਂ ਸਭ ਤੋਂ ਪਹਿਲਾਂ ਆਪਣੀ ਇਕ ਰੁਬਾਈ ਪੜ੍ਹੀ ਅਤੇ ਫਿਰ ਆਪਣੀਆਂ ਤਿੰਨ ਕਵਿਤਾਵਾਂ ਪੜ੍ਹੀਆਂ ਜਿਨ੍ਹਾਂ ਵਿਚ ਪਿਆਰ, ਬਿਰਹਾ ਅਤੇ ਅਧਿਆਤਮਵਾਦ ਦੇ ਵਿਸ਼ਿਆਂ ਨੂੰ ਛੋਹਿਆ ਗਿਆ ਸੀ। ਉਨ੍ਹਾਂ ਨੇ ਵਿਆਹ ਬਾਰੇ ਇਕ ਹਾਸ ਰਸੀ ਕਵਿਤਾ ਵੀ ਪੜ੍ਹੀ। ਡਾ. ਸੇਠੀ ਦੀ ਰੁਬਾਈ ਤੋਂ ਬਾਅਦ ਇਕ ਮੈਂਬਰ ਦੇ ਪੁੱਛਣ ‘ਤੇ ਰੁਬਾਈ ਅਤੇ ਇਸ ਦੀ ਬਣਤਰ ਬਾਰੇ ਗੱਲਾਂ ਹੋਈਆਂ। ਤਰਲੋਕਬੀਰ ਨੇ ਪਹਿਲਾਂ ਆਪਣੀ ਕਵਿਤਾ ‘ਕਾਸ਼ਨੀ ਸੁਪਨੇ’ ਪੜ੍ਹੀ ਜਿਸ ਵਿਚ ਗਰੀਬੀ ਨਾਲ ਜੂਝਦੇ ਇਨਸਾਨ ਦੇ ਸੁਪਨਿਆਂ ਦੀ ਗੱਲ ਕੀਤੀ ਗਈ ਸੀ। ਫਿਰ ਉਸ ਨੇ ਆਪਣੀ ਇਕ ਉਰਦੂ ਕਵਿਤਾ ਪੜ੍ਹੀ ਜਿਸ ਵਿਚ ਪਤਨੀ ਦੇ ਸੁੰਨੇ ਅਤੇ ਉਦਾਸ ਚਿਹਰੇ ਦਾ ਜ਼ਿਕਰ ਸੀ ਜੋ ਕਦੇ ਕੋਈ ਗਿਲਾ-ਸ਼ਿਕਵਾ ਨਹੀਂਕਰਦੀ।

ਨਵਾਜ਼ ਡੋਗਾ ਨੇ ਸੂਫੀ ਰੰਗ ਦੀਆਂ ਕਈ ਕਵਿਤਾਵਾਂ ਸੁਣਾਈਆਂ ਜੋ ਸੂਫੀ ਅਜ਼ਮਤ, ਡਾ. ਸਰਵਰ, ਅਤੇ ਮਹਿਮੂਦ ਹੁਸੈਨ ਸ਼ਾਹ ਦੀਆਂ ਲਿਖੀਆਂ ਹੋਈਆਂ ਸਨ। ਡਾ. ਸੰਦੀਪ ਸਿੰਘ ਨੇ ਪਹਿਲਾਂ ਆਪਣੀ ਕਵਿਤਾ ‘ਸੱਧਰਾਂ’ ਪੜ੍ਹੀ ਜਿਸ ਵਿਚ ਉਸ ਨੇ ਬਹੁਤ ਸੱਧਰਾਂ ਨਾਲ ਪੰਛੀਆਂ ਲਈ ਆਪਣਾ ਮਿੱਟੀ ਦਾ ਬਣਾਇਆ ਆਲ੍ਹਣਾ ਦਰਖਤ ’ਤੇ ਟੰਗਿਆ ਸੀ ਅਤੇ ਉਸ ਵਿਚ ਪੰਛੀਆਂ ਲਈ ਭੋਜਨ ਵੀ ਪਾਇਆ ਸੀ ਪਰ ਪੰਛੀਆਂ ਨੇ ਉਸ ਆਲ੍ਹਣੇ ਨੂੰ ਅਪਨਾਇਆ ਨਹੀਂ ਸੀ। ਸ਼ਾਇਦ ਉਹ ਆਲ੍ਹਣਾ ਪੰਛੀਆਂ ਦੇ ਮਿਆਰ ਤੋਂ ਨੀਵਾਂ ਸੀ। ਫਿਰ ਉਸ ਨੇ ਆਪਣੀ ਕਵਿਤਾ ‘ਰਾਖ ਨਿਮਾਣੀ’ ਪੜ੍ਹੀ। ਤਰਸੇਮ ਸਿੰਘ ਘੁੰਮਣ ਨੇ ਪਹਿਲਾਂ ਆਪਣੀ ਕਵਿਤਾ ‘ਜੰਗਲ ਦੀ ਅੱਗ’ ਪੜ੍ਹੀ ਜਿਸ ਦੀਆਂ ਦੋ ਸਤਰਾਂ ਸਨ,

ਸੋਚ ਰਿਹਾਂ ਕੀ ਜੀਵਨ
ਪੰਛੀਆਂ ਅਤੇ ਪਰਿੰਦਿਆਂ ਦਾ,
ਇਸ ਸੋਚ ਦਾ ਇਕ ਡੂੰਘਾ ਪ੍ਰਭਾਵ
ਮੇਰੇ ‘ਤੇ ਪੈ ਗਿਆ।

ਫਿਰ ਉਸ ਨੇ ਆਪਣੀ ਕਵਿਤਾ ‘ਕੰਧ ’ਤੇ ਟੰਗੀ ਤਸਵੀਰ’ ਪੜ੍ਹੀ ਜਿਸ ਵਿਚ ਇਨਸਾਨ ਦੇ ਜ਼ਿੰਦਗੀ ਦਾ ਸਫਰ ਮੁਕਾ ਕੇ ਸਦਾ ਲਈ ਤੁਰ ਜਾਣ ਦੀ ਗੱਲ ਕੀਤੀ ਗਈ ਸੀ। ਪ੍ਰੇਮ ਮਾਨ ਨੇ ਆਪਣੀ ਇਕ ਕਵਿਤਾ ‘ਤੁਰਨਾ’ ਪੜ੍ਹੀ। ਤਰਲੋਚਨ ਸੱਚਰ ਨੇ ਆਪਣੀ ਇਕ ਖੂਬਸੂਰਤ ਕਵਿਤਾ ਪੜ੍ਹੀ ਜਿਸ ਵਿਚ ਉਸ ਨੇ ਜ਼ਿੰਦਗੀ ਕੀ ਹੈ, ਮੌਤ ਕੀ ਹੈ, ਖੁਦਾ ਕੀ ਹੈ, ਕੁਦਰਤ ਕੀ ਹੈ ਆਦਿ ਦੀ ਗੱਲ ਕੀਤੀ ਸੀ। ਨੀਲਮ ਬੇਦੀ ਨੇ ਇਕ ਬਹੁਤ ਹੀ ਖੂਬਸੂਰਤ ਕਵਿਤਾ ਪੜ੍ਹੀ ਜਿਸ ਨੂੰ ਮੈਂਬਰਾਂ ਨੇ ਬਹੁਤ ਸਲਾਹਿਆ। ਸੰਗੀਤ ਸ਼ਰਮਾ ਨੇ ਆਪਣੀ ਸੁਰੀਲੀ ਆਵਾਜ਼ ਵਿਚ ‘ਵੇ ਤੈਨੂੰ ਸਮਝਾਵਾਂ ਕਿਵੇਂ...‘ ਗੀਤ ਪੇਸ਼ ਕੀਤਾ।

ਮੀਟਿੰਗ ਦੇ ਅਖੀਰ ਵਿਚ ਕਈ ਵਿਸ਼ਿਆਂ ’ਤੇ ਗੱਲਬਾਤ ਹੋਈ। ਜ਼ਿੰਦਗੀ ਵਿਚ ਖੁਸ਼ੀ ਕੀ ਹੈ, ਇਹ ਕਿਵੇਂ ਪ੍ਰਾਪਤ ਕੀਤੀ ਜਾ ਸਕਦੀ ਹੈ ਅਤੇ ਬਾਹਰੀ ਤੇ ਅੰਦਰੂਨੀ ਖੁਸ਼ੀ ਵਿਚ ਕੀ ਫਰਕ ਹੈ? ਬਾਰੇ ਮੈਂਬਰਾਂ ਨੇ ਆਪੋ ਆਪਣੇ ਵਿਚਾਰ ਪੇਸ਼ ਕੀਤੇ। ਇਸ ਤੋਂ ਬਾਅਦ ਇਸ ਵਿਸ਼ੇ ’ਤੇ ਕਾਫੀ ਦੇਰ ਗੱਲਬਾਤ ਹੋਈ ਕਿ ਕੀ ਲੇਖਕ ਦੀ ਲਿਖਤ ਅਤੇ ਜ਼ਿੰਦਗੀ ਵਿਚ ਇਕਸਾਰਤਾ ਤੇ ਸਮਾਨਤਾ ਹੋਣੀ ਚਾਹੀਦੀ ਹੈ? ਕੀ ਲੇਖਕ ਨੂੰ ਉਹੋ ਜਿਹੀ ਜ਼ਿੰਦਗੀ ਹੀ ਜਿਉਣੀ ਚਾਹੀਦੀ ਹੈ, ਜਿਹੋ ਜਿਹੀਆਂ ਉਸ ਦੀਆਂ ਲਿਖਤਾਂ ਹਨ?

ਡਾ. ਸੰਦੀਪ ਸਿੰਘ ਨੇ ਸਵਾਲ ਕੀਤਾ ਕਿ ਸ਼ਿਵ ਕੁਮਾਰ ਨੇ ਲੂਣਾ ਦੇ ਦਰਦ ਨੂੰ ਤਾਂ ਪਛਾਣਿਆ ਸੀ ਪਰ ਕੀ ਉਸ ਨੇ ਆਪਣੇ ਪਰਿਵਾਰ ਦੇ ਦਰਦ ਨੂੰ ਵੀ ਪਛਾਣਿਆ ਸੀ? ਇਸ ਸਵਾਲ ‘ਤੇ ਕਾਫੀ ਦੇਰ ਚਰਚਾ ਹੁੰਦੀ ਰਹੀ। ਮੀਟਿੰਗ ਦਾ ਸੰਚਾਲਨ ਤਰਸੇਮ ਸਿੰਘ ਘੁੰਮਣ ਨੇ ਕੀਤਾ।

ਮੀਟਿੰਗ ਵਿਚ ਲਵਲੀਨ ਕੌੜਾ, ਸੁਨੀਤਾ ਕੌੜਾ, ਸਰਬਜੀਤ ਮਾਨ, ਸਵਿਤਾ ਗੇਰਾ ਅਤੇ ਨਿਰਮਲ ਬੱਬਰ ਨੇ ਵੀ ਹਾਜ਼ਰੀ ਭਰੀ। ਸਭਾ ਦੀ ਅਗਲੀ ਮੀਟਿੰਗ 18 ਨਵੰਬਰ ਨੂੰ ਹੋਵੇਗੀ।


Tanya`s Beauty Salon



*Threading/Waxing
*Facial (Men & Women)
*Anti-Aging Facial-Bleach
*Hair Cut-Color and Style

We Specialize in Bridal & Henna

85-03 Roosevelt Ave.,
Jackson Heights, NY 11373
Ph: 718-205-7832

Drivers Wanted

For NGL DBA Shan Freight Way Inc. Out Of Clinton Township, MI

Pays up to 50c Single, 55c Team (Loaded/Empty)
From California Or Mid West. Company Operation From Michigan To California & California To Michigan, Ohio, Pennsylvania, New York.
Automatic Trucks. Pay By Weakly Lay Over, Overnight, Paid.
Minimum 1 Year Experience Required. Automatic Trucks
Contact Ajay Parmar Or Binder Rai Or Prince Parmar
Ph: (440) 334-7318 (301) 640-6746 Or (425) 362-4592

NGL DBA Shan Freight Way Inc.
44543 N Gratiot, Clinton Twp, MI 48038 Fax: 216-763-0496

ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ

ਪੰਜਾਬੀ ਢਾਬਾ

Now Open

Indiana
1480 N State Road 1, Cambridge City, IN 47327. 70
Diesel/Gas
Exit 137

ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ



ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...

ਕੀਮਤਾਂ ਬਹੁਤ ਹੀ ਵਾਜਬ !

ਸਹੂਲਤਾਂ
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.



Free Buffet over 100 gallons
open 6am to midnight
Phone: 765-478-6300

ਅਮਰ ਕਾਰਪੈਟਸ

ਘਰਾਂ/ਦਫਤਰਾਂ ਅਤੇ ਹਰ ਤਰ੍ਹਾਂ ਦੇ ਮਕਾਨਾਂ ਵਿਚ ਵਧੀਆ ਕੁਆਲਟੀ ਦਾ ਕਾਰਪੈਟ ਸਸਤੇ ਭਾਅ ਪੁਆਉ

ਦੀਵਾਨ ਐਵਨਿਊ, ਸ਼ਿਕਾਗੋ ਵਿਚ ਕਾਰਪੈਟਸ ਦਾ ਇੱਕੋ ਇੱਕ ਸਟੋਰ ਜਿੱਥੋਂ ਤੁਸੀ ਖਰੀਦ ਸਕਦੇ ਹੋ ਬਿਲਕੁਲ ਨਵੇਂ ਡਿਜ਼ਾਈਨ ਦੇ ਰੱਗ ਹਰ ਇਕ ਕਵਾਲਿਟੀ ਵਿਚ, ਕੀਮਤਾਂ ਇਨੀਆਂ ਘੱਟ ਕਿ ਤੁਸੀਂ ਸੋਚ ਵੀ ਨਹੀਂ ਸਕਦੇ ! ਆਓ ! ਦੇਖੋ ਅਮਰ ਕਾਰਪੈਟਸ ਦਾ ਬੇਹਤਰੀਨ ਚੋਣ ਭਰਪੂਰ ਸ਼ੋਅਰੂਮ



ਅਮਰੀਕ ਸਿੰਘ

ਹਾਰਡਵੁੱਡ ਫਲੋਰ, ਕਿਚਨ ਕੈਬਨਿਟ
ਹਰ ਤਰ੍ਹਾਂ ਦੇ ਫਲੋਰ ਉਪਲਬਧ



ਫਰੀ ਐਸਟੀਮੇਟ, ਆਰਡਰ ਕਰਨ ਦੇ ਅਗਲੇ ਹੀ ਦਿਨ ਕਾਰਪੈਟ ਪਾਵਾਂਗੇ

Same day service in Chicago and suburbs

Amar Carpets Inc
ਵੈਸਟਰਨ ਐਵੇਨਿਊ ਤੋਂ ਅਧਾ ਬਲਾਕ ਵੈਸਟ, 2423 W Devon Ave. Chicago IL 60659
ਕਾਲ ਕਰੋ : ਅਮਰੀਕ ਸਿੰਘ
Ph: 773-508-5253,773-507-8043, Fax: 773-508-5249



ਮਨੁੱਖਤਾ, ਵਾਤਾਵਰਨ, ਵਿਦਿਆ ਅਤੇ ਸਮਾਜ ਸੇਵਾ ਨੂੰ ਸਮਰਪਿਤ
ਭਗਤ ਪੂਰਨ ਸਿੰਘ ਜੀ ਦੀ 26ਵੀਂ ਬਰਸੀ

# ਸ਼ਰਧਾਂਜਲੀ ਸਮਾਰੋਹ

ਭਗਤ ਪੂਰਨ ਸਿੰਘ ਜੀ ਨੇ ਆਪਣੀ ਸਾਰੀ ਜ਼ਿੰਦਗੀ ਬਿਨਾ ਕਿਸੇ ਭਿੰਨ-ਭੇਦ ਤੋਂ ਅੰਗਹੀਣ, ਨਿਥਾਵਿਆਂ ਅਤੇ ਨਿਤਾਣਿਆਂ ਦੀ ਸੇਵਾ ਵਿਚ ਲਾ ਦਿੱਤੀ। ਉਨ੍ਹਾਂ ਵਲੋਂ ਕਾਇਮ ਕੀਤਾ ਗਿਆ ਪਿੰਗਲਵਾੜਾ ਅੱਜ ਨਿਸ਼ਕਾਮ, ਨਿਸ਼ਕਪਟ, ਨਿਮਰ ਅਤੇ ਨਿਰਸਵਾਰਥ ਸੇਵਾ ਦਾ ਚਾਨਣ ਮੁਨਾਰਾ ਹੈ। ਆਓ, ਇਸ ਨੇਕ ਕਾਰਜ ਨੂੰ ਹੋਰ ਸਫਲ ਕਰਨ ਲਈ ਆਪਣਾ ਵਡਮੁੱਲਾ ਯੋਗਦਾਨ ਪਾਈਏ ਅਤੇ ਸਮਰੱਥਾ ਅਨੁਸਾਰ ਪਿੰਗਲਵਾੜੇ ਦੀ ਮਦਦ ਕਰੀਏ ਜੀ।

## 26th Barsi Commemoration Bhagat Puran Singh

*October 14 – November 18, 2018*

**Indiana, Wisconsin, Illinois and Michigan**

ਸਾਧ ਸੰਗਤ ਨੂੰ ਹੁਮ ਹੁਮਾ ਕੇ ਦਰਸ਼ਨ ਦੇਣ ਦੀ ਬੇਨਤੀ ਹੈ ਜੀ

### ਐਤਵਾਰ, 21 ਅਕਤੂਬਰ 2018

ਗੁਰਦੁਆਰਾ ਸਾਹਿਬ
Gurdwara Sahib
Indianapolis, INDIANA

### ਐਤਵਾਰ, 28 ਅਕਤੂਬਰ 2018

ਗੁਰਦੁਆਰਾ ਸਾਹਿਬ ਵ੍ਹੀਟਨ
Illinois Sikh Community Center
2131 Creekside Dr.,
Wheaton IL 60187
Ph: (630) 655-0307

ਗੁਰਦੁਆਰਾ ਦੀਵਾਨ ਐਵਨਿਊ, ਸ਼ਿਕਾਗੋ
Gurdwara Sahib Chicago
2341 W. Devon Ave.,
Chicago, IL 60658
Ph: (773) 274-3133

### ਐਤਵਾਰ, 4 ਨਵੰਬਰ 2018

ਗੁਰਦੁਆਰਾ ਬਰੁੱਕਫੀਲਡ, ਮਿਲਵਾਕੀ
Sikh Religious Society of Wisconsin
3675 N. Calhoun Road,
Brookfield, WI 53005
Ph: (262) 790-1600

ਗੁਰਦੁਆਰਾ ਓਕ ਕਰੀਕ, ਮਿਲਵਾਕੀ
Sikh Temple of Wisconsin
7512 South Howell St.,
Oak Creek, WI 53154
Ph: (414) 764-7454

### ਐਤਵਾਰ, 11 ਨਵੰਬਰ 2018

ਗੁਰਦੁਆਰਾ ਪੈਲਾਟਾਈਨ
Sikh Religious Society
1280 Winnetka St.,
Palatine, IL. 60067
Ph: (847) 358-1117

### ਐਤਵਾਰ, 18 ਨਵੰਬਰ 2018

ਗੁਰੂ ਨਾਨਕ ਸਿੱਖ ਸੈਂਟਰ, ਲੈਨਸਿੰਗ
Guru Nanak Sikh Center
4701 Pleasant Grove Rd.,
Lansing, MI 48910
Ph: (517) 272-0231

**Want to Donate?** *Please make check payable to:*
Jaswant Sawhney Trust Fund, 7713 Tobruck Ct., Hanover, MD 21076

Know more about Pingalwara at www.Pingalwara.org

**Contact:**

Lakhbir Singh Sandhu (847) 975-3877, Narinderpal Singh Marwaha (630) 313-9121
Satnam Singh Aulakh (847) 809-6145, Balwant Singh Hansra (847) 991-7761
Jasbir K. Mann (847) 890-2390, Bikrambir Singh Sidhu (630) 330-8286
Harjit Singh Gill (847) 833-5340, Paramjit Singh Sangha (224) 388-9393
Tarlochan Singh Gill (847) 219-0824, Jairam Singh Kahlon (224) 456-8096

# ਪੰਜਾਬੀ ਵਿਰਾਸਤ ਸੰਸਥਾ, ਸ਼ਿਕਾਗੋ

**PUNJABI HERITAGE ORGANIZATION OF CHICAGO**

P.O. BOX 2556, PALATINE, IL. 60078 Email: phochicago@hotmail.com

ਗੋਲ ਕੋਨਿਆਂ ਵਾਲੀ ਬੇਬਾਕੀ

ਪੁਸਤਕ ਪੜਚੋਲ

# ਗੁਰੂਮੇਲ ਸਿੱਧੂ ਦੀ ਸਾਹਿਤਕ ਸਵੈ-ਜੀਵਨੀ 'ਸਿਮ੍ਰਤੀ ਦੇ ਹਾਸ਼ੀਏ'

ਸਾਹਿਤ, ਸਾਇੰਸ, ਸਭਿਆਚਾਰ ਅਤੇ ਧਰਮ ਨੂੰ ਆਪਣੇ ਕਲਾਵੇ 'ਚ ਲੈਂਦੀ ਗੁਰੂਮੇਲ ਸਿੱਧੂ ਦੀ ਕਲਮ ਦਾ ਘੇਰਾ ਬੜਾ ਵਿਸ਼ਾਲ ਹੈ। ਸ਼ਾਇਦ ਇਹੀ ਵਜ੍ਹਾ ਹੈ ਕਿ ਗੁਰੂਮੇਲ ਸਿੱਧੂ ਦੀ ਸਵੈ ਅਤੇ ਸਾਹਿਤਕ ਜੀਵਨੀ 'ਸਿਮ੍ਰਤੀ ਦੇ ਹਾਸ਼ੀਏ' ਅਸਲੋਂ ਹੀ ਨਿਵੇਕਲੇ ਮਿਜ਼ਾਜ ਦੀ ਪੁਸਤਕ ਹੈ। ਲੋਹੜੇ ਦੀ ਬੇਬਾਕੀ ਇਸ ਦਾ ਉਘੜਵਾਂ ਗੁਣ ਹੈ ਪਰ ਇਹ ਬੇਬਾਕੀ ਤਿੱਖੀਆਂ-ਨੁਕੀਲੀਆਂ ਨੁਕਰਾਂ ਵਾਲੀ ਨਹੀਂ, ਗੋਲ ਕੋਨਿਆਂ ਵਾਲੀ ਹੈ। ਇਸੇ ਕਰਕੇ ਪਾਠਕ ਨੂੰ ਚੁਭਦੀ ਨਹੀਂ ਸਗੋਂ ਸੁਹਜ ਭਰੇ ਸਪਰਸ਼ ਦਾ ਅਹਿਸਾਸ ਕਰਵਾਉਂਦੀ ਜਾਂਦੀ ਹੈ।

ਯੂਨੀਵਰਸਿਟੀ ਵਾਸਤੇ ਲਿਖੀ ਇਹ ਕਿਤਾਬ ਯੂਨੀਵਰਸਿਟੀ ਨੇ ਛਾਪੀ ਨਹੀਂ। ਇਸ ਦੀ ਵਜ੍ਹਾ ਬਾਰੇ ਪਤਾ ਲਗਦਿਆਂ ਪ੍ਰਸਿੱਧ ਲੇਖਕ ਰਾਹੀ ਮਾਸੂਮ ਰਜ਼ਾ ਦੀ ਯਾਦ ਆ ਗਈ। ਉਸ ਦੇ ਪਾਤਰ ਗਾਲ੍ਹਾਂ ਬਹੁਤ ਕੱਢਦੇ



ਸੁਰਿੰਦਰ ਸੋਹਲ

ਹਨ। ਕਿਸੇ ਨੇ ਕਿਹਾ ਕਿ ਰਾਹੀ ਸਾਹਿਬ, ਜੇ ਤੁਹਾਡੇ ਨਾਵਲਾਂ 'ਚ ਏਨੀਆਂ ਗਾਲ੍ਹਾਂ ਨਾ ਹੋਣ ਤਾਂ ਤੁਹਾਡੇ ਨਾਵਲਾਂ ਨੂੰ ਵੱਡਾ ਇਨਾਮ ਮਿਲ ਸਕਦਾ ਹੈ। ਤਾਂ ਰਾਹੀ ਨੇ ਕਿਹਾ ਸੀ, "ਇਨਾਮ ਲੈਣ ਖਾਤਿਰ ਮੈਂ ਆਪਣੇ ਪਾਤਰਾਂ ਦੀ ਜ਼ਬਾਨ ਨਹੀਂ ਕੱਟ ਸਕਦਾ।"

ਗੁਰੂਮੇਲ ਸਿੱਧੂ ਦੀ ਕਿਤਾਬ 'ਸਿਮ੍ਰਤੀ ਦੇ ਹਾਸ਼ੀਏ' 'ਚ ਗਾਲ੍ਹਾਂ ਤਾਂ ਨਹੀਂ ਪਰ ਆਪਣੇ ਤੋਂ ਸੀਨੀਅਰ ਅਤੇ ਸਮਕਾਲੀ ਲੇਖਕਾਂ ਦੇ ਨਾਲ-ਨਾਲ ਆਪਣੇ ਬਾਰੇ ਲਿਖਣ ਲੱਗਿਆਂ ਉਸ ਨੇ ਅਜਿਹਾ ਬੇਬਾਕ ਲਹਿਜਾ ਅਪਨਾਇਆ, ਜਿਸ ਕਰਕੇ ਇਹ ਕਿਤਾਬ ਯੂਨੀਵਰਸਿਟੀ ਨੇ ਨਹੀਂ ਛਾਪੀ। ਯੂਨੀਵਰਸਿਟੀ ਕਾਂਟ-ਛਾਂਟ ਕਰਵਾਉਣਾ ਚਾਹੁੰਦੀ ਸੀ ਤੇ ਲੇਖਕ ਨੂੰ ਆਪਣੀ ਕ੍ਰਿਤ ਨਾਲ ਹੁੰਦੀ ਇਹ ਬੇਇਨਸਾਫੀ ਮਨਜ਼ੂਰ ਨਹੀਂ ਸੀ।

ਭੂਮਿਕਾ ਵਿਚ ਸਿੱਧੂ ਦਮਦਮੀ ਨੇ ਕਿਤਾਬ ਦਾ ਤੱਤ-ਸਾਰ ਇੰਜ ਪੇਸ਼ ਕੀਤਾ ਹੈ, "ਯੂਨੀਵਰਸਿਟੀਆਂ ਜਾਂ ਨਿੱਜੀ ਪ੍ਰਕਾਸ਼ਕਾਂ ਵਲੋਂ ਛਾਪੀਆਂ ਗਈਆਂ ਪੰਜਾਬੀ ਦੀਆਂ ਬਹੁਤੀਆਂ ਸਵੈ-ਜੀਵਨੀਆਂ ਨੂੰ ਲੱਸੀ 'ਚ ਪਾਣੀ ਪਾ ਕੇ ਫੈਲਾਏ ਹੋਏ 'ਜੀਵਨ ਬਿਓਰੇ' ਹੀ ਕਿਹਾ ਜਾ ਸਕਦਾ ਹੈ। ਪਰ ਇਸ ਦੇ ਉਲਟ ਇਹ ਸਾਹਿਤਕ ਸਵੈ-ਜੀਵਨੀ ਲੇਖਕ ਦੀਆਂ ਸ਼ਖਸੀ/ਕਲਮੀ ਦੋਸਤੀਆਂ, ਸਾਹਿਤਕ ਸੰਸਾਰ ਦੀਆਂ ਰੰਜਿਸ਼ਾਂ, ਠੱਠਿਆਂ, ਬੇਲਾਗ ਟਿੱਪਣੀਆਂ ਆਦਿ ਨਾਲ ਉਰਜਿਤ ਪਾਠਕ ਨੂੰ ਬੰਨ੍ਹ ਕੇ ਬਿਠਾਉਣ ਵਾਲਾ ਬਿਰਤਾਂਤ ਹੈ। ਇਹ ਬਿਰਤਾਂਤ ਕਦੇ ਆਤਸ਼ੀ ਰੰਗ ਧਾਰਨ ਕਰਦਾ ਹੈ, ਕਦੇ ਦਾਰਸ਼ਨਿਕ ਧੁਨ ਤੇ ਕਦੇ ਸੰਗਤੀ ਮਾਹੌਲ।" (ਪੰਨਾ 8)

ਗੁਰੂਮੇਲ ਸਿੱਧੂ ਨੇ ਜਿੱਥੇ ਸੰਪਰਕ 'ਚ ਆਏ ਸਾਹਿਤਕਾਰਾਂ ਅਤੇ ਪ੍ਰਕਾਸ਼ਕਾਂ ਬਾਰੇ ਖੁੱਲ੍ਹ ਕੇ ਲਿਖਿਆ ਹੈ, ਉਥੇ ਆਪਣਾ ਵੀ ਲਿਹਾਜ ਨਹੀਂ ਕੀਤਾ। ਜਿੱਥੇ ਉਸ ਨੇ ਆਪਣੀਆਂ ਪ੍ਰਾਪਤੀਆਂ ਦੀ ਪਾਠਕ ਨਾਲ ਸਾਂਝ ਪੁਆਈ ਹੈ, ਉਥੇ ਆਪਣੀਆਂ ਘਾਟਾਂ-ਕਮਜ਼ੋਰੀਆਂ ਦਾ ਜ਼ਿਕਰ ਵੀ ਬੜੇ ਦਿਲ-ਗੁਰਦੇ ਨਾਲ ਕੀਤਾ ਹੈ। ਭੋਲੇਪਨ 'ਚ ਕਈ ਵਾਰ ਉਸ ਨੂੰ ਸ਼ਰਮਿੰਦਗੀ ਦਾ ਮੂੰਹ ਵੀ ਦੇਖਣਾ ਪਿਆ। ਲੇਖਕ ਨੇ ਇਸ ਤਰ੍ਹਾਂ ਦੀਆਂ ਘਟਨਾਵਾਂ ਨੂੰ ਪੇਸ਼ ਕਰਕੇ ਪਾਠਕ ਨਾਲ ਮੋਹ ਦਾ ਰਿਸ਼ਤਾ ਕਾਇਮ ਕੀਤਾ ਹੈ। ਪੜ੍ਹਾਈ ਦਾ ਬੋਝ ਪਿਆ ਤਾਂ ਡਾ. ਜੌਹਨਸਨ ਨੇ ਸਲਾਹ ਦਿੱਤੀ ਕਿ 'ਜਾਗਿੰਗ' ਬਹੁਤ ਲਾਭਦਾਇਕ ਸਿੱਧ ਹੋ ਸਕਦੀ ਹੈ।...ਪੜ੍ਹਾਈ ਦੇ ਫਿਕਰ ਕਰਕੇ ਮੁੰਡੇ-ਕੁੜੀਆਂ ਦਾ ਸਰੀਰਕ ਅਤੇ ਮਾਨਸਿਕ ਤਣਾਓ ਵਧ ਜਾਂਦਾ ਹੈ, ਉਨ੍ਹਾਂ ਲਈ ਜਾਗਿੰਗ ਕਰਨਾ ਇਕ ਵਧੀਆ ਇਲਾਜ ਹੈ।

ਸਿੱਧੂ ਨੂੰ 'ਜਾਗਿੰਗ' ਦਾ ਮਤਲਬ ਨਹੀਂ ਸੀ ਪਤਾ। ਉਹ ਹੋਰ ਉਲਝ ਗਿਆ। ਉਸ ਨੇ ਡਾ. ਜੌਹਨਸਨ ਨੂੰ ਕਿਹਾ, "ਜੀ, ਮੇਰਾ ਸਮਾਜ ਜਾਗਿੰਗ ਦੀ ਇਜਾਜ਼ਤ ਨਹੀਂ ਦਿੰਦਾ।"

"ਕੀ ਕਿਹਾ! ਫੇਰ ਦੱਸ! ਤੇਰਾ ਸਮਾਜ ਜਾਗਿੰਗ ਕਰਨ ਤੋਂ ਰੋਕਦਾ ਹੈ!" ਜੌਹਨਸਨ ਨੇ ਹੈਰਾਨ ਹੋ ਕੇ ਪੁੱਛਿਆ।

"ਜੀ ਹਾਂ! ਵਿਆਹ ਤੋਂ ਪਹਿਲਾਂ ਮੁੰਡੇ-ਕੁੜੀ ਦਾ ਮਿਲਣਾ ਚੰਗਾ ਨਹੀਂ ਸਮਝਿਆ ਜਾਂਦਾ।" ਮੈਂ ਹੱਥ ਮਲਦਿਆਂ ਕਿਹਾ।

ਸੰਤੋਖ ਸਿੰਘ ਧੀਰ, ਸੰਤ ਸਿੰਘ ਸੇਖੋਂ, ਪ੍ਰੋ. ਮੋਹਨ ਸਿੰਘ, ਗੁਰਚਰਨ ਰਾਮਪੁਰੀ, ਬਲਵੰਤ ਗਾਰਗੀ, ਹਰਿਭਜਨ ਸਿੰਘ ਆਦਿ ਵਰਗੇ ਵੱਡੇ-ਵੱਡੇ ਲੇਖਕਾਂ ਦਾ ਸਾਥ ਮਾਣਨ ਦਾ ਉਸ ਨੂੰ ਸੁਭਾਗ ਪ੍ਰਾਪਤ ਹੈ। ਜਿੱਥੇ ਇਹ ਵੱਡੇ ਲੇਖਕ ਸਨ, ਉਥੇ ਇਨ੍ਹਾਂ 'ਚ ਵੀ ਆਮ ਬੰਦਿਆਂ ਵਾਲੀਆਂ ਖੂਬੀਆਂ ਤੇ ਕਮੀਆਂ ਸਨ। ਗੁਰੂਮੇਲ ਸਿੱਧੂ ਨੇ ਬਹੁਤ ਹੀ ਤਵਾਜ਼ਨ ਰੱਖ ਕੇ ਉਨ੍ਹਾਂ ਦੀ ਸ਼ਖਸੀਅਤ ਦੀ ਤਸਵੀਰ ਸ਼ਬਦਾਂ ਰਾਹੀਂ ਚਿਤਰਨ ਦਾ ਯਤਨ ਕੀਤਾ ਹੈ।

ਲਾਹੌਰ ਬੁਕ ਸ਼ਾਪ ਵਾਲੇ ਜੀਵਨ ਸਿੰਘ ਨਾਲ ਉਸ ਦੀ ਵਾਕਫੀ ਪੰਜਾਬ ਖੇਤੀ ਯੂਨੀਵਰਸਿਟੀ, ਲੁਧਿਆਣਾ 'ਚ ਪੜ੍ਹਦੇ ਦੀ ਹੀ ਹੋ ਗਈ ਸੀ। ਪ੍ਰਕਾਸ਼ਕ ਤੇ ਲੇਖਕ ਦੇ ਰਿਸ਼ਤੇ ਨੂੰ ਉਸ ਨੇ ਬਹੁਤ ਨੇੜਿਓਂ ਦੇਖਿਆ ਹੈ। ਜੀਵਨ ਸਿੰਘ ਰਾਹੀਂ ਉਸ ਨੇ ਅੰਮ੍ਰਿਤਾ ਪ੍ਰੀਤਮ ਦੇ ਜੀਵਨ ਦੀਆਂ ਉਹ ਝਲਕੀਆਂ ਵੀ ਪੇਸ਼ ਕੀਤੀਆਂ ਹਨ ਜਿਨ੍ਹਾਂ ਨੂੰ ਅੰਮ੍ਰਿਤਾ 'ਰਸੀਦੀ ਟਿਕਟ' ਵਿਚ ਸੁਚੇਤ ਪੱਧਰ 'ਤੇ ਨਜ਼ਰ-ਅੰਦਾਜ਼ ਕਰ ਗਈ ਸੀ।

ਗੁਰੂਮੇਲ ਸਿੱਧੂ ਕਾਵਿਕ ਸੁਭਾਅ ਦਾ ਮਾਲਿਕ ਹੈ। ਟੇਬਲ ਟਾਕ ਵੇਲੇ ਉਸ ਦੇ ਦਿਲਚਸਪ ਜੁਮਲੇ ਸਰੋਤਿਆਂ ਨੂੰ ਬੰਨ੍ਹੀ ਰੱਖਦੇ ਹਨ। ਇਹੀ ਗੁਣ ਉਸ ਦੀ ਕਿਤਾਬ 'ਸਿਮ੍ਰਤੀ ਦੇ ਹਾਸ਼ੀਏ' 'ਚ ਭਰਪੂਰ ਰੂਪ ਵਿਚ ਪਾਇਆ ਜਾਂਦਾ ਹੈ।




ਬਚਪਨ 'ਚ ਤੋਲ ਤੇ ਲੈਅ ਦੀ ਗੁੜਤੀ ਮਾਂ ਤੋਂ ਲੈ ਕੇ ਸਾਇੰਸ ਦੇ ਖੇਤਰ 'ਚ ਜੀਨਜ਼ ਦਾ ਤੋਲ ਤੇ ਲੈਅ ਤਲਾਸ਼ਦਾ ਡਾ. ਗੁਰੂਮੇਲ ਸਿੱਧੂ ਆਪਣੇ ਸਿਰੜ ਸਦਕਾ ਜੀਵਨ ਦੇ ਉਸ ਮੁਕਾਮ 'ਤੇ ਆਣ ਪਹੁੰਚਾ ਹੈ, ਜਿੱਥੇ ਇਹ ਫੈਸਲਾ ਕਰਨਾ ਮੁਸ਼ਕਿਲ ਹੈ ਕਿ ਉਸ ਦਾ ਕੱਦ ਸਾਹਿਤ 'ਚ ਵੱਡਾ ਹੈ ਕਿ ਸਾਇੰਸ 'ਚ।

ਉਸ ਨੇ ਸ਼ੁਰੂ 'ਚ ਹੀ ਜੋਸ਼ ਮਲਸਿਆਨੀ ਦੀ ਗੱਲ ਪੱਲੇ ਬੰਨ੍ਹ ਲਈ ਸੀ, "ਛੰਦਾ-ਬੰਦੀ ਦੀ ਸੂਝ ਤੋਂ ਬਿਨਾਂ ਸ਼ਿਅਰੋ-ਸ਼ਾਇਰੀ ਕਰਨਾ ਆਪਣੇ ਨਾਲ ਤੇ ਜ਼ਬਾਨ ਨਾਲ ਅਨਿਆਂ ਕਰਨਾ ਹੈ।" (ਪੰਨਾ 29)

ਇਹ ਧਰਮ ਉਸ ਨੇ ਸਾਰੀ ਉਮਰ ਨਿਭਾਇਆ।

ਅੰਮ੍ਰਿਤਾ-ਮੋਹਨ ਸਿੰਘ ਤੋਂ ਮਗਰੋਂ ਪੰਜਾਬੀ ਕਵਿਤਾ ਵਿਚ ਆਈਆਂ ਪ੍ਰਵਿਰਤੀਆਂ ਦਾ ਉਹ ਸਾਖਸ਼ਾਤ ਗਵਾਹ ਹੈ। ਪੰਜਾਬੀ ਕਵਿਤਾ 'ਚ ਪ੍ਰਯੋਗਵਾਦ ਤੇ ਆਧੁਨਿਕਤਾਵਾਦ ਲਈ ਤਿਆਰ ਹੁੰਦੀ ਜਮੀਨ ਉਸ ਨੇ ਅੱਖੀਂ ਦੇਖੀ ਹੈ। ਇਸ ਸੁਭਾਅ ਦੀ ਕਵਿਤਾ ਦੇ ਪੁੰਗਰਦੇ ਤੇ ਮੌਲਦੇ ਬੂਟਿਆਂ ਦੇ ਅੰਗ-ਸੰਗ ਉਸ ਦਾ ਸਾਹਿਤਕ ਸਫਰ ਜਾਰੀ ਰਿਹਾ ਹੈ। ਉਹ ਇਨ੍ਹਾਂ ਦੇ ਅੰਗ-ਸੰਗ ਰਹਿ ਕੇ ਵੀ ਵੱਖਰੀ ਨੁਹਾਰ ਕਾਇਮ ਰੱਖਣ 'ਚ ਕਾਮਯਾਬ ਰਿਹਾ।

ਗੁਰੂਮੇਲ ਸਿੱਧੂ ਇਹ ਗੱਲ ਸਵੀਕਾਰ ਕਰਨ 'ਚ ਭੋਰਾ ਝਿਜਕ ਨਹੀਂ ਮਹਿਸੂਸ ਕਰਦਾ ਕਿ ਸ਼ੁਰੂ 'ਚ ਉਹ ਹਰਿਭਜਨ ਸਿੰਘ ਦੀ ਕਵਿਤਾ ਤੋਂ ਪ੍ਰਭਾਵਿਤ ਰਿਹਾ। ਉਸ ਨੂੰ ਇਹ ਦੱਸਣ 'ਚ ਵੀ ਕੋਈ ਉਜਰ ਨਹੀਂ ਕਿ ਪ੍ਰੋ. ਮੋਹਨ ਸਿੰਘ ਦੇ ਪਰਚੇ 'ਪੰਜ ਦਰਿਆ' 'ਚ ਉਸ ਦੀਆਂ ਮੁਢਲੀਆਂ ਕਵਿਤਾਵਾਂ ਨਹੀਂ ਸੀ ਛਪੀਆਂ। ਜਦੋਂ ਉਹ ਮੋਹਨ ਸਿੰਘ ਨੂੰ ਮਿਲਣ ਗਿਆ ਤਾਂ ਮੋਹਨ ਸਿੰਘ ਨੇ ਉਸ ਨੂੰ ਵਾਰਤਕ ਲਿਖਣ ਦੀ ਸਲਾਹ ਦਿੱਤੀ ਸੀ। ਫਿਰ ਉਸੇ ਮੋਹਨ ਸਿੰਘ ਨੇ 'ਨਵੇਂ ਕਵੀ' ਵਜੋਂ ਉਸ ਨੂੰ 'ਪੰਜ ਦਰਿਆ' ਵਿਚ ਉਚੇਚ ਨਾਲ ਛਾਪਿਆ ਸੀ।

'ਸਿਮ੍ਰਤੀ ਦੇ ਹਾਸ਼ੀਏ' 'ਚ ਗੁਰੂਮੇਲ ਹੋਰਾਂ ਜੀਵਨ ਦੀਆਂ ਨਿੱਕੀਆਂ-ਨਿੱਕੀਆਂ ਘਟਨਾਵਾਂ ਪੇਸ਼ ਕੀਤੀਆਂ ਨੇ, ਜੋ ਦੇਖਣ ਨੂੰ ਭਾਵੇਂ ਮਾਮੂਲੀ ਜਾਪਣ, ਅਚੇਤ ਹੀ ਸੂਝ ਦੇ ਬੀਜ ਮਨ ਅੰਦਰ ਬੀਜ ਜਾਂਦੀਆਂ ਨੇ। ਸਹੀ ਸੰਦਰਭ 'ਚ ਸਹੀ ਸ਼ਬਦ ਵਰਤਣ ਬਾਰੇ ਉਨ੍ਹਾਂ ਦੋ ਮਿਸਾਲਾਂ ਦਿੱਤੀਆਂ। ਇਕ ਵਾਰ ਗੁਰੂਮੇਲ ਹੋਰਾਂ 'ਕਵਿਤਾ ਵਿਚ ਅਨੁਭਵ' ਵਿਸ਼ੇ 'ਤੇ ਲੇਖ ਲਿਖਿਆ। ਉਨ੍ਹਾਂ 'ਅਨੁਭਵ' ਦੀ ਥਾਂ ਸ਼ਬਦ 'ਤਜਰਬਾ' ਵਰਤਿਆ। ਪ੍ਰਸਿੱਧ ਵਿਦਵਾਨ ਗੁਲਵੰਤ ਸਿੰਘ ਨੇ ਗੁਰੂਮੇਲ ਹੋਰਾਂ ਦੀ ਕਲਾਸ ਲਾਉਂਦਿਆਂ ਸਮਝਾਇਆ ਕਿ ਤਜਰਬਾ ਉਸ ਨੂੰ ਕਹਿੰਦੇ ਹਨ, ਜੋ ਰਸਮੀ ਵਿਦਿਆ ਦੇ ਆਧਾਰ 'ਤੇ ਕਮਾਇਆ ਜਾਂਦਾ ਹੈ ਅਤੇ 'ਅਨੁਭਵ' ਗਿਆਨ ਇੰਦਰੀਆਂ ਰਾਹੀਂ ਸਹਿਜ-ਭਾਵੀ ਗ੍ਰਹਿਣ ਹੁੰਦਾ ਹੈ।

ਦੂਜਾ ਵਾਕਿਆ ਵੀ ਗੁਲਵੰਤ ਸਿੰਘ ਹੋਰਾਂ ਨਾਲ ਹੀ ਸਬੰਧਤ ਹੈ। ਇਕ ਵਾਰ ਗੁਰੂ ਗ੍ਰੰਥ ਸਾਹਿਬ ਦੀ ਟੀਕਾਕਾਰੀ ਬਾਰੇ ਹੋ ਰਹੀ ਗੋਸ਼ਟੀ 'ਚ ਪ੍ਰੋ. ਪਿਆਰ ਸਿੰਘ ਨੇ ਕਿਹਾ ਕਿ ਸਾਹਿਬ ਸਿੰਘ ਨੇ ਟੀਕਾਕਾਰੀ ਵਿਚ ਕਈ ਥਾਂ 'ਤੇ ਹਠ-ਧਰਮੀ ਦਿਖਾਈ ਹੈ। ਗੁਲਵੰਤ ਸਿੰਘ ਹੋਰਾਂ ਪ੍ਰਧਾਨਗੀ ਭਾਸ਼ਣ 'ਚ ਕਿਹਾ ਕਿ ਇਕ ਵਿਦਵਾਨ ਨੇ ਸਾਹਿਬ ਸਿੰਘ ਦੀ ਟੀਕਾਕਾਰੀ 'ਤੇ ਹਠ-ਧਰਮੀ ਦਾ ਆਰੋਪ ਲਾ ਕੇ ਉਨ੍ਹਾਂ ਦੀ ਵਿਦਵਤਾ ਨਾਲ ਨਿਆਂ ਨਹੀਂ ਕੀਤਾ। ਸਾਹਿਬ ਸਿੰਘ ਹੋਰਾਂ ਬੜੀ ਸਿਆਣਪ ਅਤੇ ਵਿਦਵਤਾ ਨਾਲ ਟੀਕਾਕਾਰੀ ਕੀਤੀ ਹੈ। ਇਹ ਜ਼ਰੂਰੀ ਨਹੀਂ ਕਿ ਉਨ੍ਹਾਂ ਦੇ ਅਰਥ ਤੁਹਾਡੀ ਸੋਚ ਨਾਲ ਮੇਚ ਹੋਵਣ। ਸ਼ਬਦ 'ਹਠ-ਧਰਮੀ' ਦਾ ਅਦਬ ਅਤੇ ਦਰਸ਼ਨ ਦੇ ਖੇਤਰਾਂ ਨਾਲ ਕੋਈ ਵਾਹ ਵਾਸਤਾ ਨਹੀਂ। ਇਹ ਤਾਂ ਬੇਸਮਝ ਅਤੇ ਬੇਅਦਬ ਲੋਕਾਂ ਦੀ ਕਾਢ ਹੈ।

ਕਿਤਾਬ ਕਿਤੇ ਵੀ ਬੋਝਲ ਨਹੀਂ ਹੁੰਦੀ, ਸਗੋਂ ਵਾਰਤਕ ਦਾ ਰਿਦਮ ਕਿਤੇ ਨਹੀਂ ਟੁੱਟਦਾ। ਪਾਠਕ ਹੱਸਦਾ, ਗੰਭੀਰ ਹੁੰਦਾ, ਸੋਚੀਂ ਪੈਂਦਾ, ਬੜਾ ਕੁਝ ਗ੍ਰਹਿਣ ਕਰਦਾ ਆਪਣੀ ਝੋਲੀ ਭਰਦਾ ਲੇਖਕ ਦੇ ਨਾਲ-ਨਾਲ ਤੁਰਿਆ ਜਾਂਦਾ ਹੈ।

ਆਪਣੇ ਜੀਵਨ 'ਚ ਆਈਆਂ ਕੁੜੀਆਂ ਦਾ ਜ਼ਿਕਰ ਉਹ ਬੜੇ ਮਾਣ, ਸਤਿਕਾਰ ਅਤੇ ਮਰਿਆਦਾ ਨਾਲ ਕਰਦਾ ਹੈ। ਕੋਈ ਗੱਲ ਪਰਦੇ ਤੋਂ ਬਾਹਰ ਵੀ ਨਹੀਂ ਆਉਣ ਦਿੰਦਾ ਤੇ ਛੁਪਾਉਂਦਾ ਵੀ ਕੁਝ ਨਹੀਂ।

### ਪੋਸਟ-ਸਕ੍ਰਿਪਟ

ਮਨਮੋਹਨ ਪੂਨੀ ਨੇ 'ਸੈਨ ਫਰਾਂਸਿਸਕੋ ਸਾਜ਼ਿਸ਼ ਕੇਸ' ਬਾਰੇ ਇਕ ਕਿਤਾਬਚਾ ਪੜ੍ਹਨ ਨੂੰ ਦਿੱਤਾ। ਆਦਤ ਮੂਜਬ ਮੈਂ ਲਾਲ ਪੈੱਨ ਨਾਲ ਸ਼ਬਦ-ਜੋੜਾਂ ਦੀਆਂ ਗਲਤੀਆਂ 'ਤੇ ਗੋਲ ਚੱਕਰ ਵਹਾ ਦਿੱਤੇ। ਪੂਨੀ ਨੂੰ ਇਹ ਗੱਲ ਚੰਗੀ ਲੱਗੀ। ਉਹ ਗੁਰੂਮੇਲ ਸਿੱਧੂ ਦੀ 'ਸਿਮ੍ਰਤੀ ਦੇ ਹਾਸ਼ੀਏ' ਪੜ੍ਹ ਰਿਹਾ ਸੀ। ਮੈਨੂੰ ਕਹਿਣ ਲੱਗਾ, "ਭਾਜੀ ਗੁਰੂਮੇਲ ਹੋਰਾਂ ਦੀ ਕਿਤਾਬ 'ਚ ਵੀ ਗਲਤ ਛਪੇ ਸ਼ਬਦਾਂ 'ਤੇ ਗੋਲ ਚੱਕਰ ਵਹਾ ਦੇਣੇ ਸੀ?" ਮੈਂ ਕਿਹਾ, "ਫਿਰ ਤਾਂ ਸਾਰੀ ਕਿਤਾਬ ਹੀ ਲਾਲ ਹੋ ਜਾਣੀ ਸੀ।"



*(ਖੱਬਿਓ ਸੱਜੇ) ਕਮਸ਼ੀਰ ਸਿੰਘ ਕਾਂਗਣਾ, ਮਨਮੋਹਨ ਪੂਨੀ, ਸਤੀਸ਼ ਗੁਲਾਟੀ, ਸੁਰਿੰਦਰ ਸੋਹਲ, ਗਿਆਨ ਸਿੰਘ ਬਿਲਗਾ, ਉੱਜਲ ਦੁਸਾਂਝ, ਗੁਰੂਮੇਲ ਸਿੱਧੂ ਅਤੇ ਸ੍ਰੀਮਤੀ ਦੁਸਾਂਝ।*

## ਡਾ. ਗੁਰੂਮੇਲ ਸਿੱਧੂ ਦੀਆਂ ਕੁਝ ਨਜ਼ਮਾਂ

### ਨਿੰਦਿਆ

ਦਸਤਕ ਬੰਦ ਕਰੋ
ਨਿੰਦਿਆ ਬੂਹੇ 'ਤੇ ਧਰ ਜਾਓ
ਮੇਰਾ ਸਿਰਨਾਮਾ
ਆਪਣੀ ਡਾਇਰੀ ਦਾ ਸ਼ਿੰਗਾਰ ਬਣਾਓ
ਮੁੜ ਕੇ ਜਦੋਂ ਕਦੇ ਪਰਤੋਗੇ
ਦਸਤਕ ਅੰਦਰ ਸੱਭੋ ਚੁੱਕੀ ਹੋਵੇਗੀ।
ਸੁਣੋ,
ਅੰਦਰ ਦੀ ਬੇਚੈਨੀ ਦਾ ਅਹਿਸਾਸ
ਮੇਰੀ ਮਜਬੂਰੀ ਦਾ ਕਾਰਨ ਹੈ
ਬੇ-ਇੱਜਤੀ ਮੇਰਾ ਭਾਵ ਨਹੀਂ ਸੀ
ਨਿੰਦਿਆ ਤਾਂ ਮੇਰਾ ਓਡਣ ਪਹਿਨਣ ਹੈ
ਜਿਸ ਨੂੰ ਭੋਜ-ਪੱਤਰਾਂ ਵਾਂਗੂੰ
ਕੋਟੀ ਕੋਟ ਪਹਿਨ ਕੇ ਯਾਰੋ
ਸਗਲੀ ਉਮਰ ਹੰਢਾਅ ਚੁੱਕਿਆ ਹਾਂ।

### ਵਿਦਰੋਹ

ਮੈਂ ਹਾਲਾਤ ਦੀ ਸਾਜ਼ਿਸ਼ ਹਾਂ
ਸਮੇਂ ਦੀ ਅੱਖ ਵਿਚ ਰੜਕੀ ਹੋਈ
ਜਾਂ ਕੋਈ ਕੌੜੀ-ਕੁਸੈਲੀ ਗੱਲ ਹਾਂ
ਕਲਮ ਦੀ ਜੀਭ 'ਤੇ ਅਟਕੀ ਹੋਈ
ਜਾਂ ਕਿਸੇ ਮੂਸਾ ਪੈਗੰਬਰ ਦੀ ਹਾਂ ਰੂਹ
ਇਨਸਾਨੀਅਤ ਦੇ ਪੱਥ 'ਤੇ ਪਟਕੀ ਹੋਈ
ਐ ਬੀਮਾਰ ਸਦੀ ਦੇ ਧੌਲ-ਧਾਰੋ
ਬੰਨ੍ਹ ਕੇ ਰੱਖੋ, ਨਰੋਏ ਪਹਿਰਿਆਂ ਅੰਦਰ
ਚਾਣਚੱਕ ਹਾਲਾਤ ਦੀ ਸਾਜ਼ਿਸ਼ ਕਿਤੇ
ਗੁਮਰਾਹ ਨਾ ਹੋ ਜਾਏ
ਕਿਤੇ ਵਿਦਰੋਹ ਨਾ ਬਣ ਜਾਏ।

ਤਲੀ 'ਤੇ ਸੀਸ, ਪੈਰ ਕਿੱਲਾਂ 'ਤੇ ਧਰ ਕੇ
ਮੜਕ ਕੇ ਤੁਰਦੀ ਹਾਲਾਤ ਦੀ ਸਾਜ਼ਿਸ਼
ਕਿਸੇ ਦੀ ਮਿੱਤ ਨਾ ਹੁੰਦੀ
ਹਾਲਾਤ ਦੀ ਸਾਜ਼ਿਸ਼ ਜਦੋਂ ਵੀ
ਹੋ ਕੇ ਵਿਦਰੋਹੀ ਤੁਰੀ ਹੈ
ਕਈ ਸਿਰ-ਲੱਥਾਂ ਦੀ ਭੀੜ
ਇਸ ਦੇ ਗਿਰਦੇ ਜੁੜੀ ਹੈ,
ਆਇਨਸਟਾਇਨ, ਐਲੀਅਟ,
ਸੁਕਰਾਤ, ਰੂਸੋ
ਹਾਲਾਤ ਦੀ ਸਾਜ਼ਿਸ਼ ਦੇ ਹੀ ਕਿਰਦਾਰ ਸਨ।

### ਗਤੀਸ਼ੀਲ

ਮੈਂ ਕੋਈ ਐਟਮ ਨਹੀਂ
ਹੋਂਦ ਜਿਸ ਦੀ ਨੂੰ ਨ ਪੋਹ ਸਕਦੀ ਤ੍ਰੇੜ
ਮੈਂ ਅਰੰਭਾਂ ਤੋਂ ਹਾਂ ਵਿਰਵਾ
ਅੰਤ ਮੇਰੇ ਨੂੰ ਨ ਮੁਕਤੀ ਦਾ ਗਿਆਨ
ਇਕ ਬਿੰਦੂ ਦੇ ਵਾਂਗ ਹੈ
ਆਦਿ ਮੇਰੇ ਦਾ ਖੁਰਾ
ਆਦਿ ਅਤੇ ਅੰਤ ਇਕ ਦਾਇਰਾ ਜਿਹਾ
ਜਿਸ ਦੀ ਪਰਿਕਰਮਾ ਮੈਂ ਕਰਦਾ ਜਾ ਰਿਹਾਂ

ਮੈਂ ਕੋਈ ਐਟਮ ਨਹੀਂ
ਪੁਰਜ਼ਾ-ਪੁਰਜ਼ਾ ਹੋ ਕੇ ਜੋ ਹੋਂਦੋਂ ਖਿੜਕ ਜਾਵੇ
ਬਦਲ ਦੇਵੇ ਇਸ ਸ੍ਰਿਸ਼ਟੀ ਦੀ ਤਾਸੀਰ
ਏਸ ਵਿਚ ਅਭਿਮਾਨ ਕਾਹਦਾ
ਬਦਲ ਕੇ ਜੋ ਬਦਲ ਜਾਵੇ
ਜੋ ਸਦਾ ਅਸਥਿਰ ਕਹਾਵੇ।

ਪ੍ਰਮਾਣੂਆਂ ਨੂੰ ਵੀ ਤਾਂ ਆਖਿਰ
ਹੱਥ ਮਾਦੇ ਦੇ ਹੈ ਵਿਕਣਾ ਪੈ ਰਿਹਾ
ਮੈਂ ਕੋਈ ਐਟਮ ਨਹੀਂ
ਮੈਂ ਤਾਂ ਸਿਰਜਣਹਾਰ ਹਾਂ।

### ਸਿਰ

ਤੁਸੀਂ ਜਿਹੜਾ ਮੁਕਟ
ਮੈਨੂੰ ਪਰ੍ਹੇ ਅੰਦਰ ਬਖਸ਼ਿਆ ਸੀ
ਕੱਲ੍ਹ ਜਦ ਮੈਂ ਪਹਿਨਿਆ
ਤਾਂ ਸਿਰ ਬਗਾਵਤ ਕਰ
ਤਲੀ 'ਤੇ ਆਣ ਡਿਗਿਆ।

ਸਾਂਭ ਲਓ ਐਹ ਮੁਕਟ ਆਪਣਾ
ਅਜੇ ਮੈਨੂੰ ਆਪਣੇ
ਸਿਰ ਦੀ ਵਧੇਰੇ ਲੋੜ ਹੈ

ਨਿਹਕੇਂਦਰਤ ਮਖੌਟੇ
ਨ੍ਹੇਰ-ਸੁਨ੍ਹੇਰੇ ਲੋਕ ਮੇਰੀ ਬਸਤੀ ਦੇ
ਰੰਗ-ਬਰੰਗੇ ਵੇਸ ਵਟਾਅ ਕੇ
ਮੇਰੇ 'ਚੋਂ ਖਬਰੇ ਕੀ ਲੱਭਣ?

ਕੁਝ ਨਜ਼ਰਾਂ, ਜਿਉਂ ਹਾਜੀ
ਕਰਨ ਜ਼ਿਆਰਤ ਆਏ
ਕੁਝ ਨਜ਼ਰਾਂ, ਜਿਉਂ ਚੋਰਾਂ
ਕਾਲੇ ਵੇਸ ਵਟਾਏ
ਕੁਝ ਨਜ਼ਰਾਂ 'ਚੋਂ ਭੱਠ ਨਿਆਈਂ
ਭਾਂਬੜ ਮਚਦਾ
ਕੁਝ ਨਜ਼ਰਾਂ 'ਚੋਂ ਸੀਤ ਵਸਲ
ਦਾ ਮੀਂਹ ਪਿਆ ਵਸਦਾ
ਵੱਖਰੇ-ਵੱਖਰੇ ਪਹਿਨ ਮਖੌਟੇ
ਸੱਭੇ ਨਜ਼ਰਾਂ ਕਰਨ ਮੇਰੇ
ਆਤਮ ਦੀ ਫੋਲਾ-ਫਾਲੀ
ਦੀਮਕ ਵਾਂਗ ਮੇਰੀ ਕਾਇਆ ਨੂੰ ਖੁਰਚਣ
ਉਜੜੇ ਮਖਿਆਲਾਂ ਦੇ ਵਾਂਗੂੰ
ਚਿਮਟਣ, ਡੰਗ ਚਲਾਵਣ।

ਜਦ ਕੋਈ ਵੀ ਬੂੰਦ ਮਧੂ ਦੀ
ਹੱਥ ਨਾ ਆਵੇ, ਤਾਂ
ਆਪਣੇ-ਆਪਣੇ ਡੰਗ ਤੋੜ ਕੇ
ਖਿੱਲਰ ਜਾਵਣ

ਆਪਣੀ-ਆਪਣੀ ਵਿਹੁ ਦਾਗ ਕੇ
ਧੜ ਵਿਚ ਖੁੱਭੀਆਂ ਨਜਰਾਂ ਧੂਹ ਕੇ
ਉਜੜੇ ਸ਼ਹਿਰੋਂ ਨੱਠੇ ਜਾਂਦੇ ਲੋਕਾਂ ਵਾਂਗੂੰ
ਭਗੜ-ਦੌੜ ਵਿਚ ਸੱਭੇ ਨਜ਼ਰਾਂ
ਦੌੜੀ ਜਾਵਣ।

# ਕੇ. ਐਲ. ਸਹਿਗਲ ਦੀ ਲਾਹੌਰ ਫੇਰੀ

ਕਲਾ ਪਰਿਕਰਮਾ

ਲਾਹੌਰ ਦੇ ਜਿਨ੍ਹਾਂ ਸੰਗੀਤ ਪ੍ਰੇਮੀਆਂ ਨੇ ਕੇ.ਐਲ. ਸਹਿਗਲ ਦੀ ਆਵਾਜ਼ ਫ਼ਿਲਮਾਂ ਅਤੇ ਗ੍ਰਾਮੋਫੋਨ ਰਿਕਾਰਡਾਂ 'ਤੇ ਸੁਣੀ ਸੀ, ਉਨ੍ਹਾਂ ਲਈ ਦਸੰਬਰ 1937 ਵਿਚ ਉਸ ਦੀ ਲਾਹੌਰ ਫੇਰੀ ਯਾਦਗਾਰੀ ਹੋ ਨਿਬੜੀ। ਉਨ੍ਹਾਂ ਉਸ ਦੀ ਪੁਰਕਸ਼ਿਸ਼ ਆਵਾਜ਼ ਨੂੰ ਖ਼ੂਬ ਮਾਣਿਆ। ਸਹਿਗਲ ਦਾ ਇਹ ਪ੍ਰੋਗਰਾਮ ਇਸ ਸ਼ਹਿਰ ਵਿਚ ਉਹਦਾ ਪਹਿਲਾ ਤੇ ਆਖਰੀ ਪ੍ਰੋਗਰਾਮ ਹੋ ਨਿਬੜਿਆ। ਉਸ ਦੀ ਲਾਹੌਰ ਫੇਰੀ ਬਾਰੇ ਸ਼ਹਿਰ ਵਿਚ ਥਾਂ-ਥਾਂ ਪੋਸਟਰ ਲਾਏ ਗਏ। ਸਹਿਗਲ ਦਾ ਇਹ ਪ੍ਰੋਗਰਾਮ ਹਜ਼ੂਰੀ ਬਾਗ ਦੇ ਬਾਹਰਵਾਰ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਕਿਲ੍ਹੇ ਤੇ ਰਾਵੀ ਦਰਿਆ ਦੇ ਵਿਚਾਲੇ ਪੈਂਦੇ ਮਿੰਟੋ ਪਾਰਕ ਦੇ ਨੁਮਾਇਸ਼ੀ ਮੈਦਾਨ ਵਿਚ ਹੋਇਆ।

ਸਹਿਗਲ ਨੇ ਆਪਣੇ ਸੰਗੀਤਕ ਸਫ਼ਰ ਦਾ ਆਗਾਜ਼ 1930ਵਿਆਂ ਦੇ ਸ਼ੁਰੂ ਵਿਚ ਕੀਤਾ।

**ਪ੍ਰਾਣ ਨੇਵਿਲ**

ਉਸ ਦਾ ਪਹਿਲਾ ਗੀਤ 'ਝੂਲਨਾ ਝੁਲਾਓ' ਸ਼ਾਇਦ 1933 ਵਿਚ ਰਿਕਾਰਡ ਹੋਇਆ ਸੀ ਜਿਸ ਨੇ ਸੰਗੀਤ ਦੀ ਦੁਨੀਆਂ ਵਿਚ ਨਵੀਆਂ ਪੈੜਾਂ ਪਾਈਆਂ। ਇਸ ਮਗਰੋਂ ਉਸ ਦੀਆਂ ਕੁਝ ਗ਼ਜ਼ਲਾਂ ਅਤੇ ਗੀਤ ਆਏ, ਪਰ ਉਸ ਦੇ ਭਜਨ 'ਸੁਨੋ ਸੁਨੋ ਰੇ ਕ੍ਰਿਸ਼ਨ ਕਾਲਾ' ਨੇ ਔਰਤਾਂ ਨੂੰ ਮੰਤਰ-ਮੁਗਧ ਕਰ ਦਿੱਤਾ ਤੇ ਉਹ ਉਸ ਦੀਆਂ ਪ੍ਰਸ਼ੰਸਕ ਬਣ ਗਈਆਂ। 1937 ਤਕ ਉਸ ਦੀ ਪ੍ਰਸਿਧੀ ਸਿਖਰਾਂ 'ਤੇ ਸੀ। ਉਸ ਨੂੰ ਵੀਹਵੀਂ ਸਦੀ ਦਾ ਸਭ ਤੋਂ ਵੱਡਾ ਗਾਇਕ ਮੰਨਿਆ ਜਾਣ ਲੱਗਾ। ਉਸ ਦੀ ਗਾਇਕੀ ਦਾ ਖ਼ਾਸ ਅੰਦਾਜ਼ ਸੀ। ਉਸ ਨੇ ਗ਼ਜ਼ਲ, ਗੀਤ, ਭਜਨ ਅਤੇ ਸ਼ਾਸਤਰੀ ਸੰਗੀਤ 'ਤੇ ਆਧਾਰਿਤ ਗੀਤ; ਗੱਲ ਕੀ, ਜੋ ਵੀ ਗਾਇਆ, ਆਪਣੀ ਖ਼ੂਬਸੂਰਤ ਅਦਾਇਗੀ ਨਾਲ ਉਸ ਨੂੰ ਵੱਖਰੇ ਮੁਕਾਮ 'ਤੇ ਪਹੁੰਚਾ ਦਿੱਤਾ। ਸਹਿਗਲ ਸੰਗੀਤ ਦਾ ਅਜਿਹਾ ਮੁਜੱਸਮਾ ਸੀ ਜਿਸ ਨੇ ਆਪਣੀ ਆਵਾਜ਼ ਨਾਲ ਸੰਗੀਤ ਦੀ ਦੁਨੀਆਂ ਉਤੇ ਰਾਜ ਕੀਤਾ। ਇਸ ਤੋਂ ਪਹਿਲਾਂ ਅਜਿਹੀ ਆਵਾਜ਼ ਨਾ ਕਿਤੇ ਸੁਣੀ ਗਈ ਸੀ ਅਤੇ ਨਾ ਹੀ ਜਨਵਰੀ 1947 ਵਿਚ ਉਸ ਦੀ ਮੌਤ ਤੋਂ ਬਾਅਦ ਸੁਣੀ ਗਈ।

ਨਿਊ ਥੀਏਟਰਜ਼ ਕਲਕੱਤਾ ਦੇ ਬਾਨੀ ਬੀ.ਐਨ. ਸਿਰਕਾਰ ਨੇ ਸਹਿਗਲ ਦੀ ਪ੍ਰਤਿਭਾ ਪਛਾਣ ਕੇ ਉਸ ਨੂੰ ਭਾਰਤੀ ਸਰੋਤਿਆਂ ਦੇ ਰੂ-ਬ-ਰੂ ਕੀਤਾ। ਉਸ ਦੀਆਂ ਪਹਿਲੀਆਂ ਦੋ ਹਿੰਦੀ ਫ਼ਿਲਮਾਂ 'ਮੁਹੱਬਤ ਕੇ ਆਂਸੂ' ਅਤੇ 'ਸੁਬ੍ਹਾ ਕਾ ਸਿਤਾਰਾ' ਨੂੰ ਬਹੁਤਾ ਨਹੀਂ ਗੌਲਿਆ ਗਿਆ, ਪਰ 1934 ਵਿਚ ਆਈ ਫ਼ਿਲਮ 'ਚੰਡੀਦਾਸ' ਨੇ ਸਫ਼ਲਤਾ ਦੇ ਝੰਡੇ ਗੱਡ ਦਿੱਤੇ। ਇਸ ਫ਼ਿਲਮ ਨੂੰ ਜਿਥੇ ਟਿਕਟ ਖਿੜਕੀ 'ਤੇ ਅਪਾਰ ਸਫ਼ਲਤਾ ਮਿਲੀ, ਉਥੇ ਇਸ ਨੇ ਹਿੰਦੀ ਫ਼ਿਲਮਾਂ ਦੇ ਸੰਗੀਤ ਵਿਚ ਨਵਾਂ ਰੁਝਾਨ ਸ਼ੁਰੂ ਕੀਤੀ। ਫ਼ਿਲਮ 'ਚੰਡੀਦਾਸ' ਵਿਚ ਗਾਏ ਗੀਤਾਂ 'ਤੜਪਤ ਬੀਤੇ ਦਿਨ ਰੈਨ' ਅਤੇ 'ਪ੍ਰੇਮ ਨਗਰ ਮੇਂ ਬਨਾਊਂਗੀ ਘਰ ਮੈਂ' ਨਾਲ ਉਹ ਛਾ ਗਿਆ।

'ਚੰਡੀਦਾਸ' ਮਗਰੋਂ 'ਯਹੂਦੀ ਕੀ ਲੜਕੀ', 'ਕਾਰਵਾਂ-ਏ-ਹਯਾਤ', 'ਪੂਰਨ ਭਗਤ', 'ਦੇਵਦਾਸ', 'ਧੂਪ ਛਾਓਂ', 'ਦੇਨਾ ਪਾਓਨਾ' ਅਤੇ 'ਪ੍ਰੈਜ਼ੀਡੈਂਟ' ਜਿਹੀਆਂ ਫ਼ਿਲਮਾਂ ਆਈਆਂ। ਫ਼ਿਲਮਾਂ ਵਿਚ ਸਹਿਗਲ ਦੇ ਗਾਏ ਗੀਤ ਅੱਜ ਵੀ ਸੰਗੀਤ ਪ੍ਰੇਮੀ ਗੁਣਗੁਣਾਉਂਦੇ ਹਨ। ਅਜਿਹੇ ਗੀਤ ਕਦੇ ਵੀ ਮਰਦੇ ਨਹੀਂ: 'ਨੁਕਤਾ-ਚੀਂ ਹੈ ਗ਼ਮੇ-ਦਿਲ', 'ਕੋਈ ਪ੍ਰੀਤ ਕੀ ਰੀਤ ਬਤਾ ਦੇ', 'ਬਲਮ ਆਏ ਬਸੋ ਮੋਰੇ ਮਨ ਮੇਂ', 'ਦੁਖ ਕੇ ਅਬ ਦਿਨ ਬੀਤਤ ਨਹੀਂ', 'ਇਕ ਬੰਗਲਾ ਬਨੇ ਨਿਆਰਾ', 'ਪ੍ਰੇਮ ਕਾ ਹੈ ਇਸ ਜੱਗ ਮੇਂ ਪੰਥ ਨਿਰਾਲਾ', 'ਏਕ ਰਾਜੇ ਕਾ ਬੇਟਾ ਲੇਕਰ' ਆਦਿ। ਸਹਿਗਲ ਸੰਗੀਤ ਦਾ ਸ਼ੈਦਾਈ ਸੀ। ਸੰਗੀਤ ਨਾ ਕੇਵਲ ਉਸ ਦੀ ਆਵਾਜ਼ ਸਗੋਂ ਉਸ ਦੀ ਰੂਹ ਦੇ ਧੁਰ ਅੰਦਰ ਤੱਕ ਵੱਸਿਆ ਹੋਇਆ ਸੀ। ਉਹ ਦੇਖਣ ਨੂੰ ਲੰਮਾ, ਢਿੱਲਾ-ਢਾਲਾ ਜਿਹਾ ਸੀ ਅਤੇ ਉਸ ਦੇ ਸਿਰ ਦੇ ਵਾਲ ਉਡੇ ਹੋਏ ਸਨ; ਓਦਾਂ ਉਹ ਬੇਹੱਦ ਨਿਮਰ ਅਤੇ ਸੰਤ ਸੁਭਾਅ ਬੰਦਾ ਸੀ। ਉਸ ਨੇ ਆਪਣੀ ਜਵਾਨੀ ਦੇ ਦਿਨਾਂ ਵਿਚ ਬਹੁਤਾ ਸਮਾਂ ਸੂਫ਼ੀ ਸੰਤਾਂ ਦੀ ਸੰਗਤ ਵਿਚ ਗੁਜ਼ਾਰਿਆ ਸੀ। ਸਹਿਗਲ ਦੀ ਸ਼ਰਾਬ ਦੀ ਆਦਤ ਬਾਰੇ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਹੁੰਦੀਆਂ ਸਨ, ਪਰ ਉਸ ਦੀ ਇਸ ਆਦਤ ਨੇ ਉਸ ਦੇ ਹੁਨਰ ਅਤੇ ਆਵਾਜ਼ ਉਤੇ ਕੋਈ ਮਾੜਾ ਅਸਰ ਨਹੀਂ ਪਾਇਆ।

ਉਨ੍ਹਾਂ ਵੇਲਿਆਂ ਦੇ ਉਘੇ ਸ਼ਾਸਤਰੀ ਗਾਇਕ ਫਯਾਜ਼ ਖਾਨ, ਅਬਦੁਲ ਕਰੀਮ ਖਾਨ ਅਤੇ ਪੰਡਿਤ ਓਂਕਾਰ ਨਾਥ ਠਾਕੁਰ ਇਸ ਗੱਲੋਂ ਬਹੁਤ ਹੈਰਾਨ ਹੁੰਦੇ ਸਨ ਕਿ ਸਹਿਗਲ ਕਿਵੇਂ ਇਕਦਮ ਸਹੀ ਸ਼ਬਦ ਅਤੇ ਸੁਰ ਫੜ ਲੈਂਦਾ ਹੈ। ਉਹ ਇਸ ਗੱਲੋਂ ਵੀ ਹੈਰਾਨ ਹੁੰਦੇ ਸਨ ਕਿ ਸਹਿਗਲ ਬਿਨਾਂ ਕਿਸੇ ਸਿਖਲਾਈ ਦੇ ਸੰਗੀਤ ਦੀਆਂ ਪੇਚੀਦਗੀਆਂ ਕਿਵੇਂ ਸਮਝ ਲੈਂਦਾ ਹੈ।

ਉਹ ਫ਼ਾਰਸੀ, ਉਰਦੂ, ਬੰਗਾਲੀ, ਹਿੰਦੀ ਅਤੇ ਪੰਜਾਬੀ ਗੀਤ ਗਾ ਲੈਂਦਾ ਸੀ। ਨਿਊ ਥੀਏਟਰਜ਼ ਦੇ ਉਘੇ ਸੰਗੀਤਕਾਰ ਆਰ.ਸੀ. ਬੋਰਲ, ਤਿਮਿਰ ਬਾਰਨ, ਮਧੂ ਬੋਸ ਅਤੇ ਪੰਕਜ ਮਲਿਕ ਉਸ ਦੀ ਆਵਾਜ਼ ਦੀ ਗਹਿਰਾਈ ਅਤੇ ਉਸ ਦੇ ਵਸੀਹ ਦਾਇਰੇ ਤੋਂ ਬਹੁਤ ਪ੍ਰਭਾਵਿਤ ਸਨ। ਇਹ ਉਨ੍ਹਾਂ ਵੇਲਿਆਂ ਦੀਆਂ ਗੱਲਾਂ ਹਨ ਜਦੋਂ ਲੋਕਾਂ ਕੋਲ ਸੰਗੀਤ ਮਾਣਨ ਦੇ ਬਹੁਤ ਘੱਟ ਮੌਕੇ ਹੁੰਦੇ ਸਨ। ਉਦੋਂ ਕਿਸੇ ਕੋਲ ਗ੍ਰਾਮੋਫੋਨ ਹੋਣਾ ਬਹੁਤ ਵੱਡੀ ਗੱਲ ਹੁੰਦੀ ਸੀ। ਰੇਡੀਓ ਉਦੋਂ ਆਪਣੇ ਸ਼ੁਰੂਆਤੀ ਦੌਰ ਵਿਚ ਸੀ। ਗ੍ਰਾਮੋਫੋਨ ਵਾਲੀਆਂ ਦੁਕਾਨਾਂ 'ਤੇ ਵੱਜਦੇ ਰਿਕਾਰਡਾਂ ਨੂੰ ਸੁਣਨ ਲਈ ਬਾਹਰ ਵੱਡੀਆਂ ਭੀੜਾਂ ਜੁੜਦੀਆਂ ਸਨ।

ਮਿੰਟੋ ਪਾਰਕ ਦੇ ਮੈਦਾਨ ਵਿਚ ਸਹਿਗਲ ਦੇ ਪ੍ਰੋਗਰਾਮ ਦੀਆਂ ਟਿਕਟਾਂ ਖਰੀਦਣ ਲਈ ਭੀੜ ਜੁੜੀ ਹੋਈ ਸੀ। ਟਿਕਟ ਦੀ ਕੀਮਤ ਇਕ ਤੋਂ ਪੰਜ ਰੁਪਏ ਸੀ। ਮੈਂ ਟਿਕਟ ਖਿੜਕੀ ਤੱਕ ਪਹੁੰਚਣ ਦੀ ਬਹੁਤ ਕੋਸ਼ਿਸ਼ ਕੀਤੀ, ਪਰ ਨਾਲ ਹੀ ਮੈਨੂੰ ਆਪਣੇ ਨਵੇਂ ਗਰਮ ਸੂਟ ਦਾ ਵੀ ਫ਼ਿਕਰ ਸੀ ਕਿ ਕਿਤੇ ਮੈਲਾ ਨਾ ਹੋ ਜਾਵੇ। ਖ਼ੈਰ, ਮੈਂ ਟਿਕਟ ਲੈਣ ਵਿਚ ਸਫਲ ਨਾ ਹੋਇਆ। ਇਸ ਮਗਰੋਂ ਮੇਰੇ ਮਿੱਤਰ ਨੇ ਟਿਕਟ ਲੈਣ ਦੀ ਕੋਸ਼ਿਸ਼ ਕੀਤੀ, ਪਰ ਉਹ ਵੀ ਖਾਲੀ ਹੱਥ ਪਰਤ ਆਇਆ। ਇਸੇ ਦੌਰਾਨ ਕਿਸੇ ਨੇ ਸਾਡੇ ਕੋਲ ਆ ਕੇ ਦੋ ਰੁਪਏ ਵਾਲੀ ਟਿਕਟ ਤਿੰਨ ਰੁਪਏ ਵਿਚ ਦੇਣ ਦੀ ਪੇਸ਼ਕਸ਼ ਕੀਤੀ। ਅਸੀਂ ਫੌਰੀ ਉਸ ਤੋਂ ਟਿਕਟਾਂ ਲੈ ਲਈਆਂ ਅਤੇ ਹਾਲ ਵੱਲ ਭੱਜ ਤੁਰੇ। ਉਥੇ ਟੀਨ ਦੇ ਸ਼ੈੱਡ ਵਾਲੇ ਹਾਲ ਵਿਚ ਆਰਜ਼ੀ ਸਟੇਜ ਉਸਾਰੀ ਗਈ ਸੀ। ਪਹਿਲੀਆਂ ਕੁਝ ਕਤਾਰਾਂ ਵਿਚ ਬੈਠਣ ਲਈ ਕੁਰਸੀਆਂ ਰੱਖੀਆਂ ਗਈਆਂ ਸਨ ਅਤੇ ਉਸ ਤੋਂ ਪਿੱਛੇ ਲੱਕੜੀ ਦੇ ਬੈਂਚ ਰੱਖੇ ਗਏ ਸਨ। ਹਾਲ ਭਰਿਆ ਹੋਇਆ ਸੀ, ਚਾਰੇ ਪਾਸੇ ਖਾਲੀ ਥਾਂ ਉਤੇ ਵੀ ਲੋਕ ਖੜ੍ਹੇ ਸਨ। ਅਸੀਂ ਆਪਣੀ ਟਿਕਟ ਦਿਖਾ ਕੇ ਹਾਲ ਦੇ ਵਿਚਾਲੇ ਬੈਂਚਾਂ ਉਤੇ ਜਾ ਬੈਠੇ। ਸਹਿਗਲ ਨੂੰ ਉਡੀਕਦੀ ਭੀੜ ਬੇਸਬਰ ਹੋ ਰਹੀ ਸੀ ਅਤੇ ਸੀਟੀਆਂ ਮਾਰ ਰਹੀ ਸੀ।

ਇਸੇ ਦੌਰਾਨ ਕਾਲੀ ਅਚਕਨ ਅਤੇ ਸਫ਼ੈਦ ਚਮਕਦਾਰ ਪਗੜੀ ਵਾਲਾ ਲੰਮਾ ਬੰਦਾ ਸਟੇਜ 'ਤੇ ਆਇਆ। ਉਸ ਨੇ ਹੱਥ ਜੋੜਦਿਆਂ ਉਚੀ ਅਤੇ ਦਮਦਾਰ ਆਵਾਜ਼ ਵਿਚ ਦਰਸ਼ਕਾਂ ਨੂੰ ਮੁਖਾਤਬ ਹੁੰਦਿਆਂ ਕਿਹਾ, "ਭੈਣੋ ਤੇ ਭਰਾਵੋ (ਹਾਲਾਂਕਿ ਹਾਲ ਵਿਚ ਕੋਈ ਵੀ ਭੈਣ ਮੌਜੂਦ ਨਹੀਂ ਸੀ), ਹੁਣ ਤੁਸੀਂ ਚੋਟੀ ਦੇ ਗਾਇਕ ਕੇ.ਐਲ. ਸਹਿਗਲ ਨੂੰ ਸੁਣਨ ਲੱਗੇ ਹੋ। ਜਿਵੇਂ ਤੁਸੀਂ ਸਾਰੇ ਜਾਣਦੇ ਹੋ ਕਿ ਸਾਡਾ ਇਹ ਪੰਜਾਬੀ ਭਰਾ ਇਸ ਪ੍ਰੋਗਰਾਮ ਲਈ ਕਲਕੱਤੇ ਤੋਂ ਇਥੇ ਆਇਆ ਹੈ। ਸਾਨੂੰ ਇਸ ਗੱਲ ਦਾ ਮਾਣ ਹੈ ਕਿ ਅੱਜ ਮੁਲਕ ਵਿਚ ਸਹਿਗਲ ਦੇ ਮੁਕਾਬਲੇ ਦਾ ਹੋਰ ਕੋਈ ਗਾਇਕ ਨਹੀਂ। ਹੁਣ ਸਾਰੇ ਚੁੱਪ ਦਾ ਦਾਨ ਬਖ਼ਸ਼ੋ, ਮੈਨੂੰ ਹੁਣ ਆਪਣੇ ਮੁਅੱਜ਼ਿਜ਼ ਮਹਿਮਾਨ ਨੂੰ ਮੰਚ 'ਤੇ ਲਿਆਉਣ ਦੀ ਆਗਿਆ ਦਿਓ।"

ਲੋਕਾਂ ਨੇ ਜਿਸ ਪੁਰਜ਼ੋਰ ਢੰਗ ਨਾਲ ਸਹਿਗਲ ਦਾ ਇਸਤਕਬਾਲ ਕੀਤਾ। ਉਸ ਦਾ ਅਹਿਸਾਸ ਹਾਲ ਬਾਹਰੋਂ ਆ ਰਹੀਆਂ ਜ਼ੋਰਦਾਰ ਆਵਾਜ਼ਾਂ 'ਕੁੰਦਨ ਲਾਲ ਸਹਿਗਲ ਜ਼ਿੰਦਾਬਾਦ', 'ਗਾਨੇ ਕਾ ਬਾਦਸ਼ਾਹ ਜ਼ਿੰਦਾਬਾਦ' ਤੋਂ ਹੋ ਰਿਹਾ ਸੀ।

ਹਾਰਾਂ ਨਾਲ ਲੱਦੇ ਹੋਏ ਸਹਿਗਲ ਨੂੰ ਪ੍ਰਬੰਧਕਾਂ ਦੀ ਟੋਲੀ ਮੰਚ 'ਤੇ ਲੈ ਕੇ ਆਈ। ਉਸ ਦਾ ਸਾਥੀ ਵੀ ਉਸ ਨਾਲ ਸੀ। ਸਾਧਾਰਨ ਚਿਹਰੇ-ਮੋਹਰੇ ਵਾਲੇ ਸਹਿਗਲ ਨੇ ਬੰਦ ਗਲੇ ਵਾਲਾ ਸਵੈਟਰ ਤੇ ਟਵੀਡ ਦੀ ਜੈਕੇਟ ਪਾਈ ਹੋਈ ਸੀ। ਉਸ ਦੇ ਸਿਰ 'ਤੇ ਫੈਲਟ ਕੈਪ ਸੀ। ਉਸ ਦੀ ਸ਼ਖ਼ਸੀਅਤ ਵਿਚਲੀ ਨਰਮੀ ਉਸ ਦਾ ਰੁਮਾਂਟਿਕ ਪ੍ਰਭਾਵ ਸਿਰਜਦੀ ਸੀ।

ਸਹਿਗਲ ਨੇ ਮੰਚ 'ਤੇ ਆ ਕੇ ਹਾਰਮੋਨੀਅਮ ਸੰਭਾਲਦਿਆਂ ਜਦੋਂ ਗ਼ਜ਼ਲ 'ਲਗ ਗਈ ਚੋਟ ਕਲੇਜਵਾ ਮੇਂ' ਛੇੜੀ ਤਾਂ ਚਾਰੇ ਪਾਸੇ ਚੁੱਪ ਵਰਤ ਗਈ। ਇਸ ਮਗਰੋਂ ਉਸ ਨੇ ਆਪਣੀ ਫ਼ਿਲਮ 'ਧੂਪ ਛਾਓਂ' ਦਾ ਲੋਕਪ੍ਰਿਯ ਗੀਤ 'ਅੰਧੇ ਕੀ ਲਾਠੀ ਹੀ ਹੈ, ਤੂ ਹੀ ਜੀਵਨ ਉਜਿਆਰਾ ਹੈ' ਸੁਣਾਇਆ। ਗੀਤ ਖਤਮ ਹੋਇਆ ਤਾਂ ਹਾਲ ਵਿਚੋਂ ਚਾਰੇ ਪਾਸਿਓਂ ਵੱਖ-ਵੱਖ ਗੀਤਾਂ ਦੀਆਂ ਫਰਮਾਇਸ਼ਾਂ ਆਉਣ ਲੱਗੀਆਂ। ਸਹਿਗਲ ਨੇ ਰੂਹ ਦੀ ਡੂੰਘਾਈ 'ਚੋਂ ਗ਼ਜ਼ਲਾਂ 'ਤਸੱਵੁਰ ਅੱਲ੍ਹਾ ਅੱਲ੍ਹਾ ਤੇਰੇ ਮੈਖ਼ਾਨੇ ਮੇਂ ਹੈ', 'ਲਾਈ ਹਯਾਤ ਆਈ ਕਜ਼ਾ, 'ਦਿਲ ਸੇ ਤੇਰੀ ਨਿਗਾਹ ਜਿਗਰ ਤਕ ਉਤਰ ਗਈ' ਆਦਿ ਸੁਣਾਈਆਂ। ਹਰ ਗੀਤ ਤੇ ਗ਼ਜ਼ਲ ਖ਼ਤਮ ਹੋਣ ਮਗਰੋਂ ਜ਼ੋਰਦਾਰ ਤਾੜੀਆਂ ਵੱਜਦੀਆਂ। ਸਹਿਗਲ ਦੀ ਗੂੰਜਦੀ ਤੇ ਖਣਕਦੀ ਆਵਾਜ਼ ਨੇ ਸੰਗੀਤ ਪ੍ਰੇਮੀਆਂ ਦੀ ਰੂਹ ਸਰਸ਼ਾਰ ਕਰ ਦਿੱਤੀ। ਉਸ ਦੀ ਆਵਾਜ਼ ਸੰਗੀਤ ਪ੍ਰੇਮੀਆਂ ਦੇ ਕੰਨਾਂ 'ਚ ਇਉਂ ਪੈ ਰਹੀ ਸੀ ਜਿਵੇਂ ਸੂਰਜ ਦੀ ਗਰਮੀ ਨਾਲ ਤਪਦੀ ਜ਼ਮੀਨ ਉਤੇ ਤ੍ਰੇਲ ਬੂੰਦਾਂ ਪੈ ਰਹੀਆਂ ਹੋਣ। ਇਸ ਤੋਂ ਮਗਰੋਂ ਉਸ ਨੇ ਆਪਣੀ ਫ਼ਿਲਮ 'ਦੇਨਾ ਪਾਓਨਾ' ਦਾ ਗੀਤ ਗਾਇਆ। ਸਹਿਗਲ ਨੇ ਖ਼ੂਬਸੂਰਤ ਗੀਤ 'ਪੰਛੀ ਕਹੇ' ਨਾਲ ਪ੍ਰੋਗਰਾਮ ਦੀ ਸਮਾਪਤੀ ਕੀਤੀ। ਉਸ ਨੇ ਆਪਣੇ ਗੀਤਾਂ ਤੇ ਗ਼ਜ਼ਲਾਂ ਨਾਲ ਸਮਾਂ ਬੰਨ੍ਹ ਦਿੱਤਾ। ਸਹਿਗਲ ਨੂੰ ਰੂਬਰੂ ਸੁਣਨ ਦਾ ਅਹਿਸਾਸ ਹੀ ਵੱਖਰਾ ਸੀ।

ਸਹਿਗਲ ਨੇ ਆਪਣੇ ਜਿਉਂਦੇ ਜੀਅ ਸੰਗੀਤ ਦੀ ਦੁਨੀਆਂ ਵਿਚ ਉਹ ਮੁਕਾਮ ਹਾਸਲ ਕਰ ਲਿਆ ਜੋ ਜੁਗਾਂ-ਜੁਗਾਂਤਰਾਂ ਵਿਚ ਕਿਸੇ ਵਿਰਲੇ ਨੂੰ ਹੀ ਮਿਲਦਾ ਹੈ। ਉਸ ਨੂੰ ਦਰਸ਼ਕਾਂ ਦਾ ਜਿੰਨਾ ਪਿਆਰ ਮਿਲਿਆ, ਉਸ ਤੋਂ ਪਹਿਲਾਂ ਅਤੇ ਬਾਅਦ ਸ਼ਾਇਦ ਹੀ ਕਿਸੇ ਹੋਰ ਕਲਾਕਾਰ ਨੂੰ ਮਿਲਿਆ ਹੋਵੇ।



*ਫ਼ਿਲਮ 'ਸ਼ਹਿਨਸ਼ਾਹ' ਦਾ ਪ੍ਰਸਿਧ ਗੀਤ 'ਜਬ ਦਿਲ ਹੀ ਟੂਟ ਗਯਾ' ਗਾਉਂਦੇ ਹੋਏ ਕੇ. ਐਲ. ਸਹਿਗਲ।*

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 27 ਅਕਤੂਬਰ 2018 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-348



*ਹੁੰਦਾ ਪਤਾ ਗਰੀਬਾਂ ਨੂੰ ਹੀ, ਰੋਟੀ ਕਿਤਨੀ ਮਹਿੰਗੀ।*
*ਪੇਟ ਦੀ ਖਾਤਰ ਦਰ ਦਰ ਫਿਰਦੇ, ਮੋਢੇ ਚੁੱਕੀ ਵਹਿੰਗੀ।*

## ਕੈਪਸ਼ਨ ਮੁਕਾਬਲਾ-346



ਤਰ੍ਹਾਂ ਤਰ੍ਹਾਂ ਦੇ ਭੇਸ ਵਟਾ ਕੇ
ਦਾਅ ਲਾ ਕੇ ਸ਼ੈਤਾਨ ਨੇ ਆਉਂਦੇ।
ਦੋ-ਚਾਰ ਇਹ ਮਾਰ ਟਪਲੇ
ਮਾਈਆਂ ਨੂੰ ਨੇ ਪਿੱਛੇ ਲਾਉਂਦੇ।
ਦੁੱਖ ਦਰਦ ਸਭ ਦੂਰ ਨੇ ਕਰਦੇ
ਪੱਕਾ ਵੀਜ਼ਾ ਵੀ ਲਗਵਾਉਂਦੇ।
ਸਿਆਣੇ ਬਣ ਜੋ ਭਲਿਓ ਲੋਕੋ!
ਕਿਉਂ ਇਨ੍ਹਾਂ ਤੋਂ ਲੁੱਟ ਕਰਾਉਂਦੇ?
**-ਜਗਮੀਤ ਸਿੰਘ ਪੰਧੇਰ**
**ਪਿੰਡ ਕਲਾਹੜ (ਲੁਧਿਆਣਾ)**
**ਫੋਨ: 91-98783-37222**

---

ਦੇਖ ਕੇ ਬੀਬੀਆਂ ਕੱਲੀਆਂ ਘਰ ਵਿਚ
ਵੜ ਅੰਦਰ ਗੱਲੀਂਬਾਤੀਂ ਲੈਣ ਭਰਮਾ।
ਚਿੰਤਾ, ਫਿਕਰ ਦੂਰ ਸਭ ਕਰਦੇ
ਸਾਧੂ ਠੱਗਣ, ਦੱਸ ਨਵੇਂ ਉਪਾਅ।
ਡੋਲ੍ਹ, ਝੋਲੀ, ਜੇਬ ਸਭ ਭਰ ਕੇ
ਕਰ ਸਫਾਇਆ, ਫੜਦੇ ਰਾਹ।
**-ਦਵਿੰਦਰ ਕੌਰ**

---

ਅਨਪੜ੍ਹਤਾ ਤੇ ਅੰਧਵਿਸ਼ਵਾਸ ਦਾ
ਹੈ ਇਹ ਇੱਕ ਨਮੂਨਾ।
ਕੀ ਕਿਸਮਤ ਦੱਸੂ ਕਿਸੇ ਦੀ
ਜੋ ਖੁਦ ਹੰਢਾਉਂਦਾ ਜੂਨਾਂ।
ਤਕਦੀਰ ਦੇਖੇ ਬੇਬੇ ਦੀ
ਮੰਗੇ ਹੱਥ ਫੜ੍ਹ ਕੇ ਡੋਲੂ।
ਦੱਸ ਨੀ ਮਾਂ ਭੋਲੀਏ!
ਇਹ ਤੇਰੇ ਭਾਗ ਕੀ ਖੋਹਲੂ?
**-ਸੇਵਾ ਸਿੰਘ ਨੂਰਪੁਰੀ**
**ਸੈਨ ਹੋਜ਼ੇ, ਕੈਲੀਫੋਰਨੀਆ।**

---

ਅਨਪੜ੍ਹ ਮਾਤਾ ਉਮਰ ਹੰਢਾ ਕੇ
ਬੱਚਿਆਂ ਨੂੰ ਵੀ ਪਾਠ ਪੜ੍ਹਾਇਆ।
ਸਾਧ ਬੂਬਨਾ ਘਰ ਬੁਲਾ ਕੇ
ਨਵੀਂ ਪੀੜ੍ਹੀ ਨੂੰ ਕੁਰਾਹੇ ਪਾਇਆ।
ਲੱਖ ਜ਼ਮਾਨਾ ਬਦਲੇ ਬੇਸ਼ਕ
ਅੰਧ ਵਿਸ਼ਵਾਸ 'ਚ ਘਰ ਲੁਟਾਉਂਦੇ,
ਆਪਣਾ ਭਵਿੱਖ ਪਤਾ ਨਾ ਜਿਸ ਨੂੰ
ਉਸ ਨੇ ਭਵਿੱਖ ਦਾ ਟੇਵਾ ਲਾਇਆ।
**-ਪੋਰਿੰਦਰ ਸਿੰਗਲਾ ਢਪਾਲੀ**

---

ਯੁੱਗ ਸਾਇੰਸ ਦਾ, ਸਮਾਂ ਤਰਕ ਦਾ
ਡੇਰਿਆਂ 'ਤੇ ਲੋਕ ਘੱਟ ਹੀ ਜਾਂਦੇ।
ਹੱਥ ਰੇਖਾਵਾਂ ਦੀ ਉਹ ਚਿੰਤਾ ਨਾ ਕਰਦੇ
ਹੱਥਾਂ ਦੇ ਨਾਲ ਤਕਦੀਰ ਬਣਾਉਂਦੇ।
ਫਿਰ ਵੀ ਕਦੇ ਇਹ ਦਾਅ ਲਾ ਕੇ
ਲੋਕਾਂ ਦੇ ਅੱਖੀਂ ਘੱਟਾ ਪਾਉਂਦੇ।
**-ਗੁਰਦੇਵ ਸਿੰਘ ਢਪਾਲੀ, ਬਠਿੰਡਾ**
**ਫੋਨ: 91-94176-49275**

---

ਮੇਰੀ ਤਾਂ ਜਿਵੇਂ ਲੰਘੀ ਉਹ ਛੱਡ ਬਾਬਾ
ਮੇਰੀ ਲਾਡੋ ਨੂੰ ਮਿਲੇ ਘਰ ਜਿਹੜਾ
ਸਮਝੇ ਵਾਂਗ ਆਪਣੀ ਧੀ ਧਿਆਣੀ।
ਬਾਬਿਆਂ ਨੂੰ ਦੇ ਖੁੱਲ੍ਹਾ ਗੱਫਾ ਬੀਬੀ
ਬਖਤਾਵਰਾਂ ਨੇ ਤੇਰੇ ਘਰ ਢੁੱਕਣਾ
ਮੇਰੀਆਂ ਗੱਲਾਂ ਨੂੰ ਐਨ ਪੱਕ ਜਾਣੀ।
ਧੀਆਂ ਹੁੰਦੀਆਂ ਇੱਜਤ ਦੋਵੇਂ ਘਰਾਂ ਦੀ
ਇਹੋ ਗੁਰ ਧੀ ਦੇ ਜ਼ਿਹਨ ਵਿਚ ਪਾ
ਦੇਖੀਂ ਕਿਵੇਂ ਸੱਚ ਹੋਵੇਗੀ
ਬਾਬਿਆਂ ਦੀ ਅੰਮ੍ਰਿਤ ਬਾਣੀ।
**-ਸੁਕੰਨਿਆ ਭਾਰਦਵਾਜ, ਨਾਭਾ**

---

ਆਹ ਦੇਖ ਇੱਕ ਵਿਸ਼ਵਾਸ ਦੀ ਗੱਲ
ਕਿਸੇ ਅਧ-ਅਧੂਰੀ ਪਿਆਸ ਦੀ ਗੱਲ
ਕੱਲ ਲਈ ਭਾਲਦੀ ਧਰਵਾਸ ਦੀ ਗੱਲ
ਜਿਥੋਂ ਸਾਰ ਭਾਗਾਂ ਦੀ ਮੰਗੇਂ
ਉਥੇ ਖਾਲੀ ਡੋਲੂ ਦਿਖਦੇ ਨੇ।
ਹੱਥਾਂ ਉਤੇ ਕੁਝ ਨਹੀਂ ਲਿਖਿਆ
ਹੱਥ ਕਿਸਮਤ ਨੂੰ ਲਿਖਦੇ ਨੇ।
**-ਗੁਰਦੇਵ ਸਿੰਘ ਦੇਬਾ**
**ਫੋਨ: 773-220-2268**

---

ਪਖੰਡਵਾਦ ਦੇ ਹੋ ਗਏ ਵਾਧੇ
ਕੋਈ ਤੁੱਕਾ ਤੇ ਕੋਈ ਤੀਰ ਸਾਧੇ।
ਸੱਚਾਈ ਤੋਂ ਕੋਹਾਂ ਦੂਰ
ਲਾਉਂਦੇ ਨੇ ਅੰਦਾਜ਼ੇ ਸਭ।
ਸੌਖਾ ਪੈਸਾ ਮਿਲ ਜਾਵੇ ਸਭ ਨੂੰ
ਮਿਹਨਤ ਕਰਨੋਂ ਡਰਦੇ ਨੇ ਸਭ।
**-ਗੋਰਾ ਪ੍ਰਜਾਪਤ, ਨਿਊ ਯਾਰਕ**
**ਫੋਨ: 718-690-8403**

# ਇੰਡੋਨੇਸ਼ੀਆ ਵਿਚ ਆਏ ਭੂਚਾਲ ਅਤੇ ਸੁਨਾਮੀ ਦੇ ਸੁਝਾਅ

ਇੰਡੋਨੇਸ਼ੀਆ ਦੇ ਸੁਲਾਵੇਸੀ ਟਾਪੂ ਦੀ ਰਾਜਧਾਨੀ ਪਾਲੂ ਸ਼ਹਿਰ ਵਿਚ ਆਈਆਂ 20 ਫੁੱਟ ਉਚੀਆਂ ਸੁਨਾਮੀ ਲਹਿਰਾਂ ਨਾਲ ਹੁਣ ਤੱਕ 1400 ਤੋਂ ਵੱਧ ਮੌਤਾਂ ਹੋ ਚੁਕੀਆਂ ਹਨ ਅਤੇ ਇਹ ਗਿਣਤੀ ਵਧ ਵੀ ਸਕਦੀ ਹੈ ਕਿਉਂਕਿ ਸੁਨਾਮੀ ਲਹਿਰਾਂ ਆਉਣ ਤੋਂ ਪਹਿਲਾਂ ਹਜ਼ਾਰਾਂ ਲੋਕ ਸਮੁੰਦਰ ਕੰਢੇ ਇੱਥੇ ਇੱਕ ਹਫਤਾ ਚੱਲਣ ਵਾਲੇ ਬੀਚ ਉਤਸਵ ਦੀਆਂ ਤਿਆਰੀਆਂ ਵਿਚ ਰੁੱਝੇ ਹੋਏ ਸਨ। ਸੁਨਾਮੀ ਪਿਛੋਂ ਬਹੁਤ ਸਾਰੇ ਲੋਕ ਲਾਪਤਾ ਹੋ ਗਏ ਅਤੇ ਕਈਆਂ ਦੀਆਂ ਲਾਸ਼ਾਂ ਸਮੁੰਦਰ ਦੇ ਕੰਢੇ ਬੀਚ 'ਤੇ ਮਿਲੀਆਂ। ਇਸ ਤੋਂ ਬਿਨਾ ਹਾਲੇ ਇਮਾਰਤਾਂ ਦੇ ਮਲਬੇ 'ਚੋਂ ਵੀ ਲਾਸ਼ਾਂ ਕੱਢਣ ਦਾ ਕੰਮ ਜਾਰੀ ਹੈ।

**ਡਾ. ਗੁਰਿੰਦਰ ਕੌਰ***
ਫੋਨ: 424-362-8759

ਭੁਚਾਲ ਦਾ ਕੇਂਦਰ ਬਿੰਦੂ ਪਾਲੂ ਸ਼ਹਿਰ ਤੋਂ 50 ਮੀਲ ਦੂਰ ਡੋਂਗਲਾ ਨਾਂ ਦੇ ਥਾਂ ਦੇ ਪੂਰਬ ਵਿਚ 10 ਕਿਲੋਮੀਟਰ ਡੂੰਘਾਈ ਉਤੇ ਸੀ। ਭੁਚਾਲ ਅਤੇ ਸੁਨਾਮੀ-ਦੋਵੇਂ ਇੱਕਠੇ ਆਏ ਜਿਸ ਨਾਲ ਪਾਲੂ ਸ਼ਹਿਰ ਦਾ ਸਭ ਤੋਂ ਵੱਧ ਨੁਕਸਾਨ ਹੋਇਆ। ਇਮਾਰਤਾਂ, ਪੁਲ, ਸੜਕਾਂ ਅਤੇ ਹੋਰ ਸਭ ਤਰ੍ਹਾਂ ਦੇ ਬੁਨਿਆਦੀ ਢਾਂਚੇ ਨੂੰ ਬਹੁਤ ਨੁਕਸਾਨ ਪਹੁੰਚਿਆ। ਸੁਨਾਮੀ ਕਾਰਨ ਵੱਡੇ ਜਹਾਜ ਵੀ ਹਵਾ ਵਿਚ ਉਛਲ ਗਏ ਸਨ।

ਸੰਯੁਕਤ ਰਾਜ ਭੂ-ਵਿਗਿਆਨਕ ਸਰਵੇਖਣ ਅਨੁਸਾਰ 7.5 ਤੀਬਰਤਾ ਦੇ ਭੁਚਾਲ ਦੇ ਆਉਣ ਤੋਂ ਤਿੰਨ ਘੰਟੇ ਪਹਿਲਾਂ ਇੱਥੇ 4.9 ਦੀ ਤੀਬਰਤਾ ਵਾਲੇ ਉਪਰੋਥਲੀ ਤਿੰਨ ਭੁਚਾਲ ਆਏ ਅਤੇ 28 ਸਤੰਬਰ ਦੇ ਵੱਡੇ ਭੁਚਾਲ ਆਉਣ ਪਿਛੋਂ 2 ਅਕਤੂਬਰ ਤੱਕ 5.8 ਤੀਬਰਤਾ ਵਾਲੇ ਕਈ ਭੁਚਾਲ ਆ ਚੁਕੇ ਹਨ।

ਇੰਡੋਨੇਸ਼ੀਆ ਵਿਚ ਆਮ ਤੌਰ 'ਤੇ ਭੁਚਾਲ ਆਉਂਦੇ ਰਹਿੰਦੇ ਹਨ ਕਿਉਂਕਿ ਇਹ ਪੈਸੇਫਿਕ ਰਿੰਗ ਆਫ ਫਾਇਰ ਉਤੇ ਸਥਿਤ ਹੈ। ਇਹ ਇੱਕ ਅਜਿਹਾ ਖੇਤਰ ਹੈ, ਜਿੱਥੇ ਦੁਨੀਆਂ ਦੇ 90 ਫੀਸਦ ਜਵਾਲਾਮੁਖੀ ਫੁਟਦੇ ਅਤੇ ਭੁਚਾਲ ਆਉਂਦੇ ਹਨ। ਇਹ ਖੇਤਰ ਸ਼ਾਂਤ ਮਹਾਂਸਾਗਰ ਦੇ 40,000 ਕਿਲੋਮੀਟਰ ਵਿਚ ਫੈਲਿਆ ਹੋਇਆ ਹੈ। ਸ਼ਾਂਤ ਮਹਾਂਸਾਗਰ ਦੇ ਇੱਕ ਪਾਸੇ ਇਹ ਜਪਾਨ ਤੋਂ ਲੈ ਕੇ ਇੰਡੋਨੇਸ਼ੀਆ ਤੱਕ, ਦੂਜੇ ਪਾਸੇ ਅਲਾਸਕਾ ਤੋਂ ਲੈ ਕੇ ਕੈਲੀਫੋਰਨੀਆ ਤੱਕ ਉਤਰੀ ਅਮਰੀਕਾ ਅਤੇ ਫੇਰ ਮੈਕਸੀਕੋ ਤੋਂ ਲੈ ਕੇ ਦੱਖਣੀ ਅਮਰੀਕਾ ਤੱਕ ਫੈਲਿਆ ਹੋਇਆ ਹੈ। ਇਸ ਖੇਤਰ 'ਚ ਸਭ ਤੋਂ ਮਾੜੀ ਭੂਗੋਲਿਕ ਸਥਿਤੀ ਇੰਡੋਨੇਸ਼ੀਆ ਦੀ ਹੈ, ਕਿਉਂਕਿ ਇਹ ਦੋ ਮੁੱਖ ਮਹਾਂਦੀਪੀ ਯੂਰੇਸ਼ੀਅਨ ਤੇ ਇੰਡੋ-ਆਸਟਰੇਲੀਅਨ ਅਤੇ ਦੋ ਸਮੁੰਦਰੀ ਫਿਲੀਪੀਅਨ ਅਤੇ ਪੈਸੇਫਿਕ ਟੈਕਟੋਨਿਕ ਪਲੇਟਾਂ 'ਤੇ ਸਥਿਤ ਹੈ। ਜਦੋਂ ਇਹ ਪਲੇਟਾਂ ਹਿੱਲਦੀਆਂ ਹਨ ਤਾਂ ਇਸ ਖੇਤਰ ਵਿਚ ਭੁਚਾਲ ਆਉਂਦੇ ਹਨ।

ਯੂ. ਐਸ. ਏ. ਦੇ ਭੂ-ਵਿਗਿਆਨਕ ਸਰਵੇਖਣ ਅਨੁਸਾਰ ਇੰਡੋਨੇਸ਼ੀਆ ਦੇ ਇਸ ਖੇਤਰ ਵਿਚ ਪਿਛਲੀ ਸਦੀ ਵਿਚ 6.5 ਤੀਬਰਤਾ ਵਾਲੇ ਲਗਭਗ 15 ਭੁਚਾਲ ਆ ਚੁਕੇ ਹਨ। ਹੁਣ ਵਾਲੇ ਭੁਚਾਲ ਤੋਂ ਪਹਿਲਾਂ 7.9 ਤੀਬਰਤਾ ਵਾਲਾ ਭੁਚਾਲ ਸਾਲ 1996 ਵਿਚ ਆਇਆ ਸੀ। ਇੰਡੋਨੇਸ਼ੀਆ ਵਿਚ ਪਹਿਲਾਂ ਵੀ ਜਵਾਲਾਮੁਖੀ, ਭੁਚਾਲਾਂ ਅਤੇ ਸੁਨਾਮੀਆਂ ਨੇ ਭਿਆਨਕ ਤਬਾਹੀ ਮਚਾਈ ਹੈ। ਸਾਲ 1815 ਅਤੇ 1883 ਵਿਚ ਜਵਾਲਾਮੁਖੀ ਫਟਣ ਨਾਲ ਕ੍ਰਮਵਾਰ 90,000 ਅਤੇ 36,000 ਲੋਕ ਮਾਰੇ ਗਏ ਸਨ। ਸਾਲ 2004 ਵਿਚ 9.3 ਦੀ ਤੀਬਰਤਾ ਦੇ ਭੁਚਾਲ ਮਗਰੋਂ ਆਈਆਂ 100 ਫੁੱਟ ਉਚੀਆਂ ਸੁਨਾਮੀ ਲਹਿਰਾਂ ਨਾਲ ਇਕੱਲੇ ਇੰਡੋਨੇਸ਼ੀਆ ਵਿਚ ਇੱਕ ਲੱਖ ਸੱਤਰ ਹਜ਼ਾਰ ਵਿਅਕਤੀਆਂ ਦੀ ਮੌਤ ਹੋ ਗਈ ਸੀ। ਉਨ੍ਹਾਂ ਸੁਨਾਮੀ ਲਹਿਰਾਂ ਨਾਲ ਹੋਰ ਵੀ 14 ਦੇਸ਼ਾਂ ਵਿਚ ਹਜ਼ਾਰਾਂ ਲੋਕ ਮਰ ਗਏ ਸਨ। ਭੁਚਾਲ ਨਾਲ ਇੰਡੋਨੇਸ਼ੀਆ ਵਿਚ ਸਾਲ 2009 ਵਿਚ 1300 ਲੋਕਾਂ ਦੀ ਮੌਤ ਹੋ ਗਈ ਸੀ। ਇਸ ਸਾਲ ਜੁਲਾਈ ਅਤੇ ਅਗਸਤ ਵਿਚ ਵੀ ਕ੍ਰਮਵਾਰ 6.3 ਅਤੇ 6.9 ਤੀਬਰਤਾ ਦੇ ਭੁਚਾਲ ਆਏ ਸਨ, ਜਿਨ੍ਹਾਂ ਵਿਚ ਲਗਭਗ 500 ਲੋਕਾਂ ਦੀ ਮੌਤ ਹੋ ਗਈ ਸੀ।

ਇੰਡੋਨੇਸ਼ੀਆ ਦੀ ਭੂਗੋਲਿਕ ਸਥਿਤੀ ਦੇ ਨਾਲ ਨਾਲ ਇੱਕ ਹੋਰ ਕਾਰਨ ਵੀ ਆਉਣ ਵਾਲੇ ਸਮੇਂ ਵਿਚ ਇਸ ਦੇ ਖਤਰਿਆਂ ਵਿਚ ਹੋਰ ਵਾਧਾ ਕਰੇਗਾ, ਉਹ ਹੈ ਤਾਪਮਾਨ ਵਿਚ ਵਾਧਾ। ਤਾਪਮਾਨ ਦੇ ਵਾਧੇ ਨਾਲ ਸਮੁੰਦਰ ਦਾ ਜਲ ਪੱਧਰ ਲਗਾਤਾਰ ਵਧ ਰਿਹਾ ਹੈ ਅਤੇ ਸਮੁੰਦਰ ਦੇ ਜਲ ਪੱਧਰ ਨਾਲ ਤੱਟੀ ਸ਼ਹਿਰ ਅਤੇ ਥਾਂਵਾਂ ਸਮੁੰਦਰ ਵਿਚ ਸਮਾ ਜਾਣਗੀਆਂ ਪਰ ਇਸ ਦੇ ਨਾਲ ਨਾਲ ਖੋਜਕਰਤਿਆਂ ਨੇ ਖੁਲਾਸਾ ਕੀਤਾ ਹੈ ਕਿ ਸਮੁੰਦਰ ਦਾ ਜਲ ਪੱਧਰ ਵਧਣ ਨਾਲ ਸੁਨਾਮੀ ਦੇ ਖਤਰਿਆਂ ਵਿਚ ਵੀ ਕਈ ਗੁਣਾ ਵਾਧਾ ਹੋ ਸਕਦਾ ਹੈ, ਭਾਵ ਛੋਟੀ ਸੁਨਾਮੀ ਦਾ ਵੀ ਵੱਡਾ ਭਿਆਨਕ ਪ੍ਰਭਾਵ ਹੋ ਸਕਦਾ ਹੈ। ਖੋਜੀਆਂ ਅਨੁਸਾਰ ਜਲ ਪੱਧਰ ਵਿਚ 1.5 ਫੁੱਟ ਦੇ ਵਾਧੇ ਨਾਲ ਸੁਨਾਮੀ ਦਾ ਖਤਰਾ 12 ਤੋਂ 24 ਗੁਣਾ ਜਦਕਿ 3 ਫੁੱਟ ਦੇ ਵਧ ਨਾਲ 15 ਤੋਂ 47 ਗੁਣਾ ਵੱਧ ਸਕਦਾ ਹੈ।

ਸਾਲ 2004 ਦੇ ਸੁਨਾਮੀ ਪਿਛੋਂ



*ਇੰਡੋਨੇਸ਼ੀਆ ਵਿਚ ਭੁਚਾਲ ਤੇ ਸੁਨਾਮੀ ਵਲੋਂ ਮਚਾਈ ਗਈ ਤਬਾਹੀ ਦਾ ਇਕ ਦ੍ਰਿਸ਼*

ਇੰਡੋਨੇਸ਼ੀਆ ਨੇ ਆਪਣੇ ਆਪ ਨੂੰ ਬਾਕੀ ਦੇਸ਼ਾਂ ਵਾਂਗ ਹਿੰਦ ਮਹਾਂਸਾਗਰ ਵਿਚ ਸਥਾਪਿਤ ਸੁਨਾਮੀ ਖੋਜ ਵਿਵਸਥਾ ਨਾਲ ਜੋੜ ਲਿਆ ਸੀ, ਜਿੱਥੋਂ ਸੁਨਾਮੀ ਆਉਣ ਦੀ ਅਗਾਊਂ ਚਿਤਾਵਨੀ ਸਬੰਧਤ ਦੇਸ਼ਾਂ ਦੇ ਸਥਾਪਿਤ ਕੇਂਦਰਾਂ ਵਿਚ ਭੇਜੀ ਜਾਂਦੀ ਹੈ। ਇੰਡੋਨੇਸ਼ੀਆ ਕੋਲ ਇਸ ਸਮੇਂ ਭਾਵੇਂ ਸੁਨਾਮੀ ਸਮੁੰਦਰੀ ਲਹਿਰਾਂ ਅਤੇ ਜਵਾਰਭਾਟੇ ਨੂੰ ਮਾਪਣ ਵਾਲੇ 134 ਸਟੇਸ਼ਨ ਧਰਤੀ ਅਤੇ 22 ਸਟੇਸ਼ਨ ਸਮੁੰਦਰੀ ਧਰਾਤਲ ਉਤੇ ਹਨ, ਪਰ ਦੁੱਖ ਅਤੇ ਅਫਸੋਸ ਦੀ ਗੱਲ ਹੈ ਕਿ ਇਨ੍ਹਾਂ ਵਿਚੋਂ ਬਹੁਤੇ ਫੰਡਾਂ ਦੀ ਘਾਟ ਕਾਰਨ ਕੰਮ ਨਹੀਂ ਕਰ ਰਹੇ ਹਨ। ਇੱਕ ਸਟੇਸ਼ਨ ਦੀ ਰੱਖ-ਰਖਾਵ ਤੇ ਸਾਂਭ-ਸੰਭਾਲ ਉਤੇ ਸਾਲਾਨਾ 50,000 ਅਮਰੀਕਨ ਡਾਲਰ ਦਾ ਖਰਚਾ ਆ ਜਾਂਦਾ ਹੈ, ਜਦਕਿ ਨਵੀਂ ਤਕਨਾਲੋਜੀ ਉਤੇ ਆਧਾਰਿਤ ਨਵਾਂ ਸਟੇਸ਼ਨ ਲਾਉਣ 'ਤੇ 2,50,000 ਅਮਰੀਕੀ ਡਾਲਰ ਲੱਗਦੇ ਹਨ।

ਇੰਡੋਨੇਸ਼ੀਆ ਦੇ ਰਾਸ਼ਟਰਪਤੀ ਨੇ ਦੱਸਿਆ ਹੈ ਕਿ ਇਸ ਸੁਨਾਮੀ ਆਉਣ ਤੋਂ ਪਹਿਲਾਂ ਦੇਸ਼ ਦੀਆਂ ਆਫਤ ਪ੍ਰਬੰਧਨ ਏਜੰਸੀਆਂ ਪਿਛਲੇ ਭੁਚਾਲ ਤੋਂ ਹੋਏ ਨੁਕਸਾਨ ਹੀ ਹਾਲੇ ਅੰਕੜੇ ਇਕੱਠੇ ਕਰ ਰਹੀਆਂ ਸਨ ਕਿ ਹੁਣ ਇੱਕ ਨਵਾਂ ਭੁਚਾਲ ਅਤੇ ਸੁਨਾਮੀ ਆ ਗਏ। ਇਸ ਤੋਂ ਇਲਾਵਾ ਦੇਸ਼ ਦੀਆਂ ਤਿੰਨ ਮੁੱਖ ਭੁਚਾਲ ਅਤੇ ਸੁਨਾਮੀ ਪ੍ਰਬੰਧਨ ਏਜੰਸੀਆਂ ਮੁੱਖ ਤੌਰ ਉਤੇ ਬਜਟ ਕਟੌਤੀ ਅਤੇ ਆਪਣੇ ਕੰਮਾਂ ਦੀਆਂ ਜ਼ਿੰਮੇਵਾਰੀਆਂ ਦੀ ਰੂਪ ਰੇਖਾ ਨਾਲ ਜੂਝ ਰਹੀਆਂ ਹਨ।

ਪਾਲੂ ਸ਼ਹਿਰ ਵਿਚ ਆਈ ਸੁਨਾਮੀ ਅਤੇ ਭੁਚਾਲ ਨੇ ਇਹ ਸਪਸ਼ਟ ਕਰ ਦਿੱਤਾ ਹੈ ਕਿ ਇੰਡੋਨੇਸ਼ੀਆ ਕੋਲ ਸੁਨਾਮੀ ਦੀ ਅਗਾਊਂ ਚਿਤਾਵਨੀ ਦੇਣ ਲਈ ਕੋਈ ਆਧੁਨਿਕ ਤਕਨਾਲੋਜੀ ਨਹੀਂ ਹੈ, ਜਿਸ ਦੀ ਆਉਣ ਵਾਲੇ ਸਮੇਂ ਵਿਚ ਹੋਰ ਵੀ ਵੱਧ ਲੋੜ ਹੈ ਕਿਉਂਕਿ ਵਿਗਿਆਨੀਆਂ ਨੇ ਚਿਤਾਵਨੀ ਦਿੱਤੀ ਹੈ ਕਿ ਸਮੁੰਦਰ ਦਾ ਜਲ ਪੱਧਰ ਵਧਣ ਨਾਲ ਸੁਨਾਮੀ ਤੋਂ ਹੋਣ ਵਾਲੇ ਨੁਕਸਾਨ ਵਿਚ ਕਈ ਗੁਣਾ ਵਾਧਾ ਹੋ ਸਕਦਾ ਹੈ।

ਇਸ ਤੋਂ ਇਲਾਵਾ ਇਸ ਵਾਰ ਦੀ ਸੁਨਾਮੀ ਵਿਚ ਵੇਖਣ ਵਿਚ ਆਇਆ ਕਿ ਇੰਡੋਨੇਸ਼ੀਆ ਦਾ ਬੁਨਿਆਦੀ ਢਾਂਚਾ ਵੀ ਬਹੁਤ ਕਮਜ਼ੋਰ ਹੈ ਕਿਉਂਕਿ ਭੁਚਾਲ ਆਉਣ ਤੋਂ ਬਾਅਦ ਸ਼ਹਿਰ ਦੀ ਬਿਜਲੀ ਇੱਕ ਦਮ ਬੰਦ ਹੋ ਗਈ, ਜਿਸ ਕਾਰਨ ਲੋਕਾਂ ਨੂੰ ਹਨੇਰੇ ਵਿਚ ਸੁਨਾਮੀ ਤੋਂ ਬਚਣ ਲਈ ਸ਼ਹਿਰ ਵਿਚ ਬਣਾਈਆਂ ਗਈਆਂ ਸੁਰੱਖਿਅਤ ਥਾਂਵਾਂ ਉਤੇ ਪਹੁੰਚਣ ਵਿਚ ਬਹੁਤ ਕਠਿਨਾਈ ਆਈ, ਮੌਤਾਂ ਦੀ ਗਿਣਤੀ ਵਿਚ ਬਹੁਤ ਵਧ ਗਈ।

ਇੰਡੋਨੇਸ਼ੀਆ 17050 ਟਾਪੂਆਂ ਦਾ ਸਮੂਹ ਹੈ ਜਿਸ ਕਰਕੇ ਇੱਥੇ ਸੁਨਾਮੀ ਦਾ ਖਤਰਾ ਸਦਾ ਹੀ ਬਣਿਆ ਰਹਿੰਦਾ ਹੈ। ਇਸ ਤੋਂ ਇਲਾਵਾ ਇਹ ਦੁਨੀਆਂ ਦਾ ਚੌਥਾ ਵੱਧ ਆਬਾਦੀ ਵਾਲਾ ਦੇਸ਼ ਹੈ ਅਤੇ ਇੱਥੋਂ ਦੀ ਪ੍ਰਤੀ ਕਿਲੋਮੀਟਰ ਜਨਸੰਖਿਆ ਦੀ ਘਣਤਾ 172 ਵਿਅਕਤੀ ਹੈ, ਜਿਸ ਕਰਕੇ ਕਿਸੇ ਵੀ ਤਰ੍ਹਾਂ ਦੀ ਕੁਦਰਤੀ ਆਫਤ ਆਉਣ ਨਾਲ ਮੌਤਾਂ ਦੀ ਗਿਣਤੀ ਵਿਚ ਭਾਰੀ ਵਾਧਾ ਹੋ ਜਾਂਦਾ ਹੈ।

ਇੰਡੋਨੇਸ਼ੀਆ ਸਰਕਾਰ ਸਮੁੰਦਰ ਦੇ ਤੱਟ ਦੇ ਨੇੜੇ ਅਤੇ ਨੀਵੇਂ ਇਲਾਕਿਆਂ ਦੇ ਲੋਕਾਂ ਨੂੰ ਘਰ ਬਣਾਉਣ ਤੋਂ ਸਖਤੀ ਨਾਲ ਰੋਕੇ ਤਾਂਕਿ ਉਹ ਸਮੁੰਦਰੀ ਤੂਫਾਨਾਂ ਅਤੇ ਸੁਨਾਮੀ ਲਹਿਰਾਂ ਤੋਂ ਬਚ ਸਕਣ। ਇਸ ਤੋਂ ਇਲਾਵਾ ਇਥੋਂ ਦੀ ਸਰਕਾਰ ਨੂੰ ਚਾਹੀਦਾ ਹੈ ਕਿ ਸੈਲਾਨੀਆਂ ਦੀ ਭਰਮਾਰ ਨੂੰ ਦੇਖਦੇ ਹੋਏ ਸਮੁੰਦਰ ਦੇ ਕਿਨਾਰੇ ਹਰ ਤਰ੍ਹਾਂ ਦੀ ਕੁਦਰਤੀ ਬਨਸਪਤੀ ਅਤੇ ਦਲਦਲੀ ਇਲਾਕਿਆਂ ਨੂੰ ਕੰਕਰੀਟ ਦੇ ਜੰਗਲ ਭਾਵ ਹੋਟਲਾਂ ਆਦਿ ਵਿਚ ਬਦਲਣ ਦੀ ਥਾਂ ਇਸ ਅਨਮੁੱਲੇ ਸੁਰੱਖਿਆ ਕਵਚ ਦੀ ਚੰਗੀ ਤਰ੍ਹਾਂ ਸਾਂਭ-ਸੰਭਾਲ ਕਰੇ।

ਵਿਕਸਿਤ ਦੇਸ਼ਾਂ ਨੂੰ ਚਾਹੀਦਾ ਹੈ ਕਿ ਇੰਡੋਨੇਸ਼ੀਆ ਵਰਗੇ ਦੇਸ਼ਾਂ, ਜਿਨ੍ਹਾਂ ਵਿਚ ਸੁਨਾਮੀ ਵਰਗੀਆਂ ਕੁਦਰਤੀ ਆਫਤਾਂ ਵਿਚ ਵਾਧਾ ਸਿਰਫ ਇਸ ਕਰਕੇ ਹੋ ਰਿਹਾ ਹੈ ਕਿ ਵਿਕਸਿਤ ਦੇਸ਼ਾਂ ਨੇ ਪਿਛਲੇ ਸਾਲਾਂ ਵਿਚ ਵਾਤਾਵਰਣ ਵਿਚ ਭਾਰੀ ਮਾਤਰਾ ਵਿਚ ਗਰੀਨ ਹਾਊਸ ਗੈਸਾਂ ਛੱਡ ਕੇ ਕੁਦਰਤੀ ਆਫਤਾਂ ਵਿਚ ਕਈ ਗੁਣਾ ਵਾਧਾ ਕੀਤਾ ਹੈ, ਉਹ ਹਰ ਤਰ੍ਹਾਂ ਨਾਲ ਇਸ ਦੇਸ਼ ਦੀ ਮਦਦ ਕਰਨ, ਭਾਵੇਂ ਉਹ ਸੁਨਾਮੀ ਦੀ ਅਗਾਊਂ ਚਿਤਾਵਨੀ ਦੇਣ ਵਾਲੀ ਆਧੁਨਿਕ ਤਕਨਾਲੋਜੀ ਜਾਂ ਮਾਲੀ ਮਦਦ ਹੋਵੇ ਤਾਂ ਕਿ ਇਸ ਦੇ ਵਾਸੀ ਆਪਣੀ ਜ਼ਿੰਦਗੀ ਸੌਖੀ ਜੀ ਸਕਣ।

---

**ਪ੍ਰੋਫੈਸਰ ਜਿਓਗਰਾਫੀ ਵਿਭਾਗ ਪੰਜਾਬੀ ਯੂਨੀਵਰਸਿਟੀ, ਪਟਿਆਲਾ।*

## ਬਾਦਲ ਦੇ ਜੁੱਤੀ ਵਗਾਹ ਮਾਰਨ ਵਾਲੇ ਨੂੰ ਦੋ ਸਾਲ ਦੀ ਸਜ਼ਾ

**ਬਠਿੰਡਾ:** ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ 'ਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ



ਦੇ ਰੋਸ ਵਜੋਂ ਜੁੱਤੀ ਵਗਾਹ ਕੇ ਮਾਰਨ ਵਾਲੇ ਸਿੱਖ ਕਾਰਕੁਨ ਗੁਰਬਚਨ ਸਿੰਘ ਨੂੰ ਮਲੋਟ ਅਦਾਲਤ ਨੇ ਦੋ ਸਾਲ ਦੀ ਸਜ਼ਾ ਸੁਣਾਈ ਹੈ। ਅਸੈਂਬਲੀ ਚੋਣਾਂ 2017 ਦੇ ਚੋਣ ਪ੍ਰਚਾਰ ਦੌਰਾਨ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਜਦੋਂ ਹਲਕਾ ਲੰਬੀ ਦੇ ਪਿੰਡ ਰੱਤਾ ਖੇੜਾ ਵਿਚ ਜਲਸਾ ਕਰ ਰਹੇ ਸਨ ਤਾਂ ਉਦੋਂ ਗੁਰਬਚਨ ਸਿੰਘ ਨੇ ਬੇਅਦਬੀ ਦੇ ਰੋਸ ਵਜੋਂ ਬਾਦਲ ਵੱਲ ਜੁੱਤੀ ਮਾਰੀ ਸੀ।

ਉਸ ਮਗਰੋਂ ਫੌਰੀ ਬਾਦਲ ਆਪਣਾ ਚੋਣ ਪ੍ਰਚਾਰ ਖਤਮ ਕਰਕੇ ਘਰ ਪਰਤ ਗਏ ਸਨ। ਘਟਨਾ ਵਿਚ ਬਾਦਲ ਦੀ ਐਨਕ ਵੀ ਨੁਕਸਾਨੀ ਗਈ ਸੀ। ਮੁਕਤਸਰ ਦੇ ਥਾਣਾ ਕਬਰਵਾਲਾ ਵਿਚ ਪੁਲਿਸ ਨੇ ਗੁਰਬਚਨ ਸਿੰਘ ਖਿਲਾਫ ਧਾਰਾ 353, 355, 186 ਤਹਿਤ ਕੇਸ ਦਰਜ ਕੀਤਾ ਸੀ। ਪੁਲਿਸ ਨੇ ਫੌਰੀ ਗੁਰਬਚਨ ਸਿੰਘ ਨੂੰ ਕਾਬੂ ਕਰ ਲਿਆ ਸੀ। ਦੱਸਣਯੋਗ ਹੈ ਕਿ ਗੁਰਬਚਨ ਸਿੰਘ ਮੌਜੂਦਾ ਮੁਤਵਾਜ਼ੀ ਜਥੇਦਾਰ ਭਾਈ ਅਮਰੀਕ ਸਿੰਘ ਅਜਨਾਲਾ ਦੇ ਭਰਾ ਹਨ ਤੇ ਖੇਤੀਬਾੜੀ ਕਰਦਾ ਹਨ। ਇਸ ਮਾਮਲੇ ਵਿਚ ਥਾਣਾ ਕਬਰਵਾਲਾ ਦੇ ਤਤਕਾਲੀ ਥਾਣਾ ਮੁਖੀ ਇੰਸਪੈਕਟਰ ਕੁਲਦੀਪ ਚੰਦ ਨੇ ਆਪਣੀ ਗਵਾਹੀ ਕਲਮਬੰਦ ਕਰਾਈ ਸੀ।

### ਫੌਜ 'ਚ ਵੱਡੇ ਪੱਧਰ 'ਤੇ ਸੁਧਾਰਾਂ ਦੀ ਤਿਆਰੀ

**ਨਵੀਂ ਦਿੱਲੀ:** ਫੌਜ ਦੇ ਉਚ ਕਮਾਂਡਰਾਂ ਨੇ 13 ਲੱਖ ਦੀ ਵੱਡੀ ਫੌਜ ਵਿਚ ਬਦਲਾਅ ਲਈ ਵੱਡੇ ਪੱਧਰ 'ਤੇ ਸੁਧਾਰਾਂ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਵਿਚ ਅਫਸਰ ਕੇਡਰ ਦੇ ਪੁਨਰਗਠਨ ਦੇ ਨਾਲ ਵਧਦੇ ਖਰਚਿਆਂ ਨੂੰ ਘਟਾਉਣਾ ਸ਼ਾਮਲ ਹੈ। ਇਹ ਫੈਸਲਾ ਫੌਜ ਦੇ ਉਚ ਕਮਾਂਡਰਾਂ ਦੀ ਕਾਨਫਰੰਸ ਵਿਚ ਲਿਆ ਗਿਆ ਹੈ।

### ਸੁਖਬੀਰ ਬਾਦਲ ਵੱਲ ਜੁੱਤੀ ਸੁੱਟਣ ਵਾਲਿਆਂ 'ਤੇ ਦਫਾ 307 ਕਿਉਂ?

**ਲੁਧਿਆਣਾ:** ਲੋਕ ਇਨਸਾਫ ਪਾਰਟੀ ਦੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਵੱਲ ਜੁੱਤੀ ਸੁੱਟਣ ਵਾਲੇ ਵਿਅਕਤੀਆਂ ਖਿਲਾਫ਼ ਦਰਜ ਐਫ.ਆਈ.ਆਰ. ਤੁਰਤ ਰੱਦ ਕੀਤੀ ਜਾਵੇ। ਬੈਂਸ ਨੇ ਕਿਹਾ ਕਿ ਜੁੱਤੀ ਸੁੱਟਣ ਵਾਲਿਆਂ ਦਾ ਮਕਸਦ ਗੁੱਸੇ ਦਾ ਇਜ਼ਹਾਰ ਕਰਨਾ ਸੀ, ਨਾ ਕਿ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਨੂੰ ਨੁਕਸਾਨ ਪਹੁੰਚਾਉਣਾ।

ਉਨ੍ਹਾਂ ਨੇ ਦੱਸਿਆ ਕਿ ਥਾਣਾ ਸਦਰ ਸੰਗਰੂਰ ਵਿਚ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਦੀ ਗੱਡੀ 'ਤੇ ਜੁੱਤੀ ਸੁੱਟਣ ਦੇ ਮਾਮਲੇ ਵਿਚ ਬਚਿੱਤਰ ਸਿੰਘ, ਅਮਰਜੀਤ ਸਿੰਘ ਕਣਕ ਭੰਗੂਆਂ ਤੇ ਹੋਰ ਕਰੀਬ 35 ਵਿਅਕਤੀਆਂ ਖਿਲਾਫ ਧਾਰਾ 307 ਤਹਿਤ ਕੇਸ ਦਰਜ ਕੀਤਾ ਗਿਆ ਹੈ, ਜਦੋਂਕਿ ਸੁਖਬੀਰ ਬਾਦਲ 'ਤੇ ਜੁੱਤੀ ਸੁੱਟਣਾ ਸਿਰਫ ਤੇ ਸਿਰਫ ਲੋਕਾਂ ਦੇ ਗੁੱਸੇ ਦਾ ਪ੍ਰਤੀਕ ਹੈ।

## ਨਸ਼ਿਆਂ ਖਿਲਾਫ ਸਰਵੇਖਣ ਦੇ ਨਵੇਂ ਅੰਕੜਿਆਂ 'ਤੇ ਟੇਕ

**ਨਵੀਂ ਦਿੱਲੀ:** ਕੇਂਦਰੀ ਸਮਾਜਿਕ ਨਿਆਂ ਅਤੇ ਸ਼ਕਤੀਕਰਨ ਮੰਤਰਾਲੇ ਨੇ ਕੈਬਨਿਟ ਵਿਚੋਂ ਕੌਮੀ ਨਸ਼ਾ ਮੰਗ ਕਟੌਤੀ ਨੀਤੀ ਦੇ ਖਰੜੇ ਨੂੰ ਵਾਪਸ ਲੈਂਦਿਆਂ ਚੱਲ ਰਹੇ ਕੌਮੀ ਸਰਵੇਖਣ ਦੇ ਅੰਕੜੇ ਨੂੰ ਸ਼ਾਮਲ ਕਰਨ ਦਾ ਫੈਸਲਾ ਲਿਆ ਹੈ। ਇਹ ਫੈਸਲਾ ਇਸ ਲਈ ਲਿਆ ਗਿਆ ਹੈ ਕਿਉਂਕਿ ਸਰਵੇਖਣ ਛੇਤੀ ਮੁਕੰਮਲ ਹੋਣ ਜਾ ਰਿਹਾ ਹੈ। ਸਰਵੇਖਣ ਮੰਤਰਾਲੇ ਅਤੇ ਕੌਮੀ ਡਰੱਗ ਡਿਪੈਂਡੈਂਸ ਟ੍ਰੀਟਮੈਂਟ ਸੈਂਟਰ ਦੇ ਸਹਿਯੋਗ ਨਾਲ ਏਮਜ਼ ਵੱਲੋਂ ਕਰਵਾਇਆ ਜਾ ਰਿਹਾ ਹੈ ਜਿਸ ਤਹਿਤ ਮੁਲਕ 'ਚ ਨਸ਼ੇੜੀਆਂ ਦੀ ਗਿਣਤੀ ਦਾ ਅੰਦਾਜ਼ਾ ਲਾਇਆ ਜਾਵੇਗਾ।

ਮੰਤਰਾਲੇ ਦੇ ਅਧਿਕਾਰੀ ਨੇ ਕਿਹਾ ਕਿ ਸਰਵੇਖਣ ਤਹਿਤ ਪਹਿਲਾਂ ਹੀ 24 ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਅੰਕੜੇ ਜਮਾਂ ਹੋ ਚੁੱਕੇ ਹਨ। ਇਨ੍ਹਾਂ 'ਚੋਂ ਪੱਛਮੀ ਬੰਗਾਲ, ਗੋਆ, ਸਿੱਕਮ ਅਤੇ ਚੰਡੀਗੜ੍ਹ ਸਮੇਤ 12 ਸੂਬਿਆਂ 'ਚ ਅਜੇ ਵੀ ਅੰਕੜੇ ਇਕੱਤਰ ਕੀਤੇ ਜਾ ਰਹੇ ਹਨ। ਸਰਕਾਰ ਨੇ ਪਾਇਲਟ ਆਧਾਰ ਉਤੇ ਕਾਰਜ ਯੋਜਨਾ ਨੂੰ ਲਾਗੂ ਕਰਨ ਲਈ ਮੁਲਕ ਦੇ 15 ਜ਼ਿਲ੍ਹੇ ਅਪਣਾਉਣ ਦਾ ਫੈਸਲਾ ਲਿਆ ਹੈ ਜਿਨ੍ਹਾਂ ਨੂੰ ਨਸ਼ਾ ਮੁਕਤ ਕੀਤਾ ਜਾਵੇਗਾ। ਖਰੜਾ ਨੀਤੀ ਤਹਿਤ ਦੁਕਾਨਾਂ 'ਤੇ ਦਰਦ ਅਤੇ ਨਸ਼ੇ ਦੀਆਂ ਦਵਾਈਆਂ ਕੇਂਦਰੀ ਅਤੇ ਸੂਬਾ ਪੱਧਰ 'ਤੇ ਵੇਚਣ ਨੂੰ ਨਿਯਮਤ ਕਰਨ ਦੀ ਤਜਵੀਜ਼ ਹੈ। ਜਿਹੜੇ 15 ਜ਼ਿਲ੍ਹਿਆਂ ਦੀ ਪਛਾਣ ਕੀਤੀ ਗਈ ਹੈ, ਉਨ੍ਹਾਂ 'ਚ ਲੁਧਿਆਣਾ, ਵਿਸ਼ਾਖਾਪਟਨਮ, ਪੁਣੇ, ਡਿਬਰੂਗੜ੍ਹ ਆਦਿ ਸ਼ਾਮਲ ਹਨ। ਖਰੜਾ ਨੀਤੀ ਮੁਤਾਬਕ 25 ਫੈਕਟਰੀਆਂ, 25 ਜੇਲ੍ਹਾਂ, 25 ਬਾਲ ਘਰਾਂ ਅਤੇ ਜੇਲ੍ਹਾਂ 'ਚ 25 ਮਹਿਲਾਵਾਂ ਲਈ ਵੱਖਰੇ ਨਸ਼ਾ ਛੁਡਾਊ ਕੇਂਦਰ ਖੋਲ੍ਹਣ ਦੀ ਯੋਜਨਾ ਹੈ।

### ਭਗੌੜੇ ਨਸ਼ਾ ਤਸਕਰਾਂ ਦੀ ਪੈੜ ਨੱਪੇਗੀ ਪੰਜਾਬ ਪੁਲਿਸ

**ਚੰਡੀਗੜ੍ਹ:** ਪੰਜਾਬ ਪੁਲਿਸ ਵੱਲੋਂ ਨਸ਼ਿਆਂ ਖਿਲਾਫ ਵਿੱਢੀ ਮੁਹਿੰਮ ਨੂੰ ਹੋਰ ਤੇਜ਼ ਕਰਦਿਆਂ ਵਿਦੇਸ਼ਾਂ ਵਿੱਚ ਜਾ ਛੁਪੇ ਭਗੌੜੇ ਮੁਲਜ਼ਮਾਂ ਦੀ ਪੈੜ ਨੱਪਣ ਲਈ ਹੁਣ ਇੰਟਰਪੋਲ ਸਮੇਤ ਖੁਫੀਆ ਵਿੰਗ ਦੀ ਮਦਦ ਲਏਗੀ ਜਾਵੇਗੀ। ਡੀ.ਜੀ.ਪੀ. ਸੁਰੇਸ਼ ਅਰੋੜਾ ਨੇ ਇੰਟੈਲੀਜੈਂਸ ਭਵਨ ਵਿਚ ਵਿਸ਼ੇਸ਼ ਟਾਸਕ ਫੋਰਸ (ਐਸ.ਟੀ.ਐਫ.), ਖੁਫੀਆ ਵਿੰਗ ਅਤੇ ਜਾਂਚ ਬਿਊਰੋ ਆਫ ਇਨਵੈਸਟੀਗੇਸ਼ਨ (ਬੀ.ਓ.ਆਈ.) ਦੇ ਉਚ ਅਧਿਕਾਰੀਆਂ ਦੀ ਇਕ ਉੱਚ ਪੱਧਰੀ ਮੀਟਿੰਗ ਵਿੱਚ ਨਸ਼ਿਆਂ ਖਿਲਾਫ ਚੱਲ ਰਹੀ ਮੁਹਿੰਮ ਦੀ ਸਮੀਖਿਆ ਕੀਤੀ ਅਤੇ ਪੰਜਾਬ ਵਿਚੋਂ ਨਸ਼ੇ ਖਤਮ ਕਰਨ ਲਈ ਲੜਾਈ ਨੂੰ ਹੋਰ ਮਜ਼ਬੂਤ ਕਰਨ ਲਈ ਰਣਨੀਤੀ ਤਿਆਰ ਕਰਨ ਬਾਰੇ ਚਰਚਾ ਕੀਤੀ ਗਈ।

ਡੀ.ਜੀ.ਪੀ. ਨੇ ਆਖਿਆ ਕਿ ਹੁਣ ਤੱਕ ਗ੍ਰਿਫਤਾਰ ਕਰ ਕੇ ਜੇਲ੍ਹਾਂ ਵਿਚ ਡੱਕੇ ਗਏ ਨਸ਼ਾ ਤਸਕਰਾਂ ਦੇ ਕੇਸ ਮਜ਼ਬੂਤ ਕੀਤੇ ਜਾਣ ਤਾਂ ਜੋ ਜ਼ਮਾਨਤ 'ਤੇ ਬਾਹਰ ਨਾ ਆ ਸਕਣ। ਇਸ ਤੋਂ ਇਲਾਵਾ ਅਦਾਲਤਾਂ ਵਿਚ ਚੱਲ ਰਹੇ ਕੇਸਾਂ ਦੀ ਯੋਗ ਪੈਰਵੀ ਕੀਤੀ ਜਾਵੇ। ਪੁਲਿਸ ਮੁਖੀ ਨੇ ਐਸ.ਟੀ.ਐਫ. ਅਤੇ ਵੱਖ-ਵੱਖ ਜ਼ਿਲ੍ਹਿਆਂ ਵਿਚ ਬਰਾਮਦ ਹੋਏ ਨਸ਼ੀਲੇ ਪਦਾਰਥਾਂ ਨੂੰ ਨਸ਼ਟ ਕਰਨ ਲਈ ਪ੍ਰੋਗਰਾਮ ਉਲੀਕਣ ਉਤੇ ਜ਼ੋਰ ਦਿੱਤਾ। ਡੀ.ਜੀ.ਪੀ. ਨੇ ਮੀਟਿੰਗ ਵਿਚ ਨਸ਼ਾ ਤਸਕਰਾਂ ਵੱਲੋਂ ਗ਼ੈਰਕਾਨੂੰਨੀ ਢੰਗ ਨਾਲ ਬਣਾਈਆਂ ਜਾਇਦਾਦਾਂ ਜ਼ਬਤ ਕਰਨ ਦੇ ਕੇਸਾਂ ਸਬੰਧੀ ਕਾਰਵਾਈ ਨੂੰ ਹੋਰ ਤੇਜ਼ ਕਰਨ ਦੀਆਂ ਹਦਾਇਤਾਂ ਦਿੱਤੀਆਂ।

## ਭਾਰਤ ਯੂ. ਐਨ. ਮਨੁੱਖੀ ਅਧਿਕਾਰ ਕੌਂਸਲ ਦਾ ਮੈਂਬਰ ਬਣਿਆ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਵਿਚ ਮਨੁੱਖੀ ਅਧਿਕਾਰ ਕੌਂਸਲ ਦੀਆਂ ਚੋਣਾਂ 'ਚ ਭਾਰਤ ਨੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ ਹੈ। ਇਸ ਦਾ ਸਮਾਂ 3 ਸਾਲ ਹੋਵੇਗਾ ਜੋ ਕਿ ਪਹਿਲੀ ਜਨਵਰੀ 2019 ਤੋਂ ਸ਼ੁਰੂ ਹੋਵੇਗਾ। ਭਾਰਤ ਪਹਿਲਾਂ ਵੀ 2011-2014 ਤੇ 2014 ਤੋਂ 2017 ਵਿਚਾਲੇ ਦੋ ਵਾਰ ਮਨੁੱਖੀ ਅਧਿਕਾਰ ਪ੍ਰੀਸ਼ਦ ਦਾ ਮੈਂਬਰ ਰਹਿ ਚੁੱਕਾ ਹੈ। ਏਸ਼ੀਆ ਪ੍ਰਸ਼ਾਂਤ ਖੇਤਰ 'ਚ ਭਾਰਤ ਨੂੰ ਸਭ ਤੋਂ ਵੱਧ 188 ਵੋਟਾਂ ਮਿਲੀਆਂ ਹਨ।

193 ਮੈਂਬਰਾਂ ਦੀ ਯੂ.ਐਨ. ਜਨਰਲ ਅਸੈਂਬਲੀ ਨੇ ਨਵੇਂ ਮੈਂਬਰਾਂ ਦੀ ਚੋਣ ਕੀਤੀ ਸੀ। ਗੁਪਤ ਚੋਣਾਂ ਦੇ ਜ਼ਰੀਏ 18 ਨਵੇਂ ਮੈਂਬਰਾਂ ਨੂੰ ਬਹੁਮਤ ਨਾਲ ਚੁਣਿਆ ਗਿਆ। ਕਿਸੇ ਵੀ ਦੇਸ਼ ਨੂੰ ਇਹ ਚੋਣਾਂ ਜਿੱਤਣ ਲਈ 97 ਵੋਟਾਂ ਦੀ ਜ਼ਰੂਰਤ ਹੁੰਦੀ ਹੈ। ਇਨ੍ਹਾਂ ਚੋਣਾਂ 'ਚ ਏਸ਼ੀਆ ਪ੍ਰਸ਼ਾਂਤ ਖੇਤਰ ਦੀਆਂ 5 ਸੀਟਾਂ ਹਨ ਜਿਨ੍ਹਾਂ 'ਤੇ ਭਾਰਤ ਤੋਂ ਇਲਾਵਾ ਬਹਿਰੀਨ, ਬੰਗਲਾਦੇਸ਼, ਫਿਜ਼ੀ ਅਤੇ ਫਿਲਪਾਈਨ ਜਿਹੇ ਦੇਸ਼ ਵੀ ਆਪਣਾ ਹੱਥ ਅਜ਼ਮਾ ਰਹੇ ਸਨ। ਇਨ੍ਹਾਂ ਚੋਣਾਂ ਦੌਰਾਨ ਭਾਰਤ ਨੇ ਮੌਜੂਦਾ ਸਾਰੇ ਦਾਅਵੇਦਾਰਾਂ ਤੋਂ ਵੱਧ ਵੋਟਾਂ ਹਾਸਲ ਕੀਤੀਆਂ ਹਨ।

# ਕਰਵਟ ਬਦਲਦੀ ਪੰਜਾਬ ਦੀ ਸਿਆਸਤ

ਲੰਘੇ 7 ਅਕਤੂਬਰ ਨੂੰ ਪੰਜਾਬ ਵਿਚ ਤਿੰਨ ਵੱਡੀਆਂ ਰੈਲੀਆਂ ਹੋਈਆਂ। ਪਟਿਆਲਾ ਵਿਚ ਸ਼੍ਰੋਮਣੀ ਅਕਾਲੀ ਦਲ, ਲੰਬੀ ਹਲਕੇ ਵਿਚ ਕਾਂਗਰਸ ਪਾਰਟੀ ਦੀ ਰੈਲੀ ਅਤੇ ਤੀਜੀ ਰੈਲੀ ਬਰਗਾੜੀ ਅਤੇ ਕੋਟਕਪੂਰਾ ਵਿਚਕਾਰ ਬਰਗਾੜੀ ਮੋਰਚੇ ਵਾਲਿਆਂ ਦਾ ਰੋਸ ਮਾਰਚ। ਇਨ੍ਹਾਂ ਤਿੰਨਾਂ ਵਿਚੋਂ ਬਰਗਾੜੀ ਮੋਰਚਾ ਸਭ ਤੋਂ ਵੱਧ ਉਭਰ ਕੇ ਸਾਹਮਣੇ ਆਇਆ। ਇਹ ਰੋਸ ਰੈਲੀ ਕਿਸੇ ਵੀ ਰਾਜਨੀਤਕ ਪਾਰਟੀ ਦੀ ਬੁਲਾਈ ਹੋਈ ਨਹੀਂ, ਸਗੋਂ ਨਿਰੋਲ ਗੁਰੂ ਗ੍ਰੰਥ ਸਾਹਿਬ ਦੀ ਹੋਈ ਬੇਅਦਬੀ ਦੇ ਨਾਂ ਤੋਂ ਸਮੂਹ ਨਾਨਕ ਨਾਮ ਲੇਵਾ ਸੰਗਤ ਨੂੰ ਇਕੱਠੇ ਹੋਣ ਦਾ ਸੱਦਾ ਦਿੱਤਾ ਗਿਆ ਸੀ। ਇਥੇ

**ਡਾ. ਸੁਖਦਿਆਲ ਸਿੰਘ**

ਪਹੁੰਚਣ ਵਾਲੀਆਂ ਸੰਗਤਾਂ ਅਕਾਲੀ ਦਲ ਵਿਰੁਧ ਤਾਂ ਸਨ ਹੀ, ਸਗੋਂ ਇਹ ਪੰਜਾਬ ਸਰਕਾਰ ਦੇ ਵਿਰੁਧ ਵੀ ਸਨ ਕਿਉਂਕਿ ਇਨ੍ਹਾਂ ਦੋਵੇਂ ਪਾਰਟੀਆਂ ਦੀਆਂ ਰੈਲੀਆਂ ਵੀ ਉਸੇ ਦਿਨ ਸਨ। ਮੀਡੀਆ ਵਿਚ ਬਰਗਾੜੀ ਦੇ ਇਕੱਠ ਦੀ ਗਿਣਤੀ ਲੱਖਾਂ ਵਿਚ ਦੱਸੀ ਗਈ ਹੈ ਜਦੋਂ ਕਿ ਉਕਤ ਦੋਵਾਂ ਰੈਲੀਆਂ ਦੀ ਗਿਣਤੀ ਹਜ਼ਾਰਾਂ ਵਿਚ ਦੱਸੀ ਗਈ ਹੈ। ਇਸੇ ਇਕ ਤੱਥ ਨੇ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਦੀ ਨੀਂਦ ਹਰਾਮ ਕਰ ਦਿੱਤੀ ਹੈ।

ਇਨ੍ਹਾਂ ਦੋਹਾਂ ਪਾਰਟੀਆਂ ਨੇ ਆਪੋ-ਆਪਣੀ ਰੈਲੀ ਨੂੰ ਕਾਮਯਾਬ ਬਣਾਉਣ ਲਈ ਹਰ ਜਾਇਜ਼ ਅਤੇ ਨਾਜਾਇਜ਼ ਤਰੀਕਾ ਅਪਨਾਇਆ। ਇਸ ਲਈ ਜਿਹੜੇ ਲੋਕ ਇਨ੍ਹਾਂ ਦੋਹਾਂ ਪਾਰਟੀਆਂ ਦੇ ਸੱਦਿਆਂ ਨੂੰ ਅਣਗੌਲਿਆਂ ਕਰਕੇ ਬਰਗਾੜੀ ਪਹੁੰਚੇ, ਉਨ੍ਹਾਂ ਨੂੰ ਦੋਹਾਂ ਪਾਰਟੀਆਂ ਦਾ ਵਿਰੋਧੀ ਹੀ ਸਮਝਣਾ ਚਾਹੀਦਾ ਹੈ। ਇਨ੍ਹਾਂ ਰੈਲੀਆਂ ਵਿਚ ਦੋਵਾਂ ਪਾਰਟੀਆਂ ਨੇ ਕੁਝ ਨਾ ਕੁਝ ਗੁਆਇਆ ਹੀ ਹੈ, ਖੱਟਿਆ ਕੁਝ ਨਹੀਂ। ਇਸਨੇ ਅਕਾਲੀ ਦਲ ਦੀ ਅੰਦਰੂਨੀ ਏਕਤਾ ਨੂੰ ਸਾਹਮਣੇ ਲਿਆਂਦਾ। ਇਸ ਵਿਚੋਂ ਸੀਨੀਅਰ ਨੇਤਾ ਸੁਖਦੇਵ ਸਿੰਘ ਢੀਂਡਸਾ, ਪਟਿਆਲਾ ਤੋਂ ਮਰਹੂਮ ਸਰਦਾਰਾ ਸਿੰਘ ਕੋਹਲੀ ਦਾ ਪਰਿਵਾਰ, ਪਟਿਆਲਾ ਤੋਂ ਖੜ੍ਹੇ ਹੋਣ ਵਾਲੇ ਜਨਰਲ ਜੇ.ਜੇ. ਸਿੰਘ ਅਤੇ ਉਨ੍ਹਾਂ ਦਾ ਸਾਬਕਾ ਫ਼ੌਜੀਆਂ ਦਾ ਜਥਾ ਆਦਿ ਸਾਰੇ ਹੀ ਗ਼ੈਰਹਾਜ਼ਰ ਸਨ। ਮਾਝੇ ਦੇ ਸੀਨੀਅਰ ਅਕਾਲੀਆਂ ਵਿਚੋਂ ਵੀ ਕੋਈ ਹਾਜ਼ਰ ਨਹੀਂ ਹੋਇਆ। ਦੇਖਣ ਵਾਲੀ ਗੱਲ ਇਹ ਵੀ ਹੈ ਕਿ ਕਿਰਪਾਲ ਸਿੰਘ ਬਡੂੰਗਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹੁੰਦੇ ਹੋਏ ਵੀ ਸ਼੍ਰੋਮਣੀ ਅਕਾਲੀ ਦਲ ਦੇ ਧਰਨਿਆਂ ਵਿਚ ਵੀ ਸ਼ਾਮਲ ਹੁੰਦੇ ਰਹੇ ਸਨ, ਪਰ ਇਸ ਰੈਲੀ ਵਿਚ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਵੀ ਸ਼ਾਮਲ ਨਹੀਂ ਹੋਏ। ਹਜ਼ਾਰਾਂ ਬੰਦਿਆਂ ਦਾ ਇਕੱਠ ਸੀਨੀਅਰ ਅਕਾਲੀ ਨੇਤਾਵਾਂ ਦੀ ਗ਼ੈਰਹਾਜ਼ਰੀ ਸਾਹਮਣੇ ਕੋਈ ਅਰਥ ਨਹੀਂ ਰੱਖਦਾ। ਇਸ ਤਰ੍ਹਾਂ ਰੈਲੀ ਕਰਕੇ ਅਕਾਲੀ ਦਲ ਨੇ ਆਪਣੀਆਂ ਹੀ ਜਥੇਬੰਦਕ ਕਮਜ਼ੋਰੀਆਂ ਨੂੰ ਉਜਾਗਰ ਕੀਤਾ ਹੈ।

ਰਾਜ ਕਰ ਰਹੀ ਪਾਰਟੀ ਕੋਲ ਹਰ ਸਮੇਂ ਹੀ ਅਜਿਹੇ ਸਾਧਨ ਹੁੰਦੇ ਹਨ ਜਿਨ੍ਹਾਂ ਰਾਹੀਂ ਉਹ ਰੋਜ਼ਾਨਾ ਹੀ ਆਪਣਾ ਪ੍ਰਚਾਰ ਕਰ ਰਹੀ ਹੁੰਦੀ ਹੈ। ਜੇਕਰ ਇਸ ਸਭ ਦੇ ਬਾਵਜੂਦ ਸਰਕਾਰ ਚਲਾ ਰਹੀ ਕਾਂਗਰਸ ਰੈਲੀਆਂ ਕਰਦੀ ਹੈ ਤਾਂ ਇਸ ਨੂੰ ਕਿਸੇ ਵੀ ਤਰੀਕੇ ਨਾਲ ਪੰਜਾਬ ਸਰਕਾਰ ਦੀ ਸਿਆਣਪ ਨਹੀਂ ਕਿਹਾ ਜਾ ਸਕਦਾ। ਪੰਜਾਬ ਸਰਕਾਰ ਨੇ ਆਪਣੀ ਰੈਲੀ 'ਤੇ ਬੇਹਿਸਾਬਾ ਸ਼ਰਾਬ ਵਰਤਾਈ, ਬੱਸਾਂ, ਗੱਡੀਆਂ ਰਾਹੀਂ ਲੱਖਾਂ ਰੁਪਇਆਂ ਦਾ ਤੇਲ ਫੂਕਿਆ ਹੈ। ਲੱਖਾਂ ਰੁਪਇਆਂ ਦੀ ਬਰਬਾਦੀ ਅਕਾਲੀ ਦਲ ਨੇ ਵੀ ਕੀਤੀ, ਪਰ ਉਸ ਬਾਰੇ ਇਹ ਕਿਹਾ ਜਾ ਸਕਦਾ ਕਿ ਉਹ ਹਾਰੀ ਹੋਈ ਪਾਰਟੀ ਹੈ। ਹਾਰੀ ਹੋਈ ਪਾਰਟੀ ਨੇ ਆਪਣੀ ਸੁਰਜੀਤੀ ਵਾਸਤੇ ਹਰ ਢੰਗ ਵਰਤਣਾ ਹੁੰਦਾ ਹੈ।

ਅਕਾਲੀ ਦਲ ਦੇ ਨੇਤਾਵਾਂ ਨੇ ਰੈਲੀ ਵਿਚ ਇਕ ਵੀ ਮੌਜੂਦਾ ਮੁੱਦਾ ਨਹੀਂ ਉਠਾਇਆ। ਅੱਜ ਦਾ ਸਭ ਤੋਂ ਭਖਵਾਂ ਮੁੱਦਾ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਫੜ ਕੇ ਸਜ਼ਾਵਾਂ ਦੇਣ ਦਾ ਹੈ। ਇਸ ਤੋਂ ਅਕਾਲੀ ਦਲ ਤਾਂ ਲੁਕਦਾ ਫਿਰਦਾ ਹੀ ਹੈ, ਕਾਂਗਰਸੀ ਵੀ ਇਸਤੋਂ ਨਿਕਲਣਾ ਚਾਹੁੰਦੇ ਹਨ। ਜਿਸ ਤਰੀਕੇ ਨਾਲ ਅਕਾਲੀ ਭਾਜਪਾ ਗੱਠਜੋੜ ਦੀ ਸਰਕਾਰ ਸਮੇਂ ਬੇਅਦਬੀ ਕੀਤੀ ਗਈ ਸੀ ਤਾਂ ਕੀਤੀ ਹੈ, ਉਸ ਤੋਂ ਸਿੱਖ ਸੰਗਤਾਂ ਨੂੰ ਇਹ ਗੱਲ ਸੱਚਮੁੱਚ ਹੀ ਸੱਚੀ ਜਾਪਣ ਲੱਗੀ।

ਬੇਅਦਬੀ ਦੇ ਮੁੱਦੇ ਨੂੰ ਨਾ ਤਾਂ ਅਣਗੌਲਿਆਂ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਇਹ ਮੁੱਦਾ ਸਮੇਂ ਦੇ ਬੀਤਣ ਨਾਲ ਆਪਣੇ-ਆਪ ਹੀ ਦੱਬਣ ਵਾਲਾ ਹੈ। ਇਹ ਉਦੋਂ ਤਕ ਜੀਵਤ ਰਹੇਗਾ ਜਦੋਂ ਤਕ ਬੇਅਦਬੀ ਕਰਨ ਵਾਲਿਆਂ ਨੂੰ ਸਜ਼ਾਵਾਂ ਨਹੀਂ

> ***ਬੇਅਦਬੀ ਦੇ ਮੁੱਦੇ ਨੂੰ ਨਾ ਤਾਂ ਅਣਗੌਲਿਆਂ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਇਹ ਮੁੱਦਾ ਸਮੇਂ ਦੇ ਬੀਤਣ ਨਾਲ ਆਪਣੇ-ਆਪ ਹੀ ਦੱਬਣ ਵਾਲਾ ਹੈ। ਇਹ ਉਦੋਂ ਤਕ ਜੀਵਤ ਰਹੇਗਾ ਜਦੋਂ ਤਕ ਬੇਅਦਬੀ ਕਰਨ ਵਾਲਿਆਂ ਨੂੰ ਸਜ਼ਾਵਾਂ ਨਹੀਂ ਦਿੱਤੀਆਂ ਜਾਣਗੀਆਂ। ਹੋਰ ਰਾਜਨੀਤਕ ਮੁੱਦੇ ਭਾਵੇਂ ਕਿੰਨੇ ਵੀ ਭਖਵੇਂ ਕਿਉਂ ਨਾ ਹੋਣ, ਪਰ ਉਹ ਬੇਅਦਬੀ ਵਾਲੇ ਮੁੱਦੇ ਨੂੰ ਪਿੱਛੇ ਸੁੱਟਣ ਵਿਚ ਕਾਮਯਾਬ ਨਹੀਂ ਹੋਣਗੇ। ਅਕਾਲੀ ਲੀਡਰਸ਼ਿਪ ਵੀ ਇਹੋ ਸੋਚਦੀ ਸੀ ਕਿ ਸ਼ਾਇਦ ਸਮੇਂ ਦੇ ਵਹਾਅ ਨਾਲ ਇਹ ਮੁੱਦਾ ਵੀ ਆਪਣੇ-ਆਪ ਦੱਬ ਜਾਵੇਗਾ। ਉਕਤ ਰੈਲੀਆਂ ਕਰਨ ਦਾ ਕਾਰਨ ਵੀ ਸ਼ਾਇਦ ਇਹੋ ਸੀ।***

ਦਿੱਤੀਆਂ ਜਾਣਗੀਆਂ। ਹੋਰ ਰਾਜਨੀਤਕ ਮੁੱਦੇ ਭਾਵੇਂ ਕਿੰਨੇ ਵੀ ਭਖਵੇਂ ਕਿਉਂ ਨਾ ਹੋਣ, ਪਰ ਉਹ ਬੇਅਦਬੀ ਵਾਲੇ ਮੁੱਦੇ ਨੂੰ ਪਿੱਛੇ ਸੁੱਟਣ ਵਿਚ ਕਾਮਯਾਬ ਨਹੀਂ ਹੋਣਗੇ। ਅਕਾਲੀ ਲੀਡਰਸ਼ਿਪ ਵੀ ਇਹੋ ਸੋਚਦੀ ਸੀ ਕਿ ਸ਼ਾਇਦ ਸਮੇਂ ਦੇ ਵਹਾਅ ਨਾਲ ਇਹ ਮੁੱਦਾ ਵੀ ਆਪਣੇ-ਆਪ ਦੱਬ ਜਾਵੇਗਾ। ਉਕਤ ਰੈਲੀਆਂ ਕਰਨ ਦਾ ਕਾਰਨ ਵੀ ਸ਼ਾਇਦ ਇਹੋ ਸੀ।

ਉਸ ਸਮੇਂ ਵੀ ਸਿੱਖ ਸੰਗਤਾਂ ਦੇ ਮਨਾਂ ਵਿਚ ਇਹ ਵਿਚਾਰ ਆਏ ਸਨ ਕਿ ਇਹ ਬੇਅਦਬੀ ਅਕਾਲੀ ਸਰਕਾਰ ਨੇ ਜਾਣਬੁੱਝ ਕੇ ਕਰਵਾਈ ਹੈ, ਪਰ ਉਸ ਸਮੇਂ ਇਸ ਤਰ੍ਹਾਂ ਦੀ ਗੱਲ ਨੂੰ ਕੋਈ ਖੁੱਲ੍ਹ ਕੇ ਨਹੀਂ ਕਹਿਣਾ ਚਾਹੁੰਦਾ ਸੀ। ਜਿਸ ਤਰ੍ਹਾਂ 2016-17 ਵਿਚ ਅਕਾਲੀ ਦਲ ਦੀ ਲੀਡਰਸ਼ਿਪ ਨੇ ਬੇਅਦਬੀ ਦੇ ਮੁੱਦੇ ਨੂੰ ਟਾਲਣ ਦੀ ਕੋਸ਼ਿਸ਼ ਕੀਤੀ ਅਤੇ ਜਿਸ ਤਰ੍ਹਾਂ ਮੌਜੂਦਾ ਕਾਂਗਰਸ ਸਰਕਾਰ ਵੱਲੋਂ ਬਣਾਏ ਗਏ ਜਸਟਿਸ ਰਣਜੀਤ ਸਿੰਘ ਕਮਿਸ਼ਨ ਦਾ ਬਾਈਕਾਟ, ਇਸ ਦੀ ਰਿਪੋਰਟ 'ਤੇ ਪੰਜਾਬ ਵਿਧਾਨ ਸਭਾ ਦੀ ਬਹਿਸ ਦਾ ਬਾਈਕਾਟ ਕਰਕੇ ਅਕਾਲੀ ਲੀਡਰਸ਼ਿਪ ਨੇ ਸਾਰੇ ਮਾਮਲੇ ਨੂੰ ਟਾਲਣ ਦੀ ਕੋਸ਼ਿਸ਼

ਬਰਗਾੜੀ ਮੋਰਚੇ ਦੀ ਕੋਈ ਵੀ ਸਥਾਪਤ ਲੀਡਰਸ਼ਿਪ ਨਹੀਂ ਹੈ। ਨਾ ਹੀ ਬਰਗਾੜੀ ਮੋਰਚੇ ਵਾਲੀ ਧਿਰ ਵਿਚ ਕੋਈ ਅਜਿਹਾ ਵਿਅਕਤੀ ਦਿਸਦਾ ਹੈ ਜਿਹੜਾ ਪੰਜਾਬ ਨੂੰ ਅਗਵਾਈ ਦੇਣ ਦੇ ਸਮਰੱਥ ਹੋਵੇ। ਫਿਰ ਵੀ 7 ਅਕਤੂਬਰ ਨੂੰ ਰੋਸ ਮਾਰਚ ਵਿਚ ਦੋਵਾਂ ਰੈਲੀਆਂ ਨਾਲੋਂ ਕਿਤੇ ਜ਼ਿਆਦਾ ਵੱਡਾ ਇਕੱਠ ਹੋ ਗਿਆ ਸੀ। ਇਥੇ ਨਾ ਕਿਸੇ ਨੇ ਅਕਾਲੀਆਂ ਅਤੇ ਕਾਂਗਰਸੀਆਂ ਵਾਂਗ ਸ਼ਰਾਬ ਵੰਡੀ ਅਤੇ ਨਾ ਹੀ ਕੋਈ ਬੱਸ-ਗੱਡੀ ਹੀ ਧੱਕੇ ਨਾਲ ਲਿਆਂਦੀ, ਫਿਰ ਵੀ ਵੱਡਾ ਇਕੱਠ ਹੋ ਗਿਆ। ਜੇਕਰ ਇਸ ਮੁੱਦੇ ਨੂੰ ਮੁੱਖ ਅਤੇ ਇਕੋ-ਇਕ ਮੁੱਦਾ ਬਣਾ ਕੇ ਕੋਈ ਸਰਬਸਾਂਝੀ ਅਤੇ ਸਿੱਕੇਬੰਦ ਲੀਡਰਸ਼ਿਪ ਸਾਹਮਣੇ ਆ ਗਈ ਤਾਂ ਇਹੀ ਮੁੱਦਾ ਇਨਕਲਾਬ ਬਣ ਕੇ ਉਭਰ ਸਕਦਾ ਹੈ। ਇਸ ਦੇ ਆਸਾਰ ਬਣਨੇ ਸ਼ੁਰੂ ਹੋ ਗਏ ਹਨ। ਜਿਸ ਤਰ੍ਹਾਂ ਦੀਆਂ ਬਗਾਵਤੀ ਆਵਾਜ਼ਾਂ ਅਕਾਲੀ ਦਲ ਵਿਚੋਂ ਉਠਣੀਆਂ ਸ਼ੁਰੂ ਹੋ ਗਈਆਂ ਹਨ। ਉਨ੍ਹਾਂ ਤੋਂ ਸਮਝਿਆ ਜਾ ਸਕਦਾ ਹੈ ਕਿ ਇਕ ਲੀਡਰਸ਼ਿਪ ਉਭਰਨ ਦੇ ਆਸਾਰ ਬਣ ਰਹੇ ਹਨ।

ਸੁਖਦੇਵ ਸਿੰਘ ਢੀਂਡਸਾ ਦੀ ਬਾਗੀ ਸੁਰ ਸ਼ਾਇਦ ਓਨੀ ਪ੍ਰਭਾਵਸ਼ਾਲੀ ਨਾ ਲੱਗਦੀ ਹੋਵੇ ਕਿਉਂਕਿ ਇਨ੍ਹਾਂ ਨੇ ਅਜੇ ਵੀ ਆਪਣੇ ਪੈਰ ਦੋ ਬੇੜੀਆਂ ਵਿਚ ਰੱਖੇ ਹੋਏ ਹਨ। ਪਿਓ ਬਾਗੀ ਹੈ, ਪਰ ਪੁੱਤਰ ਅਜੇ ਵੀ ਬਾਦਲ ਦਾ ਵਫ਼ਾਦਾਰ ਹੈ। ਇਸ ਦੀ ਥਾਂ 'ਤੇ ਮਾਝੇ ਦੇ ਨੇਤਾਵਾਂ ਵਿਚੋਂ ਰਣਜੀਤ ਸਿੰਘ ਬ੍ਰਹਮਪੁਰਾ ਬਹੁਤ ਪ੍ਰਭਾਵਸ਼ਾਲੀ ਬਾਗੀ ਨੇਤਾ ਹੈ। ਉਹ ਦੋਵੇਂ ਪਿਓ-ਪੁੱਤਰ ਹੀ ਬਾਦਲ ਪਰਿਵਾਰ ਵਿਰੁਧ ਡਟ ਗਏ ਹਨ।

ਅਕਾਲੀ ਦਲ ਦਾ ਸਾਬਕਾ ਨੇਤਾ ਰਵੀਇੰਦਰ ਸਿੰਘ ਵੀ ਬਾਦਲ ਵਿਰੋਧੀ ਲੀਡਰਸ਼ਿਪ ਮੁਹੱਈਆ ਕਰਨ ਦੇ ਸਮਰੱਥ ਹੈ। ਨਵੀਂ ਉਭਰਨ ਵਾਲੀ ਲੀਡਰਸ਼ਿਪ ਸਬੰਧੀ ਇਹ ਮੰਨ ਕੇ ਹੀ ਚੱਲਣਾ ਚਾਹੀਦਾ ਹੈ ਕਿ ਬਾਦਲ ਪਰਿਵਾਰ ਵਿਰੁਧ ਸਿਰਫ਼ ਉਹ ਨੇਤਾ ਹੀ ਸਫਲਤਾ ਨਾਲ ਖੜ੍ਹਾ ਹੋ ਸਕਦਾ ਹੈ ਜਿਸ ਨੂੰ ਰਾਜਨੀਤੀ ਦੀ ਪੂਰੀ ਸਮਝ ਹੈ। ਨਿਰੋਲ ਧਾਰਮਿਕ ਕਿਸਮ ਦਾ ਨੇਤਾ ਬਾਦਲਾਂ ਖਿਲਾਫ਼ ਸਫਲ ਨਹੀਂ ਹੋ ਸਕੇਗਾ। ਸੁਖਪਾਲ ਸਿੰਘ ਖਹਿਰਾ ਅਤੇ ਸਿਮਰਨਜੀਤ ਸਿੰਘ ਬੈਂਸ ਨੇ ਰੋਸ ਮਾਰਚ ਵਿਚ ਸ਼ਾਮਲ ਹੋ ਕੇ ਉਮੀਦ ਜ਼ਰੂਰ ਜਗਾ ਦਿੱਤੀ ਹੈ, ਪਰ ਬੇਅਦਬੀ ਵਾਲੇ ਮੁੱਦੇ ਨੂੰ ਕਿਸੇ ਵੀ ਤਰ੍ਹਾਂ ਰਾਜਨੀਤਕ ਪੌੜੀ ਨਹੀਂ ਬਣਾਇਆ ਜਾ ਸਕੇਗਾ।

# ਪੰਜਾਬ ਤੀਜੇ ਬਦਲ ਦੀ ਤਲਾਸ਼ 'ਚ

ਇਸ ਸਮੇਂ ਪੰਜਾਬ ਗੁੰਝਲਦਾਰ ਸੰਕਟਾਂ ਵਿਚ ਘਿਰਿਆ ਹੋਇਆ ਹੈ। ਇਨ੍ਹਾਂ ਵਿਚੋਂ ਨਿਕਲ ਲਈ ਉਹ ਸਿਆਸੀ ਤੌਰ 'ਤੇ ਕਿਸੇ ਤੀਜੇ ਬਦਲ ਦੀ ਤਲਾਸ਼ ਵਿਚ ਹੈ। ਪੰਜਾਬ ਦੇ ਪ੍ਰਮੁੱਖ ਸੰਕਟਾਂ ਵਿਚ ਵਾਤਾਵਰਨ ਵਿਗਾੜ, ਮਾੜੀ ਵਿੱਤੀ ਸਥਿਤੀ, ਕਿਸਾਨਾਂ ਸਮੇਤ ਹੋਰ ਵਰਗਾਂ ਦੀਆਂ ਖ਼ੁਦਕੁਸ਼ੀਆਂ, ਵਧਦਾ ਕਰਜ਼ਾ, ਬੇਰੁਜ਼ਗਾਰੀ, ਸਨਅੱਤ ਵਿਚ ਖੜੋਤ, ਸਰਕਾਰੀ ਸੇਵਾ ਸੈਕਟਰ ਦਾ ਸੁੰਗੜਨਾ, ਸਰਕਾਰੀ ਸਿਹਤ ਅਤੇ ਸਿੱਖਿਆ ਸਹੂਲਤਾਂ ਦਾ

**ਪ੍ਰੋ. ਰਾਜਿੰਦਰਪਾਲ ਸਿੰਘ ਬਰਾੜ**

ਖਾਤਮਾ, ਵਧਦੇ ਨਸ਼ੇ ਅਤੇ ਅਮਨ ਕਾਨੂੰਨ ਦੀ ਵਿਗੜਦੀ ਹਾਲਤ ਅਹਿਮ ਹਨ। ਇਸ ਸਮੇਂ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਅਤੇ ਪੁਲੀਸ ਵਧੀਕੀਆਂ ਦਾ ਮਸਲਾ ਵੀ ਅਹਿਮ ਬਣਿਆ ਹੋਇਆ ਹੈ।

ਪੰਜਾਬ ਦੇ ਮੌਜੂਦਾ ਹਾਲਾਤ ਲਈ ਨਾ ਤਾਂ ਇਕ ਪਾਰਟੀ ਜ਼ਿੰਮੇਵਾਰ ਹੈ ਅਤੇ ਨਾ ਹੀ ਇਹ ਬੁਰਾ ਹਾਲ ਕੋਈ ਇਕ ਦਿਨ ਵਿਚ ਹੋਇਆ ਹੈ। ਇਸ ਲਈ ਮੌਜੂਦਾ ਅਤੇ ਪੁਰਾਣੀਆਂ ਕੇਂਦਰ ਅਤੇ ਰਾਜ ਸਰਕਾਰਾਂ ਜ਼ਿੰਮੇਵਾਰ ਹਨ। ਇਸ ਲਈ ਕਾਂਗਰਸ ਅਤੇ ਅਕਾਲੀ ਭਾਜਪਾ ਗੱਠਜੋੜ ਦੀਆਂ ਸਰਕਾਰਾਂ ਬਰਾਬਰ ਦੀਆਂ ਜ਼ਿੰਮੇਵਾਰ ਹਨ। ਇਸੇ ਕਰਕੇ ਪੰਜਾਬ ਇਸ ਸਮੇਂ ਤੀਸਰੇ ਬਦਲ ਦੀ ਤਲਾਸ਼ ਵਿਚ ਹੈ। ਕਦੇ ਇਹ ਤੀਜਾ ਬਦਲ ਉਸ ਨੂੰ ਕਮਿਊਨਿਸਟ ਲੱਗਦੇ ਸਨ, ਪਰ ਉਨ੍ਹਾਂ ਦੀ ਆਪਸੀ ਫੁੱਟ ਕਾਰਨ ਇਹ ਕੋਈ ਬਦਲ ਬਣਨ ਤੋਂ ਪਿੱਛੇ ਰਹਿ ਗਈਆਂ। ਕਮਿਊਨਿਸਟ ਪਾਰਟੀਆਂ ਜੋ ਕੁਝ ਕੇਰਲ, ਬੰਗਾਲ ਅਤੇ ਤ੍ਰਿਪੁਰਾ ਵਿਚ ਕਰ ਸਕੀਆਂ, ਉਹ ਵੀ ਪੰਜਾਬ ਵਿਚ ਕਰਨ ਤੋਂ ਖੁੰਝ ਗਈਆਂ। ਭਾਵੇਂ ਪੰਜਾਬ ਵਿਚ ਲੰਮਾ ਸਮਾਂ ਕਮਿਊਨਿਸਟ ਆਧਾਰ ਰਿਹਾ ਹੈ ਅਤੇ ਇਸ ਵਿਚਾਰਧਾਰਾ ਦੇ ਲੋਕ ਸਾਹਿਤ ਅਤੇ ਸੱਭਿਆਚਾਰਕ ਬਦਲਾਅ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਰਹੇ ਹਨ। ਇਸੇ ਪ੍ਰਕਾਰ ਕਿਸੇ ਸਮੇਂ ਲੱਗਦਾ ਸੀ ਕਿ ਪੰਜਾਬ ਵਿਚ ਬਹੁਜਨ ਸਮਾਜ ਪਾਰਟੀ ਕੁਝ ਕਰ ਗੁਜ਼ਰੇਗੀ, ਕਾਂਸ਼ੀ ਰਾਮ ਪੰਜਾਬ ਦਾ ਜੰਮਪਲ ਹੋਣ ਦੇ ਬਾਵਜੂਦ ਉਹ ਅਤੇ ਉਸਦੀ ਪਾਰਟੀ ਯੂ ਪੀ ਵਰਗਾ ਕ੍ਰਿਸ਼ਮਾ ਪੰਜਾਬ ਵਿਚ ਨਹੀਂ ਕਰ ਸਕੇ।

ਕਿਸੇ ਸਮੇਂ ਪੰਜਾਬ ਦੇ ਲੋਕਾਂ ਨੇ ਲੋਕ ਸਭਾ ਦੀਆਂ ਚੋਣਾਂ ਵਿਚ ਸਿਮਰਨਜੀਤ ਸਿੰਘ ਮਾਨ ਅਤੇ ਉਸ ਦੇ ਸਾਥੀਆਂ ਨੂੰ ਵੀ ਜਿਤਾਇਆ ਸੀ, ਪਰ ਉਹ ਵੀ ਕੋਈ ਬਦਲ ਦੇਣ ਤੋਂ ਪਹਿਲਾਂ ਹੀ ਪੰਜਾਬ ਦੇ ਲੋਕਾਂ ਦਾ ਵਿਸ਼ਵਾਸ ਗੁਆ ਬੈਠੇ। ਸਭ ਤੋਂ ਤਾਜ਼ਾ ਉਦਾਹਰਨ ਪੰਜਾਬੀਆਂ ਨੇ ਆਮ ਆਦਮੀ ਪਾਰਟੀ ਨੂੰ ਹੁੰਗਾਰਾ ਦੇ ਕੇ ਕਾਇਮ ਕੀਤੀ ਸੀ, ਪਰ ਇਹ ਪਾਰਟੀ ਵੀ ਹੋਰ ਪਾਰਟੀਆਂ ਵਾਂਗ ਹੀ ਅਲਾਮਤਾਂ ਦਾ ਸ਼ਿਕਾਰ ਹੋ ਗਈ। ਫਿਰ ਵੀ ਲੋਕਾਂ ਨੇ ਉਸ ਉਪਰ ਅੰਸ਼ਕ ਵਿਸ਼ਵਾਸ ਕਰਕੇ ਉਸ ਨੂੰ ਮੁੱਖ ਵਿਰੋਧੀ ਧਿਰ ਦਾ ਦਰਜਾ ਦਿੱਤਾ, ਪਰ ਉਹ ਵਿਰੋਧੀ ਧਿਰ ਦੀ ਵੀ ਸਹੀ ਭੂਮਿਕਾ ਨਿਭਾਉਣ ਤੋਂ ਪਿੱਛੇ ਰਹਿ ਗਈ।

ਲੋਕ ਸਭਾ ਦੀਆਂ ਚੋਣਾਂ ਨਜ਼ਦੀਕ ਹਨ। ਅਕਾਲੀ ਭਾਜਪਾ ਗੱਠਜੋੜ ਅਤੇ ਕਾਂਗਰਸ ਵਿਚ ਨੀਤੀਗਤ ਪੱਧਰ 'ਤੇ ਉਨੀ ਇਕੀ ਦਾ ਹੀ ਫ਼ਰਕ ਹੈ, ਇਸੇ ਕਾਰਨ ਲੋਕ ਤੀਜੇ ਬਦਲ ਦੀ ਤਲਾਸ਼ ਵਿਚ ਹਨ। ਇਹ ਤਲਾਸ਼ ਇਕੋ ਦਿਨ 7 ਅਕਤੂਬਰ ਨੂੰ ਹੋਈਆਂ ਤਿੰਨ ਰੈਲੀਆਂ ਵਿਚ ਵੀ ਦਿਖਾਈ ਦਿੱਤੀ। ਪਟਿਆਲਾ ਅਤੇ ਲੰਬੀ ਹਲਕੇ ਦੀਆਂ ਰੈਲੀਆਂ ਤਾਂ ਰਵਾਇਤੀ ਹੀ ਸਨ, ਪਰ ਕੋਟਕਪੂਰਾ ਬਰਗਾੜੀ ਰੈਲੀ ਚਿੰਨ੍ਹਾਤਮਕ ਪੱਖੋਂ ਬੜੀ ਮਹੱਤਵਪੂਰਨ ਹੈ। ਦੂਜੀਆਂ ਦੋਹਾਂ ਰੈਲੀਆਂ ਦੇ ਮੁਕਾਬਲੇ ਇਹ ਰੈਲੀ ਸਭ ਤੋਂ ਵੱਧ ਚਿਰ ਚੱਲੀ। ਇਸ ਅੰਦਰ ਲੋਕਾਂ ਦਾ ਹੁੰਗਾਰਾ ਕਿਸੇ ਨਵੇਂ ਬਦਲ ਦੀ ਤਲਾਸ਼ ਦੀ ਸੂਹ ਦਿੰਦਾ ਸੀ, ਪਰ ਇਹ ਸਾਰੇ ਰੋਸ ਮਾਰਚ ਤੇ ਰੈਲੀ ਵਿਚ ਭਵਿੱਖ ਦੀਆਂ ਮੁਸ਼ਕਲਾਂ ਵੀ ਨਾਲ ਹੀ ਸਨ। ਇਸ ਵਿਚ ਸ਼ਾਮਲ ਧਿਰਾਂ ਭਾਵੇਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਉਸ ਤੋਂ ਬਾਅਦ ਹੋਏ ਗੋਲੀ ਕਾਂਡ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਦੇ ਮੁੱਦੇ 'ਤੇ ਇਕੱਠੀਆਂ ਹੋਈਆਂ ਸਨ, ਪਰ ਸਿਆਸੀ ਆਧਾਰ 'ਤੇ ਇਹ ਅਸਲ ਵਿਚ ਕਾਂਗਰਸ ਅਤੇ ਅਕਾਲੀ ਭਾਜਪਾ ਗੱਠਜੋੜ ਦੋਹਾਂ ਦੇ ਵਿਰੋਧੀਆਂ ਦਾ ਇਕੱਠ ਸੀ। ਆਮ ਆਦਮੀ ਦੇ ਦੋਹਾਂ ਧੜਿਆਂ ਨੇ ਆਪੋ ਆਪਣੇ ਢੰਗ ਨਾਲ ਆਪਣੀ ਹੋਂਦ ਜਤਾਈ। ਸੁਖਪਾਲ ਸਿੰਘ ਖਹਿਰਾ ਨੇ ਲੋਕ ਇਨਸਾਫ ਪਾਰਟੀ ਦੇ ਬੈਂਸ ਭਰਾਵਾਂ ਨੂੰ ਨਾਲ ਲੈ ਕੇ ਕੋਟਕਪੂਰੇ ਤੋਂ ਬਰਗਾੜੀ ਤਕ ਰੋਸ ਮਾਰਚ ਕਰਦਿਆਂ ਵਿਲੱਖਣਤਾ ਅਤੇ ਸਮਰਥਨ ਦੋਵੇਂ ਦਰਸਾਉਣ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਨੇ ਆਪਣੇ ਵੱਲੋਂ ਬੇਅਦਬੀ ਦੇ ਨਾਲੋਂ ਨਾਲ ਪੰਜਾਬ ਦੇ ਹੋਰ ਮੁੱਦੇ ਵੀ ਨਾਲ ਹੀ ਰੱਖੇ।

ਪੰਜਾਬ ਵਿਚ ਤੀਜੇ ਬਦਲ ਨੂੰ ਇਕੱਠਾ ਤਾਂ ਕਾਂਗਰਸ /ਅਕਾਲੀ-ਭਾਜਪਾ ਗੱਠਜੋੜ ਦਾ ਵਿਰੋਧ ਕਰ ਰਿਹਾ ਹੈ, ਪਰ ਵੰਡਣ ਵਾਲੀਆਂ ਬਹੁਤ ਗੱਲਾਂ ਹਨ। ਜਿੰਨੀ ਦੇਰ ਇਨ੍ਹਾਂ ਧਿਰਾਂ ਕੋਲ ਸੱਤਾ ਨਹੀਂ ਹੈ ਓਨੀ ਦੇਰ ਇਹ ਬਦਲ ਠੀਕ ਅਤੇ ਇਕੱਠਾ ਜਾਪਦਾ ਹੈ। ਸੱਤਾ ਆਉਂਦਿਆ ਹੀ ਇਨ੍ਹਾਂ ਅੰਦਰ ਪ੍ਰਭੁਸੱਤਾ ਦੀ ਲੜਾਈ ਸ਼ੁਰੂ ਹੋ ਜਾਵੇਗੀ। ਇਸ ਸਮੇਂ ਇਨ੍ਹਾਂ ਨੂੰ ਪੰਜਾਬ ਦੇ ਸਾਂਝੇ ਮੁੱਦੇ ਹੀ ਲੰਮਾ ਸਮਾਂ ਖੜ੍ਹਾ ਸਕਦੇ ਹਨ, ਪਰ ਮੁੱਦਿਆਂ ਪ੍ਰਤੀ ਇਨ੍ਹਾਂ ਦੀ ਸਮਝ ਵਿਚ ਏਕਤਾ ਨਹੀਂ ਹੈ। ਇਸ ਦੇ ਬਾਵਜੂਦ ਬਰਗਾੜੀ ਰੈਲੀ ਦੇ ਕੁਝ ਮਹੱਤਵਪੂਰਨ ਸਬਕ ਹਨ। ਪਹਿਲਾ ਇਹ ਕਿ ਸਟੇਜ ਤੋਂ ਵਾਰ ਵਾਰ ਸਪੱਸ਼ਟ ਕੀਤਾ ਗਿਆ ਕਿ ਇਹ ਇਕੱਠ ਬੇਅਦਬੀ ਦੇ ਮੁੱਦੇ 'ਤੇ ਹੈ, ਪਰ ਇਸ ਵਿਚ ਸਾਰੇ ਧਰਮਾਂ ਦੇ ਲੋਕ ਸ਼ਾਮਲ ਹੋਏ। ਇਸ ਨੂੰ ਦਰਸਾਉਣ ਲਈ ਦੂਜੇ ਧਰਮਾਂ ਦੇ ਕੁਝ ਵਿਅਕਤੀ ਆਪੋ ਆਪਣੇ ਰਵਾਇਤੀ ਪਹਿਰਾਵਿਆਂ ਵਿਚ ਆਏ ਅਤੇ ਸਟੇਜ ਤੋਂ ਬੋਲੇ ਵੀ, ਪਰ ਉਨ੍ਹਾਂ ਦੀ ਗਿਣਤੀ ਬਹੁਤ ਘੱਟ ਸੀ। ਜੇ ਇਸ ਤੀਜੇ ਬਦਲ ਨੇ ਕਾਮਯਾਬ ਹੋਣਾ ਹੈ ਤਾਂ ਦੂਸਰੇ ਧਰਮਾਂ ਵਾਲਿਆਂ ਦੀ ਬਹੁਗਿਣਤੀ ਦੀ ਹਾਜ਼ਰੀ ਵਧਾਉਣੀ ਪਵੇਗੀ। ਉਨ੍ਹਾਂ ਅੰਦਰ ਇਹ ਵਿਸ਼ਵਾਸ ਜਗਾਉਣਾ ਪਵੇਗਾ ਕਿ ਤੀਜਾ ਬਦਲ ਕਿਸੇ ਇਕ ਧਰਮ ਦਾ ਨਹੀਂ, ਸਗੋਂ ਸਰਬ ਸਾਂਝਾ ਹੈ। ਕੇਵਲ ਪੰਜਾਬ ਲਈ ਵੱਧ ਅਧਿਕਾਰ ਮੰਗਣ ਦੀ ਥਾਂ ਆਪਣੇ ਹੱਕ ਅਤੇ ਸਾਰੇ ਰਾਜਾਂ ਨੂੰ ਵਧੇਰੇ ਅਧਿਕਾਰ ਦੇਣ ਦੀ ਮੰਗ ਉਠਾਉਣੀ ਪਵੇਗੀ। ਤੀਜੇ ਬਦਲ ਦੇ ਚਾਹਵਾਨਾਂ ਨੂੰ ਦੱਸਣਾ ਪਵੇਗਾ ਕਿ ਪੰਜਾਬ ਦੇ ਲੋਕਾਂ ਲਈ ਉਹ ਕੀ ਕਰ ਸਕਦੇ ਹਨ, ਇਸ ਲਈ ਨੇਤਾ ਠੋਸ ਯੋਜਨਾਬੰਦੀ ਸਾਹਮਣੇ ਰੱਖਣ।

ਤੀਜੇ ਬਦਲ ਦੇ ਚਾਹਵਾਨਾਂ ਨੂੰ ਨਿਰੋਲ ਕਾਂਗਰਸ ਜਾਂ ਅਕਾਲੀ ਭਾਜਪਾ ਗੱਠਜੋੜ ਦਾ ਵਿਰੋਧ ਕਰਨ ਦੀ ਥਾਂ ਆਪਣਾ ਵੱਖਰਾ ਅਤੇ ਚੰਗਾ ਪੰਜਾਬ ਪੱਖੀ ਪ੍ਰੋਗਰਾਮ ਦੇਣਾ ਪਵੇਗਾ। ਇਸ ਲਈ ਕੇਵਲ ਵਾਅਦਿਆਂ ਅਤੇ ਦਾਅਵਿਆਂ ਦੀ ਥਾਂ ਠੋਸ ਨੀਤੀ ਘੜਨ ਦੀ ਜ਼ਰੂਰਤ ਹੈ। ਇਸ ਵਿਚਾਰ ਮੰਥਨ, ਸਮੂਹਿਕ ਹੰਭਲੇ ਅਤੇ ਸਾਂਝੇ ਸੰਘਰਸ਼ ਵਿਚੋਂ ਹੀ ਭਵਿੱਖ ਦਾ ਤੀਸਰਾ ਬਦਲ ਉਦੇ ਹੋ ਸਕਦਾ ਹੈ।

## ਸ਼੍ਰੋਮਣੀ ਕਮੇਟੀ ਚੋਣਾਂ ਲਈ ਕੇਂਦਰੀ ਗ੍ਰਿਹ ਮੰਤਰੀ ਨੂੰ ਪੱਤਰ

**ਜਲੰਧਰ:** ਸੀਨੀਅਰ ਕਾਂਗਰਸ ਆਗੂ ਤੇ ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੇ ਕੇਂਦਰੀ ਗ੍ਰਿਹ ਮੰਤਰੀ ਰਾਜਨਾਥ ਸਿੰਘ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਸ਼੍ਰੋਮਣੀ ਕਮੇਟੀ ਦੇ ਮੌਜੂਦਾ




ਹਾਊਸ ਦੀ ਮਿਆਦ ਦੋ ਸਾਲ ਪਹਿਲਾਂ ਖਤਮ ਹੋ ਗਈ ਸੀ ਜਿਸ ਕਰ ਕੇ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਤੁਰਤ ਕਰਵਾਈਆਂ ਜਾਣ। ਉਨ੍ਹਾਂ ਲਿਖਿਆ ਹੈ ਕਿ ਸ਼੍ਰੋਮਣੀ ਕਮੇਟੀ ਦੀ 2011 'ਚ ਚੋਣ ਹੋਣੀ ਸੀ, ਪਰ ਸੁਪਰੀਮ ਕੋਰਟ ਵੱਲੋਂ 8 ਅਕਤੂਬਰ, 2003 ਦਾ ਨੋਟੀਫਿਕੇਸ਼ਨ ਰੱਦ ਕਰਕੇ ਸਹਿਜਧਾਰੀ ਸਿੱਖਾਂ ਨੂੰ ਵੀ ਵੋਟ ਦਾ ਹੱਕ ਦੇ ਦਿੱਤਾ ਸੀ।

ਇਸ ਕਰ ਕੇ 2011 'ਚ ਹੋਈਆਂ ਚੋਣਾਂ ਬਾਰੇ ਕਾਨੂੰਨੀ ਝਮੇਲਾ ਖੜ੍ਹਾ ਹੋ ਗਿਆ ਸੀ, ਫਿਰ ਸ਼੍ਰੋਮਣੀ ਕਮੇਟੀ ਵੱਲੋਂ ਸੁਪਰੀਮ ਕੋਰਟ 'ਚ ਪਾਈ ਰਿੱਟ ਦੀ ਸੁਣਵਾਈ ਕਰਦਿਆਂ ਅਦਾਲਤ ਨੇ ਚੋਣਾਂ ਤੋਂ ਪਹਿਲਾਂ ਵਾਲੀ ਕਾਰਜਕਾਰਨੀ ਨੂੰ ਕੰਮ ਕਰਨ ਦੀ ਖੁੱਲ੍ਹ ਦੇ ਦਿੱਤੀ ਸੀ। 2016 'ਚ ਪਾਰਲੀਮੈਂਟ ਨੇ ਇਕ ਸੋਧ ਕਰ ਕੇ ਸਹਿਜਧਾਰੀ ਸਿੱਖਾਂ ਨੂੰ ਵੋਟ ਦੇ ਅਧਿਕਾਰ ਤੋਂ ਵਾਂਝਾ ਕਰ ਦਿੱਤਾ। ਇਸ ਤਰ੍ਹਾਂ 2011 'ਚ ਹੋਈ ਚੋਣ ਵਿਧਾਨਿਕ ਮੰਨੀ ਗਈ, ਪਰ ਸੁਪਰੀਮ ਕੋਰਟ ਨੇ 2011 ਵਿਚ ਚੁਣੇ ਗਏ ਮੈਂਬਰਾਂ ਦੀ ਮਿਆਦ 2021 ਤੱਕ ਵਧਾਏ ਜਾਣ ਦੀ ਮੰਗ ਰੱਦ ਕਰ ਦਿੱਤੀ ਸੀ।

ਸ. ਬਾਜਵਾ ਨੇ ਕਿਹਾ ਕਿ 17 ਦਸੰਬਰ, 2016 ਨੂੰ ਇਨ੍ਹਾਂ ਚੁਣੇ ਮੈਂਬਰਾਂ ਦੀ ਮਿਆਦ ਪੁੱਗ ਗਈ ਸੀ। ਹੁਣ ਚੁਣਿਆ ਗਿਆ ਪੁਰਾਣਾ ਹਾਊਸ ਗੈਰ-ਕਾਨੂੰਨੀ ਤਰੀਕੇ ਨਾਲ ਕਮੇਟੀ 'ਤੇ ਕਾਬਜ਼ ਹੈ ਤੇ ਧਰਮ ਤੇ ਪ੍ਰਬੰਧਕੀ ਮਾਮਲਿਆਂ ਬਾਰੇ ਬੜੇ ਅਹਿਮ ਫੈਸਲੇ ਲੈ ਰਿਹਾ ਹੈ ਜੋ ਕਿ ਕਾਨੂੰਨੀ ਤੌਰ 'ਤੇ ਸਹੀ ਨਹੀਂ।

## ਭਾਰਤੀ ਮੂਲ ਦੇ ਨੇਤਰਹੀਣ ਵਿਅਕਤੀ ਨੂੰ ਮਦਦ ਲਈ ਦਿੱਤਾ ਜਾਵੇਗਾ ਘੋੜਾ

**ਲੰਡਨ:** ਉਤਰ-ਪੱਛਮੀ ਇੰਗਲੈਂਡ ਵਿਚ ਰਹਿੰਦੇ ਭਾਰਤੀ ਮੂਲ ਦੇ ਜਿਸ ਵਿਅਕਤੀ ਦੀ ਅੱਖਾਂ ਦੀ ਰੌਸ਼ਨੀ ਘਟਦੀ ਜਾ ਰਹੀ ਹੈ ਉਸ ਨੂੰ ਮਦਦ ਲਈ ਘੋੜਾ ਦਿੱਤਾ ਜਾਵੇਗਾ। ਲੰਕਾਸ਼ਾਇਰ ਦੇ ਬਲੈਕਬਰਨ ਵਿਚ ਰਹਿਣ ਵਾਲੇ ਪੱਤਰਕਾਰ ਮੁਹੰਮਦ ਸਲੀਮ ਪਟੇਲ ਅੱਖਾਂ ਦੀ ਬਿਮਾਰੀ ਰੈਟਿਨਟਿਜ਼ ਪਿਗਮੈਂਨਟੋਸਾ ਨਾਲ ਪੀੜਤ ਹਨ ਤੇ ਉਨ੍ਹਾਂ ਦੀ ਸੱਜੀ ਅੱਖ ਵਿਚ ਥੋੜ੍ਹੀ ਜਿਹੀ ਰੌਸ਼ਨੀ ਬਾਕੀ ਬਚੀ ਹੈ। ਕੁਝ ਦੇਰ ਬਾਅਦ ਉਹ ਪੂਰੀ ਤਰ੍ਹਾਂ ਨੇਤਰਹੀਣ ਹੋ ਜਾਣਗੇ। 24 ਸਾਲਾ ਪਟੇਲ ਬਚਪਨ ਤੋਂ ਹੀ ਕੁੱਤਿਆਂ ਤੋਂ ਬਹੁਤ ਡਰਦੇ ਸਨ ਇਸ ਲਈ ਉਨ੍ਹਾਂ ਨੂੰ ਮਦਦ ਲਈ ਘੋੜਾ ਮੁਹੱਈਆ ਕਰਵਾਇਆ ਜਾਵੇਗਾ। ਜਦੋਂ ਕਿ ਅਜਿਹੇ ਕੇਸਾਂ ਵਿਚ ਆਮ ਤੌਰ ਉਤੇ ਕੁੱਤਿਆਂ ਦੀ ਮਦਦ ਲਈ ਜਾਂਦੀ ਹੈ। ਪਟੇਲ ਨੇ ਦੱਸਿਆ ਕਿ ਉਨ੍ਹਾਂ ਦੀ ਮਦਦ ਕਰਨ ਵਾਲਾ ਘੋੜਾ (ਡਿਗਬੀ) ਅਜੇ ਬੱਚਾ ਹੈ ਅਤੇ ਮਈ 2019 ਵਿਚ ਉਹ ਦੋ ਸਾਲ ਦਾ ਹੋ ਜਾਵੇਗਾ।

ਉਸ ਦੀ ਸਿਖਲਾਈ ਨੂੰ ਅਜੇ ਦੋ ਸਾਲ ਦਾ ਸਮਾਂ ਹੋਰ ਲੱਗੇਗਾ। ਉਨ੍ਹਾਂ ਨੂੰ ਉਮੀਦ ਹੈ ਕਿ ਇਸ ਮਗਰੋਂ ਉਹ ਘੋੜੇ ਨੂੰ ਬਲੈਕਬਰਨ ਆਪਣੇ ਨਾਲ ਲਿਜਾ ਸਕਣਗੇ। ਉਨ੍ਹਾਂ ਕਿਹਾ ਕਿ ਮਨੁੱਖ ਦੀ ਮਦਦ ਕਰਦੇ ਕੁੱਤੇ 7 ਸਾਲ ਬਾਅਦ ਸੇਵਾ ਮੁਕਤ ਹੋ ਜਾਂਦੇ ਹਨ ਜਦੋਂ ਕਿ ਘੋੜਾ (ਡਿਗਬੀ) 40 ਸਾਲ ਤੱਕ ਉਨ੍ਹਾਂ ਨਾਲ ਕੰਮ ਕਰੇਗਾ।

# ਭਾਰਤ 'ਚ ਅਮੀਰ-ਗਰੀਬ ਦਾ ਪਾੜਾ ਕਿਵੇਂ ਘਟਾਇਆ ਜਾਵੇ?

8 ਅਕਤੂਬਰ 2018 ਨੂੰ ਡਿਵੈਲਪਮੈਂਟ ਫਾਇਨੈਂਸ ਇੰਟਰਨੈਸ਼ਨਲ ਅਤੇ ਔਰਸਫੈਮ ਸੰਸਥਾਵਾਂ ਵਲੋਂ ਅਮੀਰ-ਗਰੀਬ ਦਾ ਪਾੜਾ ਘਟਾਉਣ ਲਈ ਵੱਖ ਵੱਖ ਮੁਲਕਾਂ ਦੀਆਂ ਕੋਸ਼ਿਸ਼ਾਂ ਦੇ ਆਧਾਰ 'ਤੇ ਕੀਤੀ ਗਈ ਦਰਜਾਬੰਦੀ ਵਿਚ ਭਾਰਤ ਫਾਡੀ ਮੁਲਕਾਂ ਵਿਚ ਆਇਆ ਹੈ। 2015 ਦੌਰਾਨ 193 ਮੁਲਕਾਂ ਦੀਆਂ ਸਰਕਾਰਾਂ ਨੇ ਅਮੀਰ-ਗਰੀਬ ਦਾ ਪਾੜਾ ਘਟਾਉਣ ਦਾ ਵਾਅਦਾ ਕੀਤਾ ਸੀ। ਇਨ੍ਹਾਂ ਮੁਲਕਾਂ ਦੀਆਂ ਸਰਕਾਰਾਂ ਦਾ ਮੰਨਣਾ ਸੀ ਕਿ ਕਿਸੇ ਵੀ ਮੁਲਕ ਵਿਚ ਅਮੀਰ-ਗਰੀਬ ਦਾ ਪਾੜਾ ਘਟਾਉਣ ਤੋਂ ਬਿਨਾ ਗਰੀਬੀ ਨੂੰ ਖਤਮ ਕਰਨਾ ਅਸੰਭਵ ਹੈ। ਇਸ ਰਿਪੋਰਟ ਨੂੰ ਤਿਆਰ ਕਰਨ ਲਈ 157 ਮੁਲਕਾਂ ਦੀਆਂ ਸਰਕਾਰਾਂ ਨੇ ਅਮੀਰ-ਗਰੀਬ ਦਾ ਪਾੜਾ ਘੱਟ ਕਰਨ ਲਈ ਆਪਣੇ ਵੱਲੋਂ ਕੀਤੇ ਗਏ ਉਪਰਾਲਿਆਂ

ਡਾ. ਗਿਆਨ ਸਿੰਘ
ਫੋਨ: 424-362-8759

ਨਾਲ ਸਬੰਧਤ ਅੰਕੜੇ ਡਿਵੈਲਪਮੈਂਟ ਫਾਇਨੈਂਸ ਇਟਰਨੈਸ਼ਨਲ ਅਤੇ ਔਕਸਫੋਮ ਸੰਸਥਾਵਾਂ ਨੂੰ ਮੁਹੱਈਆ ਕਰਵਾਏ। ਇਨ੍ਹਾਂ ਸੰਸਥਾਵਾਂ ਵੱਲੋਂ ਵੱਖ ਵੱਖ ਮੁਲਕਾਂ ਦੀਆਂ ਸਰਕਾਰਾਂ ਵੱਲੋਂ ਕੀਤੇ ਗਏ ਉਪਰਾਲਿਆਂ 'ਤੇ ਆਧਾਰਤ ਦਰਜਾਬੰਦੀ ਵਿਚ ਭਾਰਤ 147ਵੇਂ ਥਾਂ ਹੈ, ਭਾਵ 146 ਮੁਲਕਾਂ ਦੀਆਂ ਸਰਕਾਰਾਂ ਨੇ ਅਮੀਰ-ਗਰੀਬ ਦਾ ਪਾੜਾ ਘੱਟ ਕਰਨ ਲਈ ਭਾਰਤ ਸਰਕਾਰ ਤੋਂ ਵੱਧ ਉਪਰਾਲੇ ਕੀਤੇ ਅਤੇ ਸਿਰਫ 10 ਮੁਲਕਾਂ ਦੀਆਂ ਸਰਕਾਰਾਂ ਹੀ ਭਾਰਤ ਤੋਂ ਪਿੱਛੇ ਰਹੀਆਂ।

ਅਮੀਰ-ਗਰੀਬ ਦਾ ਪਾੜਾ ਘੱਟ ਕਰਨ ਸਬੰਧੀ ਭਾਰਤ ਬ੍ਰਿਕਸ ਮੁਲਕਾਂ ਵਿਚੋਂ ਫਾਡੀ ਰਿਹਾ ਹੈ ਜਦੋਂ ਕਿ ਦੱਖਣੀ ਅਫਰੀਕਾ 31ਵੇਂ, ਬ੍ਰਾਜ਼ੀਲ 39ਵੇਂ, ਰੂਸ 50ਵੇਂ ਅਤੇ ਚੀਨ 81ਵੇਂ ਥਾਂ ਹੈ। ਹੋਰ ਤਾਂ ਹੋਰ ਸਾਡੇ ਗੁਆਂਢੀ ਮੁਲਕਾਂ-ਸ੍ਰੀਲੰਕਾ ਅਤੇ ਪਾਕਿਸਤਾਨ ਦੀ ਦਰਜਾਬੰਦੀ ਸਾਡੇ ਤੋਂ ਘੱਟ ਮਾੜੀ ਹੈ, ਕਿਉਂਕਿ ਇਸ ਦਰਜਾਬੰਦੀ 'ਚ ਸ੍ਰੀਲੰਕਾ 102ਵੇਂ ਅਤੇ ਪਾਕਿਸਤਾਨ 137ਵੇਂ ਥਾਂ ਹੈ।

ਇਹ ਰਿਪੋਰਟ ਤਿਆਰ ਕਰਨ ਵਾਲੀਆਂ ਸੰਸਥਾਵਾਂ ਦਾ ਮੰਨਣਾ ਹੈ ਕਿ ਅਮੀਰ-ਗਰੀਬ ਦਾ ਪਾੜਾ ਘਟਾਉਣ ਲਈ ਤਿੰਨ ਖੇਤਰ-ਸਮਾਜਿਕ ਖਰਚਿਆਂ 'ਚ ਵਾਧਾ, ਟੈਕਸ ਅਤੇ ਕਿਰਤੀਆਂ ਦੇ ਹੱਕਾਂ ਦੀ ਰਾਖੀ ਬਹੁਤ ਅਹਿਮ ਹਨ। ਸਮਾਜਿਕ ਖਰਚਿਆਂ ਦੇ ਵਾਧੇ 'ਚ ਵਿੱਦਿਆ, ਸਿਹਤ-ਸੰਭਾਲ ਅਤੇ ਸਮਾਜਿਕ ਸੁਰੱਖਿਆ ਨੂੰ ਲਿਆ ਗਿਆ ਹੈ। ਟੈਕਸਾਂ ਵਿਚ ਦੋ ਤਰ੍ਹਾਂ ਦੇ ਟੈਕਸਾਂ-ਵਧਦੀਆਂ ਦਰਾਂ ਤੇ ਘਟਦੀਆਂ ਦਰਾਂ ਨੂੰ ਲਿਆ ਗਿਆ ਹੈ। ਕਿਰਤੀਆਂ ਦੇ ਹੱਕਾਂ ਦੀ ਰਾਖੀ ਕਰਨ ਸਬੰਧੀ ਆਮ ਕਿਰਤੀਆਂ ਦੀਆਂ ਤਨਖਾਹਾਂ ਵਿਚ ਵਾਧਾ ਤੇ ਸਖਤ ਕਿਰਤ ਕਾਨੂੰਨਾਂ ਦੀ ਪਾਲਣਾ, ਖਾਸ ਕਰਕੇ ਔਰਤ ਕਿਰਤੀਆਂ ਦੇ ਹੱਕਾਂ ਦੀ ਰਾਖੀ, ਜਿਸ ਵਿਚ ਜਣੇਪੇ ਮੌਕੇ ਮਾਂ ਤੇ ਪਿਉ-ਦੋਹਾਂ ਲਈ ਤਨਖਾਹ ਸਣੇ ਛੁੱਟੀ ਦਾ ਪ੍ਰਬੰਧ ਕਰਨਾ ਤੇ ਔਰਤਾਂ ਨੂੰ ਘੱਟੋ-ਘੱਟ ਉਜ਼ਰਤਾਂ ਦੇਣੀਆਂ ਯਕੀਨੀ ਬਣਾਉਣਾ ਹੈ।

ਕੌਮਾਂਤਰੀ ਮੁਦਰਾ ਕੋਸ਼ ਦੇ ਅਨੁਮਾਨ ਅਨੁਸਾਰ 2018-19 ਲਈ ਭਾਰਤ ਦੀ ਆਰਥਿਕ ਵਿਕਾਸ ਦਰ 7.3 ਫੀਸਦੀ ਰਹੇਗੀ। ਭਾਰਤ ਲਗਾਤਾਰ ਦੂਜੇ ਸਾਲ ਦੁਨੀਆਂ ਦੀ ਸਭ ਤੋਂ ਤੇਜ਼ੀ ਨਾਲ ਵਿਕਾਸ ਕਰ ਰਹੀ ਅਰਥ ਵਿਵਸਥਾ ਦਾ ਦਰਜਾ ਪ੍ਰਾਪਤ ਕਰ ਲਵੇਗਾ ਅਤੇ ਇਸ ਦੀ ਆਰਥਿਕ ਵਿਕਾਸ ਦਰ ਚੀਨ ਨਾਲੋਂ 0.7 ਫੀਸਦੀ ਜ਼ਿਆਦਾ ਰਹੇਗੀ। ਕੌਮਾਂਤਰੀ ਮੁਦਰਾ ਕੋਸ਼ ਅਨੁਸਾਰ 2019-20 ਵਿਚ ਭਾਰਤ ਦੀ ਆਰਥਿਕ ਵਿਕਾਸ ਦਰ 7.4 ਫੀਸਦੀ ਰਹਿਣ ਦਾ ਅਨੁਮਾਨ ਹੈ। ਭੱਠ ਪਿਆ ਸੋਨਾ ਜੋ ਕੰਨਾਂ ਨੂੰ ਖਾਵੇ, ਕਿਉਂਕਿ ਇਸ ਸਾਲ ਦੌਰਾਨ ਮਨੁੱਖੀ ਵਿਕਾਸ, ਸਮਾਜਿਕ ਪ੍ਰਗਤੀ ਅਤੇ ਹੁਣ ਅਮੀਰ-ਗਰੀਬ ਦਾ ਪਾੜਾ ਘੱਟ ਕਰਨ ਸਬੰਧੀ ਰਿਲੀਜ਼ ਹੋਈਆਂ ਰਿਪੋਰਟਾਂ ਵਿਚ ਭਾਰਤ ਫਾਡੀ ਮੁਲਕਾਂ ਵਿਚ ਹੀ ਆਇਆ ਹੈ। ਇਸ ਤਰ੍ਹਾਂ ਦੀਆਂ ਰਿਪੋਰਟਾਂ, ਜਿਨ੍ਹਾਂ ਵਿਚ ਭਾਰਤ ਦੇ ਹੁਕਮਰਾਨਾਂ ਦੀ ਮਾੜੀ ਕਾਰਗੁਜ਼ਾਰੀ ਸਾਹਮਣੇ ਲਿਆਂਦੀ ਗਈ ਹੋਵੇ, ਬਾਰੇ ਭਾਰਤ ਸਰਕਾਰ ਅਤੇ ਉਸ ਦੇ ਝਾੜੂਬਰਦਾਰ 'ਵਿਦਵਾਨਾਂ' ਵੱਲੋਂ ਅਕਸਰ ਕਿੰਤੂ-ਪ੍ਰੰਤੂ ਕੀਤੇ ਜਾਂਦੇ ਹਨ, ਜੋ ਮੁਲਕ ਦੀਆਂ ਹਕੀਕਤਾਂ ਨਾਲ ਮੇਲ ਨਹੀਂ ਖਾਂਦੇ ਹੁੰਦੇ।

ਸਰਮਾਏਦਾਰ ਅਰਥ ਵਿਵਸਥਾ ਵਿਚ ਮਨੁੱਖੀ ਲੋੜਾਂ ਦਾ ਤਿੰਨ ਪ੍ਰਕਾਰ ਦੀਆਂ ਲੋੜਾਂ ਵਜੋਂ ਅਧਿਐਨ ਕੀਤਾ ਜਾਂਦਾ ਹੈ। ਇਹ ਹਨ-ਜਨਤਕ, ਮੈਰਿਟ ਅਤੇ ਨਿੱਜੀ ਲੋੜਾਂ। ਜਨਤਕ ਲੋੜਾਂ ਉਹ ਹੁੰਦੀਆਂ ਹਨ, ਜਿਨ੍ਹਾਂ ਦੀ ਪੂਰਤੀ ਬਿਨਾ ਕਿਸੇ ਭੇਦਭਾਵ ਤੋਂ ਸਰਕਾਰ ਬਿਲਕੁਲ ਮੁਫਤ ਕਰਦੀ ਹੈ। ਮੈਰਿਟ ਲੋੜਾਂ ਮਨੁੱਖਾਂ ਦੀਆਂ ਜ਼ਰੂਰੀ ਲੋੜਾਂ ਹੁੰਦੀਆਂ ਹਨ, ਪਰ ਗਰੀਬਾਂ ਸਬੰਧੀ ਇਨ੍ਹਾਂ ਦੀ ਪੂਰਤੀ ਲਈ ਸਰਕਾਰ ਮਦਦ ਕਰਦੀ ਹੈ ਜਿਵੇਂ ਸਬਸਿਡੀਆਂ/ਰਿਆਇਤਾਂ ਦੇਣਾ। ਨਿੱਜੀ ਲੋੜਾਂ ਦੀ ਪੂਰਤੀ ਮਨੁੱਖਾਂ ਦੀ ਖਰੀਦ-ਸ਼ਕਤੀ 'ਤੇ ਨਿਰਭਰ ਕਰਦੀ ਹੈ, ਭਾਵ ਜੋ ਮਨੁੱਖ ਵੱਧ ਅਮੀਰ ਹੋਣਗੇ, ਉਹ ਆਪਣੀਆਂ ਨਿੱਜੀ ਲੋੜਾਂ ਦੀ ਵੱਧ ਪੂਰਤੀ ਕਰ ਸਕਣਗੇ। ਮਨੁੱਖ ਦੀਆਂ ਨਿੱਜੀ ਲੋੜਾਂ ਅਰਾਮ ਅਤੇ ਵਿਲਾਸਤਾ ਨਾਲ ਸਬੰਧਤ ਹੁੰਦੀਆਂ ਹਨ। ਅਮੀਰ-ਗਰੀਬ ਦਾ ਪਾੜਾ ਘਟਾਉਣ ਲਈ ਸਰਕਾਰਾਂ ਵਲੋਂ ਸਮਾਜਿਕ ਖਰਚਿਆਂ ਵਿਚ ਵਿੱਦਿਆ, ਸਿਹਤ-ਸੰਭਾਲ ਅਤੇ ਸਮਾਜਿਕ ਸੁਰੱਖਿਆ ਨੂੰ ਲਿਆ ਗਿਆ ਹੈ। ਦੁਨੀਆਂ ਦੇ ਕੁਝ ਮੁਲਕਾਂ ਵਿਚ ਵਿੱਦਿਆ, ਸਿਹਤ-ਸੰਭਾਲ ਅਤੇ ਸਮਾਜਿਕ ਸੁਰੱਖਿਆ ਨੂੰ ਜਨਤਕ ਲੋੜਾਂ ਵਿਚ ਲਿਆ ਗਿਆ ਹੈ, ਭਾਵ ਇਨ੍ਹਾਂ ਲੋੜਾਂ ਨੂੰ ਸਰਕਾਰ ਬਿਲਕੁਲ ਮੁਫਤ ਪੂਰਾ ਕਰਦੀ ਹੈ। ਆਮ ਲੋਕਾਂ ਨੂੰ ਵਿੱਦਿਆ ਦੇਣ ਸਬੰਧੀ ਕੇਂਦਰ ਅਤੇ ਸੂਬਾ ਸਰਕਾਰਾਂ ਵਾਅਦੇ ਤੇ ਦਾਅਵੇ ਕਰਦੀਆਂ ਥੱਕਦੀਆਂ ਨਹੀਂ। ਸਾਖਰਤਾ ਦਰ ਦੇ ਵਾਧੇ ਅਤੇ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਤੇ ਹੋਰ ਵਿੱਦਿਅਕ ਸੰਸਥਾਵਾਂ ਦੇ ਮਿਆਰ ਵਿਚ ਉਚ ਪੱਧਰ ਦੇ ਸੁਧਾਰ ਬਾਰੇ ਬਹੁਤ ਸਾਰੇ ਦਾਅਵੇ ਕੀਤੇ ਜਾਂਦੇ ਹਨ।

1991 ਤੋਂ ਮੁਲਕ ਵਿਚ ਅਪਨਾਈਆਂ ਗਈਆਂ 'ਨਵੀਆਂ ਆਰਥਿਕ ਨੀਤੀਆਂ' ਪਿੱਛੋਂ ਵਿੱਦਿਆ ਦਾ ਵਪਾਰੀਕਰਨ ਤੇਜ਼ੀ ਨਾਲ ਕੀਤਾ ਗਿਆ ਹੈ। ਕੋਠਾਰੀ ਕਮਿਸ਼ਨ ਦੀ ਸਿਫਾਰਸ਼ ਅਨੁਸਾਰ ਸਰਕਾਰ ਵਲੋਂ ਕੁੱਲ ਘਰੇਲੂ ਉਤਪਾਦਨ ਦਾ 6 ਫੀਸਦੀ ਵਿੱਦਿਆ ਉਤੇ ਖਰਚ ਕਰਨਾ ਬਣਦਾ ਹੈ, ਪਰ ਇਸ ਸਬੰਧੀ ਕੇਂਦਰ ਸਰਕਾਰ ਤਾਂ ਅੱਧ ਤੱਕ (3 ਫੀਸਦ) ਵੀ ਨਹੀਂ ਪਹੁੰਚੀ ਅਤੇ ਬਹੁਤੀਆਂ ਸੂਬਾ ਸਰਕਾਰਾਂ ਕੇਂਦਰ ਸਰਕਾਰ ਤੋਂ ਵੀ ਕਿਤੇ ਪਿੱਛੇ ਹਨ। ਕੇਂਦਰ ਅਤੇ ਸੂਬਾ ਸਰਕਾਰਾਂ ਜਨਤਕ ਵਿੱਦਿਅਕ ਅਦਾਰਿਆਂ ਤੋਂ ਹੱਥ ਪਿੱਛੇ ਖਿਚ ਰਹੀਆਂ ਹਨ। ਤਾਜ਼ਾ ਮਿਸਾਲ ਪੰਜਾਬ ਵਿਚ ਸਕੂਲ ਅਧਿਆਪਕਾਂ ਨੂੰ ਪੱਕਾ ਕਰਨ ਲਈ ਉਨ੍ਹਾਂ ਦੀਆਂ ਤਨਖਾਹਾਂ ਘਟਾਉਣ ਅਤੇ ਨੌਕਰੀ ਦੀਆਂ ਸ਼ਰਤਾਂ ਬਦਲਣ ਦੀ ਹੈ। ਆਮ ਲੋਕਾਂ ਦੇ ਬੱਚੇ ਮਿਆਰੀ ਵਿੱਦਿਆ ਤੋਂ ਵਿਰਵੇ ਕਰ ਦਿੱਤੇ ਗਏ ਹਨ। ਉਨ੍ਹਾਂ ਨੂੰ ਜਾਂ ਤਾਂ ਵਿੱਦਿਆ ਵੱਲੋਂ ਕੋਰੇ ਰੱਖਿਆ ਜਾ ਰਿਹਾ ਹੈ ਜਾਂ ਜੋ ਵਿੱਦਿਆ ਦਿੱਤੀ ਜਾ ਰਹੀ ਹੈ, ਉਸ ਨਾਲ ਨੌਕਰੀਆਂ ਨਹੀਂ ਮਿਲ ਰਹੀਆਂ। ਸਰਕਾਰੀ ਸਕੂਲਾਂ ਦੇ ਅਧਿਆਪਕਾਂ ਤੋਂ ਬਹੁਤ ਜ਼ਿਆਦਾ ਗੈਰ-ਅਧਿਆਪਨ ਕੰਮ ਲਏ ਜਾ ਰਹੇ ਹਨ ਜਿਵੇਂ ਵੋਟਾਂ ਬਣਾਉਣਾ, ਮਰਦਮਸ਼ੁਮਾਰੀ ਕਰਨਾ, ਚੋਣਾਂ ਕਰਵਾਉਣੀਆਂ, ਮੰਤਰੀਆਂ ਦੇ ਸੁਆਗਤ ਲਈ ਬੱਚਿਆਂ ਨੂੰ ਥਾਂ-ਥਾਂ ਲਿਜਾਣਾ ਆਦਿ।

ਮਨੁੱਖਾਂ ਦੀ ਕਾਰਜਕੁਸ਼ਲਤਾ ਵਧਾਉਣ ਲਈ ਵਿੱਦਿਆ ਦੇ ਨਾਲ ਨਾਲ ਸਿਹਤ-ਸੰਭਾਲ ਸੇਵਾਵਾਂ ਮੁਹੱਈਆ ਕਰਵਾਉਣਾ ਵੀ ਜ਼ਰੂਰੀ ਹੈ ਕਿਉਂਕਿ ਪੜ੍ਹਨ-ਲਿਖਣ ਪਿੱਛੋਂ ਜੇ ਮਨੁੱਖ ਤੰਦਰੁਸਤ ਹੋਣਗੇ ਤਾਂ ਹੀ ਉਨ੍ਹਾਂ ਦੀ ਕਾਰਜਕੁਸ਼ਲਤਾ ਵਧੇਗੀ। ਕੇਂਦਰ ਅਤੇ ਸੂਬਾ ਸਰਕਾਰਾਂ ਸਿਹਤ-ਸੰਭਾਲ 'ਤੇ ਵੀ ਲੋੜੀਂਦੇ ਖਰਚ ਬਹੁਤ ਘੱਟ ਕਰ ਰਹੀਆਂ ਹਨ। ਸਰਕਾਰੀ ਹਸਪਤਾਲ, ਪ੍ਰਾਇਮਰੀ ਹੈਲਥ ਸੈਂਟਰ ਅਤੇ ਹੋਰ ਸਿਹਤ-ਸੰਭਾਲ ਅਦਾਰੇ ਜਾਂ ਤਾਂ ਬੰਦ ਕੀਤੇ ਗਏ ਹਨ ਜਾਂ ਬੰਦ ਹੋਣ ਦੇ ਕਿਨਾਰੇ ਹਨ ਕਿਉਂਕਿ ਉਨ੍ਹਾਂ ਲਈ ਲੋੜੀਂਦੀਆਂ ਇਮਾਰਤਾਂ, ਸਟਾਫ ਅਤੇ ਹੋਰ ਬੁਨਿਆਦੀ ਸਹੂਲਤਾਂ ਦੀ ਭਾਰੀ ਕਮੀ ਹੈ। ਸਿਹਤ-ਸੰਭਾਲ ਦੇ ਨਿੱਜੀ ਅਦਾਰੇ ਤੇਜ਼ੀ ਨਾਲ ਵਧ ਰਹੇ ਹਨ, ਪਰ ਇਨ੍ਹਾਂ ਵਿਚ ਇਲਾਜ ਬਹੁਤ ਮਹਿੰਗਾ ਹੋਣ ਕਾਰਨ ਸਿਰਫ ਅਮੀਰ ਜਾਂ ਕੁਝ ਬਾਹਰਲੇ ਮੁਲਕਾਂ ਦੇ ਲੋਕ ਸਿਹਤ-ਸੇਵਾਵਾਂ ਦਾ ਫਾਇਦਾ ਲੈ ਰਹੇ ਹਨ ਅਤੇ ਆਮ ਲੋਕ ਤਾਂ ਇਨ੍ਹਾਂ ਅਦਾਰਿਆਂ ਵਿਚ ਆਉਣ ਵਾਲੇ ਖਰਚਿਆਂ ਬਾਰੇ ਸੁਣ ਕੇ ਹੀ ਹੋਰ ਬਿਮਾਰ ਹੋ ਜਾਂਦੇ ਹਨ।

ਮਨੁੱਖਾਂ ਦੇ ਸਮਾਜਿਕ ਪੱਖ ਨੂੰ ਮਜ਼ਬੂਤ ਕਰਨ ਲਈ ਵਿੱਦਿਆ ਅਤੇ ਸਿਹਤ-ਸੇਵਾਵਾਂ ਦੇ ਨਾਲ ਨਾਲ ਸਰਕਾਰ ਵਲੋਂ ਦਿੱਤੀ ਜਾਂਦੀ ਸਮਾਜਿਕ ਸੁਰੱਖਿਆ ਵੱਡਾ ਯੋਗਦਾਨ ਪਾ ਸਕਦੀ ਹੈ। ਕੇਂਦਰ ਅਤੇ ਸੂਬਾ ਸਰਕਾਰਾਂ ਆਮ ਲੋਕਾਂ ਨੂੰ ਸਮਾਜਿਕ ਸੁਰੱਖਿਆ ਦੇਣ ਬਾਰੇ ਵੱਡੇ ਵੱਡੇ ਦਾਅਵੇ ਕਰਦੀਆਂ ਹਨ। ਇਸ ਸਬੰਧੀ ਕਾਰਗੁਜ਼ਾਰੀ ਪੱਖੋਂ ਖਾਨਾ ਖਾਲੀ ਹੀ ਹੈ। ਮੁਲਕ ਵਿਚ ਬੇਰੁਜ਼ਗਾਰੀ, ਰੁਜ਼ਗਾਰ ਦਾ ਡਿੱਗ ਰਿਹਾ ਮਿਆਰ, ਵੱਡੀ ਉਮਰ ਦੇ ਰੁਲ ਰਹੇ ਲੋਕ, ਸਿਰ ਢਕਣ ਲਈ ਮਕਾਨ ਨਾ ਹੋਣ ਕਰਕੇ ਖੁਲ੍ਹੇ ਅਸਮਾਨ, ਪੁਲਾਂ, ਸੜਕਾਂ ਕੰਢੇ ਰੁਲਦੇ ਲੋਕ ਅਤੇ ਹੋਰ ਅਨੇਕਾਂ ਪੱਖ ਸਰਕਾਰ ਦੀ ਸਮਾਜਿਕ ਸੁਰੱਖਿਆ ਬਾਰੇ ਮਾੜੀ ਕਾਰਗੁਜ਼ਾਰੀ ਨੂੰ ਸਾਹਮਣੇ ਲਿਆਉਂਦੇ ਹਨ।

ਕਿਸੇ ਵੀ ਸਰਮਾਏਦਾਰ ਮੁਲਕ ਵਿਚ ਆਰਥਿਕ ਨਾਬਰਾਬਰੀ ਘਟਾਉਣ ਵਿਚ ਟੈਕਸ ਸ਼ਲਾਘਾਯੋਗ ਭੂਮਿਕਾ ਨਿਭਾ ਸਕਦੇ ਹਨ। ਟੈਕਸ ਦੋ ਤਰ੍ਹਾਂ ਦੇ ਹੁੰਦੇ ਹਨ-ਸਿੱਧੇ ਅਤੇ ਅਸਿੱਧੇ। ਸਿੱਧੇ ਟੈਕਸਾਂ ਦੀਆਂ ਦਰਾਂ ਵਧਦੀਆਂ ਰਹਿੰਦੀਆਂ ਹਨ, ਪਰ ਸਿੱਧੇ ਟੈਕਸਾਂ ਦੀਆਂ ਦਰਾਂ ਦੁਨੀਆਂ ਦੇ ਬਹੁਤੇ ਮੁਲਕਾਂ ਤੋਂ ਘੱਟ ਹੀ ਨਹੀਂ ਰੱਖੀਆਂ ਗਈਆਂ, ਸਗੋਂ ਉਨ੍ਹਾਂ ਤੋਂ ਬਚਣ ਲਈ ਚੋਰ-ਮੋਰੀਆਂ ਵੀ ਵੱਧ ਰੱਖੀਆਂ ਗਈਆਂ ਹਨ। ਅਸਿੱਧੇ ਟੈਕਸਾਂ ਦਾ ਵੱਧ ਭਾਰ ਆਮ ਲੋਕਾਂ 'ਤੇ ਹੁੰਦਾ ਹੈ।

ਅਮੀਰ-ਗਰੀਬ ਦਾ ਪਾੜਾ ਘਟਾਉਣ ਲਈ ਸਰਕਾਰ ਵਲੋਂ ਕਿਰਤੀਆਂ ਦੇ ਹੱਕਾਂ ਦੀ ਰਾਖੀ ਕਰਨਾ ਅਹਿਮ ਯੋਗਦਾਨ ਪਾ ਸਕਦਾ ਹੈ। ਜੇ ਕਿਰਤੀਆਂ ਦੀਆਂ ਤਨਖਾਹਾਂ ਵਿਚ ਵਾਧਾ ਯਕੀਨੀ ਬਣਾਇਆ ਵੀ ਜਾਂਦਾ ਹੈ ਤਾਂ ਦੇਖਣ ਵਾਲਾ ਪੱਖ ਇਹ ਹੈ ਕਿ ਕਿਤੇ ਮਹਿੰਗਾਈ ਦਾ ਵਾਧਾ ਕਿਰਤੀਆਂ ਦੀਆਂ ਤਨਖਾਹਾਂ ਦੇ ਵਾਧੇ ਤੋਂ ਵੱਧ ਤਾਂ ਨਹੀਂ। ਜੇ ਅਜਿਹਾ ਹੋਵੇਗਾ ਤਾਂ ਤਨਖਾਹਾਂ ਵਧਣ ਦੇ ਬਾਵਜੂਦ ਖਰੀਦ ਸ਼ਕਤੀ ਘਟ ਜਾਵੇਗੀ, ਜੋ ਉਨ੍ਹਾਂ ਨੂੰ ਗਰੀਬੀ ਦੀ ਦਲਦਲ ਵਿਚ ਧੱਕੇਗੀ। ਭਾਰਤ ਵਿਚ ਅਜਿਹਾ ਹੀ ਹੋ ਰਿਹਾ ਹੈ। 1991 ਤੋਂ ਆਰਥਿਕ ਸੁਧਾਰਾਂ ਦੇ ਨਾਮ ਥੱਲੇ ਨਵੇਂ ਕਿਰਤ ਕਾਨੂੰਨ ਬਣਾਏ ਜਾ ਰਹੇ ਹਨ ਜੋ ਕਿਰਤੀਆਂ ਨੂੰ ਰੁਜ਼ਗਾਰ ਦੇਣ ਜਾਂ ਰੁਜ਼ਗਾਰ ਤੋਂ ਬਾਹਰ ਕੱਢਣ ਦਾ ਹੱਕ ਦਿੰਦੇ ਹਨ। ਇਨ੍ਹਾਂ ਕਿਰਤ ਕਾਨੂੰਨਾਂ ਨੇ ਕਿਰਤੀਆਂ ਨੂੰ ਪੱਕੇ ਰੱਖਣ ਦੀ ਥਾਂ ਕੱਚੇ ਜਾਂ ਸਿਰਫ ਲੋੜ ਮੁਤਾਬਕ ਰੱਖਣ ਦਾ ਰਾਹ ਖੋਲ੍ਹਿਆ ਹੈ, ਜੋ ਕਿਰਤੀਆਂ ਦੀ ਲੁੱਟ ਨੂੰ ਵਧਾਉਂਦਾ ਹੈ। ਮਹਿਲਾ ਕਿਰਤੀਆਂ ਦੇ ਹੱਕਾਂ ਦੀ ਰਾਖੀ ਕਰਨ ਲਈ ਰੁਜ਼ਗਾਰ ਵਿਚ ਉਨ੍ਹਾਂ ਦੀ ਭਾਗੀਦਾਰੀ ਬਰਾਬਰ ਦੀ ਹੋਣੀ ਬਣਦੀ ਹੈ, ਪਰ ਭਾਰਤ ਵਿਚ ਮਹਿਲਾ ਕਿਰਤੀਆਂ ਦੀ ਮਰਦ ਕਿਰਤੀਆਂ ਦੇ ਮੁਕਾਬਲੇ ਰੁਜ਼ਗਾਰ 'ਚ ਭਾਗੀਦਾਰੀ ਬਹੁਤ ਹੀ ਘੱਟ ਹੈ। ਔਰਤਾਂ ਨੂੰ ਜਣੇਪੇ ਮੌਕੇ ਤਨਖਾਹ ਸਣੇ ਛੁੱਟੀ ਅਤੇ ਇਸੇ ਤਰ੍ਹਾਂ ਪੈਦਾ ਹੋਣ ਵਾਲੇ ਬੱਚੇ ਦੇ ਬਾਪ ਨੂੰ ਛੁੱਟੀ ਕਿਰਤੀਆਂ ਦੇ ਹੱਕਾਂ ਦੀ ਰਾਖੀ ਵਿਚ ਯੋਗਦਾਨ ਪਾ ਸਕਦੀਆਂ ਹਨ।

ਮੁਲਕ ਦੇ ਕੁੱਲ ਕਿਰਤੀਆਂ ਦਾ ਸਿਰਫ 7.8 ਫੀਸਦੀ ਸੰਗਠਿਤ ਖੇਤਰ ਵਿਚ ਕੰਮ ਕਰਦਾ ਹੈ ਅਤੇ ਉਨ੍ਹਾਂ ਵਿਚੋਂ ਵੀ ਕੁਝ ਠੇਕੇਦਾਰ ਕੰਮ 'ਤੇ ਭੇਜਦੇ ਹਨ। ਇਸ ਲਈ ਗੈਰ-ਸੰਗਠਿਤ ਖੇਤਰ ਵਿਚ ਕੰਮ ਕਰਦੀਆਂ ਔਰਤਾਂ ਅਤੇ ਉਨ੍ਹਾਂ ਦੇ ਪਤੀਆਂ ਨੂੰ ਜਣੇਪੇ ਦੀ ਛੁੱਟੀ ਤੋਂ ਵਿਰਵੇ ਰੱਖਿਆ ਜਾਂਦਾ ਹੈ। ਘੱਟੋ-ਘੱਟ ਉਜ਼ਰਤਾਂ ਸਬੰਧੀ ਕਾਨੂੰਨ ਤਾਂ ਹਨ, ਪਰ ਉਹ ਅਮਲ ਪੱਖੋਂ ਸੱਖਣੇ ਹਨ। ਔਰਤਾਂ ਦੀ ਦੋ ਤਰ੍ਹਾਂ ਦੀ ਲੁੱਟ ਹੋ ਰਹੀ ਹੈ। ਪਹਿਲੇ ਜ਼ਿਆਦਾ ਗਿਣਤੀ ਵਿਚ ਰੁਜ਼ਗਾਰ ਪ੍ਰਾਪਤ ਮਹਿਲਾ ਕਿਰਤੀਆਂ ਨੂੰ ਘੱਟੋ-ਘੱਟ ਮਜ਼ਦੂਰੀ ਨਹੀਂ ਦਿੱਤੀ ਜਾਂਦੀ ਅਤੇ ਦੂਜੇ, ਮਰਦਾਂ ਦੇ ਮੁਕਾਬਲੇ ਮਹਿਲਾਵਾਂ ਨੂੰ ਉਹੀ ਕੰਮ ਕਰਨ ਲਈ ਘੱਟ ਮਜ਼ਦੂਰੀ ਦਿੱਤੀ ਜਾਂਦੀ ਹੈ। ਇਸ ਸਬੰਧੀ ਇੱਕ ਬਹੁਤ ਹੀ ਦੁਖਦਾਈ ਪਹਿਲੂ ਭਾਰਤ ਸਰਕਾਰ ਵੱਲੋਂ ਪੇਂਡੂ ਕਿਰਤੀਆਂ ਨੂੰ 100 ਦਿਨਾਂ ਦਾ ਰੁਜ਼ਗਾਰ ਦੇਣ ਲਈ ਮਨਰੇਗਾ ਅਧੀਨ ਦਿੱਤੇ ਗਏ ਰੁਜ਼ਗਾਰ ਦੀ ਹੈ, ਜਿੱਥੇ ਘੱਟੋ-ਘੱਟ ਉਜ਼ਰਤਾਂ ਦੇ ਕਾਨੂੰਨਾਂ ਦੀ ਅਣਦੇਖੀ ਭਾਰਤ ਸਰਕਾਰ ਆਪ ਹੀ ਕਰ ਰਹੀ ਹੈ।

ਕਿਸੇ ਵੀ ਮੁਲਕ ਵਿਚ ਅਮੀਰ-ਗਰੀਬ ਵਿਚ ਵਧ ਰਿਹਾ ਆਰਥਿਕ ਪਾੜਾ ਆਰਥਿਕ, ਸਮਾਜਿਕ-ਸਭਿਆਚਾਰਕ, ਰਾਜਸੀ ਅਤੇ ਹੋਰ ਅਨੇਕਾਂ ਸਮੱਸਿਆਵਾਂ ਨੂੰ ਜਨਮ ਦਿੰਦਾ ਹੈ। ਇਹ ਪਾੜਾ ਘਟਾਉਣ ਵਿਚ ਭਾਰਤ ਸਰਕਾਰ ਦੀ ਕਾਰਗੁਜ਼ਾਰੀ ਬਹੁਤ ਮਾੜੀ ਹੈ। ਸਮੇਂ ਦੀ ਲੋੜ ਅਮੀਰ-ਗਰੀਬ ਦਾ ਆਰਥਿਕ ਪਾੜਾ ਘਟਾਉਣ ਲਈ ਕਾਰਪੋਰੇਟ ਪੱਖੀ ਆਰਥਿਕ ਵਿਕਾਸ ਮਾਡਲ ਦੀ ਜਗ੍ਹਾ, ਲੋਕ ਅਤੇ ਕੁਦਰਤ-ਪੱਖੀ ਆਰਥਿਕ ਵਿਕਾਸ ਅਪਨਾਉਣਾ ਹੈ, ਜਿਸ ਵਿਚ ਅਮੀਰਾਂ/ਸਰਮਾਏਦਾਰਾਂ/ਕਾਰਪੋਰੇਸ਼ਨਾਂ 'ਤੇ ਟੈਕਸ ਵਧਾ ਕੇ ਉਨ੍ਹਾਂ ਤੋਂ ਪ੍ਰਾਪਤ ਆਮਦਨ ਨੂੰ ਆਮ ਲੋਕਾਂ ਦੀ ਬਿਹਤਰੀ ਲਈ ਵਰਤਣਾ ਹੈ। ਅਜਿਹਾ ਕਿਰਤੀਆਂ ਦੇ ਲੋਕਤੰਤਰਿਕ ਅਤੇ ਸਾਂਤਮਈ ਸੰਘਰਸ਼ਾਂ ਰਾਹੀਂ ਹੀ ਸੰਭਵ ਹੋ ਸਕਦਾ ਹੈ।

# ਡੇਟ ਲਾਈਨ ਖਾਲਸਾ ਕਾਲਜ ਮਾਹਿਲਪੁਰ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਇਸ ਮਹੀਨੇ ਦੇ ਸ਼ੁਰੂ ਵਿਚ ਹੋਈਆਂ ਸਿੱਖ ਐਜੂਕੇਸ਼ਨਲ ਕੌਂਸਲ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ, ਮਾਹਿਲਪੁਰ ਦੀਆਂ ਚੋਣਾਂ ਦੇ ਨਤੀਜੇ ਇਨਕਲਾਬੀ ਕਹੇ ਜਾ ਸਕਦੇ ਨੇ। 72 ਸਾਲਾਂ ਪਿੱਛੋਂ ਕੌਂਸਲ ਦੀ ਪ੍ਰਧਾਨਗੀ ਕੁਹਾਰਪੁਰ ਦੇ ਸੰਤਾਂ ਦੀ ਬੁੱਕਲ ਵਿਚੋਂ ਬਾਹਰ ਆ ਗਈ ਹੈ। ਨਵਾਂ ਪ੍ਰਧਾਨ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਚੁਣਿਆ ਗਿਆ ਹੈ। ਸੰਤਾਂ ਨੂੰ ਪ੍ਰਧਾਨਗੀ ਸੌਂਪਣ ਦੀ ਰੀਤ ਪ੍ਰਿੰਸੀਪਲ ਹਰਭਜਨ ਸਿੰਘ ਵੇਲੇ ਪਈ, ਜਿਸ ਦਾ ਅੰਬਾਲਾ ਪੜ੍ਹਾਉਂਦੇ ਸਮੇਂ ਦਾ ਇਕ ਵਿਦਿਆਰਥੀ ਸ. ਬਲਦੇਵ ਸਿੰਘ ਸੁਤੰਤਰ ਭਾਰਤ ਦੇ ਪਹਿਲੇ ਰੱਖਿਆ ਮੰਤਰੀ ਦੀ ਪਦਵੀ ਤੱਕ ਪਹੁੰਚਿਆ ਸੀ। ਮੈਂ ਉਸ ਦੇ ਸਥਾਪਤ ਕੀਤੇ ਐਸ. ਜੀ. ਜੀ. ਐਸ. ਕਾਲਜ, ਮਾਹਿਲਪੁਰ ਵਿਚ ਮੁਢਲਾ ਵਿਦਿਆਰਥੀ ਸਾਂ। ਉਸ ਨੇ ਸਾਡੀ ਕਨਵੋਕੇਸ਼ਨ ਸਮੇਂ ਪ੍ਰਤਾਪ ਸਿੰਘ ਕੈਰੋਂ ਨੂੰ ਸੱਦਿਆ ਸੀ। ਸੋ ਮੈਨੂੰ ਬੀ. ਏ. ਦੀ ਡਿਗਰੀ ਉਸ ਵੇਲੇ ਦੇ ਪੰਜਾਬ ਸਰਕਾਰ ਦੇ ਵਿਕਾਸ ਮੰਤਰੀ ਤੇ ਪ੍ਰਸਿਧ ਸਿਆਸਤਦਾਨ ਸ. ਕੈਰੋਂ ਕੋਲੋਂ ਮਿਲੀ ਹੋਈ ਹੈ।

ਮੈਂ ਉਥੋਂ ਪ੍ਰਾਪਤ ਹੋਈ ਵਿਦਿਆ ਦਾ ਦੇਣਾ ਨਹੀਂ ਦੇ ਸਕਦਾ। ਮੈਂ ਮਾਹਿਲਪੁਰ ਦੇ ਸਮੁੱਚੇ ਵਿਕਾਸ ਦਾ ਸ਼ੁਭਚਿੰਤਕ ਹੋਣ ਦੇ ਨਾਤੇ ਉਥੋਂ ਦੇ ਉਤਰਾ-ਚੜ੍ਹਾ ਦੀ ਖਬਰ ਰਖਦਾ ਹਾਂ। ਐਜੂਕੇਸ਼ਨਲ ਕੌਂਸਲ ਦੇ ਪਹਿਲੇ ਪੰਜਾਹ ਵਰ੍ਹੇ ਦੇ ਉਤਾਰ ਦੀ ਵੀ ਤੇ ਉਸ ਤੋਂ ਪਿਛੋਂ ਦੀ ਡਾਵਾਂਡੋਲਤਾ ਦੀ ਵੀ। ਵਿਦਿਅਕ ਸੰਸਥਾਵਾਂ ਦੇ ਮੁਢਲੇ ਨਾਂਵਾਂ ਨਾਲ ਕੀਤੀ ਛੇੜਖਾਨੀ ਤੱਕ ਦੀ ਵੀ।

ਕਥਿਤ ਤੌਰ 'ਤੇ ਹੁਣ ਵਾਲੀ ਤਬਦੀਲੀ ਦਾ ਮੁੱਢ ਸੇਵਾ ਮੁਕਤ ਵਿੰਗ ਕਮਾਂਡਰ ਐਚ. ਐਸ. ਢਿੱਲੋਂ ਦੇ ਕੌਂਸਲ ਦਾ ਸਕੱਤਰ ਚੁਣੇ ਜਾਣ ਨਾਲ ਬੱਝਾ। ਉਸ ਨੇ ਕਾਲਜ ਦੇ ਕੰਮ ਕਾਜ ਵਿਚ ਹਾਂ ਪੱਖੀ ਤਬਦੀਲੀ ਲਿਆਉਣ ਦੀ ਮੰਗ ਕੀਤੀ ਤਾਂ ਕਾਲਜ ਦੇ ਉਸ ਵੇਲੇ ਦੇ ਪ੍ਰਿੰਸੀਪਲ ਨੂੰ ਕਾਲਜ ਛੱਡਣ ਲਈ ਮਜਬੂਰ ਹੋਣਾ ਪਿਆ ਤੇ ਉਸ ਦੀ ਥਾਂ ਮਾਹਿਲਪੁਰ ਇਲਾਕੇ ਦੇ ਜੰਮਪਲ ਸੁਘੜ ਸੁਚੇਤ ਪਰਵਿੰਦਰ ਸਿੰਘ ਨੇ ਸੰਭਾਲੀ। ਹੁਣ ਐਜੂਕੇਸ਼ਨਲ ਕੌਂਸਲ ਵੀ ਜਾਗ੍ਰਿਤ ਹਸਤੀਆਂ ਦੇ ਹੱਥ ਆ ਗਈ ਹੈ। ਵਿੰਗ ਕਮਾਂਡਰ ਢਿੱਲੋਂ ਸੀਨੀਅਰ ਮੀਤ ਪ੍ਰਧਾਨ ਚੁਣਿਆ ਗਿਆ ਹੈ। ਸੁਰਿੰਦਰ ਸਿੰਘ ਜਨਰਲ ਸਕੱਤਰ ਤੇ ਇੰਦਰਜੀਤ ਸਿੰਘ ਭਾਰਟਾ ਮੈਨੇਜਰ। ਭੁਲੇਵਾਲ ਰਾਠਾਂ ਸਣੇ ਸਭਨਾਂ ਦੇ ਪਿੰਡ ਮਾਹਿਲਪੁਰ ਬਲਾਕ 'ਚ ਪੈਂਦੇ ਹਨ। ਹੁਣ ਢਿੱਲੋਂ ਵਡੇਰੀ ਜ਼ਿੰਮੇਵਾਰੀ ਸਿਰ ਪੈਣ ਪਿਛੋਂ ਕਾਲਜ ਦੇ ਕਾਰਜਾਂ ਲਈ ਪਹਿਲਾਂ ਜਿੰਨਾ ਸਮਾਂ ਕੱਢ ਸਕੇਗਾ ਜਾਂ ਨਹੀਂ? ਸਮਾਂ ਦੱਸੂ। ਚੰਗੀ ਗੱਲ ਇਹ ਕਿ ਪ੍ਰਿੰਸੀਪਲ ਹੀ ਨੌਜਵਾਨ ਹਾਂ ਪੱਖੀ ਹੈ।

**ਸ਼ਗਨਾਂ ਦੇ ਪਾਣੀ:** ਪੌਣ, ਪਾਣੀ ਤੇ ਅਗਨੀ ਦੇ ਮਹੱਤਵ ਨੂੰ ਕੌਣ ਨਹੀਂ ਜਾਣਦਾ। ਇਹ ਵੀ ਕਿ ਪੌਣਾਂ ਝੱਖੜ ਲਿਆਉਂਦੀਆਂ ਹਨ। ਅਗਨੀ ਜੰਗਲ ਸਾੜ ਦਿੰਦੀ ਹੈ ਤੇ ਵਰਖਾ (ਪਾਣੀ) ਹਨੇਰੀ (ਪੌਣ) ਨਾਲ ਮਿਲ ਕੇ ਜਨ ਜੀਵਨ ਬਰਬਾਦ ਕਰਨ ਵਾਲੀ ਆਫਤ ਹੈ। ਨਿਰੀ ਆਫਤ।

ਮੇਰੀ ਸੋਝੀ ਵਿਚ ਇਸ ਤਰ੍ਹਾਂ ਦੀ ਆਫਤ 1947 ਵਿਚ ਆਈ ਸੀ ਤੇ ਜਾਂ ਫੇਰ 1993 ਵਿਚ। ਤਰਿਆਨਵੇਂ ਵਾਲੀ ਵਰਖਾ ਨੇ ਮੇਰੇ ਮਿੱਤਰ ਪ੍ਰੋ. ਮਨਮੋਹਨ ਸਿੰਘ ਦੇ ਵਿਆਹ ਵਿਚ ਜਿਹੜਾ ਵਿਘਨ ਪਾਇਆ ਸੀ, ਉਹ ਕਿਸੇ ਨੂੰ ਨਹੀਂ ਭੁੱਲਣਾ। ਮੈਂ ਚੰਡੀਗੜ੍ਹ ਹੀ ਰਹਿੰਦਾ ਸਾਂ। ਉਸ ਦਿਨ ਮੇਰੀ ਖਮਾਣੋਂ ਵਾਲੀ ਮਾਸੀ ਦੀ ਦੋਹਤਰੀ ਦਾ ਵਿਆਹ ਵੀ ਸੀ। ਮੈਂ ਉਸ ਵਿਆਹ ਉਤੇ ਸ਼ਗਨ ਪਾ ਕੇ ਮਨਮੋਹਣ ਸਿੰਘ ਦੇ ਬੇਟੇ ਦੀ ਬਰਾਤ ਵਿਚ ਸ਼ਾਮਲ ਹੋਣਾ ਸੀ। ਬਰਾਤ ਨੇ ਪਟਿਆਲਾ ਤੋਂ ਮੋਹਾਲੀ ਆਉਣਾ ਸੀ। ਰਾਤ ਭਰ ਅੰਤਾਂ ਦਾ ਮੀਂਹ ਪਿਆ। ਸਭ ਨਦੀਆਂ ਨਾਲੇ ਤੇ ਦਰਿਆ ਕੰਢੇ ਤੋੜ ਕੇ ਰੁੱਖ ਬੂਟੇ ਤੇ ਫਸਲਾਂ ਤਬਾਹ ਕਰਨ ਲੱਗੇ। ਪੱਕੀਆਂ ਸੜਕਾਂ ਦੇ ਉਪਰੋਂ ਦੀ ਪਾਣੀ ਵਗ ਰਿਹਾ ਸੀ। ਨਾ ਮੈਂ ਖਮਾਣੋਂ ਪਹੁੰਚ ਸਕਿਆ ਤੇ ਨਾ ਹੀ ਮਨਮੋਹਣ ਸਿੰਘ ਦੇ ਬੇਟੇ ਵਾਲੀ ਬਰਾਤ ਵਿਚ ਸ਼ਾਮਲ ਹੋ



ਸਰਵਜੀਤ ਸਿੰਘ

ਸਕਿਆ। ਮੇਰੀ ਕਾਰ ਦੇ ਇੰਜਣ ਵਿਚ ਪਾਣੀ ਪੈ ਜਾਣ ਕਾਰਨ ਮੈਨੂੰ ਰਸਤੇ ਦੇ ਇਕ ਪਾਸੇ ਖੜ੍ਹੀ ਕਰਕੇ ਪੈਦਲ ਪਰਤਣਾ ਪਿਆ। ਅਗਲੇ ਦਿਨ ਪਤਾ ਲੱਗਾ ਕਿ ਪਟਿਆਲਾ ਵਾਲੇ ਬਰਾਤੀਆਂ ਨੂੰ ਉਹ ਰਾਤ ਰਾਜਪੁਰਾ ਦੇ ਗੈਸਟ ਹਾਊਸ ਤੇ ਹੋਟਲਾਂ ਵਿਚ ਕੱਟਣੀ ਪਈ।

ਖਮਾਣੋਂ ਪਹੁੰਚਣ ਵਾਲੀ ਬਰਾਤ ਦੇ ਗਿਣਵੇਂ ਚੁਣਵੇਂ ਬੰਦੇ ਆਏ ਤੇ ਮਾਸੀ ਦੀ ਦੋਹਤਰੀ ਨੂੰ ਵਿਆਹ ਕੇ ਲੈ ਗਏ। ਖਮਾਣੋਂ ਵਾਲਿਆਂ ਨੂੰ ਖਾਣਾ ਤੇ ਮਠਿਆਈ ਏਧਰ ਉਧਰ ਵੰਡਣੀ ਪਈ। ਮਨਮੋਹਣ ਸਿੰਘ ਦੇ ਬੇਟੇ ਦਾ ਵਿਆਹ ਅਗਲੇ ਦਿਨ ਹੋਇਆ। ਹੋਰ ਕਿੰਨੇ ਵਿਆਹਾਂ ਵਿਚ ਵਿਘਨ ਪਿਆ, ਪਤਾ ਨਹੀਂ। ਜੋਤਸ਼ੀਆਂ ਦੇ ਸ਼ਬਦਾਂ ਵਿਚ ਇਹ ਵਿਆਹ ਕੁਸ਼ਗਨੇ ਸਨ।

ਅੱਜ ਮਾਸੀ ਦੀ ਦੋਹਤਰੀ ਤੇ ਉਸ ਦਾ ਪਤੀ ਵੀਹ ਸਾਲ ਤੋਂ ਕੈਨੇਡਾ ਦੀ ਧਰਤੀ ਦੀਆਂ ਖੁਸ਼ੀਆਂ ਮਾਣ ਰਹੇ ਹਨ। ਮਨਮੋਹਨ ਸਿੰਘ ਦਾ ਬੇਟਾ ਸਰਵਜੀਤ ਸਿੰਘ, ਆਈ. ਏ. ਐਸ. ਹੋਣ ਸਦਕਾ ਉਚੇ ਅਹੁਦਿਆਂ 'ਤੇ ਰਿਹਾ ਹੈ। ਉਹ ਕੱਲ੍ਹ ਤੱਕ ਪੰਜਾਬ ਸਰਕਾਰ ਦੇ ਟਰਾਂਸਪੋਰਟ ਵਿਭਾਗ ਦਾ ਪ੍ਰਮੁੱਖ ਸਕੱਤਰ ਸੀ ਤੇ ਉਸ ਦੀ ਬੀਵੀ ਡਾ. ਰੂਬੀ ਚੰਡੀਗੜ੍ਹ ਦੇ 16 ਸੈਕਟਰ ਹਸਪਤਾਲ ਵਿਚ ਰੇਡੀਆਲੋਜੀ ਵਿਭਾਗ ਦੀ ਮੁਖੀ ਹੈ। ਜਦੋਂ ਅਸੀਂ ਜੋਤਸ਼ੀਆਂ ਦੀ ਭਵਿਖਵਾਣੀ ਦੀ ਗੱਲ ਕਰਦੇ ਹਾਂ ਤਾਂ ਕਿਹਾ ਜਾਂਦਾ ਹੈ ਕਿ ਉਹ ਵਾਲੀ ਵਰਖਾ ਉਨ੍ਹਾਂ ਦੇ ਕਸ਼ਟ ਨਿਵਾਰਨ ਆਈ ਸੀ।

ਇਸ ਵਰ੍ਹੇ ਦੀ ਵਰਖਾ ਨੇ ਹਿਮਾਚਲ ਪ੍ਰਦੇਸ਼ ਦੇ ਕੰਧਾਂ ਕੋਠੇ ਵੀ ਢੇਰੀ ਕੀਤੇ ਤੇ ਰਾਸ਼ਟਰੀ ਮਾਰਗ ਵੀ ਤੋੜ ਦਿੱਤੇ। ਜਨ ਜੀਵਨ ਅਸਤ ਵਿਅਸਤ ਹੋ ਗਿਆ। ਜਾਨੀ ਤੇ ਮਾਲੀ ਨੁਕਸਾਨ ਦਾ ਅੰਤ ਨਹੀਂ ਰਿਹਾ। ਬਾਕੀ ਦੇ ਉਤਰੀ ਰਾਜਾਂ ਵਿਚ ਝੋਨੇ ਦੀ ਫਸਲ ਬੁਰੀ ਤਰ੍ਹਾਂ ਨੁਕਸਾਨੀ ਗਈ। ਹੋਰ ਫਸਲਾਂ ਨਾਲ ਵੀ ਘੱਟ ਨਹੀਂ ਬੀਤੀ।

ਸਰਵਜੀਤ ਨੂੰ ਇਹ ਵਰਖਾ ਵੀ ਰਾਸ ਆਈ। ਉਸ ਨੂੰ ਪੰਜਾਬ ਸਰਕਾਰ ਵਲੋਂ ਜਲ ਸ੍ਰੋਤ ਤੇ ਖਣਿਜ ਪਦਾਰਥਾਂ ਦਾ ਪ੍ਰਮੁੱਖ ਸਕੱਤਰ ਥਾਪ ਦਿੱਤਾ ਗਿਆ। ਕੁਦਰਤੀ ਸੋਮਿਆਂ ਨਾਲ ਨਜਿੱਠਣ ਦੀ ਜ਼ਿੰਮੇਵਾਰੀ। ਸਰਵਜੀਤ ਸਿੰਘ ਉਨ੍ਹਾਂ ਵਿਅਕਤੀਆਂ ਵਿਚੋਂ ਨਹੀਂ, ਜਿਨ੍ਹਾਂ ਨੂੰ ਪੌਣ ਪੱਖਾ ਝਲਦੀ ਹੈ ਤੇ ਵਰਖਾ ਪਾਣੀ ਵਾਰਦੀ ਹੈ?

ਜਾਂਦੇ ਜਾਂਦੇ ਇੱਕ ਬਹੁਤ ਪੁਰਾਣੀ ਗੱਲ। ਮੈਂ ਤੇ ਮਨਮੋਹਨ ਸਿੰਘ ਲੋਧੀ ਗਾਰਡਨ, ਨਵੀਂ ਦਿੱਲੀ ਕੋਲੋਂ ਲੰਘ ਰਹੇ ਸਾਂ। ਮੈਂ ਕਾਰ ਚਲਾ ਰਿਹਾ ਸੀ ਤੇ ਸਰਵਜੀਤ ਮਨਮੋਹਨ ਸਿੰਘ ਦੀ ਗੋਦ ਵਿਚ ਬੈਠਾ ਸੀ। ਵਰਖਾ ਆ ਗਈ। ਮੈਂ ਕਾਰ ਦੇ ਵਾਈਪਰ ਚਲਾ ਦਿੱਤੇ। ਪਿਤਾ ਨੇ ਪੁੱਛਿਆ, "ਜੀਤਾ ਇਨ੍ਹਾਂ (ਵਾਈਪਰਾਂ) ਨੂੰ ਕੀ ਕਹਿੰਦੇ ਹਨ?" ਉਸ ਨੇ ਤੁਰੰਤ ਉਤਰ ਦਿੱਤਾ, "ਸ਼ੀਸ਼ਾ ਸਾਫ ਕਰਨ ਵਾਲੇ ਡੰਡੇ।" ਚਾਰ ਸਾਲ ਦੇ ਸਰਵਜੀਤ ਨੂੰ ਅਸੀਂ ਜੀਤ ਕਹਿੰਦੇ ਸਾਂ।

**ਅੰਤਿਕਾ:** ਗੁਰਦਿਆਲ ਰੌਸ਼ਨ
ਖੁਦ ਨੂੰ ਜਦ ਆਪਣੀ ਹੀ
ਅੱਗ ਵਿਚ ਰਾਖ ਪਾਓਗੇ ਤੁਸੀਂ।
ਜਾਣਦਾ ਹਾਂ ਜੁਗਨੂੰਆਂ 'ਤੇ
ਦੋਸ਼ ਲਾਓਗੇ ਤੁਸੀਂ।

# ਵਿਦਿਆਰਥਣਾਂ ਦੀ ਹੜਤਾਲ ਤੇ ਉਚ-ਅਧਿਕਾਰੀਆਂ ਦੀ ਬੇਰੁਖੀ

ਪੰਜਾਬੀ ਯੂਨੀਵਰਸਿਟੀ ਦੀਆਂ ਵਿਦਿਆਰਥਣਾਂ ਵੱਲੋਂ ਲੜਕੀਆਂ ਦੇ ਹੋਸਟਲਾਂ ਨੂੰ ਲੜਕਿਆਂ ਦੀ ਤਰ੍ਹਾਂ ਹੀ 24 ਘੰਟੇ ਖੁੱਲ੍ਹਾ ਰੱਖਣ ਦੀ ਮੰਗ ਨੂੰ ਲੈ ਕੇ ਦਿੱਤੇ ਜਾ ਰਹੇ ਧਰਨੇ ਨੂੰ ਕਰੀਬ 3 ਹਫਤੇ ਹੋ ਗਏ ਹਨ। ਫੇਰ ਵੀ ਉਚ-ਅਧਿਕਾਰੀਆਂ ਵੱਲੋਂ ਇਸ ਬਾਰੇ ਕਿਸੇ ਕਿਸਮ ਦਾ ਕੋਈ ਉਪਰਾਲਾ ਨਹੀਂ ਕੀਤਾ ਗਿਆ। ਖ਼ਬਰਾਂ ਅਨੁਸਾਰ ਫਿਜੀਕਲ ਐਜੂਕੇਸ਼ਨ ਵਿਭਾਗ ਦੇ ਮੁਖੀ ਨਿਸ਼ਾਨ ਸਿੰਘ, ਜੋ ਕਿ ਪਰੋਵੋਸਟ ਦੀ ਪੋਸਟ 'ਤੇ ਵੀ ਤਾਇਨਾਤ ਹਨ, ਦੀ ਡੀ. ਐਸ. ਓ. ਦੀ ਕਿਸੇ ਵਿਦਿਆਰਥਣ ਨਾਲ ਤਕਰਾਰ ਨੂੰ ਲੈ ਕੇ ਵਿਦਿਆਰਥੀਆਂ ਦੇ ਦੋ ਗੁੱਟਾਂ ਵਿਚ ਝਗੜਾ ਹੋ ਗਿਆ ਜਿਸ ਵਿਚ ਕਿਰਪਾਨਾਂ, ਹਾਕੀਆਂ, ਸੋਟੇ, ਇੱਟਾਂ-ਵੱਟੇ ਖੂਬ ਵਰਤੇ ਗਏ ਅਤੇ ਕਈ ਵਿਦਿਆਰਥੀ ਅਤੇ ਵਿਦਿਆਰਥਣਾਂ ਫੱਟੜ ਹੋ ਗਏ। ਦੋਸ਼ ਇਹ ਵੀ ਹੈ ਕਿ ਹੜਤਾਲ ਕਰ ਰਹੇ ਵਿਦਿਆਰਥੀਆਂ 'ਤੇ ਸੌ ਕੁ ਬੰਦਿਆਂ ਦੇ ਗਰੁੱਪ ਵੱਲੋਂ ਹਮਲਾ ਯੋਜਨਾਬੱਧ ਤਰੀਕੇ ਨਾਲ ਕੀਤਾ



ਡਾ. ਗੁਰਨਾਮ ਕੌਰ, ਕੈਨੇਡਾ

ਜਾਂ ਕਰਾਇਆ ਗਿਆ ਹੈ। ਯੂਨੀਵਰਸਿਟੀ ਦੋ ਦਿਨ ਲਈ ਬੰਦ ਕਰ ਦਿੱਤੀ ਗਈ ਤੇ ਸੁਰੱਖਿਆ ਲਈ ਪੁਲਿਸ ਸੱਦੀ ਗਈ। ਸਿਤਮ-ਜ਼ਰੀਫੀ ਇਹ ਕਿ ਪੰਜਾਬੀ ਯੂਨੀਵਰਸਿਟੀ, ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਮਹਾਰਾਣੀ ਪ੍ਰਨੀਤ ਕੌਰ, ਜੋ ਕਈ ਵਾਰ ਯੂਨੀਵਰਸਿਟੀ ਦੀ ਸਿੰਡੀਕੇਟ ਦੇ ਮੈਂਬਰ ਵੀ ਰਹਿ ਚੁੱਕੇ ਹਨ, ਪਾਰਲੀਮੈਂਟ ਮੈਂਬਰ ਡਾ. ਧਰਮਵੀਰ ਗਾਂਧੀ ਦੇ ਸ਼ਾਹੀ ਸ਼ਹਿਰ ਵਿਚ ਸਥਿਤ ਹੈ। ਇਸ ਸਭ ਕੁਝ ਦੇ ਬਾਵਜੂਦ ਉਚ-ਅਧਿਕਾਰੀ ਕੁੜੀਆਂ ਦੀਆਂ ਮੰਗਾਂ ਪ੍ਰਤੀ ਏਨੇ ਸੰਵੇਦਨਾਰਹਿਤ ਕਿਵੇਂ ਹੋ ਸਕਦੇ ਹਨ?

ਮੈਨੂੰ ਅੱਜ ਤੋਂ ਕੋਈ ਪੌਣੇ ਕੁ ਪੰਜਾਹ ਸਾਲ ਪਹਿਲਾਂ (1967-69) ਦਾ ਵਾਕਿਆ ਯਾਦ ਆ ਗਿਆ, ਜਦ ਮੈਂ ਹਰਿਆਣੇ ਦੀ ਕੁਰੂਕਸ਼ੇਤਰ ਯੂਨੀਵਰਸਿਟੀ ਵਿਚ ਫਿਲਾਸਫੀ ਦੀ ਮਾਸਟਰ ਡਿਗਰੀ ਕਰ ਰਹੀ ਸਾਂ ਅਤੇ ਪੰਜਾਬ ਨੂੰ ਵੰਡ ਕੇ ਹਿਮਾਚਲ ਅਤੇ ਹਰਿਆਣਾ ਪ੍ਰਾਂਤ ਨਵੇਂ ਨਵੇਂ ਹੋਂਦ ਵਿਚ ਆਏ ਸਨ। ਐਮ. ਏ. ਦੇ ਪਹਿਲੇ ਸਾਲ ਯੂਨੀਵਰਸਿਟੀ ਵਿਚ ਵਿਦਿਆਰਥੀਆਂ ਦੀ ਸਾਂਝੀ ਹੜਤਾਲ ਹੋ ਗਈ। ਉਦੋਂ ਪੰਜਾਬ ਵਿਚ ਵਿਦਿਅਕ ਸੰਸਥਾਵਾਂ ਵਿਚ ਪੀ. ਐਸ. ਯੂ. ਦੀ ਚੜ੍ਹਾਈ ਸੀ। ਹੜਤਾਲ ਕੁਝ ਕੁ ਵਿਦਿਆਰਥੀ ਮੰਗਾਂ ਨੂੰ ਲੈ ਕੇ ਕੀਤੀ ਗਈ ਸੀ। ਉਦੋਂ ਦੇ ਵਾਈਸ ਚਾਂਸਲਰ ਨੇ ਵਿਦਿਆਰਥੀਆਂ ਨਾਲ ਕੋਈ ਗੱਲ ਕਰਨ ਦੀ ਥਾਂ ਹੜਤਾਲ ਦੇ ਕੁਝ ਹੀ ਦਿਨਾਂ ਬਾਅਦ ਕੈਂਪਸ ਵਿਚ ਪੁਲਿਸ ਬੁਲਾ ਲਈ, ਜਿਸ ਨੇ ਜੋ ਲੜਕਾ ਜਿੱਥੇ ਵੀ ਹੱਥ ਆਇਆ, ਉਸ ਦੀ ਮਾਰ-ਕੁਟਾਈ ਕਰਨੀ ਸ਼ੁਰੂ ਕਰ ਦਿੱਤੀ। ਵਿਦਿਆਰਥੀਆਂ ਨੇ ਵੀ ਆਪਣੇ ਬਚਾਓ ਲਈ ਹੋਸਟਲ ਦੇ ਨੇੜੇ ਬੀਜੇ ਗੋਭੀ ਦੇ ਖੇਤ ਵਿਚੋਂ ਗੋਭੀ ਪੁੱਟ ਪੁੱਟ ਕੇ ਹੀ ਪੁਲਿਸ ਵੱਲ ਮਾਰਨੀ ਸ਼ੁਰੂ ਕਰ ਦਿੱਤੀ। ਸ਼ਾਮ ਦੇ ਚਾਰ ਵਜੇ ਲੜਕੇ, ਲੜਕੀਆਂ-ਸਭ ਨੂੰ ਹੋਸਟਲ ਖਾਲੀ ਕਰ ਦੇਣ ਦੇ ਹੁਕਮ ਚਾੜ੍ਹ ਦਿੱਤੇ ਗਏ।

ਉਨ੍ਹੀਂ ਦਿਨੀਂ ਕੁਰੂਕਸ਼ੇਤਰ ਤੋਂ ਬੱਸਾਂ ਰਾਹੀਂ ਜਾਣ-ਆਉਣ ਦੀ ਸਹੂਲਤ ਬਹੁਤ ਹੀ ਘੱਟ ਸੀ ਅਤੇ ਆਮ ਤੌਰ 'ਤੇ ਕਿਸੇ ਪਾਸੇ ਵੀ ਜਾਣ ਲਈ ਟਰੇਨ ਹੀ ਲੈਣੀ ਪੈਂਦੀ ਸੀ। ਜਿਨ੍ਹਾਂ ਕੁੜੀਆਂ ਦਾ ਕੋਈ ਭਰਾ ਜਾਂ ਹੋਰ ਰਿਸ਼ਤੇਦਾਰ ਮੁੰਡਾ ਪੜ੍ਹਦਾ ਸੀ, ਉਹ ਤਾਂ ਔਖੀਆਂ ਸੌਖੀਆਂ ਘਰੀਂ ਪਹੁੰਚ ਗਈਆਂ ਪਰ ਦੂਰ-ਦੁਰਾਡੇ ਦੀਆਂ ਜਿਨ੍ਹਾਂ ਕੁੜੀਆਂ ਦਾ ਕੋਈ ਰਿਸ਼ਤੇਦਾਰ ਨਹੀਂ ਸੀ ਤੇ ਟਰੇਨ ਦਾ ਸਮਾਂ ਵੀ ਨਹੀਂ ਸੀ, ਉਨ੍ਹਾਂ ਨੂੰ ਰੇਲਵੇ ਸਟੇਸ਼ਨ 'ਤੇ ਬੈਠ ਕੇ ਰਾਤ ਕੱਟਣੀ ਪਈ। ਅਜਿਹੇ ਸਮਿਆਂ 'ਤੇ ਉਚ-ਅਧਿਕਾਰੀਆਂ ਦੇ ਦਿਮਾਗ ਵਿਚੋਂ ਲੜਕੀਆਂ ਦੀ ਸੁਰੱਖਿਆ ਦੀ ਭਾਵਨਾ ਖੰਭ ਲਾ ਕੇ ਕਿੱਥੇ ਉਡ ਜਾਂਦੀ ਹੈ? ਉਦੋਂ ਉਹ ਵੇਲੇ-ਕੁਵੇਲੇ ਦੀ ਗੱਲ ਕਿਉਂ ਨਹੀਂ ਸੋਚਦੇ?

ਇਸੇ ਤਰ੍ਹਾਂ ਐਮ. ਏ. ਦੇ ਦੂਸਰੇ ਸਾਲ ਦਾ ਵਾਕਿਆ ਹੈ ਕਿ ਇਕਨਾਮਿਕਸ ਵਿਭਾਗ ਦੀ ਆਖਰੀ ਵਰ੍ਹੇ ਦੀ ਵਿਦਿਆਰਥਣ ਵਿਭਾਗਾਂ ਸਾਹਮਣੇ ਬਣੇ ਵਰਾਂਡੇ ਵਿਚੋਂ ਲੰਘ ਰਹੀ ਸੀ ਕਿ ਜਿਓਗਰਾਫੀ ਵਿਭਾਗ ਦਾ ਇੱਕ ਐਮ. ਏ. ਦੇ ਪਹਿਲੇ ਸਾਲ ਦਾ ਵਿਦਿਆਰਥੀ ਉਸ ਲੜਕੀ 'ਚ ਅਚਾਨਕ ਜਾਂ ਜਾਣ ਬੁੱਝ ਕੇ ਟਕਰਾ ਗਿਆ ਤੇ ਵਿਦਿਆਰਥਣ ਦੀ ਬਾਂਹ 'ਤੇ ਰੱਖੀਆਂ ਕਿਤਾਬਾਂ, ਜੋ ਉਹ ਲਾਇਬ੍ਰੇਰੀ ਵਿਚੋਂ ਕਢਾ ਕੇ ਲਿਆਈ ਸੀ, ਭੁੰਜੇ ਡਿਗ ਪਈਆਂ, ਜਿਸ 'ਤੇ ਉਸ ਨੇ ਲੜਕੇ ਨੂੰ ਕਿਹਾ, "ਅੰਧੇ ਹੋ? ਦਿਖਾਈ ਨਹੀਂ ਦੇਤਾ, ਸਾਰੀ ਕਿਤਾਬੇਂ ਗਿਰਾ ਦੀਂ?" ਮੁੰਡੇ ਨੇ ਪੈਂਦੀ ਸੱਟੇ ਕੁੜੀ ਦੇ ਥੱਪੜ ਮਾਰ ਦਿੱਤਾ।

ਕੁਦਰਤੀ ਹੈ ਕਿ ਇਹ ਬਹੁਤ ਹੀ ਬੇਇੱਜਤੀ ਵਾਲਾ ਕਾਰਾ ਮੰਨਿਆ ਗਿਆ ਕਿ ਕੋਈ ਲੜਕਾ ਕਿਸੇ ਵਿਦਿਆਰਥਣ ਦੇ ਥੱਪੜ ਮਾਰੇ, ਜੋ ਉਸ ਦੀ ਸੀਨੀਅਰ ਵੀ ਹੋਵੇ ਅਤੇ ਕਸੂਰ ਵੀ ਮੁੰਡੇ ਦਾ ਆਪਣਾ ਹੋਵੇ। ਕੁੜੀ ਨੇ ਹੋਸਟਲ ਪਹੁੰਚ ਕੇ ਵਾਰਡਨ ਨਾਲ ਵੀ ਗੱਲ ਕੀਤੀ ਅਤੇ ਕਾਮਨ ਰੂਮ ਵਿਚ ਸੱਦ ਕੇ ਕੁੜੀਆਂ ਨਾਲ ਵੀ ਗੱਲ ਕੀਤੀ। ਕੁੜੀਆਂ ਉਦੋਂ ਹੀ ਇਕੱਠੀਆਂ ਹੋ ਕੇ ਯੂਨੀਵਰਸਿਟੀ ਪਰੋਵੋਸਟ ਡਾ. ਮੁਕਰਜੀ ਨੂੰ ਮਿਲੀਆਂ ਅਤੇ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਨੂੰ ਵੀ ਕਿ ਲੜਕੇ ਵਿਰੁਧ ਬਣਦੀ ਕਾਰਵਾਈ ਕੀਤੀ ਜਾਵੇ। ਕੋਈ ਕਾਰਵਾਈ ਨਾ ਹੋਣ 'ਤੇ ਕੁੜੀਆਂ ਨੇ ਹੜਤਾਲ ਕਰ ਦਿੱਤੀ।

ਕੁਰੂਕਸ਼ੇਤਰ ਯੂਨੀਵਰਸਿਟੀ ਨੂੰ ਜਾਂਦੀ ਮੁੱਖ ਸੜਕ (ਪਿਹੋਵਾ-ਪਿੱਪਲੀ) 'ਤੇ ਤਿੰਨ ਗੇਟ ਲੱਗੇ ਹੋਏ ਸਨ (ਯੂਨੀਵਰਸਿਟੀ ਦਾ ਖੇਤਰਫਲ ਬਹੁਤ ਵੱਡਾ ਹੈ) ਜੋ ਆਉਣ-ਜਾਣ ਲਈ ਖੁੱਲ੍ਹੇ ਹੁੰਦੇ ਸਨ। ਵਿਦਿਆਰਥਣਾਂ ਨੇ ਏਕਾ ਕਰਕੇ ਗਰੁਪ ਬਣਾ ਲਏ ਅਤੇ ਤਿੰਨਾਂ ਗੇਟਾਂ 'ਤੇ ਕੁੜੀਆਂ ਦਾ ਪਹਿਰਾ ਲਾ ਦਿੱਤਾ ਤਾਂ ਕਿ ਕੋਈ ਵੀ ਵਿਦਿਆਰਥੀ, ਲੜਕਾ ਜਾਂ ਲੜਕੀ ਯੂਨੀਵਰਸਿਟੀ ਦੇ ਅੰਦਰ ਕਲਾਸਾਂ ਲਾਉਣ ਨਾ ਜਾ ਸਕੇ ਅਤੇ ਵਿਭਾਗਾਂ ਅੱਗੇ ਵੀ ਡਿਊਟੀਆਂ ਲਾ ਦਿੱਤੀਆਂ। ਕੁੜੀਆਂ ਨੇ ਸਾਂਝੇ ਤੌਰ 'ਤੇ ਫੈਸਲਾ ਕਰਕੇ ਵਿਦਿਆਰਥੀ ਯੂਨੀਅਨ ਜਾਂ ਲੜਕਿਆਂ ਨੂੰ ਆਪਣੀ ਹੜਤਾਲ ਤੋਂ ਪਾਸੇ ਰੱਖਿਆ ਤਾਂ ਕਿ ਲੜਕੇ ਦੇ ਹੱਕ ਜਾਂ ਵਿਰੋਧ ਵਿਚ ਲੜਕਿਆਂ ਵਿਚ ਕੋਈ ਧੜੇਬਾਜੀ ਨਾ ਉਭਰੇ।

ਕੁੜੀਆਂ ਦੀ ਮੰਗ ਬਹੁਤ ਸਾਧਾਰਨ ਅਤੇ ਜਾਇਜ਼ ਸੀ ਕਿ ਲੜਕਾ ਜਨਤਕ ਤੌਰ 'ਤੇ ਲੜਕੀਆਂ ਦੀ ਇਕੱਤਰਤਾ ਸਾਹਮਣੇ ਸਬੰਧਤ ਕੁੜੀ ਤੋਂ ਮੁਆਫੀ ਮੰਗੇ। ਮੁੰਡੇ ਨੂੰ ਯੂਨੀਵਰਸਿਟੀ ਵਿਚੋਂ ਕੱਢਣ ਜਾਂ ਕੋਈ ਹੋਰ ਅਜਿਹੀ ਸਜ਼ਾ ਦੇਣ ਦੀ ਕੋਈ ਮੰਗ ਨਹੀਂ ਸੀ। ਜਦੋਂ ਚਾਰ ਕੁ ਦਿਨ ਲੰਘ ਜਾਣ 'ਤੇ ਵੀ ਕੋਈ ਕਾਰਵਾਈ ਨਾ ਹੋਈ ਤਾਂ ਕੁੜੀਆਂ ਨੇ ਫੈਸਲਾ ਕੀਤਾ ਕਿ ਹਰਿਆਣੇ ਦੇ ਤਤਕਾਲੀਨ ਗਵਰਨਰ, ਜੋ ਕਿ ਯੂਨੀਵਰਸਿਟੀ ਦੇ ਚਾਂਸਲਰ ਵੀ ਸਨ, ਡਾ. ਚੱਕਰਵਰਤੀ ਨੂੰ ਵਫਦ ਦੇ ਰੂਪ ਵਿਚ ਮਿਲਿਆ ਜਾਵੇ। ਉਨ੍ਹਾਂ ਸਮਿਆਂ ਵਿਚ ਜਦੋਂ ਵਿਦਿਆਰਥੀਆਂ ਕੋਲ ਗੱਡੀਆਂ ਤਾਂ ਕੀ ਆਪਣੇ ਸਾਈਕਲ ਵੀ ਨਹੀਂ ਸਨ ਹੁੰਦੇ, ਲੜਕੀਆਂ ਲਈ ਕੁਰੂਕਸ਼ੇਤਰ ਤੋਂ ਚੰਡੀਗੜ੍ਹ ਜਾਣਾ ਕੋਈ ਸੌਖਾ ਕੰਮ ਨਹੀਂ ਸੀ। ਅੰਬਾਲਾ ਕੈਂਟ ਤੋਂ ਇੱਕ ਲੜਕੀ ਫਿਜ਼ਿਕਸ ਐਮ. ਐਸ. ਸੀ. ਦੀ ਦੂਜੇ ਸਾਲ ਦੀ ਵਿਦਿਆਰਥਣ ਸੀ ਜਿਸ ਦੇ ਘਰ ਦੇ ਕਾਰਖਾਨੇਦਾਰ ਸਨ ਤੇ ਉਨ੍ਹਾਂ ਦੀਆਂ ਗੱਡੀਆਂ ਸਨ। ਉਸ ਨੂੰ ਬੇਨਤੀ ਕੀਤੀ ਗਈ ਕਿ ਉਹ ਆਪਣੇ ਘਰਦਿਆਂ ਨੂੰ ਕਹਿ ਕੇ ਜਾਣ ਦਾ ਪ੍ਰਬੰਧ ਕਰੇ। ਇਸ ਤਰ੍ਹਾਂ ਕੁੜੀਆਂ ਦਾ ਵਫਦ ਇੱਕ ਇੱਕ ਕਰਕੇ ਹੋਸਟਲ ਤੋਂ ਨਿਕਲਿਆ ਤਾਂ ਕਿ ਕਿਸੇ ਨੂੰ ਸ਼ੱਕ ਨਾ ਪਵੇ ਤੇ ਚੰਡੀਗੜ੍ਹ ਜਾ ਕੇ ਗਵਰਨਰ ਨੂੰ ਮਿਲਿਆ।

ਗਵਰਨਰ ਨੇ ਨਾ ਸਿਰਫ ਵਫਦ ਨੂੰ ਚਾਹ ਪਿਲਾਈ ਬਲਕਿ ਆਪਣੀ ਪਤਨੀ ਨੂੰ ਵੀ ਵਿਚ ਸ਼ਾਮਲ ਕੀਤਾ ਅਤੇ ਲੜਕੀਆਂ ਦੀ ਗੱਲ ਬਹੁਤ ਧਿਆਨ ਨਾਲ ਸੁਣੀ। ਗਵਰਨਰ ਦੇ ਹੁਕਮ 'ਤੇ ਹੀ ਵਾਈਸ ਚਾਂਸਲਰ ਕੁੜੀਆਂ ਨਾਲ ਗੱਲ ਕਰਨ ਲਈ ਤਿਆਰ ਹੋਇਆ। ਪਰ ਉਸ ਨੇ ਇੱਥੇ ਵੀ, ਜਿਵੇਂ ਕਿ ਆਮ ਤੌਰ 'ਤੇ ਅਧਿਕਾਰੀ ਕਰਦੇ ਹਨ, ਵਿਦਿਆਰਥੀ ਯੂਨੀਅਨ ਦੇ ਪ੍ਰਧਾਨ ਰਾਹੀਂ ਇਹੋ ਸੁਨੇਹਾ ਦਿੱਤਾ ਕਿ ਹੜਤਾਲ ਦੀਆਂ ਪ੍ਰਤੀਨਿਧ ਕੁੜੀਆਂ ਹੀ ਮਿਲਣ। ਪਰ ਵਿਦਿਆਰਥਣਾਂ ਵਿਚ ਬਹੁਤ ਏਕਾ ਸੀ। ਇਸ ਲਈ ਸਾਰੀਆਂ ਲੜਕੀਆਂ ਇਕੱਠੀਆਂ ਹੋ ਕੇ ਹੀ ਮਿਲਣ ਗਈਆਂ ਅਤੇ ਜਦੋਂ ਵੀ. ਸੀ. ਪੁੱਛੇ ਕਿ "ਆਪ ਕੀ ਲੀਡਰ ਕੌਣ ਹੈ ਜੋ ਬਾਤ ਕਰੇਗੀ?" ਤਾਂ ਸਭ ਇੱਕ ਆਵਾਜ਼ ਵਿਚ ਬੋਲਦੀਆਂ "ਹਮ ਸਭੀ ਲੀਡਰ ਹੈਂ ਔਰ ਜੋ ਭੀ ਫੈਸਲਾ ਹੋਗਾ ਸਭ ਕੇ ਸਾਥ ਹੋਗਾ।" ਚਾਰ-ਪੰਜ ਘੰਟੇ ਦੀ ਮੀਟਿੰਗ ਤੋਂ ਬਾਅਦ ਜਦੋਂ ਵਾਈਸ ਚਾਂਸਲਰ ਨੇ ਵਿਦਿਆਰਥਣਾਂ ਦਾ ਏਕਾ ਅਤੇ ਦ੍ਰਿੜਤਾ ਭਾਂਪ ਲਈ ਤਾਂ ਇਹ ਕਹਿ ਕੇ ਹੜਤਾਲ ਖਤਮ ਕਰਨ ਲਈ ਕਿਹਾ ਕਿ "ਜੈਸੇ ਆਪ ਚਾਹਤੀ ਹੋ, ਹੋ ਜਾਏਗਾ।"

ਇੱਥੇ ਇਹ ਗੱਲ ਵੀ ਜ਼ਿਕਰਯੋਗ ਹੈ ਕਿ ਹੜਤਾਲ ਦੌਰਾਨ ਵਾਈਸ ਚਾਂਸਲਰ ਦੇ 'ਚਮਚੇ' ਕਿਸਮ ਦੇ ਕੁਝ ਲੜਕਿਆਂ ਵੱਲੋਂ ਹੜਤਾਲ ਵਿਚ ਸਰਗਰਮ ਵਿਦਿਆਰਥਣਾਂ 'ਤੇ ਤਰ੍ਹਾਂ ਤਰ੍ਹਾਂ ਦੇ ਘਟੀਆ ਇਲਜ਼ਾਮ ਲਾ ਕੇ ਅਤੇ ਭੱਦੀ ਬੋਲੀ ਵਰਤ ਕੇ ਉਨ੍ਹਾਂ ਨੂੰ ਡਰਾਉਣ ਲਈ ਇਸ਼ਤਿਹਾਰ ਵੀ ਛਾਪੇ ਗਏ, ਪਰ ਵਿਦਿਆਰਥਣਾਂ ਨਾ ਘਬਰਾਈਆਂ ਤੇ ਨਾ ਹੀ ਡਰੀਆਂ। ਉਦੋਂ ਹਰਿਆਣੇ ਵਿਚ ਲੜਕੀਆਂ ਨੂੰ ਪੜ੍ਹਾਉਣ ਦਾ ਬਹੁਤਾ ਰਿਵਾਜ਼ ਨਹੀਂ ਸੀ। ਹਰ ਇੱਕ ਵਿਭਾਗ ਵਿਚ ਮਸਾਂ ਇੱਕ-ਅੱਧ ਵਿਦਿਆਰਥਣ ਹੀ ਹਰਿਆਣੇ ਦੇ ਧੁਰ ਅੰਦਰ ਨਾਲ ਸਬੰਧਤ ਹੁੰਦੀ ਸੀ ਅਤੇ ਬਹੁਤੀਆਂ ਵਿਦਿਆਰਥਣਾਂ ਪੰਜਾਬ ਜਾਂ ਹਰਿਆਣੇ ਦੇ ਪੰਜਾਬੀ ਭਾਈਚਾਰੇ ਨਾਲ ਸਬੰਧਤ ਹੀ ਹੁੰਦੀਆਂ ਸਨ। ਸਬੰਧਤ ਲੜਕੀ ਵੀ ਰੋਹਤਕ ਦੇ ਜਾਟ ਪਰਿਵਾਰ ਵਿਚੋਂ ਸੀ ਅਤੇ ਲੜਕਾ ਵੀ ਉਸੇ ਖੇਤਰ ਤੋਂ ਸੀ। ਇਸ ਲਈ ਵਾਈਸ ਚਾਂਸਲਰ ਇਹ ਕਹਿ ਕੇ ਕਿ ਆਪ ਤੋ ਪੰਜਾਬੀ ਲੜਕੀਆਂ ਹੋ, ਯੇ ਵਿਚਾਰੀ ਹਰਿਆਣੇ ਕੀ ਸੀਧੀ-ਸਾਦੀ ਲੜਕੀਆਂ ਹੈਂ। ਆਪ ਇਨ ਕੋ ਕਿਉਂ ਗੁਮਰਾਹ ਕਰ ਰਹੀ ਹੋ, ਇੱਕ ਹੋਰ ਪੱਤਾ ਵੀ ਖੇਡਣ ਦੀ ਕੋਸ਼ਿਸ਼ ਕਰ ਰਿਹਾ ਸੀ ਪਰ ਕੁੜੀਆਂ ਦਾ ਇੱਕੋ ਉਤਰ ਸੀ ਕਿ ਸਵਾਲ ਹਰਿਆਣਵੀ ਜਾਂ ਪੰਜਾਬੀ ਹੋਣ ਦਾ ਨਹੀਂ, ਸਵਾਲ ਇੱਕ ਲੜਕੀ ਦੇ ਸਵੈਮਾਣ ਨੂੰ ਠੇਸ ਪਹੁੰਚਾਉਣ ਦਾ ਹੈ, ਜਿਸ ਲਈ ਲੜਕੇ ਨੂੰ ਮੁਆਫੀ ਮੰਗਣੀ ਚਾਹੀਦੀ ਹੈ। ਵੀ. ਸੀ. ਦੇ ਭਰੋਸਾ ਦੁਆਉਣ 'ਤੇ ਸ਼ਾਮ ਦੀ ਇਸ ਚਾਰ ਘੰਟੇ ਚੱਲੀ ਮੀਟਿੰਗ ਤੋਂ ਬਾਅਦ ਇੱਕ ਹਫਤੇ ਤੋਂ ਚੱਲ ਰਹੀ ਹੜਤਾਲ ਖਤਮ ਕਰ ਦਿੱਤੀ ਗਈ। ਪਰ ਵਾਈਸ ਚਾਂਸਲਰ ਨੇ ਆਪਣੇ 'ਚਮਚੇ' ਲੜਕਿਆਂ ਦੀ ਸਲਾਹ ਨਾਲ ਚਾਲ ਚੱਲੀ ਅਤੇ ਕੁੜੀ ਨੂੰ ਇਕੱਲਿਆਂ ਬੁਲਾ ਕੇ ਮੁੰਡੇ ਤੋਂ ਮੁਆਫੀ ਮੰਗਵਾ ਦਿੱਤੀ। ਮੁੰਡੇ ਨੂੰ ਕਿਹਾ ਕਿ ਉਸ ਨੂੰ 'ਦੀਦੀ' ਕਹਿ ਕੇ ਰੱਖੜੀ ਬੰਨਵਾ ਲਵੇ। ਦੋਹਾਂ ਨੇ ਵਾਈਸ ਚਾਂਸਲਰ ਦੀ ਹਾਜ਼ਰੀ ਵਿਚ ਇਵੇਂ ਹੀ ਕੀਤਾ ਅਤੇ ਇਹ ਸਭ ਕੁਝ ਆਮ ਵਿਦਿਅਰਥਣਾਂ ਤੋਂ ਛੁਪਾ ਕੇ ਕੀਤਾ ਗਿਆ। ਲੜਕੀ ਨੇ ਜਦੋਂ ਹੋਸਟਲ ਆ ਕੇ ਕਾਮਨ ਰੂਮ 'ਚ ਇਸ 'ਮੁਆਫੀਨਾਮੇ' ਦਾ ਐਲਾਨ ਕੀਤਾ ਤਾਂ ਸਾਰੀਆਂ ਵਿਦਿਆਰਥਣਾਂ ਇੱਕਦਮ ਭੜਕ ਪਈਆਂ। ਉਥੇ ਹੀ ਉਸੇ ਵੇਲੇ ਇਹ ਫੈਸਲਾ ਕਰ ਲਿਆ ਗਿਆ ਕਿ ਅੱਜ ਤੋਂ ਬਾਅਦ ਕੁੜੀ ਦਾ ਸਮਾਜਿਕ ਬਾਈਕਾਟ ਅਤੇ ਵਾਈਸ ਚਾਂਸਲਰ ਜਾਂ ਵਾਰਡਨ ਦੇ ਕਿਸੇ ਵੀ ਕਿਸਮ ਦੇ ਫੰਕਸ਼ਨ ਦਾ ਵੀ ਬਾਈਕਾਟ ਕੀਤਾ ਜਾਵੇਗਾ।

ਉਸ ਕੁੜੀ ਨਾਲ ਸਿਰਫ ਉਸ ਦੀ ਇੱਕ ਜੂਨੀਅਰ ਕੁੜੀ ਰਹਿ ਗਈ, ਬਾਕੀ ਸਭ ਨੇ ਵਿਭਾਗ ਜਾਂ ਹੋਸਟਲ ਵਿਚ ਉਸ ਨਾਲ ਬੋਲਣਾ ਬੰਦ ਕਰ ਦਿੱਤਾ। ਹੋਸਟਲ ਵਿਚ ਹਰ ਸਾਲ ਸੀਨੀਅਰ ਵਿਦਿਆਰਥਣਾਂ ਦੀ ਵਿਦਾਇਗੀ ਪਾਰਟੀ ਲਈ ਰਾਤ ਦਾ ਖਾਣਾ ਦੇਣ ਦੀ ਪਰੰਪਰਾ ਸੀ ਜਿਸ ਵਿਚ ਮੁੱਖ ਮਹਿਮਾਨ ਪਰੋਵੋਸਟ ਅਤੇ ਵਾਈਸ ਚਾਂਸਲਰ ਹੋਇਆ ਕਰਦੇ ਸਨ। ਅਸੀਂ ਹੜਤਾਲ ਦੀਆਂ ਮੋਹਰੀ ਵਿਦਿਆਰਥਣਾਂ ਸਮੇਤ ਉਸ ਲੜਕੀ ਦੇ ਆਖਰੀ ਸਾਲ ਦੀਆਂ ਵਿਦਿਆਰਥਣਾਂ ਸਾਂ ਜਿਨ੍ਹਾਂ ਨੂੰ ਹੋਸਟਲ ਵਿਚ ਵਿਦਾਇਗੀ ਪਾਰਟੀ ਦਿੱਤੀ ਜਾਣੀ ਸੀ ਅਤੇ ਇਸ ਦਾ ਪ੍ਰਬੰਧ ਵਾਰਡਨ ਨੇ ਕਰਨਾ ਸੀ। ਸਭ ਨੇ ਫੈਸਲਾ ਕੀਤਾ ਕਿ ਵਿਦਾਇਗੀ ਦੇ ਇਸ ਰਾਤ ਦੇ ਖਾਣੇ ਦਾ ਬਿਲਕੁਲ ਮੌਕੇ 'ਤੇ ਬਾਈਕਾਟ ਵੀ. ਸੀ. ਦੀ ਹਾਜ਼ਰੀ ਵਿਚ ਕੀਤਾ ਜਾਵੇਗਾ ਅਤੇ ਪਹਿਲਾਂ ਵਾਰਡਨ ਜਾਂ ਉਸ ਲੜਕੀ ਨੂੰ ਭਿਣਕ ਵੀ ਨਹੀਂ ਪੈਣ ਦੇਣੀ। ਵਾਰਡਨ ਦੀ ਰਿਹਾਇਸ਼ ਹੋਸਟਲ ਦੇ ਬਿਲਕੁਲ ਸਾਹਮਣੇ ਸੀ, ਜਿਸ ਦੇ ਖੁਲ੍ਹੇ ਵਿਹੜੇ ਵਿਚ ਪ੍ਰਬੰਧ ਕੀਤਾ ਗਿਆ। ਸਭ ਵਿਦਿਆਰਥਣਾਂ ਤਿਆਰ ਹੋ ਕੇ ਖਾਣੇ ਲਈ ਗਈਆਂ ਅਤੇ ਉਹ ਲੜਕੀ ਵੀ ਸਮੇਤ ਆਪਣੀ ਸਾਥਣ ਦੇ ਪਹੁੰਚੀ।

ਵਾਈਸ ਚਾਂਸਲਰ ਆਇਆ ਅਤੇ ਉਸ ਨੇ ਲੜਕੀ ਨੂੰ ਉਚੇਚ ਨਾਲ ਬੁਲਾਇਆ ਤੇ ਖਾਣੇ ਲਈ ਪਲੇਟ ਚੁੱਕ ਕੇ ਜਿਉਂ ਹੀ ਖਾਣਾ ਪਰੋਸਣਾ ਸ਼ੁਰੂ ਕੀਤਾ ਇੱਕ ਦਮ ਸਾਰੀਆਂ ਵਿਦਿਆਰਥਣਾਂ ਇੱਕ ਕਤਾਰ ਬਣਾ ਕੇ ਖਾਣਾ ਛੱਡ ਕੇ ਹੋਸਟਲ ਵਿਚ ਦਾਖਲ ਹੋ ਗਈਆਂ। ਸਾਰਾ ਖਾਣਾ ਧਰਿਆ ਧਰਾਇਆ ਰਹਿ ਗਿਆ। ਮੈੱਸ ਦੇ ਠੇਕੇਦਾਰ ਦੇ ਕਹਿਣ 'ਤੇ ਵੀ ਕਿਸੇ ਨੇ ਖਾਣਾ ਨਾ ਖਾਧਾ ਬਲਕਿ ਭੁੱਖਿਆਂ ਰਹਿ ਕੇ ਜਾਂ ਹੋਸਟਲ ਦੀ ਕੰਟੀਨ 'ਚੋਂ ਡਬਲ ਰੋਟੀ ਲੈ ਕੇ ਗੁਜ਼ਾਰਾ ਕੀਤਾ। ਨਤੀਜਾ ਇਹ ਨਿਕਲਿਆ ਕਿ ਵਾਈਸ ਚਾਂਸਲਰ ਨੇ ਵਾਰਡਨ ਨੂੰ ਪਹਿਲਾਂ ਛੁੱਟੀ 'ਤੇ ਭੇਜ ਦਿੱਤਾ, ਫਿਰ ਉਸ ਦੀਆਂ ਸੇਵਾਵਾਂ ਖਤਮ ਕਰ ਦਿੱਤੀਆਂ। ਵਾਈਸ ਚਾਂਸਲਰ ਦੇ ਅਹੁਦੇ ਦੀ ਮਿਆਦ ਵਿਚ ਵਾਧਾ ਹੋਣ ਵਾਲਾ ਸੀ ਜਿਸ ਲਈ ਉਹ ਪੂਰਾ ਜ਼ੋਰ ਲਾ ਰਿਹਾ ਸੀ ਪਰ ਗਵਰਨਰ ਨੇ ਉਸ ਦਾ ਇਹ ਵਾਧਾ ਰੋਕ ਦਿੱਤਾ ਤੇ ਉਸ ਦੀ ਛੁੱਟੀ ਕਰ ਦਿੱਤੀ। ਇਸ ਸਾਰੇ ਸਮੇਂ ਦੌਰਾਨ ਪ੍ਰੋਵੋਸਟ, ਪ੍ਰੋਫੈਸਰ ਮੁਕਰਜੀ ਦਾ ਰਵੱਈਆ ਵਿਦਿਆਰਥਣਾਂ ਨਾਲ ਬਿਲਕੁਲ ਹਮਦਰਦੀ ਵਾਲਾ ਰਿਹਾ ਅਤੇ ਉਨ੍ਹਾਂ ਨੇ ਹਰ ਤਰ੍ਹਾਂ ਨਾਲ ਵਿਦਿਆਰਥਣਾਂ ਦੇ ਹੱਕ ਦੀ ਗੱਲ ਕੀਤੀ ਕਿਉਂਕਿ ਅਜਿਹੇ ਅਹੁਦੇ ਵਾਈਸ ਚਾਂਸਲਰ ਅਤੇ ਵਿਦਿਆਰਥੀਆਂ ਵਿਚ ਰਾਬਤਾ ਬਿਠਾਉਣ ਅਤੇ ਸਮੱਸਿਆਵਾਂ ਦੇ ਸੁਖਾਵੇਂ ਹੱਲ ਕੱਢਣ ਲਈ ਹੀ ਸਥਾਪਤ ਕੀਤੇ ਜਾਂਦੇ ਹਨ, ਨਾ ਕਿ ਵਿਦਿਆਰਥੀਆਂ ਵਿਚ ਫੁੱਟ ਪੈਦਾ ਕਰਕੇ ਵਿਰੋਧ ਕਰਨ ਲਈ।

ਮਸਲਾ ਇੱਥੇ ਫੇਰ ਵਿਦਿਆਰਥਣਾਂ 'ਤੇ ਬੰਦਿਸ਼ ਲਾਉਣ ਦਾ ਨਹੀਂ ਹੈ, ਉਨ੍ਹਾਂ ਨੂੰ ਲੜਕਿਆਂ ਦੀ ਤਰ੍ਹਾਂ ਹੀ ਲਾਇਬ੍ਰੇਰੀ ਵਿਚ ਜਾ ਕੇ ਪੜ੍ਹਾਈ ਕਰਨ ਲਈ ਹੋਸਟਲਾਂ ਤੋਂ ਸਮੇਂ ਦੀ ਪਾਬੰਦੀ ਹਟਾਉਣ ਦਾ ਹੈ। ਇਹ ਯੂਨੀਵਰਸਿਟੀ ਅਧਿਕਾਰੀਆਂ ਦਾ, ਸਮਾਜ ਦਾ ਫਰਜ਼ ਬਣਦਾ ਹੈ ਕਿ ਲੜਕੀਆਂ ਲਈ ਸੁਰੱਖਿਅਤ ਮਾਹੌਲ ਸਿਰਜਿਆ ਜਾਵੇ। ਮੁੱਦਾ ਮਰਦ-ਜ਼ਹਿਨੀਅਤ ਨੂੰ ਬਦਲਣ ਦਾ ਹੈ।

ਭਾਰਤੀ ਜਾਂ ਕਹੀਏ ਕਿ ਪੰਜਾਬੀ ਜ਼ਹਿਨੀਅਤ ਦੀ ਮੈਂ ਇੱਥੇ ਇੱਕ ਛੋਟੀ ਜਿਹੀ ਮਿਸਾਲ ਦੇਣੀ ਚਾਹਾਂਗੀ ਜਿਸ ਨਾਲ ਬਹੁਤ ਸਾਰੇ ਸੂਝਵਾਨ ਲੋਕ ਸਹਿਮਤ ਵੀ ਹੋਣਗੇ। ਇੱਥੇ ਕੈਨੇਡਾ ਵਿਚ ਦੂਸਰੇ ਭਾਈਚਾਰਿਆਂ ਦੇ ਜੁਆਨ-ਜਹਾਨ ਲੜਕੇ ਵੀ ਕਿਸੇ ਰਾਹ ਜਾਂਦੀ ਜਾਂ ਸਾਂਝੇ ਥਾਂਵਾਂ 'ਤੇ ਵਿਚਰ ਰਹੀ ਕੁੜੀ ਜਾਂ ਔਰਤ ਵੱਲ ਅੱਖ ਚੁੱਕ ਕੇ ਨਹੀਂ ਦੇਖਦੇ। ਪਰ ਆਪਣੇ ਪੰਜਾਬੀ ਭਾਈਚਾਰੇ ਦੇ ਮਰਦ ਭਾਵੇਂ ਉਹ ਕਿਸੇ ਮਾਲ ਵਿਚ ਲੱਗੇ ਸੋਫਿਆਂ ਜਾਂ ਕੁਰਸੀਆਂ 'ਤੇ ਬੈਠੇ ਹੋਣ ਤੇ ਭਾਵੇਂ ਗਰਮੀ ਦੇ ਮੌਸਮ ਵਿਚ ਪਾਰਕਾਂ ਵਿਚ ਲੱਗੇ ਬੈਂਚਾਂ 'ਤੇ ਬੈਠੇ ਤਾਸ਼ ਖੇਡ ਰਹੇ ਹੋਣ, ਉਨ੍ਹਾਂ ਵਿਚੋਂ ਬਹੁਤੇ ਆਉਂਦੀਆਂ ਜਾਂਦੀਆਂ ਔਰਤਾਂ/ਕੁੜੀਆਂ ਵੱਲ ਅੱਖਾਂ ਪਾੜ ਪਾੜ ਝਾਕਦੇ ਹਨ ਅਤੇ ਪਾਰਕਾਂ ਵਿਚ ਬੱਚੇ ਖਿਡਾਉਣ ਆਈਆਂ ਕੁੜੀਆਂ-ਔਰਤਾਂ ਨੂੰ ਇਹ ਸਭ ਬਹੁਤ ਬੁਰਾ ਲੱਗਦਾ ਹੈ। ਆਪਣੇ ਮੁਲਕ ਵਿਚ ਵੀ ਅਸੀਂ ਦੇਖਦੇ ਹਾਂ ਕਿ ਆਮ ਵਿਚਰ ਰਹੀਆਂ ਕੁੜੀਆਂ ਤੇ ਔਰਤਾਂ ਨਾਲ ਬੱਸਾਂ ਦੀਆਂ ਸੀਟਾਂ 'ਤੇ ਬੈਠਿਆਂ ਪਾਸੇ ਮਾਰਨ ਵੇਲੇ ਜਾਂ ਰਾਹ ਜਾਂਦਿਆਂ ਆਵਾਜ਼ੇ ਕਸਣ ਵੇਲੇ ਤਾਂ ਰਾਤ ਨਹੀਂ ਹੁੰਦੀ। ਇਹ ਸਭ ਕੁਝ ਦਿਨ ਦਿਹਾੜੇ ਅਤੇ ਯੂਨੀਵਰਸਿਟੀ ਜਾਂ ਕਾਲਜ ਵਰਗੀਆਂ ਥਾਂਵਾਂ 'ਤੇ ਵੀ ਵਾਪਰਦਾ ਹੈ। ਇਸ ਲਈ ਮੁੱਦਾ ਕੁੜੀਆਂ 'ਤੇ ਬੰਦਿਸ਼ਾਂ ਲਾਉਣ ਨਾਲੋਂ ਸਮਾਜ ਦੀ ਸੋਚ ਨੂੰ ਉਸਾਰੂ ਬਣਾਉਣ ਦਾ ਹੈ।

ਕਹਿਣ ਨੂੰ ਤਾਂ ਅਸੀਂ ਬੜੇ ਸੋਹਲੇ ਗਾਉਂਦੇ ਹਾਂ ਕਿ ਸਾਡੀ ਧਰਤੀ ਰਿਸ਼ੀਆਂ-ਮੁਨੀਆਂ, ਗੁਰੂਆਂ ਅਤੇ ਪੀਰਾਂ ਦੀ ਨਿਵਾਜੀ ਹੋਈ ਧਰਤੀ ਹੈ ਪਰ ਕੀ ਸਾਡੀ ਸੋਚ ਵਿਚ ਇਸ ਅਮੀਰ ਵਿਰਾਸਤ ਦਾ ਕੋਈ ਕਿਣਕਾ ਮਾਤਰ ਵੀ ਸ਼ਾਮਲ ਹੈ? ਕੀ ਪਰੋਵੋਸਟ ਦਾ ਫਰਜ਼ ਨਹੀਂ ਬਣਦਾ ਕਿ ਉਹ ਅਧਿਕਾਰੀਆਂ ਨਾਲ ਸਲਾਹ-ਮਸ਼ਵਰਾ ਕਰੇ ਅਤੇ ਸਮੱਸਿਆ ਦਾ ਹੱਲ ਲੱਭੇ, ਬਜਾਏ ਇਸ ਦੇ ਕਿ ਉਸ ਨੂੰ 'ਗੁਰੂ' ਸਮਝ ਕੇ ਉਸ ਦੇ ਹੱਕ ਦੇ ਵਿਦਿਆਰਥੀ ਹੜਤਾਲੀਆਂ ਨਾਲ ਹੱਥੋ ਪਾਈ ਹੋਣ?

# ਜਾ ਕਉ ਰਾਖੈ ਰਾਖਣਹਾਰੁ

## ਗੁਰਬਾਣੀ ਗਿਆਨ

**ੴ ਸਤਿਗੁਰ ਪ੍ਰਸਾਦਿ॥**
**ਗੋਂਡ ਮਹਲਾ ੫**

ਜਾ ਕਉ ਰਾਖੈ ਰਾਖਣਹਾਰੁ॥
ਤਿਸ ਕਾ ਅੰਗੁ ਕਰੇ ਨਿਰੰਕਾਰੁ॥ ਰਹਾਉ॥
ਮਾਤ ਗਰਭ ਮਹਿ ਅਗਨਿ ਨ ਜੋਹੈ॥
ਕਾਮੁ ਕ੍ਰੋਧੁ ਲੋਭੁ ਮੋਹੁ ਨ ਪੋਹੈ॥
ਸਾਧ ਸੰਗਿ ਜਪੈ ਨਿਰੰਕਾਰੁ॥
ਨਿੰਦਕ ਕੈ ਮੁਹਿ ਲਾਗੈ ਛਾਰੁ॥
ਰਾਮ ਕਵਚੁ ਦਾਸ ਕਾ ਸੰਨਾਹੁ॥
ਦੂਤ ਦੁਸਟ ਤਿਸੁ ਪੋਹਤ ਨਾਹਿ॥
ਜੋ ਜੋ ਗਰਬੁ ਕਰੇ ਸੋ ਜਾਇ॥
ਗਰੀਬ ਦਾਸ ਕੀ ਪ੍ਰਭੁ ਸਰਣਾਇ॥
ਜੋ ਜੋ ਸਰਣਿ ਪਇਆ ਹਰਿ ਰਾਇ॥
ਸੋ ਦਾਸੁ ਰਖਿਆ ਅਪਣੈ ਕੰਠਿ ਲਾਇ॥
ਜੇ ਕੋ ਬਹੁਤੁ ਕਰੇ ਅਹੰਕਾਰੁ॥
ਓਹੁ ਖਿਨ ਮਹਿ ਰੁਲਤਾ ਖਾਕੂ ਨਾਲਿ॥
ਹੈ ਭੀ ਸਾਚਾ ਹੋਵਣਹਾਰੁ॥
ਸਦਾ ਸਦਾ ਜਾਈ ਬਲਿਹਾਰ॥
ਅਪਣੇ ਦਾਸ ਰਖੇ ਕਿਰਪਾ ਧਾਰਿ॥
ਨਾਨਕ ਕੇ ਪ੍ਰਭ ਪ੍ਰਾਣ ਅਧਾਰ॥

ਗੁਰੂ ਅਰਜਨ ਦੇਵ ਜੀ ਅਕਾਲ ਪੁਰਖ ਪਰਮਾਤਮਾ ਦੀਆਂ ਰਹਿਮਤਾਂ ਦਾ ਵਰਨਣ ਕਰਦਿਆਂ ਸਾਨੂੰ ਜੀਵਾਂ ਨੂੰ ਉਪਦੇਸ਼ ਕਰਦੇ ਹਨ, ਹੇ ਭਾਈ! ਉਹ ਮਿਹਰਾਂ ਦਾ ਮਾਲਕ ਰੱਖਣਹਾਰ ਪ੍ਰਭੂ ਜਿਸ ਮਨੁੱਖ ਨੂੰ ਵਿਕਾਰਾਂ ਤੋਂ ਬਚਾਉਣਾ ਚਾਹੁੰਦਾ ਹੈ ਤਾਂ ਮਿਹਰਬਾਨ ਪ੍ਰਭੂ ਫਿਰ ਆਪ ਉਸ ਦਾ ਪੱਖ ਲੈਂਦਾ ਹੈ, ਉਸ ਮਨੁੱਖ ਦੀ ਮਦਦ ਆਪ ਕਰਦਾ ਹੈ।

ਮਾਤ ਗਰਭ ਮਹਿ ਅਗਨਿ ਨ ਜੋਹੈ॥
ਕਾਮੁ ਕ੍ਰੋਧੁ ਲੋਭੁ ਮੋਹੁ ਨ ਪੋਹੈ॥
ਸਾਧ ਸੰਗਿ ਜਪੈ ਨਿਰੰਕਾਰੁ॥
ਨਿੰਦਕ ਕੈ ਮੁਹਿ ਲਾਗੈ ਛਾਰੁ॥

ਗੁਰਦੇਵ ਆਖਦੇ ਹਨ, ਹੇ ਭਾਈ! ਜਿਵੇਂ ਜੀਵ ਨੂੰ ਮਾਂ ਦੇ ਪੇਟ ਵਿਚ ਬਲਦੀ ਹੋਈ ਅੱਗ ਦੁਖ ਨਹੀਂ ਦਿੰਦੀ, ਬਿਲਕੁਲ ਉਸੇ ਤਰਾਂ ਹੀ ਜਿਸ ਮਨੁੱਖ ਦਾ ਪੱਖ ਪ੍ਰਭੂ ਆਪ ਲੈਂਦਾ ਹੈ, ਉਸ ਨੂੰ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ-ਕੋਈ ਵੀ ਆਪਣੇ ਜਾਲ ਵਿਚ ਫਸਾ ਨਹੀਂ ਸਕਦਾ; ਉਹ ਮਨੁੱਖ ਗੁਰੂ ਦੀ ਸੰਗਤ ਵਿਚ ਬੈਠ ਕੇ ਪਰਮਾਤਮਾ ਦਾ ਨਾਮ ਜਪਦਾ ਹੈ, ਪਰ ਉਸ ਦੀ ਨਿੰਦਿਆ ਕਰਨ ਵਾਲੇ ਮਨੁੱਖ ਦੇ ਸਿਰ ਸੁਆਹ ਪੈਂਦੀ ਹੈ।

ਰਾਮ ਕਵਚੁ ਦਾਸ ਕਾ ਸੰਨਾਹੁ॥
ਦੂਤ ਦੁਸਟ ਤਿਸੁ ਪੋਹਤ ਨਾਹਿ॥
ਜੋ ਜੋ ਗਰਬੁ ਕਰੇ ਸੋ ਜਾਇ॥
ਗਰੀਬ ਦਾਸ ਕੀ ਪ੍ਰਭੁ ਸਰਣਾਇ॥

ਸਤਿਗੁਰੂ ਪਿਤਾ ਜੀ ਆਖਦੇ ਹਨ, ਹੇ ਭਾਈ! ਮਿਹਰਬਾਨ ਪ੍ਰਭੂ ਦਾ ਨਾਮ ਤਾਂ ਸੇਵਕ ਵਾਸਤੇ ਸ਼ਸਤਰਾਂ ਦੀ ਮਾਰ ਤੋਂ ਬਚਾਉਣ ਵਾਲਾ ਤੰਤਰ ਹੈ; ਦੂਤ ਦੁਸਟ ਵੈਰੀ ਪੋਹ ਵੀ ਨਹੀਂ ਸਕਦੇ। ਪਰ ਜੋ ਜੋ ਮਨੁੱਖ ਆਪਣੀ ਤਾਕਤ ਦਾ ਮਾਣ ਕਰਦਾ ਹੈ, ਉਹ ਆਤਮਕ ਜੀਵਨ ਵਲੋਂ ਬਾਹ ਹੋ ਜਾਂਦਾ ਹੈ। ਗਰੀਬ ਸੇਵਕ ਦਾ ਆਸਰਾ ਤਾਂ ਪ੍ਰਭੂ ਆਪ ਹੈ।

ਜੋ ਜੋ ਸਰਣਿ ਪਇਆ ਹਰਿ ਰਾਇ॥
ਸੋ ਦਾਸੁ ਰਖਿਆ ਅਪਣੈ ਕੰਠਿ ਲਾਇ॥
ਜੇ ਕੋ ਬਹੁਤੁ ਕਰੇ ਅਹੰਕਾਰੁ॥
ਓਹੁ ਖਿਨ ਮਹਿ ਰੁਲਤਾ ਖਾਕੂ ਨਾਲਿ॥

ਗੁਰਦੇਵ ਆਖਦੇ ਹਨ, ਹੇ ਭਾਈ, ਜੋ ਜੋ ਮਨੁਖ ਜਾਂ ਜੀਵ ਪ੍ਰਭੂ ਪਾਤਸ਼ਾਹ ਦੀ ਸ਼ਰਣ ਪੈ ਜਾਂਦਾ ਹੈ, ਉਸ ਸੇਵਕ ਨੂੰ ਪ੍ਰਭੂ ਆਪਣੇ ਗਲ ਨਾਲ ਲਾ ਕੇ ਦੁਸਟ ਦੂਤਾਂ ਤੋਂ ਬਚਾ ਲੈਂਦਾ ਹੈ। ਪਰ ਜਿਹੜਾ ਮਨੁੱਖ ਆਪਣੀ ਹੀ ਤਾਕਤ ਉਤੇ ਬਹੁਤਾ ਮਾਣ ਕਰਦਾ ਹੈ, ਉਹ ਇਨ੍ਹਾਂ ਪੰਜਾਂ ਦੂਤਾਂ ਦੇ ਟਾਕਰੇ 'ਤੇ ਇਕ ਖਿਨ ਵਿਚ ਹੀ ਮਿਟੀ ਵਿਚ ਮਿਲ ਜਾਂਦਾ ਹੈ।

ਹੈ ਭੀ ਸਾਚਾ ਹੋਵਣਹਾਰੁ॥
ਸਦਾ ਸਦਾ ਜਾਈ ਬਲਿਹਾਰ॥
ਅਪਣੇ ਦਾਸ ਰਖੇ ਕਿਰਪਾ ਧਾਰਿ॥
ਨਾਨਕ ਕੇ ਪ੍ਰਭ ਪ੍ਰਾਣ ਅਧਾਰ॥

ਸ਼ਬਦ ਦੇ ਅਖੀਰ ਵਿਚ ਸਤਿਗੁਰੂ ਜੀ ਪ੍ਰਭੂ ਦੀ ਵਡਿਆਈ ਦੱਸਦਿਆਂ ਆਖਦੇ ਹਨ, ਹੇ ਭਾਈ! ਉਹ ਸੱਚਾ ਸਦਾ ਹੀ ਰਹਿਣ ਵਾਲਾ ਮਾਲਕ ਹੁਣ ਵੀ ਹੈ ਅਤੇ ਸਦਾ ਲਈ ਹੀ ਰਹੇਗਾ। ਮੈਂ ਉਸ ਤੋਂ ਸਦਾ ਸਦਾ ਹੀ ਬਲਿਹਾਰ ਸਦਕਤੇ ਜਾਂਦਾ ਹਾਂ। ਹੇ ਭਾਈ, ਨਾਨਕ ਦੇ ਪ੍ਰਭੂ ਤਾਂ ਆਪਣੇ ਦਾਸਾਂ ਸੇਵਕਾਂ ਦੀ ਜਿੰਦ ਦਾ ਆਸਰਾ ਹਨ ਅਤੇ ਉਹ ਮਿਹਰਬਾਨ ਪ੍ਰਭੂ ਆਪਣੇ ਦਾਸ ਨੂੰ ਆਪਣੀ ਕਿਰਪਾ ਕਰ ਕੇ ਸਦਾ ਹੀ ਵਿਕਾਰਾਂ ਤੋਂ ਬਚਾਈ ਰੱਖਦਾ ਹੈ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ

# ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਸਿੱਖ ਯੂਨੀਵਰਸਿਟੀ: ਪਿਛੋਕੜ ਤੇ ਵਰਤਮਾਨ

ਇਕ ਸਦੀ ਪਹਿਲਾਂ ਹਿੰਦੂਆਂ, ਮੁਸਲਮਾਨਾਂ ਅਤੇ ਸਿੱਖਾਂ ਵਿਚ ਸਮਾਜ ਸੁਧਾਰਕ ਲਹਿਰਾਂ ਚੱਲੀਆਂ। ਆਪੋ ਆਪਣੇ ਰਾਜ ਭਾਗ ਗੁਆ ਕੇ ਸਿੱਖਾਂ, ਮੁਸਲਮਾਨਾਂ ਨੇ ਸੋਚਣਾ ਸ਼ੁਰੂ ਕੀਤਾ ਕਿ ਇਹ ਭਾਣਾ ਕਿਉਂ ਵਾਪਰਿਆ? ਮਹਾਰਾਜਾ ਰਣਜੀਤ ਸਿੰਘ ਦੇ ਹਰਮ ਵਿਚ ਦੋ ਦਰਜਨ ਰਾਣੀਆਂ ਦਾ ਕੀ ਕੰਮ ਸੀ, ਉਹ ਸ਼ਰਾਬ ਕਿਉਂ ਪੀਣ ਲੱਗਾ, ਮੋਰਾਂ ਨੂੰ ਕਿਉਂ ਮਹਿਲ ਵਿਚ ਲਿਆਂਦਾ? ਸਰਦਾਰ ਵੀ ਉਸ ਵਰਗੇ ਹੋ ਗਏ। ਸਿੱਖ, ਜਦੋਂ ਸਿੱਖ ਨਾ ਰਹੇ, ਗੁਰੂ ਨੇ ਰਾਜ ਖੋਹ ਲਿਆ। ਪਹਿਲਾਂ ਸਿੱਖ ਬਣੀਏਂ, ਫੇਰ ਰਾਜ ਕਰੇਗਾ ਖਾਲਸਾ।



ਡਾ. ਹਰਪਾਲ ਸਿੰਘ ਪੰਨੂ
ਫੋਨ: 91-94642-51454

ਮੁਸਲਮਾਨਾਂ ਦੇ ਬਾਦਸ਼ਾਹ ਅਤੇ ਨਵਾਬ ਅੱਯਾਸ਼ ਹੋ ਗਏ ਸਨ। ਉਨ੍ਹਾਂ ਦਾ ਹਿਸਾਬ ਵੀ ਉਥੇ ਹੀ ਪੁੱਜਾ, ਪਹਿਲੋਂ ਸਹੀ ਮੁਸਲਮਾਨ ਹੋ ਜਾਈਏ ਫਿਰ ਰਾਜ ਕਰਨ ਦੇ ਹੱਕਦਾਰ ਹੋ ਜਾਵਾਂਗੇ। ਹਿੰਦੂ ਜਾਤ-ਪਾਤ, ਕਰਮ-ਕਾਂਡ ਅਤੇ ਮੂਰਤੀ ਪੂਜਾ ਤੋਂ ਮੁਕਤ ਹੋਣਾ ਚਾਹੁੰਦੇ ਸਨ, ਜਿਨ੍ਹਾਂ ਸਦਕਾ ਪਈ ਫੁੱਟ ਕਾਰਨ ਗੁਲਾਮ ਹੋਏ। ਅੰਗਰੇਜ਼ਾਂ ਨੇ ਇਨ੍ਹਾਂ ਸੁਧਾਰਕ ਲਹਿਰਾਂ ਨੂੰ ਉਤਸ਼ਾਹਿਤ ਕੀਤਾ, ਚੰਗੇ ਇਨਸਾਨ ਬਣਨਗੇ ਤਾਂ ਸਾਨੂੰ ਚੰਗੀ ਪਰਜਾ ਮਿਲੇਗੀ।

ਆਤਮ ਗਿਲਾਨੀ ਇਸ ਹੱਦ ਤੱਕ ਵਧ ਗਈ ਸੀ ਕਿ ਰਾਬਿੰਦਰ ਨਾਥ ਟੈਗੋਰ ਨੇ ਮਹਾਤਮਾ ਗਾਂਧੀ ਨੂੰ ਇਕ ਖਤ ਵਿਚ ਲਿਖਿਆ, "ਮਹਾਤਮਾ ਜੀ, ਤੁਹਾਡੀ ਕਦਰ ਮੈਂ ਇਸ ਕਰਕੇ ਨਹੀਂ ਕਰਦਾ ਕਿ ਤੁਸੀਂ ਬਹੁਤ ਵੱਡੇ ਸਿਆਸਤਦਾਨ ਹੋ, ਤੁਹਾਥੋਂ ਵੱਡੇ ਸਿਆਸਤਦਾਨ ਵੀ ਹਨ। ਤੁਹਾਡੀ ਕਦਰ ਇਸ ਕਰਕੇ ਕਰਦਾ ਹਾਂ ਕਿ ਤੁਸੀਂ ਹੋ ਉਹ ਵਾਹਦ ਨੇਤਾ, ਜਿਸ ਨੂੰ ਪਤਾ ਲੱਗ ਗਿਆ ਹੈ ਕਿ ਮਾਲਕ ਦੇ ਪੰਜੇ ਹੇਠੋਂ ਗੁਲਾਮ ਉਦੋਂ ਨਿਕਲ ਸਕੇਗਾ, ਜਦੋਂ ਗੁਲਾਮ ਦਾ ਆਚਰਣ ਮਾਲਕ ਤੋਂ ਉਤਮ ਹੋ ਗਿਆ। ਤੁਸੀਂ ਖੁਦ ਨੂੰ ਠੀਕ ਕਰ ਲਿਆ ਹੈ, ਭਾਰਤੀਆਂ ਨੂੰ ਠੀਕ ਕਰਨ ਲੱਗੇ ਹੋਏ ਹੋ।"

ਸਭ ਦੀ ਨਜ਼ਰ ਵਿੱਦਿਆ ਵੱਲ ਗਈ। ਮੁਸਲਮਾਨਾਂ ਨੇ ਯੂਨੀਵਰਸਿਟੀ ਮੰਗੀ, ਅੰਗਰੇਜ਼ਾਂ ਨੇ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੇ ਦਿੱਤੀ। ਹਿੰਦੂਆਂ ਨੂੰ ਬਨਾਰਸ ਹਿੰਦੂ ਯੂਨੀਵਰਸਿਟੀ ਮਿਲੀ। ਸਿੱਖਾਂ ਨੇ ਵੀ ਯੂਨੀਵਰਸਿਟੀ ਮੰਗੀ, ਅੰਮ੍ਰਿਤਸਰ ਵਿਚ ਇਮਾਰਤ ਉਸਾਰ ਲਈ, ਆਪਸੀ ਤਕਰਾਰ, ਚੌਧਰ, ਈਰਖਾ ਕਾਰਨ ਯੂਨੀਵਰਸਿਟੀ ਨਾ ਬਣ ਸਕੀ। ਬਿਲਡਿੰਗ ਵਿਚ ਖਾਲਸਾ ਕਾਲਜ ਚਲਾ ਲਿਆ। ਦਿਲ ਵਿਚ ਸੱਧਰ ਕਾਇਮ ਰਹੀ।



*ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਸਿੱਖ ਯੂਨੀਵਰਸਿਟੀ ਦੀ ਇਮਾਰਤ*

1969 ਵਿਚ ਗੁਰੂ ਨਾਨਕ ਦੇਵ ਜੀ ਦਾ ਪੰਜ ਸੌਵਾਂ ਪ੍ਰਕਾਸ਼ ਪੁਰਬ ਆ ਗਿਆ, ਸੋਚਿਆ, ਜੋ ਉਦੋਂ ਨਹੀਂ ਹੋ ਸਕਿਆ, ਹੁਣ ਕਰ ਲੈਂਦੇ ਹਾਂ। ਖਾਲਸਾ ਕਾਲਜ ਜਮੀਨ ਦੇਣ ਲਈ ਮੰਨ ਗਿਆ। ਫੈਸਲਾ ਹੋਇਆ ਕਿ ਨਾਮ ਗੁਰੂ ਨਾਨਕ ਦੇਵ ਯੂਨੀਵਰਸਿਟੀ ਰੱਖਾਂਗੇ। ਕੇਂਦਰ ਸਰਕਾਰ ਨੇ ਇਸ ਨਾਂ ਨੂੰ ਪ੍ਰਵਾਨਗੀ ਨਾ ਦਿੱਤੀ। ਅਕਾਲੀ ਲੀਡਰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਮਿਲਣ ਗਏ, ਪ੍ਰਵਾਨਗੀ ਮੰਗੀ। ਇੰਦਰਾ ਗਾਂਧੀ ਨੇ ਕਿਹਾ, ਕਿਸੀ ਵਿਅਕਤੀ ਕੇ ਨਾਮ ਪਰ ਯੂਨੀਵਰਸਿਟੀ ਹੋ, ਅਸੂਲਨ ਹਮ ਇਸ ਕੇ ਖਿਲਾਫ ਹੈਂ। ਸ. ਸੁਰਜੀਤ ਸਿੰਘ ਬਰਨਾਲਾ ਨੇ ਕਿਹਾ, ਵਿਅਕਤੀ ਨਹੀਂ, ਗੁਰੂ ਨਾਨਕ ਦੇਵ ਪੀਰ ਥੇ, ਪੈਗੰਬਰ ਥੇ। ਵਿਅਕਤੀ ਤੋ ਪੰਡਿਤ ਜਵਾਹਰ ਲਾਲ ਨਹਿਰੂ ਥੇ, ਉਨਕੇ ਨਾਮ ਪਰ ਤੋ ਦਿੱਲੀ ਮੇਂ ਯੂਨੀਵਰਸਿਟੀ ਬਨ ਗਈ ਹੈ, ਅੰਮ੍ਰਿਤਸਰ ਮੇਂ ਗੁਰੂ ਜੀ ਕੇ ਨਾਮ ਪਰ ਕਿਉਂ ਨਹੀਂ ਬਨ ਸਕਤੀ? ਆਖਰ ਪ੍ਰਵਾਨਗੀ ਮਿਲ ਗਈ। ਜਿਨ੍ਹਾਂ ਜਥੇਬੰਦੀਆਂ ਨੇ ਪੰਜਾਬੀ ਸੂਬੇ ਦਾ ਵਿਰੋਧ ਕੀਤਾ ਸੀ, ਉਨ੍ਹਾਂ ਨੇ ਇਸ ਯੂਨੀਵਰਸਿਟੀ ਦਾ ਵੀ ਡਟ ਕੇ ਵਿਰੋਧ ਕੀਤਾ ਪਰ ਯੂਨੀਵਰਸਿਟੀ ਸਾਕਾਰ ਹੋ ਗਈ।

ਕੁਝ ਦਹਾਕਿਆਂ ਬਾਅਦ ਦੇਸ਼-ਵਿਦੇਸ਼ ਦੇ ਸਿੱਖ ਸੋਚਣ ਲੱਗੇ, ਜਿਹੋ ਜਿਹੀਆਂ ਬਾਕੀ ਯੂਨੀਵਰਸਿਟੀਆਂ, ਉਹੋ ਜਿਹੀ ਇਹ। ਗੁਰੂ ਜੀ ਦਾ ਕੇਵਲ ਨਾਮ ਹੈ, ਹੋਰ ਕੀ ਫਰਕ? ਇਕ ਯੂਨੀਵਰਸਿਟੀ ਅਜਿਹੀ ਹੋਵੇ ਜਿੱਥੇ ਨਿਰੋਲ ਸਿੱਖ ਸਾਹਿਤ, ਸਿੱਖ ਇਤਿਹਾਸ, ਸਿੱਖ ਫਲਸਫਾ, ਸਿੱਖ ਧਰਮ ਪੜ੍ਹਾਏ ਜਾਣ ਜਾਂ ਉਹ ਵਿਸ਼ੇ ਜੋ ਸਿੱਖ ਸਭਿਆਚਾਰ ਨੂੰ ਸਮਝਣ ਵਿਚ ਸਹਾਈ ਹੋਣ ਜਿਵੇਂ, ਫਾਰਸੀ, ਸੰਸਕ੍ਰਿਤ, ਸੰਗੀਤ, ਮਾਰਸ਼ਲ ਆਰਟਸ ਆਦਿ। ਪ੍ਰਬੰਧ ਸਿੱਖਾਂ ਕੋਲ ਹੋਵੇ। ਯੂ. ਜੀ. ਸੀ. ਤੋਂ ਮਾਨਤਾ ਲੈਣ ਲਈ ਕੁਝ ਸੈਕੂਲਰ, ਕੁਝ ਸਾਇੰਸ ਦੇ ਵਿਸ਼ੇ ਰੱਖ ਲਵਾਂਗੇ। ਜਮੀਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਏਗੀ, ਪੈਸਾ ਲਾਏਗੀ, ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਯੂਨੀਵਰਸਿਟੀ ਦਾ ਕੁਲਪਤੀ ਹੋਵੇਗਾ।

ਮਹਾਰਾਜਾ ਪਟਿਆਲਾ ਕਰਮ ਸਿੰਘ ਨੇ ਗੁਰੂ ਮਾਰੀ ਸਰਹਿੰਦ ਦਾ ਨਾਂ ਬਦਲ ਕੇ ਫਤਿਹਗੜ੍ਹ ਸਾਹਿਬ ਰੱਖਿਆ, ਜਮੀਨ ਦਾਨ ਕੀਤੀ, ਜਗੀਰਾਂ ਲਾਈਆਂ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਯੂਨੀਵਰਸਿਟੀ ਦੇ ਟਰੱਸਟ ਨੂੰ ਇਸ ਵਿਚੋਂ 115 ਏਕੜ ਜਮੀਨ ਦੇ ਦਿੱਤੀ। ਗੁਰੂ ਗ੍ਰੰਥ ਸਾਹਿਬ ਨੂੰ ਹਰਿਮੰਦਰ ਵਿਚ ਸਥਾਪਤ ਕਰਨ ਦੀ ਚੌਥੀ ਸ਼ਤਾਬਦੀ ਦੇ ਸਾਲ 2004 ਵਿਚ ਯੂਨੀਵਰਸਿਟੀ ਸਥਾਪਤ ਕਰਨ ਦਾ ਮਤਾ ਪਾਇਆ, ਗੁਰਿਆਈ ਦੀ ਤੀਜੀ ਸ਼ਤਾਬਦੀ ਦੇ ਸਾਲ ਐਕਟ 2008 ਬਣਾ ਕੇ ਡਾ. ਜਸਵੀਰ ਸਿੰਘ ਆਹਲੂਵਾਲੀਆ ਨੂੰ ਪਹਿਲਾ ਵੀ. ਸੀ. ਥਾਪਿਆ। ਉਨ੍ਹਾਂ ਨੇ ਅਕਾਦਮਿਕ ਰੂਪ ਰੇਖਾ ਤਿਆਰ ਕੀਤੀ, ਪ੍ਰਬੰਧਕੀ ਅਤੇ ਅਕਾਦਮਿਕ ਬਲਾਕ ਨੰਬਰ-1 ਬਣਾਏ।

ਹੁਣ ਇਹ ਯੂਨੀਵਰਸਿਟੀ ਮਾਇਕ ਸੰਕਟ ਵਿਚ ਘਿਰੀ ਹੋਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਫੰਡ ਦੀ ਘਾਟ ਕਿੱਥੇ ਹੈ? ਸ਼੍ਰੋਮਣੀ ਕਮੇਟੀ ਪ੍ਰਧਾਨ ਇਸ ਦਾ ਕੁਲਪਤੀ, ਸ. ਪ੍ਰਕਾਸ਼ ਸਿੰਘ ਬਾਦਲ ਤੇ ਸ. ਸੁਖਬੀਰ ਸਿੰਘ ਬਾਦਲ ਟਰੱਸਟੀ, ਮਈ ਤੋਂ ਬਾਅਦ ਸਟਾਫ ਨੂੰ ਤਨਖਾਹਾਂ ਨਹੀਂ ਮਿਲੀਆਂ। ਧਰਨੇ ਅਤੇ ਰੈਲੀਆਂ ਸ਼ੁਰੂ ਹਨ। ਦਲਿਤ ਵਿਦਿਆਰਥੀਆਂ ਦੀਆਂ ਫੀਸਾਂ, ਵਜ਼ੀਫੇ ਪੰਜਾਬ ਸਰਕਾਰ ਨੇ ਦੇਣੇ ਹੁੰਦੇ ਹਨ, ਬਾਰਾਂ ਕਰੋੜ ਦੀ ਉਹ ਰਕਮ ਸਰਕਾਰ ਨਹੀਂ ਦੇ ਰਹੀ। ਇਹ ਬਕਾਇਆ ਅਕਾਲੀ ਸਰਕਾਰ ਵੇਲੇ ਦਾ ਖੜ੍ਹਾ ਹੈ, ਨਾ ਪਿਛਲੀ ਨੇ, ਨਾ ਹੁਣ ਦੀ ਸਰਕਾਰ ਨੇ ਪੈਸੇ ਦਿੱਤੇ।

ਮਾਤਾ ਗੁਜਰੀ ਕਾਲਜ ਵਿਚ ਐਮ. ਏ. ਅਤੇ ਐਮ. ਫਿਲ. ਕੋਰਸ ਚੱਲ ਰਹੇ ਹਨ, ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ ਵਿਚ ਸਾਰੇ ਟੈਕਨੀਕਲ ਕੋਰਸ ਚਲਦੇ ਹਨ, ਉਹੀ ਕੋਰਸ ਗੁਰੂ ਗ੍ਰੰਥ ਯੂਨੀਵਰਸਿਟੀ ਵਿਚ ਹਨ, ਦਾਖਲਿਆਂ ਵਾਸਤੇ ਆਪਸ ਵਿਚ ਮੁਕਾਬਲਾ ਹੋਣ ਲੱਗ ਗਿਆ ਹੈ। ਯੂਨੀਵਰਸਿਟੀ ਨੇ ਇਸ ਸਾਲ ਡੇਢ ਕਰੋੜ ਰੁਪਿਆ ਇਸ਼ਤਿਹਾਰਾਂ ਉਪਰ ਖਰਚਿਆ ਹੈ। ਤਨਖਾਹਾਂ ਦਾ ਸਾਲਾਨਾ ਖਰਚਾ 18 ਕਰੋੜ ਹੈ, ਅਕਾਦਮਿਕ ਬਲਾਕ-2 ਬੈਂਕ ਤੋਂ ਕਰਜ਼ਾ ਲੈ ਕੇ ਬਣਾਇਆ ਜਿਸ ਦੀ ਮਾਸਿਕ ਕਿਸ਼ਤ 50 ਲੱਖ ਭਰਨੀ ਪੈਂਦੀ ਹੈ। ਦਾਖਲਾ ਇੰਨਾ ਘਟ ਗਿਆ ਕਿ ਮਨੋਵਿਗਿਆਨ, ਇਲੈਕਟ੍ਰਾਨਿਕਸ, ਮਕੈਨੀਕਲ ਇੰਜੀਨੀਅਰਿੰਗ ਤੇ ਲਾਇਬ੍ਰੇਰੀ ਸਾਇੰਸ ਵਿਭਾਗ ਬੰਦ ਹੋ ਗਏ ਹਨ, ਬਾਕੀ ਇਕ ਇਕ ਕਰਕੇ ਬੰਦ ਹੋ ਜਾਣਗੇ।

ਉਜਾੜੇ ਦੇ ਇਸ ਮਾਹੌਲ ਵਿਚ ਨੁਕਸਾਨ ਜੋ ਹੋ ਰਿਹਾ ਹੈ ਪਰ ਦਿਸਦਾ ਨਹੀਂ, ਉਹ ਇਹ ਕਿ ਜਿਸ ਅਧਿਆਪਕ ਦਾ ਅਕਾਦਮਿਕ ਕੈਰੀਅਰ ਸ਼ਾਨਦਾਰ ਹੈ, ਉਹ ਇਥੋਂ ਛੱਡ ਕੇ ਜਿਥੇ ਕਿਤੇ ਥਾਂ ਮਿਲਦੀ ਹੈ, ਜਾ ਰਿਹਾ ਹੈ। ਬਚ ਗਏ ਸਟਾਫ ਦਾ ਮਿਆਰ ਏਨਾ ਨੀਵਾਂ ਹੋ ਜਾਏਗਾ ਕਿ ਦਾਖਲੇ ਬੰਦ ਹੋ ਜਾਣਗੇ। ਨਗਰ ਕੀਰਤਨਾਂ, ਲੰਗਰਾਂ, ਸਿਆਸੀ ਰੈਲੀਆਂ, ਗੁਰਦੁਆਰਿਆਂ 'ਤੇ ਸੋਨਾ, ਸੰਗਮਰਮਰ ਮੜ੍ਹਾਉਣ ਉਪਰ ਬੇਅੰਤ ਧਨ ਖਰਚ ਹੋ ਰਿਹਾ ਹੈ। ਸ਼੍ਰੋਮਣੀ ਕਮੇਟੀ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਸਿੱਖ ਯੂਨੀਵਰਸਿਟੀ ਦੇ ਅਧਿਆਪਕਾਂ-ਮੁਲਾਜ਼ਮਾਂ ਦੀ ਤਨਖਾਹ ਬੰਦ ਹੈ। ਇਕੱਲਾ ਹਲਵਾਈ ਲਵਲੀ ਯੂਨੀਵਰਸਿਟੀ ਸਫਲਤਾ ਨਾਲ ਚਲਾ ਰਿਹਾ ਹੈ, ਪੰਥ ਤੋਂ ਨਹੀਂ ਚਲ ਰਹੀ। ਜੇ ਪ੍ਰਬੰਧਕਾਂ ਨੂੰ ਸ਼ਰਮਿੰਦਗੀ ਨਹੀਂ ਤਾਂ ਸ਼ਰਮਿੰਦੇ ਹੋਣ ਦਾ ਕੰਮ ਵੀ ਆਪਾਂ ਹੀ ਕਰ ਲੈਂਦੇ ਹਾਂ।




*ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦਾ ਮੁੱਖ ਦੁਆਰ*

# ਆਂਟੀ ਦੇ ਸੁਪਨਿਆਂ ਦਾ ਸਹਿਜ

ਮੈਂ ਸਹਿਜ ਸੁਭਾਅ ਪੁੱਛ ਬੈਠਾ, "ਆਂਟੀ ਜੀ, ਸਹਿਜ ਨੂੰ ਕੀ ਬਣਾਓਗੇ?"

ਅਸਲ ਵਿਚ ਮੈਂ ਜਿਥੇ ਰਹਿੰਨਾਂ, ਉਥੋਂ ਦੋ ਕੁ ਘਰ ਛੱਡ ਕੇ ਆਂਟੀ ਜੀ ਦਾ ਘਰ ਹੈ। ਅਸੀਂ ਆਂਟੀ ਤੋਂ ਸਵੇਰੇ-ਸ਼ਾਮ ਦਾ ਖਾਣਾ ਖਾਈਦਾ। ਆਂਟੀ ਮਾਂ ਵਰਗਾ ਪਿਆਰ ਦਿੰਦੇ ਆ ਤੇ ਘਰ ਵਰਗਾ ਖਾਣਾ।

ਅੱਜ ਆਂਟੀ ਆਪਣੀ ਦੂਜੀ ਬੇਟੀ ਅਮਨ ਲਈ ਮੁੰਡਾ ਦੇਖਣ ਗਏ ਸੀ ਤੇ ਮੈਂ ਜਦ ਉਨ੍ਹਾਂ ਦੇ ਘਰ ਰਹਿ ਰਹੇ ਸਾਡੇ ਨਾਲ ਦੇ ਮੈਡਮ ਯਾਦਵਿੰਦਰ ਨੂੰ ਸਮਾਨ ਦੇਣ ਗਿਆ ਤਾਂ ਆਂਟੀ ਕਹਿੰਦੇ, ਪੁੱਤ ਚਾਹ ਪੀ ਕੇ ਜਾਈਂ।



ਡਾ. ਪਰਮਜੀਤ ਸਿੰਘ ਕੱਟੂ

ਮੈਂ ਕਈ ਬਹਾਨੇ ਲਾਏ ਚਾਹ ਨਾ ਪੀਣ ਦੇ, ਪਰ ਆਖਰ ਆਂਟੀ ਦੇ ਪਿਆਰ ਅੱਗੇ ਬਹਾਨਿਆਂ ਦੇ ਹਥਿਆਰ ਸੁੱਟਣੇ ਪਏ ਤੇ ਚੁੱਪ-ਚਾਪ ਲਾਬੀ 'ਚ ਪਏ ਬੈਡ 'ਤੇ ਬਹਿ ਗਿਆ। ਨੇੜੇ ਪਏ ਸੋਫੇ 'ਤੇ ਯਾਦਵਿੰਦਰ ਮੈਡਮ ਆ ਕੇ ਬੈਠ ਗਏ।

ਜਲਦੀ ਹੀ ਆਂਟੀ ਸੋਹਣੀਆਂ ਪਿਆਲੀਆਂ 'ਚ ਚਾਹ ਪਾ ਕੇ ਲੈ ਆਏ ਤੇ ਸਾਡੇ ਦੋਹਾਂ ਵਿਚਾਲੇ ਪੀੜ੍ਹੀ ਡਾਹ ਕੇ ਬਹਿ ਗਏ। ਕਹਿੰਦੇ, "ਪਰਮਜੀਤ ਪੁੱਤ, ਆਪਣੀ ਅਮਨ ਲਈ ਮੁੰਡੇ ਵਾਲਿਆਂ ਦਾ ਘਰ ਦੇਖਣ ਗਏ ਸੀ।"

ਆਂਟੀ ਦਾ ਚਿਹਰਾ ਦਸਦਾ ਸੀ, ਬਈ ਗੱਲ ਬਣ ਜਾਵੇਗੀ ਰਿਸ਼ਤੇ ਦੀ। ਮੈਂ ਸੋਚਣ ਲੱਗਾ, ਬਈ ਮੇਰੇ ਬਹੁਤੇ ਦੋਸਤਾਂ ਦੇ ਪਿਆਰ ਵਿਆਹ ਨੇ ਤੇ ਹਾਲੇ ਵੀ ਮੁੰਡਾ ਦੇਖਣ ਦਾ ਰਿਵਾਜ ਪੰਜਾਬ 'ਚ ਚੱਲ ਰਿਹੈ? ਜਾਂ ਸਾਰਾ ਪੰਜਾਬ ਅਖਬਾਰਾਂ 'ਚ ਵਿਆਹ ਦੇ ਇਸ਼ਤਿਹਾਰ ਦੇ ਰਿਹੈ। ਫੇਰ ਵੀ, ਆਂਟੀ ਕਿਥੇ ਮੁੰਡਾ ਦੇਖਣ ਚਲੇ ਗਏ?

ਆਂਟੀ ਦਸਦੇ ਗਏ, ਮੁੰਡਾ ਦੁਬਈ 'ਚ ਸੋਹਣੀ ਨੌਕਰੀ ਕਰਦਾ ਤੇ ਘਰ-ਬਾਰ ਵੀ ਚੰਗਾ ਆ। ਦੋ-ਤਿੰਨ ਸਾਲਾਂ ਬਾਅਦ ਉਨ੍ਹੇ ਕਨੇਡੇ ਪਹੁੰਚ ਜਾਣਾ। ਬਸ ਉਹ ਆਖਦੇ ਨੇ ਕਿ ਦਸੰਬਰ ਤਕ ਵਿਆਹ ਵੀ ਕਰ ਦਿਆਂਗੇ।

ਮੈਂ ਮਹਿਜ ਗੱਲਾਂ ਨਹੀਂ ਸਾਂ ਸੁਣ ਰਿਹਾ। ਮੇਰੇ ਮੋਢਿਆਂ 'ਤੇ ਜਿੰਮੇਵਾਰੀ ਦਾ ਅਹਿਸਾਸ ਪੈ ਰਿਹਾ ਸੀ। ਆਂਟੀ ਐਨੀ ਅਪਣੱਤ ਨਾਲ ਗੱਲਾਂ ਸੁਣਾ ਰਹੇ ਸਨ, ਜਿਵੇਂ ਉਨ੍ਹਾਂ ਦਾ 12 ਕੁ ਸਾਲਾਂ ਦਾ ਬੇਟਾ ਸਹਿਜ ਵੱਡਾ ਹੋ ਕੇ ਬੈਠਾ ਹੋਵੇ। ਉਸ ਵੇਲੇ ਮੈਂ ਤੇ ਸਹਿਜ ਇਕ ਹੋ ਗਏ ਜਾਪਦੇ ਸਾਂ। ਦੂਜਾ ਇਤਫਾਕ ਇਹ ਵੀ ਸੀ ਕਿ ਮੇਰੀ ਭੈਣ ਦਾ ਨਾਂ ਵੀ ਅਮਨ ਹੈ ਤੇ ਆਂਟੀ ਦੀ ਬੇਟੀ ਦਾ ਵੀ। ਮਾਂਵਾਂ ਲਈ ਧੀਆਂ ਦਾ ਕਾਰਜ ਕਰਨਾ ਕਿੰਨਾ ਜਿੰਮੇਵਾਰੀ ਵਾਲਾ ਹੁੰਦਾ ਹੈ, ਇਹ ਅਹਿਸਾਸ ਮੇਰੇ ਸਹਿਜ ਨੂੰ ਅਸਹਿਜ ਕਰ ਰਿਹਾ ਸੀ ਤੇ ਮੇਰਾ ਦਿਲ ਕਰਦਾ ਸੀ ਕਿ ਮੇਰੇ ਖੰਭ ਹੋਣ ਤੇ ਹੁਣੇ ਮਾਂ ਕੋਲ ਜਾ ਕੇ ਆਪਣੀ ਭੈਣ ਅਮਨ ਦੇ ਰਿਸ਼ਤੇ ਦੀ ਕਥਾ ਸੁਣਾਂ। ਪਰ ਆਂਟੀ ਦੇ ਚਿਹਰੇ ਦੇ ਸਹਿਜ ਨੇ ਮੈਨੂੰ ਹੋਰ ਅਸਹਿਜ ਨਾ ਹੋਣ ਦਿੱਤਾ। ਏਨੇ ਨੂੰ ਅਮਨ ਵੀ ਆ ਗਈ। ਉਹ ਆਪਣੇ ਰਿਸ਼ਤੇ ਦੀਆਂ ਗੱਲਾਂ ਸੁਣ ਕੇ ਸੰਗ ਨਾ ਜਾਵੇ ਤਾਂ ਮੈਂ ਗੱਲ ਬਦਲਦਿਆਂ ਕਿਹਾ, "ਆਂਟੀ ਜੀ, ਸਹਿਜ ਨੂੰ ਕੀ ਬਣਾਓਗੇ?"



ਅਸਲ ਵਿਚ ਸਵੇਰੇ-ਸ਼ਾਮ ਜਦ ਵੀ ਖਾਣਾ ਲੈਣ ਜਾਈਦਾ ਤਾਂ ਸਹਿਜ ਕਦੇ ਪੜ੍ਹ ਰਿਹਾ ਹੁੰਦਾ, ਕਦੇ ਗੁਰੂ ਘਰ ਜਾਣ ਦੀ ਤਿਆਰੀ 'ਚ ਹੁੰਦਾ ਤੇ ਜਾਂ ਸਾਈਕਲ ਚੁੱਕ ਟਿਊਸ਼ਨ 'ਤੇ ਜਾਂਦਾ ਹੁੰਦਾ। ਸਹਿਜ ਹੁਣ ਛੇਵੀਂ ਵਿਚ ਹੈ ਤੇ ਮੇਰਾ ਨਿੱਕਾ ਭਰਾ ਜਦ ਛੇਵੀਂ 'ਚ ਪੜ੍ਹਦਾ ਸੀ ਤਾਂ ਮੈਂ ਘਰੋਂ ਬਾਹਰ ਪੜ੍ਹਨ ਚਲਾ ਗਿਆ ਸੀ। ਸਹਿਜ ਨੂੰ ਦੇਖ ਕੇ ਲੱਗਦਾ ਬਈ ਜਿਵੇਂ ਮੇਰਾ ਛੋਟਾ ਭਰਾ ਵੀ ਉਦੋਂ ਇਵੇਂ ਹੀ ਕਰਦਾ ਹੋਵੇਗਾ। ਮੈਂ ਮਨ ਹੀ ਮਨ ਸੋਚਦਾ ਰਹਿੰਦਾ ਕਿ ਆਂਟੀ ਨੂੰ ਰਾਇ ਦੇਵਾਂਗਾ ਕਿ ਸਹਿਜ ਨੂੰ ਆਈ. ਏ. ਐਸ. ਅਫਸਰ ਬਣਾਇਓ। ਫੇਰ ਸੋਚਦਾ ਕਿ ਇਵੇਂ ਸਮਝਾਉਣਾ ਔਖਾ ਹੋਜੂ, ਸਿੱਧਾ ਈ ਕਹਾਂਗਾ ਕਿ ਸਹਿਜ ਨੂੰ ਡੀ. ਸੀ. ਬਣਾਇਓ। ਮੈਨੂੰ ਲਗਦਾ ਬਈ ਮੇਰਾ ਆਈ. ਏ. ਐਸ. ਬਣਨ ਦਾ ਸੁਪਨਾ ਸ਼ਾਇਦ ਸਹਿਜ ਪੂਰਾ ਕਰ ਦਏ। ਮਾਸਟਰਾਂ ਜਾਂ ਪ੍ਰੋਫੈਸਰਾਂ ਸਮੇਤ ਸਾਰੀਆਂ ਸਰਕਾਰੀ ਨੌਕਰੀਆਂ ਤਾਂ ਸਰਕਾਰ ਨੇ ਘੱਟਾ ਢੋਣ ਦੇ ਰਾਹੇ ਪਾ ਦਿੱਤੀਆਂ ਨੇ।

ਖੈਰ! ਆਂਟੀ ਸਹਿਜ ਬਾਰੇ ਕਹਿੰਦੇ ਕਿ ਪੁੱਤ, ਜੋ ਇਦ੍ਹੀ ਕਿਸਮਤ 'ਚ ਲਿਖਿਆ, ਆਪੇ ਬਣ ਜੂ। ਵੈਸੇ ਇਹ ਗੁਰੂਘਰ ਦਾ ਬਹੁਤ ਮੋਹ ਕਰਦੈ। ਮੈਨੂੰ ਲਗਦੈ, ਇਹ ਕੀਰਤਨੀਆ ਬਣੂੰ, ਜਾਂ ਫੇਰ ਇਦ੍ਹਾ ਮਾਸੜ ਦੁਬਈ ਟਰੱਕ ਚਲਾਉਂਦਾ ਤੇ ਇਦ੍ਹਾ ਵੀ ਬਹੁਤ ਜੀਅ ਕਰਦਾ ਕਿ ਦੁਬਈ ਜਾਂ ਅਮਰੀਕੇ-ਕਨੇਡੇ ਕਿਤੇ ਟਰੱਕ ਚਲਾਉਣ ਲੱਗ ਜੇ।

ਮੈਂ ਆਂਟੀ ਦੇ ਸੁਪਨਿਆਂ ਦੇ ਸਹਿਜ ਅੱਗੇ ਆਪਣਾ ਅਸਹਿਜ ਲੁਕੋਂਦਿਆਂ ਚਾਹ ਦਾ ਆਖਰੀ ਘੁੱਟ ਭਰਿਆ ਤੇ ਫਤਿਹ ਬੁਲਾ ਕੇ ਚੁੱਪਚਾਪ ਆਪਣੇ ਕਮਰੇ ਵੱਲ ਨੂੰ ਤੁਰ ਪਿਆ। ਮੈਨੂੰ ਲੱਗ ਰਿਹਾ ਸੀ ਕਿ ਸਾਰਾ ਪੰਜਾਬ ਮੇਰੇ ਆਲੇ-ਦੁਆਲਿਓਂ ਵਿਦੇਸ਼ਾਂ ਨੂੰ ਭੱਜਾ ਜਾ ਰਿਹਾ ਤੇ ਮੈਂ ਜਿਵੇਂ ਪਰਵਾਸ ਦੇ ਮਸਲੇ 'ਤੇ ਬਣਾਈ ਆਪਣੀ ਸ਼ਾਰਟ ਫਿਲਮ 'ਸਟਰੇਅ ਸਟਾਰ' (Stray Star) ਦੇ ਪਾਤਰਾਂ ਕੋਲੋਂ ਭੱਜ ਰਿਹਾ ਹੋਵਾਂ ਤੇ ਮੇਰੇ ਨਾਲ ਸੁਰਜੀਤ ਪਾਤਰ ਦਾ ਸ਼ਿਅਰ ਚੱਲ ਰਿਹਾ ਹੋਵੇ,

ਏਥੇ ਮੇਘ ਆਉਂਦੇ ਮੁੜ ਗਏ
ਪੰਛੀ ਵੀ ਏਥੋਂ ਉੜ ਗਏ,
ਏਥੇ ਕਰਨ ਅੱਜ ਕੱਲ੍ਹ ਬਿਰਖ ਵੀ
ਕਿਤੇ ਹੋਰ ਜਾਣ ਦੇ ਮਸ਼ਵਰੇ।

# ਇਸ਼ਕ ਠੋਕਰ 'ਤੇ ਮੁਸਕਰਾਉਂਦਾ ਹੈ

**ਗੁਰਚਰਨ ਰਾਮਪੁਰੀ ਦੀਆਂ ਯਾਦਾਂ**

***ਸ਼ਾਇਰ ਗੁਰਚਰਨ ਰਾਮਪੁਰੀ ਦਾ ਨਾਂ ਪ੍ਰਗਤੀਵਾਦੀ ਲਹਿਰ ਦੇ ਮੂਹਰਲੀ ਕਤਾਰ ਦੇ ਸ਼ਾਇਰਾਂ ਵਿਚ ਵੱਜਦਾ ਰਿਹਾ ਹੈ। ਵੀਹਵੀਂ ਸਦੀ ਦੇ 50ਵਿਆਂ ਵਿਚ ਸੁਰਜੀਤ ਰਾਮਪੁਰੀ ਅਤੇ ਕੁਝ ਹੋਰ ਦੋਸਤਾਂ ਨਾਲ ਰਲ ਕੇ ਉਹਨੇ ਕਿਸੇ ਪਿੰਡ ਵਿਚ ਬਣਨ ਵਾਲੀ ਸਭ ਤੋਂ ਪਹਿਲੀ 'ਪੰਜਾਬੀ ਲਿਖਾਰੀ ਸਭਾ ਰਾਮਪੁਰ' ਬਣਾਈ ਸੀ। ਕੈਨੇਡਾ ਪਹੁੰਚ ਕੇ ਵੀ ਉਸ ਨੇ ਆਪਣਾ ਸਿਰਜਣਾਤਮਕ ਕਾਰਜ ਜਾਰੀ ਰੱਖਿਆ ਅਤੇ ਪੰਜਾਬੀ ਸਾਹਿਤ-ਸਭਿਆਚਾਰ ਦੇ ਹੁਲਾਰੇ ਲਈ ਕੀਤੀਆਂ ਸਰਗਰਮੀਆਂ ਨਾਲ ਵੀ ਉਹ ਜੁੜਿਆ ਰਿਹਾ। ਲੰਘੀ 8 ਅਕਤੂਬਰ ਨੂੰ ਉਹ ਸਦੀਵੀ ਵਿਛੋੜਾ ਦੇ ਗਿਆ। ਉਸ ਦੇ ਚਲਾਣੇ 'ਤੇ ਉਸ ਦੀਆਂ ਯਾਦਾਂ ਦੀ ਇਕ ਵੰਨਗੀ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਪੇਸ਼ ਹੈ। -ਸੰਪਾਦਕ***

ਮੈਂ ਵੀਹ ਕੁ ਗਜ਼ਲਾਂ ਲਿਖੀਆਂ ਹਨ, ਏਨੇ ਕੁ ਹੀ ਗੀਤ। ਇਹ ਰਚਨਾਵਾਂ ਮੇਰੇ ਦੂਜੇ ਕਾਵਿ ਸੰਗ੍ਰਿਹ 'ਕੌਲ ਕਰਾਰ' ਵਿਚ ਸ਼ਾਮਲ ਹਨ। ਇਹ ਰਚਨਾਵਾਂ ਮੈਂ ਕਵੀ ਦਰਬਾਰਾਂ ਵਿਚ ਗਾ ਕੇ ਪੇਸ਼ ਕਰਦਾ ਸਾਂ। ਕਈ ਵਾਰ ਪੇਸ਼ਾਵਰ ਗਾਇਕ ਅਜਿਹੇ ਇਕੱਠਾਂ ਵਿਚ ਹਿੱਸਾ ਲੈਂਦੇ ਤਾਂ ਮਨ ਵਿਚ ਹਸਰਤ ਜਾਗਦੀ ਕਿ ਇਹ ਮੇਰੀ ਕੋਈ ਰਚਨਾ ਗਾਉਣ।

ਮੈਂ ਸੰਗੀਤ ਦੀ ਬਾਕਾਇਦਾ ਵਿਦਿਆ ਨਹੀਂ ਲਈ, ਪਰ ਆਪਣੀ ਰਚਨਾ ਗਾਉਣ ਸਮੇਂ ਮੈਂ ਕਦੇ ਹੀ ਬੇਸੁਰਾ ਹੁੰਦਾ। ਜਦੋਂ ਮੇਰੇ ਸੁਰ ਥਿੜਕਦੇ ਤਾਂ ਮੈਨੂੰ ਪਤਾ ਲੱਗ ਜਾਂਦਾ। ਮੈਂ ਸੰਭਲਣ ਦੀ ਕੋਸ਼ਿਸ਼ ਕਰਦਾ। ਸਰੋਤੇ ਸਦਾ ਹੀ ਮੇਰੇ ਉਤੇ ਮਿਹਰਬਾਨ ਰਹੇ। ਮੈਂ ਆਪਣੇ ਗੀਤ ਅਤੇ ਗ਼ਜ਼ਲਾਂ ਆਲ ਇੰਡੀਆ ਰੇਡੀਓ ਦਿੱਲੀ ਅਤੇ ਜਲੰਧਰ ਨੂੰ ਭੇਜ ਦਿੰਦਾ। ਰੇਡੀਓ ਦੇ ਸਟਾਫ ਵਿਚ ਮੇਰੇ ਅਨੇਕਾਂ ਮਿੱਤਰ ਸਨ। ਸੋ, ਕਦੇ ਕਦੇ ਮੇਰੀ ਕੋਈ ਰਚਨਾ ਰੇਡੀਓ ਪ੍ਰੋਗਰਾਮਾਂ ਵਿਚ ਗਾਈ ਜਾਂਦੀ।

ਜੂਨ 1979 ਵਿਚ ਜਗਜੀਤ ਸਿੰਘ ਅਤੇ ਚਿੱਤਰਾ ਸਿੰਘ ਦਾ ਪਹਿਲਾ ਪ੍ਰੋਗਰਾਮ ਕੁਈਨ ਅਲੈਜ਼ਬੈਥ ਥੀਏਟਰ, ਵੈਨਕੂਵਰ ਵਿਚ ਹੋਇਆ।

**ਗੁਰਚਰਨ ਰਾਮਪੁਰੀ**

ਉਦੋਂ ਇਕ ਅਜ਼ੀਜ਼ ਮਿੱਤਰ ਨਾਲ ਮੇਰੀ ਪਹਿਲੀ ਮਿਲਣੀ ਬੜੇ ਨਾਟਕੀ ਢੰਗ ਨਾਲ ਹੋਈ।

ਜਦੋਂ ਪ੍ਰੋਗਰਾਮ ਸ਼ੁਰੂ ਹੋਇਆ ਤਾਂ ਹਾਲ ਦੀਆਂ ਸਾਰੀਆਂ ਬੱਤੀਆਂ ਇਕ ਦਮ ਬੁਝ ਗਈਆਂ। ਉਰਦੂ ਸ਼ਾਇਰ ਕੈਫੀ ਆਜ਼ਮੀ ਦੀ ਆਵਾਜ਼ ਘੁੱਪ-ਹਨੇਰੇ ਵਿਚ ਗੂੰਜੀ। ਉਸ ਨੇ ਗਜ਼ਲ ਲਿਖੇ ਜਾਣ ਦਾ ਇਤਿਹਾਸ ਬਹੁਤ ਸੰਖੇਪ ਢੰਗ ਨਾਲ ਬਿਆਨ ਕੀਤਾ। ਉਰਦੂ ਗਜ਼ਲ ਗਾਉਣ ਵਾਲੇ ਉਘੇ ਗਾਇਕਾਂ ਦਾ ਜ਼ਿਕਰ ਕੀਤਾ, ਫਿਰ ਜਗਜੀਤ ਸਿੰਘ ਅਤੇ ਚਿੱਤਰਾ ਸਿੰਘ ਦੀ ਜਾਣ-ਪਛਾਣ ਕਰਾਈ ਤਾਂ ਦੋਹਾਂ ਗਾਇਕਾਂ ਦੀਆਂ ਮਧੁਰ ਆਵਾਜ਼ਾਂ ਹਨੇਰੇ ਵਿਚੋਂ ਉਭਰੀਆਂ। ਬੱਤੀਆਂ ਜਗ ਪਈਆਂ। ਸਟੇਜ ਉਤੇ ਤਿੱਖੀ ਰੋਸ਼ਨੀ ਹੋਈ ਤਾਂ ਹਾਲ ਤਾੜੀਆਂ ਨਾਲ ਗੂੰਜ ਉਠਿਆ। ਲਗਭਗ ਡੇਢ ਘੰਟਾ ਸ਼ੇਅਰੋ ਸ਼ਾਇਰੀ ਅਤੇ ਮਧੁਰ ਸੰਗੀਤ ਦਾ ਦਰਿਆ ਵਗਦਾ ਰਿਹਾ। ਸਰੋਤੇ ਮੰਤਰ ਮੁਗਧ ਹੋਏ ਸੁਣਦੇ ਰਹੇ। ਹਰ ਗਜ਼ਲ ਦੇ ਮੁੱਕਣ ਉਤੇ ਹਾਲ ਤਾੜੀਆਂ ਨਾਲ ਗੂੰਜ ਉਠਦਾ।

ਹਾਫ-ਟਾਈਮ ਹੋਇਆ। ਮੈਂ ਕਲਾਕਾਰਾਂ ਨੂੰ ਮਿਲਣ ਸਟੇਜ ਉਤੇ ਪਰਦੇ ਪਿੱਛੇ ਪਹੁੰਚਿਆ। ਅਨੇਕਾਂ ਸਰੋਤੇ, ਗੋਲ ਦਾਇਰੇ ਵਿਚ ਕਲਾਕਾਰਾਂ ਨਾਲ ਖੜ੍ਹੇ ਸਨ। ਉਘਾ ਪਾਕਿਸਤਾਨੀ ਗਾਇਕ ਸਲੀਮ ਰਜ਼ਾ ਗੱਲ ਕਰ ਰਿਹਾ ਸੀ। ਮੈਂ ਸਲੀਮ ਦੇ ਨਾਲ ਜਾ ਖੜ੍ਹਾ ਹੋਇਆ। ਸਲੀਮ ਨੇ ਗੱਲ ਮੁਕਾਈ ਤਾਂ ਮੁੜ ਕੇ ਮੇਰੇ ਵੱਲ ਦੇਖਿਆ ਅਤੇ ਬੋਲਿਆ, "ਜਗਜੀਤ ਜੀ, ਇਹ ਮੇਰੇ ਮਿੱਤਰ ਕਵੀ ਗੁਰਚਰਨ ਰਾਮਪੁਰੀ ਹਨ।" ਜਦ ਮੇਰੀਆਂ ਅਤੇ ਜਗਜੀਤ ਸਿੰਘ ਦੀਆਂ ਨਜ਼ਰਾਂ ਮਿਲੀਆਂ ਤਾਂ ਮੈਂ ਕਿਹਾ, "ਅੱਜ ਤੁਹਾਨੂੰ ਸੁਣ ਕੇ ਅਨੰਦ ਆ ਗਿਆ ਹੈ। ਤੁਸੀਂ ਹੁਣ ਤਕ ਆਪਣੀਆਂ ਰਿਕਾਰਡ ਹੋ ਚੁਕੀਆਂ ਗਜ਼ਲਾਂ ਪੇਸ਼ ਕੀਤੀਆਂ ਹਨ। ਮੇਰੀ ਅਰਜ਼ ਹੈ ਕਿ ਅਗਲੇ ਅੱਧ ਵਿਚ ਕੁਝ ਨਵੀਆਂ ਗਜ਼ਲਾਂ ਹੋ ਜਾਣ।"

"ਠੀਕ ਹੈ। ਕੋਸ਼ਿਸ਼ ਕਰਾਂਗੇ।"

"ਬਹੁਤ ਮਿਹਰਬਾਨੀ।"

ਮੇਰੀ ਗੱਲ ਮੁੱਕਦੇ ਸਾਰ ਇਕ ਸੁਨੱਖਾ ਨੌਜਵਾਨ ਮੇਰੇ ਨੇੜੇ ਆਇਆ ਅਤੇ ਬੋਲਿਆ, "ਰਾਮਪੁਰੀ ਸਾਹਿਬ! ਮੈਂ ਇਕਬਾਲ ਮਾਹਲ ਹਾਂ। ਮੈਂ ਕਈ ਸਾਲਾਂ ਤੋਂ ਤੁਹਾਨੂੰ ਲੱਭ ਰਿਹਾ ਹਾਂ। ਮੇਰੀ ਤੁਹਾਡੇ ਨਾਲ ਇਕ ਸਾਂਝ ਹੈ। ਆਪਾਂ ਦੋਵੇਂ ਜਸਪਾਲੋਂ ਸਕੂਲ ਦੇ ਪੜ੍ਹੇ ਹੋਏ ਹਾਂ।"

ਅਸੀਂ ਜੱਫੀ ਪਾ ਕੇ ਮਿਲੇ। ਕੁਝ ਚਿਰ ਗੱਲਾਂ ਕਰ ਕੇ ਫੋਨ ਨੰਬਰ ਅਤੇ ਸਿਰਨਾਂਵੇਂ ਵਟਾ ਕੇ ਅਸੀਂ ਵਿਛੜ ਗਏ। ਮੈਂ ਆਪਣੇ ਪਰਿਵਾਰ ਕੋਲ ਹਾਲ ਵਿਚ ਆ ਬੈਠਾ। ਪ੍ਰੋਗਰਾਮ ਮੁੜ ਸ਼ੁਰੂ ਹੋਇਆ ਤਾਂ ਗਾਇਕਾਂ ਨੇ ਕਈ ਨਵੀਆਂ ਗਜ਼ਲਾਂ ਪੇਸ਼ ਕੀਤੀਆਂ। ਮੇਰੀਆਂ ਸੋਚਾਂ ਉਤੇ ਚੰਗੀ ਸ਼ਾਇਰੀ, ਸੰਗੀਤ ਅਤੇ ਮਧੁਰ ਆਵਾਜ਼ ਦਾ ਟੂਣਾ ਹੋ ਗਿਆ ਸੀ। ਮੈਂ ਬਹੁਤ ਪ੍ਰਸੰਨ ਚਿੱਤ ਘਰ ਪਹੁੰਚਿਆ।

ਅਗਲੀ ਰਾਤ ਜਗਜੀਤ ਸਿੰਘ ਦਾ ਪ੍ਰੋਗਰਾਮ ਗੁਆਂਢੀ ਸ਼ਹਿਰ ਨਾਰਥ ਵੈਨਕੂਵਰ ਦੇ ਇਕ ਥੀਏਟਰ ਵਿਚ ਸੀ। ਮੇਰਾ ਘਰ ਇਸੇ ਸ਼ਹਿਰ ਵਿਚ ਸੀ। ਮੈਂ ਦਿਨ ਚੜ੍ਹੇ ਇਕਬਾਲ ਮਾਹਲ ਨੂੰ ਫੋਨ ਕੀਤਾ ਤੇ ਕਿਹਾ, "ਮੇਰਾ ਚਿੱਤ ਕਰਦਾ ਹੈ ਕਿ ਅੱਜ ਜਗਜੀਤ ਸਿੰਘ ਦੀ ਸੰਗੀਤ-ਮੰਡਲੀ ਨੂੰ ਵੈਨਕੂਵਰ ਦੀਆਂ ਉਘੀਆਂ ਥਾਂਵਾਂ ਦੀ ਸੈਰ ਕਰਵਾਈ ਜਾਵੇ। ਤੁਹਾਡਾ ਕੀ ਵਿਚਾਰ ਹੈ?"

"ਬਹੁਤ ਵਧੀਆ ਗੱਲ ਹੈ। ਮੈਂ ਪੁੱਛ ਲੈਂਦਾ ਹਾਂ।" ਥੋੜ੍ਹੇ ਚਿਰ ਪਿੱਛੋਂ ਇਕਬਾਲ ਵੱਲੋਂ ਸਹਿਮਤੀ ਦਾ ਫੋਨ ਆ ਗਿਆ। ਮੈਂ ਇਕ ਹੋਰ ਮਿੱਤਰ ਨੂੰ ਤਿਆਰ ਕੀਤਾ ਅਤੇ ਅਸੀਂ ਦੋਨੋਂ ਜਗਜੀਤ ਸਿੰਘ ਹੋਰਾਂ ਦੇ ਹੋਟਲ ਵਿਚ ਪਹੁੰਚ ਗਏ। ਉਹ ਤਿਆਰ ਬੈਠੇ ਸਨ।

ਮੇਰੀ ਜੀਵਨ ਸਾਥਣ ਸੁਰਜੀਤ ਕੌਰ ਸਾਡੇ ਸਾਰਿਆਂ ਲਈ ਖਾਣਾ ਬਣਾਉਣ ਖਾਤਰ ਘਰ ਠਹਿਰ ਗਈ ਸੀ।

ਅਸੀਂ ਮਹਿਮਾਨਾਂ ਨੂੰ ਵੈਨਕੂਵਰ ਦੀ ਆਰਟ ਗੈਲਰੀ, ਵੱਡੀ ਲਾਇਬਰੇਰੀ, ਕੁਈਨ ਅਲੈਜ਼ਬੈਥ ਪਾਰਕ, ਸਟੈਨਲੇ ਪਾਰਕ, ਅਜਾਇਬ ਘਰ, ਗੁਰਦੁਆਰਾ, ਲਿਨ-ਵੈਲੀ ਹੈਂਗਿੰਗ ਬ੍ਰਿਜ ਅਤੇ ਸੀਮੌਰ ਮਾਊਨਟੇਨ ਦੀ ਰਤਾ ਰਤਾ ਝਲਕ ਵਿਖਾਈ। ਹਰ ਥਾਂ ਮੈਂ ਮਹਿਮਾਨਾਂ ਦੀਆਂ ਫੋਟੋਆਂ ਲਈਆਂ।

ਜਗਜੀਤ ਸਿੰਘ ਦਾ ਨੌਂ ਦਸ ਸਾਲ ਦਾ ਬੇਟਾ ਵੀ ਸਾਡੇ ਵਿਚ ਸ਼ਾਮਲ ਸੀ। ਦਿਨ ਦਾ ਥਕੇਵਾਂ ਲਾਹੁਣ ਲਈ ਸੋਮ ਰਸ ਦਾ ਦੌਰ ਚੱਲਿਆ। ਮੇਰੇ ਘਰ ਮੇਰੇ ਪਰਿਵਾਰ ਨਾਲ ਮਹਿਮਾਨਾਂ ਦੀਆਂ ਹੋਰ ਫੋਟੋਆਂ ਲਈਆਂ ਗਈਆਂ। ਰਲ ਕੇ ਰੋਟੀ ਖਾਧੀ ਅਤੇ ਵੇਲੇ ਸਿਰ ਥੀਏਟਰ ਪਹੁੰਚ ਗਏ। ਸੁਰ ਸੰਗੀਤ ਭਰੀ ਸ਼ਾਮ ਦਾ ਅਨੰਦ ਮਾਣ ਕੇ ਅਸੀਂ ਡੂੰਘੀ ਰਾਤ ਹੋਏ ਘਰ ਪਹੁੰਚ ਕੇ ਸੌਂ ਗਏ।

ਉਸ ਮਿਲਣੀ ਪਿੱਛੋਂ ਇਕਬਾਲ ਮਾਹਲ ਨਾਲ ਅਜਿਹੀ ਦੋਸਤੀ ਪਈ ਕਿ ਤਿੰਨ ਦਹਾਕਿਆਂ ਤੋਂ ਲੰਮੇਰੇ ਸਮੇਂ ਤੋਂ ਸਾਡੀ ਬਹੁਤ ਸੋਹਣੀ ਨਿਭ ਰਹੀ ਹੈ। ਟੋਰਾਂਟੋ ਜਾਣ ਤੋਂ ਪਹਿਲਾਂ ਇਕਬਾਲ ਫਿਰ ਮਿਲਿਆ ਅਤੇ ਮੇਰੀਆਂ ਗਜ਼ਲਾਂ-ਗੀਤਾਂ ਦੀ ਕਾਪੀ ਮੈਥੋਂ ਲੈ ਗਿਆ।

ਇਕਬਾਲ ਮਾਹਲ ਜਦ ਕਦੇ ਵੀ ਵੈਨਕੂਵਰ ਆਉਂਦਾ ਤਾਂ ਮੇਰੇ ਬੈਡ ਰੂਮ ਵਿਚ ਸੌਂਦਾ। ਤੀਜੀ ਮੰਜ਼ਿਲ ਦੇ ਇਸ ਚੁਬਾਰੇ ਵਿਚੋਂ ਫਰੇਜ਼ਰ ਦਰਿਆ ਦਿਸਦਾ ਹੈ। ਰਾਤ ਨੂੰ ਪਾਰਲੇ ਸ਼ਹਿਰ ਸਰੀ ਦੀਆਂ ਹਜ਼ਾਰਾਂ ਬੱਤੀਆਂ ਦਾ ਚਾਨਣ ਦਰਿਆ ਦੀ ਹਿੱਕ ਉਤੇ ਪੈ ਕੇ ਦੁੱਗਣਾ ਹੋ ਜਾਂਦਾ ਹੈ। ਇਹ ਵਗਦਾ ਚਾਨਣ ਇਕਬਾਲ ਨੂੰ ਬਹੁਤ ਪਸੰਦ ਹੈ। ਇਸ ਲਈ ਉਸ ਦੀ ਫੇਰੀ ਸਮੇਂ ਮੈਂ ਨਾਲ ਦੇ ਕਮਰੇ ਵਿਚ ਸੌਂਦਾ ਹਾਂ। ਚਾਨਣ ਦਾ ਵਗਦਾ ਦਰਿਆ ਵੇਖ ਕੇ ਮੈਨੂੰ ਹਰ ਰਾਤ ਨਹਿਰ ਸਰਹਿੰਦ ਵਿਚ ਵਹਿੰਦਾ ਸੋਨਾ ਚੇਤੇ ਆਉਂਦਾ। ਰਾਮਪੁਰ ਰਹਿੰਦਿਆਂ ਇਹ ਸੁੰਦਰਤਾ ਮੈਨੂੰ ਪੂਰਨਮਾਸ਼ੀ ਅਤੇ ਉਸ ਦੇ ਨੇੜੇ ਦੀਆਂ ਕੁਝ ਰਾਤਾਂ ਨੂੰ ਹੀ ਨਸੀਬ ਹੁੰਦੀ ਸੀ। ਕੋਕੁਇਟਲਮ ਵਿਚ ਰਹਿੰਦਿਆਂ ਮੇਰੀ ਹਰ ਰਾਤ ਪੂਰਨਮਾਸ਼ੀ ਹੁੰਦੀ।

ਮੈਂ 'ਦਿ ਰਾਈਟਰਜ਼ ਯੂਨੀਅਨ ਆਫ ਕੈਨੇਡਾ' ਦਾ ਲੰਮੇ ਸਮੇਂ ਤੋਂ ਮੈਂਬਰ ਹਾਂ। ਇਸ ਦੀ ਸਾਲਾਨਾ ਜਨਰਲ ਮੀਟਿੰਗ ਇਕ ਸਾਲ ਟੋਰਾਂਟੋ ਵਿਚ ਹੁੰਦੀ ਹੈ। ਅਗਲੇ ਸਾਲ ਕੈਨੇਡਾ ਦੇ ਕਿਸੇ ਹੋਰ ਸ਼ਹਿਰ ਵਿਚ। ਇਸ ਜੋੜ ਮੇਲੇ ਖਾਤਰ ਮੈਂ ਜਦੋਂ ਵੀ ਟੋਰਾਂਟੋ ਜਾਂਦਾ ਤਾਂ ਮੇਰਾ ਠਿਕਾਣਾ ਹਮੇਸ਼ਾ ਇਕਬਾਲ ਦੇ ਘਰ ਹੁੰਦਾ। ਮੇਰੇ ਕਈ ਨੇੜਲੇ ਰਿਸ਼ਤੇਦਾਰ ਟੋਰਾਂਟੋ ਰਹਿੰਦੇ ਹਨ, ਮੈਂ ਉਨ੍ਹਾਂ ਨੂੰ ਮਿਲਣ ਤਾਂ ਜਾਂਦਾ ਪਰ ਉਨ੍ਹਾਂ ਕੋਲ ਰਹਿੰਦਾ ਨਾ, ਕਿਉਂਕਿ ਮਿੱਤਰਤਾ ਦੁਨੀਆਂ ਦਾ ਸਭ ਤੋਂ ਵੱਡਾ ਰਿਸ਼ਤਾ ਹੈ। ਇਕਬਾਲ ਮੈਥੋਂ ਅਠਾਰਾਂ ਸਾਲ ਛੋਟਾ ਹੈ। ਜਦ ਉਹ ਪੰਜਾਹਵਿਆਂ ਵਿਚ ਜਸਪਾਲੋਂ ਪੜ੍ਹ ਰਿਹਾ ਸੀ ਤਾਂ ਉਸ ਦੀ ਠਾਹਰ ਦੋਰਾਹੇ ਡਾ. ਈਸ਼ਰ ਸਿੰਘ ਦੇ ਘਰ ਹੁੰਦੀ ਸੀ, ਜੋ ਭਾਰਤ ਦੇ ਪਹਿਲੇ ਰੱਖਿਆ ਮੰਤਰੀ ਬਲਦੇਵ ਸਿੰਘ ਦੀ ਭੈਣ ਦਾ ਜੁਆਈ ਸੀ। ਉਸ ਪਰਿਵਾਰ ਨਾਲ ਮੇਰੇ ਸਬੰਧ ਭਾਰਤ ਦੀ ਵੰਡ ਤੋਂ ਪਹਿਲਾਂ ਦੇ ਹਨ।

ਦਸੰਬਰ 1982 ਵਿਚ ਮੈਂ ਆਪਣੀ ਜੀਵਨ ਸਾਥਣ ਸੁਰਜੀਤ ਕੌਰ ਨਾਲ ਪੰਜਾਬ ਗਿਆ ਤਾਂ ਅਸੀਂ ਡਾ. ਈਸ਼ਰ ਸਿੰਘ ਦੇ ਘਰ ਠਹਿਰੇ। ਇਕਬਾਲ ਸਾਥੋਂ ਪਹਿਲਾਂ ਹੀ ਉਸ ਘਰ ਪਹੁੰਚਿਆ ਹੋਇਆ ਸੀ। ਉਸ ਨੇ ਮੈਨੂੰ ਦੱਸਿਆ ਕਿ ਉਸ ਨੇ ਇਕ ਗਰਾਮੋਫੋਨ ਰੀਕਾਰਡ ਵਿਚ ਮੇਰੀ ਗਜ਼ਲ 'ਰਾਹ ਤੇਰੇ ਨੇ ਪੈਰ ਮੇਰੇ ਨੇ' ਸ਼ਾਮਿਲ ਕੀਤੀ ਹੈ, ਜੋ ਜਗਜੀਤ ਜ਼ੀਰਵੀ ਨੇ ਗਾਈ ਹੈ। ਮੈਨੂੰ ਇਹ ਜਾਣ ਕੇ ਖੁਸ਼ੀ ਹੋਈ। ਮੈਨੂੰ ਜਗਜੀਤ ਜ਼ੀਰਵੀ ਦਾ ਗਜ਼ਲ-ਗਾਇਕੀ ਦਾ ਅੰਦਾਜ਼ ਬਹੁਤ ਪਸੰਦ ਹੈ।



ਗੁਰਚਰਨ ਰਾਮਪੁਰੀ

ਮੈਂ ਇਕਬਾਲ ਨੂੰ ਕਿਹਾ, "ਹੁਣ ਆਪਾਂ ਸਬੱਬ ਨਾਲ ਇਕੱਠੇ ਹੋਏ ਹਾਂ। ਕੀ ਇਹ ਹੋ ਸਕਦਾ ਹੈ ਕਿ ਮੇਰੇ ਗੀਤ ਅਤੇ ਗਜ਼ਲਾਂ ਸੁਰਿੰਦਰ ਕੌਰ ਤੇ ਜ਼ੀਰਵੀ ਗਾਉਣ ਅਤੇ ਆਡੀਓ ਟੇਪ ਰੀਕਾਰਡ ਕੀਤਾ ਜਾਵੇ?"

"ਹੋ ਸਕਦਾ ਹੈ। ਇੰਜ ਕਰਾਂਗੇ ਕਿ ਜਦ ਮੈਂ ਕੈਨੇਡਾ ਨੂੰ ਮੁੜਨਾ ਹੈ, ਉਦੋਂ ਆਪਾਂ ਕੁਝ ਦਿਨ ਦਿੱਲੀ ਰਹਿ ਕੇ ਇਹ ਕੰਮ ਕਰਾਂਗੇ।"

ਮੈਂ ਹੈਰਾਨ ਸਾਂ ਕਿ ਇਕਬਾਲ ਏਨੇ ਭਰੋਸੇ ਨਾਲ ਗੱਲ ਕਰ ਰਿਹਾ ਹੈ।

ਮੇਰੇ ਅਤੇ ਇਕਬਾਲ ਵਿਚ ਇਕ ਬੁਨਿਆਦੀ ਫਰਕ ਹੈ। ਮੈਂ ਗੱਲ ਸੋਚ ਲੈਂਦਾ ਹਾਂ, ਪਰ ਉਸ 'ਤੇ ਅਮਲ ਕਰਨ ਨੂੰ ਚਿਰ ਲਾ ਦਿੰਦਾ ਹਾਂ। ਇਕਬਾਲ ਕਰਮਯੋਗੀ ਹੈ: ਕੰਮ ਸੋਚਿਆ, ਆਪਣਾ ਪੂਰਾ ਧਿਆਨ ਉਸ ਕੰਮ ਵੱਲ ਲਾਇਆ ਅਤੇ ਠਾਹ! ਕੰਮ ਸਿਰੇ ਚਾੜ੍ਹ ਦਿੱਤਾ।

ਜਦੋਂ ਇਕਬਾਲ ਦੀ ਵਾਪਸੀ ਦਾ ਦਿਨ ਨੇੜੇ ਆਇਆ ਤਾਂ ਉਸ ਨੇ ਜਗਜੀਤ ਜ਼ੀਰਵੀ ਨੂੰ ਫੋਨ ਕੀਤਾ। ਪ੍ਰਾਜੈਕਟ ਬਾਰੇ ਗੱਲ ਕੀਤੀ। ਪ੍ਰੋਗਰਾਮ ਬਣਾ ਲਿਆ। ਤੀਜੇ ਦਿਨ ਇਕਬਾਲ ਕਾਰ ਲੈ ਕੇ ਜ਼ੀਰੇ ਪਹੁੰਚਿਆ ਅਤੇ ਜਗਜੀਤ ਨੂੰ ਦੋਰਾਹੇ ਲੈ ਆਇਆ। ਅਗਲੇ ਦਿਨ ਅਸੀਂ ਦਿੱਲੀ ਨੂੰ ਚਾਲੇ ਪਾ ਦਿੱਤੇ। ਸਿੱਧੇ ਸੁਰਿੰਦਰ ਕੌਰ ਦੇ ਘਰ ਪਹੁੰਚੇ। ਉਹ ਬੜੇ ਤਪਾਕ ਨਾਲ ਮਿਲੀ। ਚਾਹ ਪੀਂਦਿਆਂ ਇਕਬਾਲ ਨੇ 'ਰਿਕਾਰਡਿੰਗ ਪ੍ਰਾਜੈਕਟ' ਦੀ ਗੱਲ ਕੀਤੀ। ਉਹ ਬੋਲੀ, "ਕੋਈ ਗੱਲ ਨਹੀਂ, ਕੰਮ ਹੋ ਜਾਏਗਾ।"

ਦੂਜੇ ਦਿਨ ਸੁਰਿੰਦਰ ਕੌਰ ਨੇ ਸੰਗੀਤਕਾਰ ਨੂੰ ਬੁਲਾਇਆ, ਉਸ ਨਾਲ ਸਾਡੀ ਜਾਣ-ਪਛਾਣ ਕਰਵਾਈ, "ਇਹ ਘਣਸ਼ਾਮ ਹੋਰੀਂ ਨੇ।" ਗ਼ਜ਼ਲਾਂ ਅਤੇ ਗੀਤ ਘਣਸ਼ਾਮ ਨੂੰ ਫੜਾ ਦਿੱਤੇ। ਉਸ ਨੇ ਰਚਨਾਵਾਂ ਉਤੇ ਨਜ਼ਰ ਮਾਰੀ। ਹਾਰਮੋਨੀਅਮ ਫੜਿਆ ਅਤੇ ਧੁਨਾਂ ਬਣਾਉਣ ਲੱਗਾ। ਸੁਰਿੰਦਰ ਕੌਰ, ਉਸ ਦੀ ਧੀ ਡੌਲੀ ਗੁਲੇਰੀਆ ਅਤੇ ਜਗਜੀਤ ਜ਼ੀਰਵੀ ਨਾਲ ਧੁਨਾਂ ਬਾਰੇ ਵਿਚਾਰ-ਵਟਾਂਦਰਾ ਹੋਇਆ। ਲੋੜੀਂਦੀ ਅਦਲਾ-ਬਦਲੀ ਕੀਤੀ ਗਈ। ਹਰ ਰਚਨਾ ਦੀ ਧੁਨ ਉਤੇ ਸਹਿਮਤੀ ਹੋਣ ਪਿੱਛੋਂ ਰਿਹਰਸਲ ਕੀਤੀ ਗਈ। ਅਗਲੇ ਦਿਨ ਸਟੂਡੀਓ ਪਹੁੰਚ ਗਏ। ਰਿਕਾਰਡਿੰਗ ਸ਼ੁਰੂ ਹੋ ਗਈ। ਸ਼ਾਮ ਤਕ ਇਹ ਕੰਮ ਮੁਕਾ ਲਿਆ। ਪੇਮੈਂਟ ਲੈ ਕੇ ਸਟੂਡੀਓ ਦੇ ਪ੍ਰਬੰਧਕਾਂ ਨੇ ਮਾਸਟਰ ਟੇਪ ਸਾਨੂੰ ਦੇ ਦਿੱਤੀ। ਮੈਂ ਗਾਇਕਾਂ ਅਤੇ ਸੰਗੀਤਕਾਰਾਂ ਨੂੰ ਮੁਆਵਜ਼ਾ ਦੇ ਦਿੱਤਾ। ਸਭ ਦਾ ਮਨ ਖੁਸ਼ ਸੀ।

ਇਕਬਾਲ ਦੇ ਜਹਾਜ਼ ਚੜ੍ਹਨ ਦਾ ਸਮਾਂ ਹੋ ਗਿਆ। ਉਸ ਨੂੰ ਵਿਦਾ ਕਰ ਕੇ ਮੈਂ ਤੇ ਜਗਜੀਤ ਜ਼ੀਰਵੀ ਇਕ ਰਿਕਾਰਡਿੰਗ ਕੰਪਨੀ ਦੇ ਦਫਤਰ ਪੁੱਜੇ। ਉਸ ਕੰਪਨੀ ਨੇ ਜ਼ੀਰਵੀ ਦੇ ਗਾਏ ਗੀਤ ਪਹਿਲਾਂ ਵੀ ਮਾਰਕਿਟ ਕੀਤੇ ਸਨ। ਜਗਜੀਤ ਨੇ ਮੈਨੇਜਰ ਨੂੰ ਮੇਰੇ ਵਾਲਾ ਮਾਸਟਰ ਟੇਪ ਦਿੱਤਾ। ਉਸ ਨੇ ਕੁਝ ਗਜ਼ਲਾਂ/ਗੀਤ ਸੁਣੇ ਅਤੇ ਬੋਲਿਆ, "ਰਚਨਾਵਾਂ ਅਤੇ ਗਾਇਕੀ ਬਹੁਤ ਸੋਹਣੀ ਹੈ, ਪਰ ਅਸੀਂ ਇਸ ਟੇਪ ਨੂੰ ਮਾਰਕਿਟ ਨਹੀਂ ਕਰ ਸਕਦੇ। ਮੁਸ਼ਕਿਲ ਇਹ ਹੈ ਕਿ ਅਸੀਂ ਟੇਪ ਤਿਆਰ ਕਰ ਕੇ ਜਿਸ ਦਿਨ ਮਾਰਕਿਟ ਵਿਚ ਲਿਆਉਂਦੇ ਹਾਂ, ਉਸ ਦੇ ਕੁਝ ਦਿਨਾਂ ਵਿਚ ਸਾਡੇ ਟੇਪ ਦੀ ਨਕਲ ਵਾਲੀਆਂ ਟੇਪਾਂ ਸਾਰੀ ਦਿੱਲੀ ਵਿਚ ਸਾਥੋਂ ਸਸਤੀਆਂ ਵਿਕਣ ਲੱਗ ਜਾਂਦੀਆਂ ਹਨ। ਇਸ ਲਈ ਸੱਚੀ ਗੱਲ ਹੈ ਕਿ ਅਸੀਂ ਤਾਂ ਨਿਕੰਮੇ ਹੋਏ ਬੈਠੇ ਹਾਂ। ਤੁਹਾਡੇ ਵਾਲੇ ਰਿਕਾਰਡ ਨਾਲ ਵੀ ਏਹੀ ਗੱਲ ਹੋਈ ਸੀ। ਸਾਨੂੰ ਸਮਝ ਨਹੀਂ ਆਉਂਦੀ, ਕੀ ਕਰੀਏ।"

ਮੈਂ ਕਿਹਾ, "ਨਕਲੀ ਟੇਪਾਂ ਕੱਢਣ ਵਾਲਿਆਂ ਉਤੇ ਮੁਕੱਦਮਾ ਚੱਲ ਸਕਦਾ ਹੈ।"

"ਸਾਡੇ ਮਹਾਨ ਦੇਸ ਹਿੰਦੋਸਤਾਨ ਵਿਚ ਅਜਿਹੇ ਮੁਕੱਦਮੇ ਨੂੰ ਅਦਾਲਤ ਤਕ ਪਹੁੰਚਦਿਆਂ ਅਤੇ ਉਸ ਦਾ ਫੈਸਲਾ ਹੁੰਦਿਆਂ ਵੀਹ ਵੀਹ ਸਾਲ ਲੱਗ ਜਾਂਦੇ ਹਨ। ਉਦੋਂ ਤਕ ਮੁਕੱਦਮਾ ਕਰਨ ਵਾਲੇ ਦੇ ਵਾਲ ਚਿੱਟੇ ਹੋ ਜਾਂਦੇ ਹਨ ਅਤੇ ਵਕੀਲ ਉਸ ਨੂੰ ਖਾ ਜਾਂਦੇ ਹਨ।"

ਮੈਂ ਪੁੱਛਿਆ, "ਪੁਲਿਸ ਟੇਪਾਂ ਨਕਲ ਕਰਨ ਵਾਲੇ ਚੋਰਾਂ ਨੂੰ ਫੜਦੀ ਨਹੀਂ?"

"ਟੇਪਾਂ ਦੀ ਨਕਲ ਕਰਨ ਵਾਲੀਆਂ ਮਸ਼ੀਨਾਂ ਹੀ ਪੁਲਿਸ ਦੇ ਅਫਸਰਾਂ ਦੇ ਘਰਾਂ ਵਿਚ ਲੱਗੀਆਂ ਹੁੰਦੀਆਂ ਹਨ। ਦੋਸ਼ੀਆਂ ਨੂੰ ਕੀਹਨੇ ਫੜਨਾ ਹੈ? ਇਸ ਲਈ ਮੈਂ ਤੁਹਾਡੀ ਮਦਦ ਨਹੀਂ ਕਰ ਸਕਦਾ। ਮੈਂ ਤੁਹਾਨੂੰ ਇਕ ਹੋਰ ਕੰਪਨੀ ਦਾ ਕਾਰਡ ਦਿੰਦਾ ਹਾਂ। ਉਨ੍ਹਾਂ ਦੀਆਂ ਦੁਕਾਨਾਂ ਸ਼ਹਿਰ ਦੀ ਧੁੰਨੀ ਚਾਂਦਨੀ ਚੌਕ ਵਿਚ ਹਨ, ਉਹ ਸ਼ਾਇਦ ਆਪ ਦੀ ਟੇਪ ਮਾਰਕਿਟ ਕਰ ਦੇਣ।"

ਕਾਰਡ ਲੈ ਕੇ ਅਸੀਂ ਉਸ ਦਫਤਰੋਂ ਨਿਕਲੇ ਤਾਂ ਜਗਜੀਤ ਜ਼ੀਰਵੀ ਕਹਿਣ ਲੱਗਾ, "ਮੈਂ ਤਾਂ ਕੱਲ੍ਹ ਸਵੇਰੇ ਪੰਜਾਬ ਨੂੰ ਮੁੜ ਜਾਣਾ ਹੈ। ਤੁਸੀਂ ਦਿਨੇ ਇਸ ਕੰਪਨੀ ਵਾਲਿਆਂ ਨੂੰ ਮਿਲ ਲੈਣਾ।"

ਦੂਜੇ ਦਿਨ ਮੈਂ ਚਾਂਦਨੀ ਚੌਕ ਵਿਚਲੀ ਲਾਜਪਤ ਮਾਰਕਿਟ ਵਿਚ ਉਸ ਕੰਪਨੀ ਵਾਲਿਆਂ ਨੂੰ ਮਿਲਿਆ ਅਤੇ ਆਪਣੀ ਗੱਲ ਦੱਸੀ। ਮੈਨੇਜਰ ਨੇ ਟੇਪ ਸੁਣੀ ਅਤੇ ਬੋਲਿਆ, "ਸੰਗੀਤ ਘਣਸ਼ਾਮ ਦਾ ਹੈ?"

"ਤੁਸੀਂ ਕਿਵੇਂ ਪਛਾਣਿਆ?"

"ਅਸੀਂ ਸੰਗੀਤਕਾਰਾਂ ਦਾ ਅੰਦਾਜ਼ ਪਛਾਣ ਲੈਂਦੇ ਹਾਂ। ਟੇਪ ਤਿਆਰ ਕਰਨ ਉਤੇ ਕਿੰਨੀ ਕੁ ਰਕਮ ਲਾਈ?"

"ਦਸ ਹਜ਼ਾਰ ਰੁਪਿਆ।"

"ਤੁਸੀਂ ਤਾਂ ਲੁੱਟੇ ਗਏ ਹੋ। ਇਹ ਕੰਮ ਤਾਂ ਪੰਜ ਛੇ ਹਜ਼ਾਰ ਰੁਪਏ ਵਿਚ ਹੋ ਸਕਦਾ ਸੀ।"

"ਕੋਈ ਗੱਲ ਨਹੀਂ, ਗਾਇਕ ਅਤੇ ਸੰਗੀਤਕਾਰ ਮੇਰੇ ਮਿੱਤਰ ਹਨ। ਘਿਓ ਆਪਣੀ ਥਾਲੀ ਵਿਚ ਹੀ ਡੁੱਲ੍ਹਿਆ ਹੈ। ਤੁਸੀਂ ਇਹ ਟੇਪ ਮਾਰਕਿਟ ਕਰ ਦਿਓਗੇ?"

"ਹਾਂ! ਕਰ ਦਿਆਂਗੇ। ਰਾਇਲਟੀ ਸਾਲ ਦੇ ਅਖੀਰ ਉਤੇ ਮਿਲੇਗੀ। ਵਿਕੀਆਂ ਟੇਪਾਂ ਦੀ ਗਿਣਤੀ ਬਾਰੇ ਤੁਸੀਂ ਤਿੰਨ-ਪੰਜ ਨਹੀਂ ਕਰ ਸਕਦੇ। ਸਾਡੀ ਦੱਸੀ ਹੋਈ ਗਿਣਤੀ ਉਤੇ ਹੀ ਰਾਇਲਟੀ ਮਿਲੇਗੀ।"

ਮੇਰੇ ਮਨ ਵਿਚ ਨਿਰਾਸ਼ਾ ਜਾਗੀ। ਫਿਰ ਸੋਚਿਆ ਕਿ ਖਰਚ ਤਾਂ ਹੋ ਚੁਕਾ ਹੈ, ਟੇਪ ਲੋਕਾਂ ਤਕ ਤਾਂ ਪਹੁੰਚੇਗੀ।

ਮੈਨੇਜਰ ਨੇ ਐਗਰੀਮੈਂਟ ਦਾ ਫਾਰਮ ਕੱਢਿਆ, ਭਰਿਆ ਅਤੇ ਆਪਣੇ ਦਸਤਖਤ ਕਰ ਦਿੱਤੇ। ਮੈਂ ਕਿਹਾ, "ਦੂਜੇ ਹਿੱਸੇਦਾਰ ਦੇ ਵੀ ਦਸਤਖਤ ਕਰ ਦਿਓ।"

"ਉਹ ਤਾਂ ਏਥੇ ਹੈ ਨਹੀਂ।" ਹਾਜ਼ਰ ਬੰਦੇ ਨੇ ਉਸ ਦੇ ਵੀ ਦਸਤਖਤ ਆਪ ਹੀ ਕਰ ਦਿੱਤੇ।

ਮੈਂ ਸੋਚਿਆ, ਚਲੋ! ਇਥੋਂ ਮਿਲਣਾ ਤਾਂ ਕੁਝ ਹੈ ਨਹੀਂ, ਟੇਪ ਤਾਂ ਨਿਕਲੇ। ਮੈਂ ਉਸ ਨੂੰ ਮਾਸਟਰ ਟੇਪ ਦੇ ਦਿੱਤੀ ਤੇ ਕਿਹਾ, "ਇਸ ਦੀ ਕਾਪੀ ਕਰ ਲਓ। ਅਸਲ ਮੈਨੂੰ ਮੋੜ ਦੇਣਾ।"

"ਠੀਕ ਹੈ, ਛੱਡ ਜਾਓ। ਕੱਲ੍ਹ ਨੂੰ ਅਸਲ ਟੇਪ ਲੈ ਜਾਣਾ।"

ਦੂਜੇ ਦਿਨ ਮੈਂ ਅਸਲ ਮਾਸਟਰ ਟੇਪ ਲੈ ਆਇਆ। ਕੁਝ ਚਿਰ ਪਿੱਛੋਂ ਮੈਂ ਕੈਨੇਡਾ ਵਾਪਸ ਆ ਗਿਆ।

ਦੋ ਕੁ ਮਹੀਨੇ ਉਡੀਕ ਕੇ ਮੈਂ ਉਸ ਕੰਪਨੀ ਨੂੰ ਫੋਨ ਕੀਤਾ। ਉਹ ਕਹਿੰਦੇ, ਅਜੇ ਟੇਪ ਤਿਆਰ ਨਹੀਂ ਹੋਈ।

ਮੈਂ ਕਿਹਾ, "ਜਦੋਂ ਟੇਪ ਤਿਆਰ ਹੋ ਗਈ ਤਾਂ ਮੈਨੂੰ ਉਸ ਦੀਆਂ ਦੋ ਕਾਪੀਆਂ ਡਾਕ ਰਾਹੀਂ ਭੇਜ ਦੇਣਾ।"

ਉਸ ਪਿੱਛੋਂ ਲਗਪਗ ਹਰ ਮਹੀਨੇ ਮੈਂ ਕੰਪਨੀ ਨੂੰ ਫੋਨ ਕਰਦਾ ਰਿਹਾ। ਇਕ ਸਾਲ ਪਿੱਛੋਂ ਮੈਂ ਦਿੱਲੀ ਰਹਿੰਦੇ ਆਪਣੇ ਭਾਣਜੇ ਨੂੰ ਸਾਰੀ ਗੱਲ ਦੱਸੀ ਅਤੇ ਕਿਹਾ ਕਿ ਉਹ ਉਸ ਕੰਪਨੀ ਕੋਲ ਜਾ ਕੇ ਮੇਰੇ ਟੇਪ ਦੀਆਂ ਦੋ ਕਾਪੀਆਂ ਖਰੀਦ ਕੇ ਇਕ ਕਾਪੀ ਮੈਨੂੰ ਭੇਜ ਦੇਵੇ, ਦੂਜੀ ਆਪਣੇ ਕੋਲ ਰੱਖ ਲਵੇ। ਉਸ ਨੇ ਉਹੀ ਕੀਤਾ। ਟੇਪ ਮੈਨੂੰ ਪਹੁੰਚੀ, ਮੈਂ ਚਾਅ ਨਾਲ ਖੋਲ੍ਹੀ, ਟੇਪ ਦੇਖ ਕੇ ਮੇਰਾ ਮਨ ਬੁਝ ਗਿਆ। ਟਾਈਟਲ ਬੇਹੱਦ ਘਟੀਆ ਸੀ, ਉਸ ਉਪਰ ਅੰਗਰੇਜ਼ੀ ਵਿਚ ਲਿਖਿਆ ਹੋਇਆ ਸੀ: ਪੰਜਾਬੀ ਹਿੱਟਸ (Punjabi HITS), ਹਿੰਦੀ ਵਿਚ ਲਿਖਿਆ ਹੋਇਆ ਸੀ, ਪੰਜਾਬੀ ਹੀਟਸ। ਮੈਂ ਟੇਪ ਬਿਨਾ ਸੁਣੇ ਹੀ ਰੱਖ ਦਿੱਤੀ।

ਮੈਂ ਇਹ ਸਾਰੀ ਗੱਲ ਫੋਨ ਉਤੇ ਇਕਬਾਲ ਮਾਹਲ ਨੂੰ ਦੱਸੀ। ਉਹ ਕਹਿਣ ਲੱਗਾ, "ਕੋਈ ਗੱਲ ਨਹੀਂ, ਸੋਚਦੇ ਹਾਂ। ਮਾਸਟਰ ਟੇਪ ਮੈਨੂੰ ਭੇਜ ਦਿਓ।" ਮੈਂ ਟੇਪ ਭੇਜ ਦਿੱਤਾ।

ਕਦੇ ਕਦੇ ਇਕਬਾਲ ਨਾਲ ਫੋਨ ਉਤੇ ਮੇਰੀ ਗੱਲਬਾਤ ਹੁੰਦੀ ਰਹੀ। ਅਸੀਂ ਸਲਾਹਾਂ ਕਰਦੇ ਰਹੇ। ਇਕਬਾਲ ਨੇ ਉਸ ਟੇਪ ਦੇ ਗੀਤਾਂ ਨੂੰ ਨਵੀਂ ਤਰਤੀਬ ਦੇ ਦਿੱਤੀ। ਇਕ ਪਾਸੇ ਕੁਝ ਸ਼ਬਦ ਮੇਰੇ ਬਾਰੇ ਅਤੇ ਮੇਰੀ ਕਵਿਤਾ ਬਾਰੇ ਇਕਬਾਲ ਨੇ ਆਪ ਬੋਲ ਕੇ ਨਿੱਕੀ ਜਿਹੀ ਜਾਣ-ਪਛਾਣ ਮੁੱਢ ਵਿਚ ਪਾ ਕੇ ਜਗਜੀਤ ਜ਼ੀਰਵੀ ਦੀਆਂ ਗਾਈਆਂ ਹੋਈਆਂ ਪੰਜ ਗਜ਼ਲਾਂ ਪਾ ਦਿੱਤੀਆਂ। ਦੂਜੇ ਪਾਸੇ ਸੁਰਿੰਦਰ ਕੌਰ, ਡੌਲੀ ਗੁਲੇਰੀਆ ਅਤੇ ਘਣਸ਼ਾਮ ਦੇ ਗਾਏ ਗੀਤ ਪਾ ਦਿੱਤੇ। ਸੋਹਣਾ ਟਾਈਟਲ ਡਿਜ਼ਾਇਨ ਕੀਤਾ, ਜਿਸ ਵਿਚ ਇਕ ਹੱਥ ਮੋਰ ਪੰਖ ਨਾਲ ਕੁਝ ਲਿਖ ਰਿਹਾ ਹੈ। ਟੇਪ ਦਾ ਨਾਂ ਰੱਖਿਆ, 'ਇਸ਼ਕ ਠੋਕਰ 'ਤੇ ਮੁਸਕਰਾਉਂਦਾ ਹੈ।' ਇਹ ਮੇਰੀ ਇਕ ਗਜ਼ਲ

(ਬਾਕੀ ਅਗਲੇ ਸਫੇ 'ਤੇ)

# ਬੇਗਾਨੀ ਧਰਤੀ 'ਤੇ ਸੁਪਨਿਆਂ ਦੀ ਫਸਲ...

ਹਿੰਦੁਸਤਾਨ ਦੀ ਆਜ਼ਾਦੀ ਲਈ ਹੋਏ ਪਹਿਲੇ ਵਿਦਰੋਹ ਵਾਲੇ ਸਾਲ, ਭਾਵ 1857 ਵਿਚ ਅਮਰੀਕਾ ਦੇ ਕੈਲੀਫੋਰਨੀਆ ਸੂਬੇ ਵਿਚ ਪਹਿਲੇ ਪੰਜਾਬੀ ਵਿਅਕਤੀ ਦੀ ਪਹੁੰਚ ਹੋਈ ਮੰਨੀ ਜਾਂਦੀ ਹੈ। ਛੇ ਅਪਰੈਲ 1899 ਦੇ 'ਸਾਂ ਫਰਾਂਸਿਸਕੋ ਕਰੌਨੀਕਲ' ਅਖਬਾਰ ਮੁਤਾਬਿਕ ਚਾਰ ਸਿੱਖ ਜਵਾਨ ਸਾਂ ਫਰਾਂਸਿਸਕੋ ਪਹੁੰਚੇ ਸਨ। ਅਖਬਾਰ ਅਨੁਸਾਰ ਉਹ ਇੰਗਲੈਂਡ ਵਿਚ ਬਣੇ ਜਾਪਾਨੀ ਸਮੁੰਦਰੀ ਜਹਾਜ਼ ਨਿਪੌਨ ਮਾਰੂ ਰਾਹੀਂ ਉਥੇ ਪਹੁੰਚੇ ਸਨ। ਇਮੀਗਰੇਸ਼ਨ ਅਧਿਕਾਰੀਆਂ ਵਲੋਂ ਉਨ੍ਹਾਂ ਨੂੰ ਅਮਰੀਕੀ ਧਰਤੀ 'ਤੇ ਪ੍ਰਵੇਸ਼ ਕਰਨ ਦੀ ਇਜਾਜ਼ਤ ਦਿੱਤੀ ਗਈ ਸੀ। ਉਨ੍ਹਾਂ ਸਿੱਖ ਜਵਾਨਾਂ ਦੇ ਨਾਮ ਬਖਸ਼ੀ ਸਿੰਘ, ਬੁੱਧ ਸਿੰਘ, ਵਰਿਆਮ ਸਿੰਘ ਅਤੇ ਸੁਹਾਵਾ ਸਿੰਘ ਸਨ। ਉਹ ਚਾਰੇ ਪਹਿਲਾਂ

**ਡਾ. ਮੁਹੰਮਦ ਇਦਰੀਸ**
ਫੋਨ: +91-98141-71786

ਚੀਨ ਵਿਚ ਸੈਨਿਕ ਸੇਵਾਵਾਂ ਨਿਭਾਅ ਰਹੇ ਸਨ। ਪੰਜਾਬ ਦੇ ਲਾਹੌਰ ਜ਼ਿਲ੍ਹੇ ਦੇ ਇਹ ਵਸਨੀਕ ਲਾਹੌਰ ਛੱਡਣ ਤੋਂ 20 ਸਾਲ ਬਾਅਦ ਚੀਨ ਰਾਹੀਂ ਅਮਰੀਕਾ ਪਹੁੰਚੇ ਸਨ। ਬਖਸ਼ੀ ਸਿੰਘ ਨੂੰ ਅੰਗਰੇਜ਼ੀ ਭਾਸ਼ਾ ਬੋਲਣ ਅਤੇ ਲਿਖਣ ਵਿਚ ਪੂਰਨ ਮੁਹਾਰਤ ਹਾਸਲ ਸੀ, ਪਰ ਬਾਕੀ ਤਿੰਨਾਂ ਨੂੰ ਅੰਗਰੇਜ਼ੀ ਦਾ ਬਹੁਤਾ ਗਿਆਨ ਨਹੀਂ ਸੀ।

19ਵੀਂ ਅਤੇ 20ਵੀਂ ਸਦੀ ਦੌਰਾਨ ਭਾਰਤ ਦੇ ਪੰਜਾਬ, ਗੁਜਰਾਤ ਅਤੇ ਪੱਛਮੀ ਬੰਗਾਲ ਸੂਬਿਆਂ ਤੋਂ ਅਮਰੀਕਾ ਗਏ ਲੋਕਾਂ ਵਿਚੋਂ ਅੱਸੀ-ਨੱਬੇ ਫੀਸਦੀ ਸਿੱਖ ਅਤੇ ਦਸ ਫੀਸਦੀ ਮੁਸਲਮਾਨ ਸਨ। ਉਸ ਸਮੇਂ ਅਮਰੀਕਾ ਜਾਣ ਵਾਲੇ ਜ਼ਿਆਦਾਤਰ ਵਿਅਕਤੀ ਸਿਰਫ ਤਿੰਨ-ਚਾਰ ਸੌ ਰੁਪਏ ਆਪਣੇ ਨਜ਼ਦੀਕੀ ਰਿਸ਼ਤੇਦਾਰਾਂ ਤੋਂ ਕਿਰਾਏ ਵਾਸਤੇ ਲੈ ਕੇ ਜਾਂਦੇ ਸਨ। ਉਨ੍ਹਾਂ ਦਾ ਮੁੱਢਲਾ ਮੰਤਵ ਅਮਰੀਕਾ ਜਾ ਕੇ ਮਜ਼ਦੂਰੀ, ਖੇਤ ਮਜ਼ਦੂਰੀ ਕਰਨ ਉਪਰੰਤ ਪੈਸੇ ਇਕੱਠੇ ਕਰਕੇ ਪੰਜਾਬ ਵਾਪਸ ਆ ਕੇ ਵਧੇਰੇ ਜ਼ਮੀਨ ਖਰੀਦਣੀ ਅਤੇ ਜੀਵਨ ਪੱਧਰ ਨੂੰ ਉਚਾ ਚੁੱਕਣਾ ਸੀ।

ਅਮਰੀਕਾ ਜਾਣ ਵਾਲੇ ਯਾਤਰੀ ਪਹਿਲਾਂ ਕਲਕੱਤਾ (ਹੁਣ ਕੋਲਕਾਤਾ) ਦੀ ਬੰਦਰਗਾਹ ਤੋਂ ਤਕਰੀਬਨ ਬਾਰ੍ਹਾਂ ਦਿਨਾਂ ਵਿਚ ਸਮੁੰਦਰੀ ਜਹਾਜ਼ ਰਾਹੀਂ ਹਾਂਗਕਾਂਗ ਪਹੁੰਚਦੇ ਅਤੇ ਉਥੋਂ ਅੱਗੇ ਅਠਾਰਾਂ ਦਿਨਾਂ ਵਿਚ ਅਮਰੀਕਾ ਜਾਂ ਕੈਨੇਡਾ ਪੁੱਜਦੇ ਸਨ। 1907-08 ਅਤੇ 1910 ਦੌਰਾਨ ਉਥੇ ਪਹੁੰਚਣ ਵਾਲੇ ਵਿਅਕਤੀਆਂ ਦੀ ਗਿਣਤੀ ਸਿਰਫ ਦਸ ਤੋਂ ਵੀਹ ਤਕ ਸੀ। ਅਮਰੀਕਾ ਵਲੋਂ 1917 ਵਿਚ ਇਮੀਗਰੇਸ਼ਨ ਐਕਟ ਪਾਸ ਕੀਤਾ ਗਿਆ। ਇਸ ਐਕਟ ਤਹਿਤ ਏਸ਼ੀਆ ਤੋਂ ਆਉਣ ਵਾਲੇ ਲੋਕਾਂ ਦੇ ਅਮਰੀਕਾ ਵਿਚ ਦਾਖਲੇ 'ਤੇ ਪਾਬੰਦੀ ਲਗਾਈ ਗਈ। ਅਮਰੀਕਾ ਵਲੋਂ 1924 ਦੇ ਓਰੀਐਂਟਲ ਐਕਟ ਰਾਹੀਂ ਅਨਪੜ੍ਹ ਲੋਕਾਂ ਦੇ ਆਉਣ 'ਤੇ ਪਾਬੰਦੀ ਲਗਾਈ ਗਈ। ਇਸ ਕਾਰਨ 1931 ਤੋਂ 1945 ਤਕ ਮੈਕਸਿਕੋ ਰਸਤੇ ਅਮਰੀਕਾ ਵਿਚ ਗ਼ੈਰ-ਕਾਨੂੰਨੀ ਤੌਰ 'ਤੇ ਪਹੁੰਚਣ ਵਾਲਿਆਂ ਦੀ ਗਿਣਤੀ ਅੱਠ ਸੌ ਇਕਤਾਲੀ ਹੋ ਗਈ ਸੀ। ਮੈਕਸਿਕੋ ਰਾਹੀਂ ਗ਼ੈਰ-ਕਾਨੂੰਨੀ ਤੌਰ 'ਤੇ ਦਾਖਲ ਹੋਣ ਵਾਲਿਆਂ ਤੋਂ ਉਸ ਸਮੇਂ 200 ਤੋਂ 400 ਡਾਲਰ 'ਕੀਮਤ' ਲਈ ਜਾਂਦੀ ਸੀ।

ਆਰ.ਕੇ. ਦਾਸ ਦੀ ਪੁਸਤਕ 'ਹਿੰਦੁਸਤਾਨੀ ਵਰਕਰਜ਼ ਆਨ ਦਿ ਪੈਸੀਫਿਕ ਕੋਸਟ' ਮੁਤਾਬਿਕ ਜਦੋਂ ਕੈਲੀਫੋਰਨੀਆ ਸੂਬੇ ਦੀ ਸਰਕਾਰ ਵਲੋਂ ਬਾਹਰੋਂ ਆਉਣ ਵਾਲੇ ਮਜ਼ਦੂਰਾਂ ਨੂੰ ਜ਼ਮੀਨ ਠੇਕੇ 'ਤੇ ਲੈਣ ਜਾਂ ਖਰੀਦਣ ਦੀ ਵਿਵਸਥਾ ਕੀਤੀ ਗਈ ਤਾਂ ਉਦੋਂ ਖਾਸਕਰ ਪੰਜਾਬੀਆਂ ਨੇ ਇਸ ਸਹੂਲਤ ਦਾ ਵਧੇਰੇ ਲਾਭ ਲਿਆ। ਇਸ ਤੋਂ ਪਹਿਲਾਂ ਉਹ ਲੇਬਰ, ਮਿੱਲਾਂ ਅਤੇ ਵੈਸਟਰਨ ਪੈਸੀਫਿਕ ਰੇਲ, ਰੋਡ ਲਾਈਨਾਂ, ਫੈਕਟਰੀਆਂ ਅਤੇ ਲੋਹਾ ਮਿੱਲਾਂ ਵਿਚ ਕੰਮ ਕਰਦੇ ਸਨ।

ਪੰਜਾਬੀਆਂ ਵਲੋਂ ਅੰਗਰੇਜ਼ੀ ਜਾਣਨ ਵਾਲੇ ਇੱਕ ਪ੍ਰਮੁੱਖ ਵਿਅਕਤੀ ਅਧੀਨ ਸੈਕਰਾਮੈਂਟੋ ਵਾਦੀ, ਕੇਂਦਰੀ ਕੈਲੀਫੋਰਨੀਆ ਆਦਿ ਇਲਾਕਿਆਂ ਵਿਚ ਬਾਗ ਬਗੀਚੇ, ਗੰਨੇ ਦੇ ਖੇਤ ਅਤੇ ਕਪਾਹ ਦੇ ਖੇਤਾਂ ਵਿਚ ਸਮੂਹਿਕ ਰੂਪ ਵਿਚ ਖੇਤੀ ਦੀ ਸ਼ੁਰੂਆਤ ਕੀਤੀ ਗਈ। ਸਟੇਟ ਬੋਰਡ ਆਫ ਕੰਟਰੋਲ ਆਫ ਕੈਲੀਫੋਰਨੀਆ ਦੀ 1920 ਦੀ ਰਿਪੋਰਟ ਮੁਤਾਬਿਕ ਪਰਵਾਸੀਆਂ ਕੋਲ 2099 ਏਕੜ ਜ਼ਮੀਨ ਆਪਣੀ ਅਤੇ 86,340 ਏਕੜ ਠੇਕੇ 'ਤੇ ਲਈ ਹੋਈ ਸੀ। ਇਹ ਜ਼ਮੀਨ ਸੈਕਰਾਮੈਂਟੋ ਵਾਦੀ ਵਿਚ ਸੀ। ਇਸ ਵਿਚ ਪਰਵਾਸੀਆਂ ਵਲੋਂ ਅੰਗੂਰ, ਆੜੂ, ਬਾਦਾਮ, ਦਾਖਾਂ, ਮੱਕੀ, ਆਲੂ ਆਦਿ ਦੀ ਖੇਤੀ ਕੀਤੀ ਜਾਂਦੀ ਸੀ। ਪਰਵਾਸੀਆਂ ਵਿਚੋਂ ਵਧੇਰੇ ਲੋਕ ਪੰਜਾਬੀ ਸਨ ਅਤੇ ਉਨ੍ਹਾਂ ਕੋਲ ਬਰਤਾਨਵੀ ਸਰਕਾਰ ਅਧੀਨ ਭਾਰਤ ਵਿਚ ਖੇਤੀ ਕਰਨ ਦਾ ਵਿਸ਼ਾਲ ਤਜਰਬਾ ਸੀ।



*ਸਟਾਕਟਨ ਵਿਚ ਬਣਾਏ ਗੁਰਦੁਆਰੇ ਅੱਗੇ ਖੜ੍ਹੀ ਸੰਗਤ।*

ਇਸ ਸਮੇਂ ਦੌਰਾਨ ਇੰਜਨੀਅਰਿੰਗ, ਸਾਇੰਸ, ਸਿਹਤ ਸੇਵਾਵਾਂ, ਖੇਤੀਬਾੜੀ ਅਤੇ ਸਮਾਜਿਕ ਵਿਗਿਆਨਾਂ ਦੀ ਸਿੱਖਿਆ ਪ੍ਰਾਪਤ ਕਰਨ ਲਈ ਭਾਰਤੀ ਵਿਸ਼ੇਸ਼ ਕਰਕੇ ਪੰਜਾਬੀ, ਬੰਗਾਲੀ ਅਤੇ ਗੁਜਰਾਤੀ ਵਿਦਿਆਰਥੀ ਅਮਰੀਕਾ ਦੀਆਂ ਯੂਨੀਵਰਸਿਟੀਆਂ ਵਿਚ ਜਾਣ ਲੱਗੇ। ਵਿਦਿਆਰਥੀਆਂ ਦੀ ਸਹਾਇਤਾ ਲਈ ਕੈਲੀਫੋਰਨੀਆ ਦੇ ਆਲੂ ਉਤਪਾਦਨ ਦੇ ਸਫਲ ਕਾਸ਼ਤਕਾਰ ਜਵਾਲਾ ਸਿੰਘ ਵਲੋਂ 'ਗੁਰੂ ਗੋਬਿੰਦ ਸਿੰਘ ਸਾਹਿਬ ਐਜੂਕੇਸ਼ਨਲ ਸਕਾਲਰਸ਼ਿਪ' ਦੀ ਵਿਵਸਥਾ 1912 ਵਿਚ ਕੀਤੀ ਗਈ। ਪੈਸੀਫਿਕ ਕੋਸਟ ਖਾਲਸਾ ਦੀਵਾਨ ਵਲੋਂ ਅਲਸਟੋਨ ਵੇਅ ਵਿਚ ਹੋਸਟਲ ਖਰੀਦਿਆ ਗਿਆ ਜਿੱਥੇ ਭਾਰਤੀ ਵਿਦਿਆਰਥੀਆਂ ਨੂੰ ਮੁਫਤ ਰਹਿਣ ਦੀ ਆਗਿਆ ਸੀ। ਸੁਸਾਇਟੀ ਵਲੋਂ ਹੀ 1912 ਵਿਚ ਸਟਾਕਟਨ ਵਿਖੇ ਗੁਰਦੁਆਰੇ ਦੀ ਦੋ ਮੰਜ਼ਿਲਾ ਇਮਾਰਤ ਦੀ ਉਸਾਰੀ ਕਰਵਾਈ ਗਈ। 1917 ਤਕ ਇਹ ਗੁਰਦੁਆਰਾ ਗਦਰ ਪਾਰਟੀ ਦੀਆਂ ਗਤੀਵਿਧੀਆਂ ਦਾ ਕੇਂਦਰ ਬਣ ਚੁੱਕਾ ਸੀ।

ਰੋਜ਼ੀ-ਰੋਟੀ ਅਤੇ ਬਿਹਤਰ ਜੀਵਨ ਦੀ ਆਸ ਨਾਲ ਅਮਰੀਕਾ ਗਏ ਪੰਜਾਬੀਆਂ ਅਤੇ ਭਾਰਤੀਆਂ ਦਾ ਇਕ ਹੋਰ ਅਹਿਮ ਉਦੇਸ਼ ਭਾਰਤ ਨੂੰ ਬਰਤਾਨਵੀ ਸਾਮਰਾਜ ਤੋਂ ਆਜ਼ਾਦ ਕਰਵਾਉਣਾ ਸੀ। ਇਸ ਮੰਤਵ ਦੀ ਪੂਰਤੀ ਹਿੱਤ 1912-13 ਦੌਰਾਨ ਪੈਸਿਫਿਕ ਕੋਸਟ ਹਿੰਦੁਸਤਾਨ ਐਸੋਸੀਏਸ਼ਨ ਦੀ ਸਥਾਪਨਾ ਕੀਤੀ ਗਈ ਜੋ ਪਿਛੋਂ ਗਦਰ ਪਾਰਟੀ ਬਣੀ। ਇਸ ਐਸੋਸੀਏਸ਼ਨ ਵਲੋਂ 436 ਹਿਲ ਸਟਰੀਟ, ਸੈਨ ਫਰਾਂਸਿਸਕੋ 'ਚ ਯੁਗਾਂਤਰ ਆਸ਼ਰਮ ਦੀ ਸਥਾਪਨਾ ਕਰਕੇ ਉਥੇ ਪ੍ਰਿੰਟਿੰਗ ਪ੍ਰੈਸ ਲਾਈ ਗਈ। ਇਕ ਨਵੰਬਰ 1913 ਨੂੰ ਹਿੰਦੁਸਤਾਨ ਗਦਰ ਅਖਬਾਰ ਦਾ ਉਰਦੂ ਅੰਕ ਅਤੇ 9 ਦਸੰਬਰ 1913 ਨੂੰ ਇਸ ਦਾ ਪੰਜਾਬੀ ਅੰਕ ਪ੍ਰਕਾਸ਼ਿਤ ਕੀਤਾ ਜਾਣ ਲੱਗਿਆ। ਜੇਨ ਸਿੰਘ ਦੇ ਲੇਖ 'ਦਿ ਰੋਲ ਆਫ ਲਿਟਰੇਚਰ ਇਨ ਗਦਰ ਮੂਵਮੈਂਟ' ਮੁਤਾਬਕ ਮਈ 1914 ਵਿਚ ਜਦੋਂ ਹਿੰਦੁਸਤਾਨ ਗਦਰ ਦਾ ਗੁਜਰਾਤੀ ਅੰਕ ਸ਼ੁਰੂ ਹੋਇਆ, ਉਦੋਂ ਤਕ ਗਦਰ ਪ੍ਰਿੰਟਿੰਗ ਪ੍ਰੈਸ ਵਲੋਂ ਹਰ ਹਫਤੇ ਉਰਦੂ ਦੀਆਂ 2200 ਅਤੇ ਪੰਜਾਬੀ ਦੀਆਂ 2500 ਕਾਪੀਆਂ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਸਨ। ਅਮਰੀਕੀ ਯੂਨੀਵਰਸਿਟੀਆਂ 'ਚ ਪੜ੍ਹਦੇ ਭਾਰਤੀ ਵਿਦਿਆਰਥੀ ਸ਼ਨਿਚਰਵਾਰ, ਐਤਵਾਰ ਨੂੰ ਅਤੇ ਪੰਜਾਬੀ ਖੇਤ ਮਜ਼ਦੂਰ ਤੇ ਕਿਸਾਨ ਖੇਤਾਂ ਵਿਚੋਂ ਵਿਹਲਾ ਸਮਾਂ ਮਿਲਣ 'ਤੇ ਗਦਰ ਅਖਬਾਰ ਲਈ ਕੰਮ ਕਰਦੇ ਸਨ।

ਅਮਰੀਕਾ ਪਹੁੰਚੇ ਇਨ੍ਹਾਂ ਪੰਜਾਬੀਆਂ ਨਾਲ ਉਨ੍ਹਾਂ ਦੀਆਂ ਪਤਨੀਆਂ ਜਾਂ ਪਰਿਵਾਰ ਦੀਆਂ ਹੋਰ ਔਰਤਾਂ ਦੇ ਆਉਣ ਦੀਆਂ ਬਹੁਤ ਘੱਟ ਉਦਾਹਰਨਾਂ ਮਿਲਦੀਆਂ ਹਨ। ਸਭ ਤੋਂ ਪਹਿਲਾਂ 1899 ਵਿਚ ਕਾਰੋਬਾਰੀ ਬਖਸ਼ੀਸ਼ ਸਿੰਘ ਨਾਲ ਉਸ ਦੀ ਪਤਨੀ ਰਤਨ ਕੌਰ ਪਹੁੰਚੀ। ਦੂਸਰੀ ਧੂਨਾ ਸਿੰਘ ਨਾਲ ਨੰਦ ਕੌਰ ਸੀ। ਗ਼ੈਰ-ਕਾਨੂੰਨੀ ਤੌਰ 'ਤੇ ਪਹੁੰਚਣ ਵਾਲੇ ਆਮ ਤੌਰ 'ਤੇ ਮੈਕਸਿਕੋ ਰਾਹੀਂ ਜਾਣ ਕਰਕੇ ਮੈਕਸਿਕਨ ਔਰਤਾਂ ਨਾਲ ਵਿਆਹ ਵੀ ਕਰਵਾ ਲੈਂਦੇ ਸਨ।

ਪੰਜਾਬੀਆਂ ਨੂੰ ਅਮਰੀਕਾ ਵਿਚ ਸਥਾਈ ਤੌਰ 'ਤੇ ਰਹਿਣ ਦੇ ਅਧਿਕਾਰ ਦਿਵਾਉਣ ਲਈ ਭਗਤ ਸਿੰਘ ਥਿੰਦ ਦੁਆਰਾ ਲੜੀ ਗਈ ਕਾਨੂੰਨੀ ਲੜਾਈ ਦਾ ਮਹੱਤਵਪੂਰਨ ਸਥਾਨ ਹੈ। ਭਗਤ ਸਿੰਘ ਥਿੰਦ ਪੰਜਾਬ ਦਾ ਰਹਿਣ ਵਾਲਾ ਸੀ। ਉਹ 1913 ਵਿਚ ਅਮਰੀਕਾ ਗਿਆ। ਉਸ ਨੇ 1917 ਤੋਂ 1918 ਤਕ ਅਮਰੀਕੀ ਸੈਨਾ ਵਲੋਂ ਪਹਿਲੇ ਵਿਸ਼ਵ ਯੁੱਧ ਵਿਚ ਭਾਗ ਲਿਆ। 1920 ਵਿਚ ਅਮਰੀਕਾ ਦੀ ਜ਼ਿਲ੍ਹਾ ਕੋਰਟ ਵਿਚ ਉਸ ਨੇ ਸਥਾਈ ਆਵਾਸ ਲਈ ਬਿਨੈ ਪੱਤਰ ਦਿੱਤਾ ਸੀ। ਇਸ ਸੰਘਰਸ਼ ਦੌਰਾਨ ਹੀ ਉਸ ਨੇ ਪੀਐਚ.ਡੀ. ਦੀ ਡਿਗਰੀ ਵੀ ਹਾਸਲ ਕੀਤੀ। ਉਹ ਸਿੱਖ ਫਲਸਫੇ, ਤੁਲਨਾਤਮਿਕ ਅਧਿਐਨ, ਧਰਮ ਅਤੇ ਹਿੰਦੁਸਤਾਨ ਦੀ ਆਜ਼ਾਦੀ ਲਈ ਅਤੇ ਪੰਜਾਬੀਆਂ ਨੂੰ ਅਮਰੀਕਾ ਵਿਚ ਲਾਮਬੰਦ ਕਰਨ ਲਈ ਜਦੋ-ਜਹਿਦ ਕਰਦਾ ਰਿਹਾ। 1931 ਵਿਚ ਅਮਰੀਕਾ ਦੀ ਸਰਬਉਚ ਅਦਾਲਤ ਦੁਆਰਾ ਭਗਤ ਸਿੰਘ ਥਿੰਦ ਨੂੰ ਅਮਰੀਕੀ ਨਾਗਰਿਕਤਾ ਦਿੱਤੀ ਗਈ।

ਗਦਰ ਪਾਰਟੀ, ਹੋਮ ਰੂਲ ਲੀਗ, ਇੰਡੀਆ ਐਸੋਸੀਏਸ਼ਨ, ਇੰਡੀਅਨ ਵੈਲਫੇਅਰ ਐਸੋਸੀਏਸ਼ਨ ਅਤੇ ਹੋਰ ਮਹੱਤਵਪੂਰਨ ਸੰਸਥਾਵਾਂ ਹਿੰਦੁਸਤਾਨ ਦੀ ਆਜ਼ਾਦੀ ਅਤੇ ਅਮਰੀਕਾ ਵਿਚ ਭਾਰਤੀਆਂ ਦੇ ਅਧਿਕਾਰਾਂ ਲਈ ਸੰਘਰਸ਼ ਕਰ ਰਹੀਆਂ ਸਨ। ਇਨ੍ਹਾਂ ਜਥੇਬੰਦੀਆਂ ਦੇ ਸੰਘਰਸ਼ ਦੇ ਸਿੱਟੇ ਵਜੋਂ 1946 ਵਿਚ ਅਮਰੀਕੀ ਕਾਂਗਰਸ ਵਲੋਂ ਲੂਸ-ਸੀਲਰ ਐਕਟ ਪਾਸ ਕੀਤਾ ਗਿਆ। ਇਸ ਐਕਟ ਤਹਿਤ ਭਾਰਤੀਆਂ ਦੇ ਅਮਰੀਕਾ ਆਉਣ 'ਤੇ ਪਾਬੰਦੀ ਖਤਮ ਕੀਤੀ ਗਈ ਅਤੇ ਉਨ੍ਹਾਂ ਨੂੰ ਬੁਨਿਆਦੀ ਤੌਰ 'ਤੇ ਅਮਰੀਕੀ ਨਾਗਰਿਕਾਂ ਵਜੋਂ ਮਾਨਤਾ ਦਿੱਤੀ ਗਈ।

ਤਿੰਨ ਅਕਤੂਬਰ 1965 ਨੂੰ ਅਮਰੀਕੀ ਇਮੀਗਰੇਸ਼ਨ ਐਂਡ ਨੈਸ਼ਨੈਲਟੀ ਐਕਟ, ਜੋ ਆਮ ਤੌਰ 'ਤੇ ਹਾਰਟ-ਸੀਲਰ ਐਕਟ ਵਜੋਂ ਜਾਣਿਆ ਜਾਂਦਾ ਹੈ, ਪਾਸ ਕੀਤਾ ਗਿਆ। ਇਸ ਐਕਟ ਤਹਿਤ ਏਸ਼ੀਆ ਤੋਂ ਆਉਣ ਵਾਲਿਆਂ ਲਈ ਸ਼ਰਤਾਂ ਨਰਮ ਕੀਤੀਆਂ ਗਈਆਂ ਸਨ। 1965 ਤੋਂ ਪਹਿਲਾਂ ਪਰਵਾਸੀ ਸਿਰਫ ਕੈਲੀਫੋਰਨੀਆ ਵਿਚ ਜਾਣ ਨੂੰ ਹੀ ਪਹਿਲ ਦਿੰਦੇ ਸਨ, ਪਰ 1965 ਤੋਂ ਬਾਅਦ ਪੂਰੇ ਅਮਰੀਕਾ ਵਿਚ ਉਨ੍ਹਾਂ ਦੇ ਆਵਾਸ ਲਈ ਨੀਤੀਆਂ ਨਰਮ ਕੀਤੀਆਂ ਗਈਆਂ ਸਨ। ਸਿੱਟੇ ਵਜੋਂ ਪੱਛਮੀ ਏਸ਼ੀਆ ਦੇ ਲੋਕ ਵਧੇਰੇ ਗਿਣਤੀ ਵਿਚ 1965 ਤੋਂ ਬਾਅਦ ਅਮਰੀਕਾ ਜਾ ਰਹੇ ਹਨ।

19ਵੀਂ ਅਤੇ 20ਵੀਂ ਸਦੀ ਦੌਰਾਨ ਗਏ ਪੰਜਾਬੀਆਂ ਨੇ ਭਾਵੇਂ ਮੁੱਢਲੇ ਰੂਪ 'ਚ ਲੇਬਰ ਮਿੱਲਾਂ, ਰੇਲਵੇ ਲਾਈਨਾਂ ਵਿਛਾਉਣ ਅਤੇ ਸੜਕਾਂ ਦੇ ਨਿਰਮਾਣ ਆਦਿ ਲਈ ਕੰਮ ਕੀਤਾ, ਪਰ ਆਪਣੇ ਮਿਹਨਤੀ, ਸਿਰੜੀ ਅਤੇ ਇਮਾਨਦਾਰੀ ਵਾਲੇ ਸੁਭਾਅ ਕਾਰਨ ਪੰਜਾਬੀਆਂ ਨੇ ਅਮਰੀਕੀ ਸਮਾਜ, ਸਿਆਸਤ, ਸਭਿਆਚਾਰ ਅਤੇ ਆਰਥਿਕਤਾ ਉਤੇ ਮਹੱਤਵਪੂਰਨ ਅਤੇ ਚਿਰਸਥਾਈ ਪ੍ਰਭਾਵ ਪਾਇਆ ਹੈ। ਜਵਾਲਾ, ਸਿੰਘ, ਜਗਜੀਤ ਸਿੰਘ, ਮੁਬਾਰਕ ਅਲੀ ਖਾਨ, ਦੀਦਾਰ ਸਿੰਘ ਬੈਂਸ, ਸ਼ੁੱਧ ਪ੍ਰਕਾਸ਼ ਸਿੰਘ, ਸੁਖਵਿੰਦਰ ਕੰਬੋਜ, ਨਰਿੰਦਰ ਸਿੰਘ ਕਪਾਨੀ ਅਤੇ ਚਰਨਜੀਤ ਸਿੰਘ ਬਾਠ ਆਦਿ ਚੋਣਵੇਂ ਪੰਜਾਬੀ ਹਨ ਜਿਨ੍ਹਾਂ ਨੇ ਵੱਖ ਵੱਖ ਖੇਤਰਾਂ ਵਿਚ ਆਪਣੀ ਸਫਲਤਾ ਸਦਕਾ ਵਿਲੱਖਣ ਪਛਾਣ ਬਣਾਈ। ਹੁਣ ਹੋਰ ਵੀ ਬਹੁਤ ਸਾਰੇ ਪੰਜਾਬੀ, ਅਮਰੀਕਾ ਵਿਚ ਮੱਲਾਂ ਮਾਰ ਰਹੇ ਹਨ।

# ਇਸ਼ਕ ਠੋਕਰ 'ਤੇ ਮੁਸਕਰਾਉਂਦਾ ਹੈ

*(ਪਿਛਲੇ ਸਫੇ ਦੀ ਬਾਕੀ)*

ਦਾ ਪਹਿਲਾ ਮਿਸਰਾ ਹੈ। ਹੇਠਾਂ ਮੇਰਾ ਨਾਂ ਪੰਜਾਬੀ ਵਿਚ ਲਿਖ ਦਿੱਤਾ। ਟੇਪ ਦੇਖ ਕੇ ਮਨ ਬੇਹੱਦ ਖੁਸ਼ ਹੋਇਆ। ਮੈਂ ਇਕਬਾਲ ਦਾ ਧੰਨਵਾਦ ਕੀਤਾ ਅਤੇ ਪੁੱਛਿਆ, "ਟੇਪ ਦੀ ਪੰਜ ਸੌ ਕਾਪੀ ਕਰਵਾਉਣ ਉਤੇ ਕੀ ਖਰਚ ਹੋਵੇਗਾ?"

ਉਸ ਪਤਾ ਕੀਤਾ ਅਤੇ ਮੈਨੂੰ ਵਾਪਸੀ ਫੋਨ ਕਰ ਦਿੱਤਾ। ਮੈਂ ਉਸ ਨੂੰ ਚੈਕ ਭੇਜ ਦਿੱਤਾ। ਦੋ ਕੁ ਹਫਤੇ ਪਿੱਛੋਂ 500 ਟੇਪਾਂ ਮੈਨੂੰ ਪਹੁੰਚ ਗਈਆਂ। ਮੈਂ ਉਹ ਟੇਪਾਂ ਹਵਾਈ ਡਾਕ ਰਾਹੀਂ ਮਿੱਤਰਾਂ ਨੂੰ, ਅਖਬਾਰਾਂ, ਰਸਾਲਿਆਂ ਨੂੰ ਭਾਰਤ ਭੇਜ ਦਿੱਤੀਆਂ। ਕੈਨੇਡਾ ਵਿਚ ਵੀ ਏਹੀ ਕੀਤਾ। ਟੇਪਾਂ ਰੇਡੀਓ ਸਟੇਸ਼ਨਾਂ ਨੂੰ ਦੇ ਦਿੱਤੀਆਂ।

ਉਸ ਟੇਪ ਦੇ ਕਈ ਚੰਗੇ ਰੀਵੀਊ ਛਪੇ। ਇਕ ਰੀਵੀਊ ਕਵੀ ਮਿੱਤਰ ਗੁਰਭਜਨ ਗਿੱਲ ਅਤੇ ਦੂਜਾ ਪ੍ਰੋ. ਜਗਜੀਤ ਕੌਰ (ਸੰਗੀਤ ਵਿਭਾਗ, ਐਸ. ਆਰ. ਕਾਲਜ ਆਫ ਵਿਮੈਨ, ਅੰਮ੍ਰਿਤਸਰ) ਨੇ ਕੀਤਾ ਸੀ। ਦੋਵੇਂ ਰੀਵੀਊ ਆਪ ਮੁਹਾਰੇ ਕੀਤੇ ਗਏ ਸਨ। ਇਹ ਮੋਤੀ ਬਿਨ ਮੰਗੇ ਮਿਲੇ ਸਨ। ਗੁਰਭਜਨ ਹੋਰੀਂ ਮੇਰੇ ਵਾਕਿਫ ਹਨ, ਪਰ ਪ੍ਰੋ. ਜਗਜੀਤ ਕੌਰ ਨੂੰ ਮਿਲਣ ਦਾ ਸੁਭਾਗ ਮੈਨੂੰ ਹੁਣ ਤਕ ਵੀ ਨਹੀਂ ਮਿਲਿਆ। ਮੇਰੀ ਟੇਪ ਬਾਰੇ ਉਨ੍ਹਾਂ ਦੇ ਸ਼ਬਦ ਸਖਾਵਤ ਭਰੇ ਸਨ।

ਮੇਰਾ ਮਨ ਗਾਇਕਾਂ, ਸੰਗੀਤਕਾਰਾਂ, ਰੀਵੀਊਕਾਰਾਂ ਅਤੇ ਇਕਬਾਲ ਮਾਹਲ ਲਈ ਸ਼ੁਕਰਗੁਜ਼ਾਰੀ ਦੀ ਭਾਵਨਾ ਨਾਲ ਭਰਿਆ ਪਿਆ ਹੈ।

ਮੈਂ ਵੈਨਕੂਵਰ ਦੇ ਕਈ ਵੀਡੀਓ ਸਟੋਰਾਂ ਨੂੰ ਉਹ ਟੇਪਾਂ ਵੇਚਣ ਲਈ ਦਿੱਤੀਆਂ; ਕਿਸੇ ਨੂੰ ਪੰਜ, ਕਿਸੇ ਨੂੰ ਦਸ, ਪਰ ਉਨ੍ਹਾਂ ਦੇ ਪੈਸੇ ਮੈਨੂੰ ਕਦੇ ਨਹੀਂ ਮਿਲੇ। ਸਿਰਫ ਇਕ ਮਿੱਤਰ ਕੁਲਵਿੰਦਰ ਸੰਘੇੜਾ ਨੇ ਟੇਪ ਦੀ 500 ਕਾਪੀ ਲੱਗੇ ਭਾਅ ਆਪਣੇ ਸਟੋਰ ਰਵੀ ਵੀਡੀਓ ਲਈ ਖਰੀਦੀ। ਬਾਕੀ ਸਟੋਰਾਂ ਉਤੇ ਟੇਪ ਦੀਆਂ ਅਸਲ ਕਾਪੀਆਂ ਅਣਵਿਕੀਆਂ ਪਈਆਂ ਰਹੀਆਂ। ਉਸ ਦੀਆਂ ਕਾਪੀ ਕੀਤੀਆਂ ਟੇਪਾਂ ਵਿਕੀ ਗਈਆਂ।

ਰੇਡੀਓ ਸਟੇਸ਼ਨਾਂ ਵਾਲੇ ਸੱਜਣ ਕਦੇ ਕਦੇ ਕੋਈ ਗਜ਼ਲ ਗੀਤ ਬਰਾਡਕਾਸਟ ਕਰ ਦਿੰਦੇ ਹਨ। ਸ਼ੇਅਰ ਅਤੇ ਸੰਗੀਤ ਲੋਕਾਂ ਤਕ ਪਹੁੰਚ ਰਿਹਾ ਹੈ। ਮੇਰਾ ਮਨ ਖੁਸ਼ ਹੈ।

ਟੇਪਾਂ ਵੀ ਉਵੇਂ ਵੰਡੀਆਂ ਗਈਆਂ ਹਨ, ਜਿਵੇਂ ਕਵਿਤਾ ਦੀਆਂ ਕਿਤਾਬਾਂ, ਕਿਉਂਕਿ:

ਸ਼ੌਕ ਹਰ ਰੰਗ
ਰਕੀਬ-ਏ-ਸਰ-ਓ-ਸਾਮਾਂ ਨਿਕਲਾ।
ਕੈਸ ਤਸਵੀਰ ਕੇ ਪਰਦੇ ਮੇਂ ਭੀ
ਉਰੀਆਂ ਨਿਕਲਾ।

ਇਕਬਾਲ ਮਾਹਲ ਨਾਲ ਮੇਰੀ ਮਿੱਤਰਤਾ ਦੇ ਇਸ ਲੰਮੇ ਸਫਰ ਵਿਚ ਇਕ ਦੂਜੇ ਲਈ ਜੋ ਵੀ ਕਰ ਸਕੇ, ਅਸੀਂ ਮੁਸਕਰਾ ਕੇ ਕੀਤਾ। ਮੈਨੂੰ ਜਾਪਦਾ ਹੈ ਕਿ ਸਾਡੀ ਇਹ ਸਾਂਝ ਅਖੀਰਲੇ ਸਾਹਾਂ ਤਕ ਬਣੀ ਰਹੇਗੀ। ਮੇਰੇ ਇਸ ਕਰਮਯੋਗੀ ਮਿੱਤਰ ਨੇ ਸਾਹਿਤ ਦੇ ਨਾਲ ਨਾਲ ਕੈਨੇਡਾ ਵਿਚ ਪੰਜਾਬੀ ਰੇਡੀਓ, ਟੀ. ਵੀ. ਬਰਾਡਕਾਸਟਿੰਗ ਵਿਚ ਵੀ ਆਪਣਾ ਭਰਪੂਰ ਹਿੱਸਾ ਪਾਇਆ ਹੈ। ਮੈਂ ਤਾਂ ਦਾਲ ਵਿਚੋਂ ਇਕ ਦਾਣੇ ਦੀ ਬਾਤ ਪਾ ਕੇ ਆਪਣੀ ਹਾਜ਼ਰੀ ਲਵਾਈ ਹੈ।

*('ਸਿਰਜਣਾ' ਵਿਚੋਂ ਧੰਨਵਾਦ ਸਹਿਤ)*

# ਗੁਰਚਰਨ ਰਾਮਪੁਰੀ ਦੀਆਂ ਕੁਝ ਨਜ਼ਮਾਂ

## ਭਗੌੜੇ ਬੁੱਲ੍ਹਾਂ ਉਤੇ ਨਾਅਰਾ

ਪਿਛਲਾ ਵਤਨ ਹੋ ਗਿਆ ਸੀ ਬਾਸੀ
ਉਸ ਧਰਤੀ 'ਤੇ ਖੰਜਰ ਨਾਲ
ਲਕੀਰਾਂ ਕੱਢ ਕੇ
ਨਵੇਂ ਵਤਨ ਦੇ ਨਾਅਰੇ ਲਾਂਦੇ ਮੇਰੇ ਮਿੱਤਰੋ!
ਆਪਣੇ ਅੰਦਰ ਦਾ ਸੱਚ ਦੇਖੋ।

ਖੇਤ ਅਜੇ ਤਾਂ ਪਿਛਲੇ ਸਾਲ ਹੀ
ਗਿਰਵੀ ਰੱਖਿਆ
ਜਿਸ ਦੇ ਬਦਲੇ ਲੱਖ ਰੁਪਈਆ ਲੈ ਕੇ
ਇਕ ਦਲਾਲੀ ਝੋਲੀ ਰਿਸ਼ਵਤ ਪਾ ਕੇ
ਜਾਣ-ਬੁੱਝ ਕੇ ਹੋਏ ਆਪਣੇ ਘਰੋਂ ਭਗੌੜੇ
ਚੁਸਤੀ ਕਰਕੇ ਵਤਨੋਂ ਦੌੜੇ।

ਕਿਸੇ ਭਗੌੜੇ ਦੇ ਬੁੱਲ੍ਹਾਂ 'ਤੇ
ਆਪਣੀ ਮਿੱਟੀ ਦਾ ਨਾਅਰਾ ਨਾ ਸੋਂਹਦਾ।

## ਤੂੰ ਅਗਨੀ ਬੀਜੀ ਤੇ ਵੱਢੀ

ਸਾਰੀ ਉਮਰਾ ਜਿਹੜੀ ਅੱਗ ਨੂੰ
ਫੂਕਾਂ ਮਾਰ ਹਵਾ ਤੂੰ ਦਿੱਤੀ
ਉਸ ਅਗਨੀ ਵਿਚ ਨਿਰਾ ਸੇਕ,
ਕੋਈ ਨੂਰ ਨਹੀਂ ਸੀ
ਭੋਲੇ ਸਿਰ ਤੱਤੇ ਅਰ
ਚੁੱਲ੍ਹੇ ਠੰਡੇ ਏਸ ਨੇ ਕੀਤੇ
ਪਰ ਤੇਰੀ ਮਮਟੀ 'ਤੇ ਚਾਂਦੀ
ਸਿਰ 'ਤੇ ਕਲਗੀ ਲਾਈ।

ਲੋਕੀ ਜਦ ਬੇਗਾਨੇ ਘਰ ਨੂੰ ਤੀਲੀ ਲਾਉਂਦੇ
ਮੁਸਕਾਉਂਦੇ, ਮੁਸਕਾਉਂਦੇ ਘਰ ਨੂੰ ਆਉਂਦੇ
ਆਪਣੇ ਸੜਦੇ ਘਰ ਆ ਕੇ
ਫਿਰ ਨੀਰ ਵਹਾਉਂਦੇ
ਤਾਂ ਤੂੰ ਹਸਦਾ
ਜ਼ਖਮਾਂ ਉਤੇ ਲੂਣ ਛਿੜਕਦਾ
ਅਰ ਤੇਜ਼ਾਬੀ ਫਿਕਰੇ ਕਸਦਾ।

ਜਦ ਉਸ ਅਗਨ ਦੀਆਂ ਲਾਟਾਂ ਵਿਚ
ਸਾਰਾ ਪਿੰਡ ਸੀ ਮਚਦਾ
ਫਿਰ ਤੇਰਾ ਘਰ ਕੀਕਰ ਬਚਦਾ?
ਤੂੰ ਅਗਨੀ ਬੀਜੀ ਤੇ ਵੱਢੀ।

ਰੱਤ ਦੇ ਹੜ੍ਹ ਵਿਚ
ਗੋਤੇ ਖਾਂਦੇ ਆਪਣੇ ਪਿੰਡ ਨੂੰ
ਬਲਦਾ, ਰੋਂਦਾ ਛੱਡ ਕੇ
ਤੂੰ ਹੁਣ ਜੀਵਨ ਦੇ
ਪਿੜ ਵਿਚੋਂ ਖਿਸਕ ਗਿਆ ਹੈਂ?

## ਮੇਰੀ ਉਨ

ਇਹ ਰੌਲਾ ਪੰਥ ਉਮਤ
ਧਰਮ ਦਾ ਰੌਲਾ ਨਹੀਂ ਹੈ
ਮੇਰੀ ਉਨ ਦਾ ਹੈ।
ਪ੍ਰਸ਼ਨ ਤਾਂ ਸਿਰਫ ਏਨਾ ਹੈ
ਕਿ ਮੈਨੂੰ ਕੌਣ ਮੁੰਨਦਾ ਹੈ?

ਇਹ ਤਿੱਖੀਆਂ ਕੈਂਚੀਆਂ
ਮੇਰੇ ਦੁਆਲੇ ਨੱਚ ਰਹੀਆਂ ਨੇ,
ਇਹ ਲੋਭੀ ਝੋਲੀਆਂ
ਮੇਰੇ ਦੁਆਲੇ ਹੌਂਕ ਰਹੀਆਂ ਨੇ
ਜੋ ਆਫਰ ਕੇ ਵੀ ਭੁੱਖੀਆਂ ਨੇ।

ਇਨ੍ਹਾਂ ਦੀ ਭੁੱਖ ਮੇਰੀ ਉਨ 'ਤੇ
ਆ ਕੇ ਵੀ ਨਹੀਂ ਮਿਟਦੀ
ਲਹੂ ਤੇ ਮਾਸ ਵੀ ਮੇਰਾ
ਇਨ੍ਹਾਂ ਦੀ ਨਜ਼ਰ ਹੇਠਾਂ ਹੈ।

ਹੁਣੇ ਮੈਂ ਸੋਚਿਆ ਹੈ
ਕਿ ਇਨ੍ਹਾਂ ਦੀ ਖਾਤਰ
ਬਲੀ ਚੜ੍ਹਨੋਂ ਚੰਗੇਰਾ ਹੈ:
ਇਨ੍ਹਾਂ ਦੀ ਖੇਡ ਨੂੰ ਸਮਝਾਂ
ਮੈਂ ਆਪਣੀ ਭੇਡ ਖ਼ੁਦ ਮਾਰਾਂ
ਕਿ ਸ਼ੇਰਾਂ ਨੂੰ ਕੋਈ ਮੁੰਨਦਾ ਨਹੀਂ ਹੈ।

## ਕੁਝ ਦੋਹੇ

ਸੋਚ ਸਿਆਣਪ ਜੋ ਕਹੇ ਧਰ ਤੂੰ ਉਸ 'ਤੇ ਕੰਨ
ਭੀੜ ਜੋ ਉਚੀ ਬੋਲਦੀ, ਛਾਣ ਪਰਖ ਹੀ ਮੰਨ।

ਤਿਣਕੇ ਸਾਂਭ ਗਿਆਨ ਦੇ ਕਰ ਝੋਲੀ ਭਰਪੂਰ
ਚਮਕੇ ਤੇਰੇ ਆਲ੍ਹਣੇ ਮੱਸਿਆ ਨੂੰ ਵੀ ਨੂਰ।

ਸੂਰਜ ਡੁੱਬੇ ਸ਼ਾਮ ਨੂੰ ਚੜ੍ਹਨ ਸਿਤਾਰੇ ਚੰਦ
ਨੂਰ ਗਿਆਨ ਦਾ ਸਿਮਰ ਤੂੰ ਅਮਲ 'ਚ ਹੈ ਅਨੰਦ।

ਕੱਟੜਤਾ ਹੈ ਮੂਰਖਤਾ ਦੀ ਸਕੀ ਸੋਧਰੀ ਭੈਣ
ਪਿਆਰ ਦੀਆਂ ਕਿਰਨਾਂ ਅੱਗੇ ਨਸ ਜਾਂਦੀ ਹੈ ਰੈਣ।

ਸਿਰ ਦੀ ਮੰਨਦੈਂ ਤੂੰ ਸਦਾ, ਮਾੜੀ ਨਹੀਂ ਇਹ ਗੱਲ
ਜਿੱਧਰ ਨੂੰ ਦਿਲ ਤੋਰਦਾ ਕਦੇ ਤਾਂ ਓਧਰ ਚੱਲ।

ਇਤਿਹਾਸ

# ਦੱਖਣੀ ਸਿੱਖਾਂ ਦੀ ਦਾਸਤਾਨ

***ਹਿਮਾਦਰੀ ਬੈਨਰਜੀ ਪੰਜਾਬ ਤੋਂ ਬਾਹਰ ਸਿੱਖ ਧਰਮ ਦੇ ਸਭ ਤੋਂ ਉਘੇ ਵਿਦਵਾਨਾਂ ਵਿਚੋਂ ਇਕ ਹੈ। ਉਹ ਜਾਦਵਪੁਰ ਯੂਨੀਵਰਸਿਟੀ ਦੇ ਇਤਿਹਾਸ ਵਿਭਾਗ ਦੀ ਗੁਰੂ ਨਾਨਕ ਚੇਅਰ ਦੇ ਮੁਖੀ ਰਹੇ ਹਨ। ਚਾਰ ਦਹਾਕਿਆਂ ਤੋਂ ਵਧੇਰੇ ਸਮਾਂ ਪੰਜਾਬ ਅਤੇ ਸਿੱਖਾਂ ਬਾਰੇ ਅਧਿਐਨ ਕਰਦਿਆਂ ਉਨ੍ਹਾਂ ਨੇ ਕਈ ਅਹਿਮ ਪੁਸਤਕਾਂ ਦੀ ਰਚਨਾ ਕੀਤੀ ਹੈ। ਇਨ੍ਹਾਂ ਵਿਚ ਅੰਗਰੇਜ਼ੀ ਵਿਚ ਲਿਖੀਆਂ 'ਖਾਲਸਾ ਅਤੇ ਪੰਜਾਬ: 19ਵੀ ਸਦੀ ਦਾ ਸਿੱਖ ਇਤਿਹਾਸ' ਅਤੇ 'ਪੰਜਾਬ ਦਾ ਜ਼ਰਾਇਤੀ ਸਮਾਜ: 1849-1901' ਅਹਿਮ ਹਨ। -ਸੰਪਾਦਕ***

ਪੰਜਾਬ ਅਤੇ ਪੰਜਾਬੀਆਂ ਲਈ ਉਹ ਦੱਖਣੀ ਸਿੱਖ ਹਨ। ਉਹ ਮੁਲਕ ਦੇ ਦੱਖਣੀ ਹਿੱਸੇ ਵਿਚ ਗੋਦਾਵਰੀ ਤੋਂ ਕ੍ਰਿਸ਼ਨਾ ਦਰਿਆਵਾਂ ਵਿਚਕਾਰਲੇ ਖਿੱਤੇ ਵਿਚ ਵੱਸਦੇ ਹਨ। ਇਹ ਮੁੱਖ ਤੌਰ 'ਤੇ ਉਸ ਖਿੱਤੇ ਦੇ ਵਸਨੀਕ ਹਨ ਜਿਥੇ ਲੰਮਾ ਸਮਾਂ ਹੈਦਰਾਬਾਦ ਦੇ ਨਿਜ਼ਾਮ (1720-1948) ਦੀ ਹਕੂਮਤ ਰਹੀ ਹੈ। ਇਨ੍ਹਾਂ ਦੀ ਆਬਾਦੀ ਪੱਛਮ ਵਿਚ ਔਰੰਗਾਬਾਦ ਤੋਂ ਪੂਰਬ ਵਿਚ ਖਮਾਮ ਅਤੇ ਦੱਖਣ ਵਿਚ ਬਿਦਰ ਤਕ ਹੈ। ਇਸ ਖਿੱਤੇ ਵਿਚ ਤਿੰਨ ਮੁੱਖ ਭਾਸ਼ਾਈ ਖੇਤਰ- ਮਰਾਠੀ, ਤੇਲਗੂ ਤੇ ਕੰਨੜ ਪੈਂਦੇ ਹਨ ਅਤੇ ਪ੍ਰਸ਼ਾਸਕੀ ਤੌਰ 'ਤੇ ਇਹ ਮਹਾਰਾਸ਼ਟਰ, ਤਿਲੰਗਾਨਾ ਤੇ ਕਰਨਾਟਕ ਸੂਬਿਆਂ ਦਾ ਇਲਾਕਾ ਹੈ। ਇਹ ਪੰਜਾਬੀ ਸਿੱਖਾਂ ਨਾਲੋਂ ਸਿਰਫ ਭਾਸ਼ਾ, ਡੀਲ-ਡੌਲ ਅਤੇ ਪਹਿਰਾਵੇ ਪੱਖੋਂ ਹੀ ਵੱਖਰੇ ਨਹੀਂ ਸਗੋਂ ਇਨ੍ਹਾਂ ਦੇ



ਹਿਮਾਦਰੀ ਬੈਨਰਜੀ

ਗੁਰਦੁਆਰਿਆਂ ਦੀ ਮਰਿਆਦਾ, ਦਿਨ-ਤਿਹਾਰ ਮਨਾਉਣ ਅਤੇ ਨਿੱਤਨੇਮ ਦੇ ਢੰਗ-ਤਰੀਕੇ ਵੀ ਵੱਖਰੇ ਹਨ।

ਇਨ੍ਹਾਂ ਸਿੱਖਾਂ ਵਿਚੋਂ ਬਹੁਤੇ ਵੱਖ ਵੱਖ ਦੌਰਾਂ ਅਤੇ ਤਰੀਕਿਆਂ ਰਾਹੀਂ ਦੱਖਣ ਪਹੁੰਚੇ। ਉਨ੍ਹਾਂ ਦੀ ਆਮਦ ਦੇ ਦੋ ਅਹਿਮ ਸਾਧਨ ਬਣੇ। ਸਿੱਖਾਂ ਦਾ ਪਹਿਲਾ ਜਥਾ ਗੁਰੂ ਗੋਬਿੰਦ ਸਿੰਘ ਦੀ 1707 ਵਿਚ ਦੱਖਣ ਯਾਤਰਾ ਦਾ ਹਿੱਸਾ ਸੀ, ਜਦੋਂ ਗੁਰੂ ਜੀ ਨੇ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨੂੰ ਮਿਲਣ ਲਈ ਉਧਰ ਦਾ ਰੁਖ ਕੀਤਾ। ਉਨ੍ਹਾਂ ਦੇ 1708 ਵਿਚ ਨਾਂਦੇੜ ਸਾਹਿਬ ਵਿਖੇ ਜੋਤੀ-ਜੋਤ ਸਮਾਉਣ ਤੋਂ ਬਾਅਦ ਉਥੇ ਸਿੱਖਾਂ ਦੀ ਛੋਟੀ ਜਿਹੀ ਬਸਤੀ ਬਣ ਗਈ। ਇਹ ਸਥਾਨ ਹੁਣ ਮਹਾਰਾਸ਼ਟਰ ਵਿਚ ਹੈ। ਬਾਅਦ ਵਿਚ ਦੱਖਣ ਵਿਚ ਆਉਣ ਵਾਲੇ ਸਿੱਖ ਆਪਣਾ ਸਬੰਧ ਇਸ ਕਥਾ ਨਾਲ ਜੋੜਦੇ ਹਨ ਕਿ ਮਹਾਰਾਜਾ ਰਣਜੀਤ ਸਿੰਘ ਨੇ 1831 ਵਿਚ ਆਪਣੀ ਫੌਜ ਦਾ ਇਕ ਦਸਤਾ ਨਿਜ਼ਾਮ ਦੇ ਇਲਾਕੇ ਵਿਚ ਅਮਨ ਤੇ ਸੁਰੱਖਿਆ ਕਾਇਮ ਰੱਖਣ ਲਈ ਭੇਜਿਆ ਸੀ। ਇਉਂ ਨਾ ਸਿਰਫ ਸਿੱਖੀ ਦਾ ਦੱਖਣ ਵੱਲ ਪਾਸਾਰ ਹੋਇਆ ਸਗੋਂ ਇਸ ਨੇ ਨਵਾਂ ਸਿਆਸੀ ਦਾਅਵਾ ਵੀ ਉਭਾਰਿਆ, ਜਿਸ ਬਾਰੇ ਦੇਸ਼ ਦੇ ਦੂਜੇ ਹਿੱਸਿਆਂ ਵਿਚ ਰਹਿੰਦੇ ਸਿੱਖ ਵਾਕਫ ਨਹੀਂ।

ਬਾਅਦ ਦੇ ਪੰਜਾਬੀ ਸਰੋਤਾਂ ਅਨੁਸਾਰ ਦਸਵੇਂ ਗੁਰੂ ਦੇ ਜੋਤੀ-ਜੋਤ ਸਮਾ ਜਾਣ ਮਗਰੋਂ ਥੋੜ੍ਹੇ ਜਿਹੇ ਸਿੱਖ ਉਥੇ ਰੁਕ ਗਏ, ਕਿਉਂਕਿ ਉਹ ਗੋਦਾਵਰੀ ਦੇ ਦੱਖਣੀ ਕੰਢੇ ਗੁਰੂ ਸਾਹਿਬ ਦੇ ਸਸਕਾਰ ਵਾਲੀ ਥਾਂ ਉਸਾਰੇ ਗਏ ਪੱਥਰ ਦੇ ਚਬੂਤਰੇ ਦੀ ਰਾਖੀ ਲਈ ਵਚਨਬੱਧ ਸਨ। ਗੁਰੂ ਸਾਹਿਬ ਨੇ ਭਾਵੇਂ ਅਜਿਹਾ ਨਾ ਕਰਨ ਦੀ ਹਦਾਇਤ ਕੀਤੀ ਸੀ, ਪਰ ਉਥੇ ਬਣੀ ਗੁਰੂ ਸਾਹਿਬ ਦੀ ਯਾਦਗਾਰ ਸਿੱਖਾਂ ਦੇ ਇਕੱਤਰ ਹੋਣ ਦੀ ਥਾਂ ਬਣ ਗਈ ਜੋ ਇਸ ਨੂੰ ਪਵਿਤਰ ਅਤੇ ਗੁਰੂ ਸਾਹਿਬ ਦਾ ਸਦੀਵੀ ਟਿਕਾਣਾ (ਅਬਿਚਲ ਨਗਰ) ਮੰਨਦੇ ਹਨ।

ਇਸ ਸਥਾਨ ਨੂੰ ਹੁਣ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਆਖਿਆ ਜਾਂਦਾ ਹੈ ਜੋ ਸਿੱਖਾਂ ਦੇ ਪੰਜ ਤਖਤਾਂ ਵਿਚੋਂ ਇਕ ਹੈ। ਮੰਨਿਆ ਜਾਂਦਾ ਹੈ ਕਿ ਗੁਰੂ ਸਾਹਿਬ ਨੇ ਇਥੇ ਹੀ ਇਨਸਾਨੀ ਜਾਮੇ ਵਾਲੇ ਗੁਰੂਆਂ ਦੀ ਥਾਂ 'ਗੁਰੂ ਗ੍ਰੰਥ' (ਆਦਿ ਗ੍ਰੰਥ) ਸਾਹਿਬ ਨੂੰ ਗੁਰਗੱਦੀ ਬਖਸ਼ੀ। ਕੁਝ ਵਿਦਵਾਨ ਭਾਵੇਂ ਇਸ ਨਾਲ ਸਹਿਮਤ ਨਹੀਂ। ਰਵਾਇਤ ਅਨੁਸਾਰ ਆਖਿਆ ਜਾਂਦਾ ਹੈ ਕਿ 'ਪਰਮਾਤਮਾ ਦਾ ਵਾਸ' ਸਿਰਫ 'ਸੰਗਤ' ਵਿਚ ਹੀ ਨਹੀਂ ਸਗੋਂ 'ਪੰਜ ਪਿਆਰਿਆਂ ਦੀ ਇਕੱਤਰਤਾ' ਵਿਚ ਵੀ ਹੈ। ਇਸ ਨਾਲ ਸਿੱਖਾਂ ਦੀ 'ਸਾਂਝੀ ਜਥੇਬੰਦੀ ਨੂੰ ਖਾਸ ਪਵਿਤਰਤਾ' ਮਿਲ ਗਈ ਤੇ ਇਸ ਨੇ ਅਠਾਰ੍ਹਵੀਂ



ਤਖਤ ਸ੍ਰੀ ਹਜ਼ੂਰ ਸਾਹਿਬ ਦਾ ਅੰਬਰੀ ਝਲਕਾਰਾ।

ਸਦੀ ਵਿਚ ਪੰਜਾਬ ਵਿਚ ਖਾਲਸੇ ਦੇ ਉਭਾਰ 'ਤੇ ਨੈਤਿਕ ਮੋਹਰ ਲਾ ਦਿੱਤੀ ਪਰ ਜਿਹੜੇ ਸਿੱਖ ਉਸ ਵਕਤ (1708) ਨਾਂਦੇੜ ਵਿਚ ਸਨ, ਉਨ੍ਹਾਂ ਮਹਿਸੂਸ ਕੀਤਾ ਕਿ ਉਨ੍ਹਾਂ ਨੂੰ ਘਰ ਤੋਂ ਦੂਰ ਇਸ ਥਾਂ ਕੌਮ ਦੀ ਹੋਣੀ ਦੀ ਰਾਖੀ ਲਈ ਖਾਸ ਜ਼ਿੰਮੇਵਾਰੀ ਸੌਂਪੀ ਗਈ ਸੀ।

ਸ਼ੁਰੂਆਤੀ ਦੌਰ ਵਿਚ ਨਾਂਦੇੜ ਵਿਖੇ ਵੱਸਣ ਵਾਲੇ ਸਿੱਖ ਅਜਿਹੇ ਵੰਨ-ਸੁਵੰਨੇ ਸਮੂਹ ਦੀ ਨੁਮਾਇੰਦਗੀ ਕਰਦੇ ਸਨ ਜਿਸ ਦੀ ਸਿੱਖੀ ਬਾਰੇ ਧਾਰਨਾ ਬਿਲਕੁਲ ਵੱਖੋ-ਵੱਖਰੀ ਸੀ। ਹਥਿਆਰਬੰਦ ਨਿਹੰਗ ਉਨ੍ਹਾਂ ਵਿਚੋਂ ਸਭ ਤੋਂ ਤਾਕਤਵਰ ਹਿੱਸਾ ਸਨ। ਇਨ੍ਹਾਂ ਨੂੰ ਪੰਜਾਬ ਵਿਚ ਅਠਾਰ੍ਹਵੀਂ ਸਦੀ ਵਿਚ ਅਕਾਲੀ ਵੀ ਆਖਿਆ ਜਾਂਦਾ ਸੀ ਜੋ ਬਹਾਦਰ ਅਤੇ ਗੁਰੂ ਜੀ ਪ੍ਰਤੀ ਅਥਾਹ ਸ਼ਰਧਾ ਰੱਖਦੇ ਸਨ। ਇਸ ਦੇ ਨਾਲ ਹੀ ਨਾਂਦੇੜ ਦੇ ਸਿੱਖਾਂ ਵਿਚ ਕੁਝ 'ਉਦਾਸੀ' ਵੀ ਸਨ ਜੋ ਖਾਲਸੇ ਦੀ ਰਹਿਤ-ਮਰਿਆਦਾ ਮੁਤਾਬਿਕ ਨਹੀਂ ਸਨ ਵਿਚਰਦੇ। ਗਿਣਤੀ ਪੱਖੋਂ ਘੱਟ ਹੋਣ ਕਾਰਨ ਇਨ੍ਹਾਂ ਸਿੱਖਾਂ ਨੇ ਤਖਤ ਦੀਆਂ ਨਿੱਤ-ਦਿਨ ਦੀਆਂ ਸੇਵਾਵਾਂ ਨਿਭਾਉਣ ਲਈ ਪੰਥਕ ਵਖਰੇਵੇਂ ਵਿਸਾਰ ਦਿੱਤੇ।

ਨਾਂਦੇੜ ਦੇ ਸੁੰਨਸਾਨ ਥਾਂ ਹੋਣ ਕਾਰਨ ਉਨ੍ਹਾਂ ਨੂੰ ਤਖਤ ਦਾ ਘੇਰਾ ਫੈਲਾਉਣ ਵਿਚ ਸੌਖ ਰਹੀ। ਇਕ ਪਾਸੇ ਗੋਦਾਵਰੀ ਦੀ ਕੁਦਰਤੀ ਹੱਦ ਸੀ। ਦੂਜੇ ਪਾਸਿਓਂ ਤਖਤ ਨੂੰ ਲੁਕਾਉਣ ਲਈ ਕਿੱਕਰ ਦੇ ਰੁੱਖਾਂ ਦੀ ਲੰਮੀ ਕਤਾਰ ਲਾ ਦਿੱਤੀ ਗਈ। ਲੰਗਰ ਸਮੇਤ ਤਖਤ ਦੇ ਨਿੱਤ ਦੇ ਕੰਮ-ਕਾਜ ਲਈ ਕੁਝ ਅਹੁਦੇਦਾਰਾਂ ਨਿਯੁਕਤ ਕਰ ਦਿੱਤੇ ਗਏ। ਇਸ ਦੀ ਸ਼ੁਰੂਆਤ ਜਥੇਦਾਰ ਦੀ ਨਿਯੁਕਤੀ ਨਾਲ ਹੋਈ ਜੋ ਰੋਜ਼ਮੱਰ੍ਹਾ ਦੇ ਕੰਮ-ਕਾਜ ਦੀ ਅਗਵਾਈ ਕਰਦਾ ਅਤੇ ਭਾਈਚਾਰੇ ਦੇ ਮਾਲੀ ਵਸੀਲਿਆਂ ਦੀ ਮਜ਼ਬੂਤੀ ਲਈ ਹੋਰਾਂ ਨਾਲ ਤਾਲਮੇਲ ਰੱਖਦਾ। ਇਸ ਮਕਸਦ ਲਈ ਖੇਤੀਬਾੜੀ ਉਨ੍ਹਾਂ ਦੀ ਕੁਦਰਤੀ ਪਸੰਦ ਸੀ, ਕਿਉਂਕਿ ਜ਼ਮੀਨ ਦੀ ਕੋਈ ਕਮੀ ਨਹੀਂ ਸੀ। ਕੁਝ ਹੋਰ ਜੋ ਵਿੱਤੀ ਮਾਮਲਿਆਂ ਵਿਚ ਮੁਹਾਰਤ ਰੱਖਦੇ ਸਨ, ਉਨ੍ਹਾਂ ਵਪਾਰ ਦੀ ਸੋਚੀ। ਜਿਨ੍ਹਾਂ ਨਿਹੰਗਾਂ ਨੂੰ ਖਾਸ ਤੌਰ 'ਤੇ ਤਖਤ ਦੀ ਰੱਖਿਆ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ, ਉਨ੍ਹਾਂ ਨੂੰ ਛੱਡ ਕੇ ਬਾਕੀਆਂ ਨੇ ਆਪਣੇ ਆਪ ਨੂੰ ਫੌਜੀ ਅਭਿਆਸਾਂ ਰਾਹੀਂ ਕਾਇਮ ਰੱਖਣ ਨੂੰ ਤਰਜੀਹ ਦਿੱਤੀ।

ਜਿਉਂ-ਜਿਉਂ ਉਨ੍ਹਾਂ ਦੇ ਉਥੇ ਵਾਸੇ ਦਾ ਸਮਾਂ ਬੀਤਦਾ ਗਿਆ, ਉਨ੍ਹਾਂ ਨੂੰ ਵੱਖ-ਵੱਖ ਸਮਾਜਿਕ-ਆਰਥਿਕ ਹਾਲਾਤ ਨੇ ਸਥਾਨਕ ਗੁਆਂਢੀਆਂ ਨਾਲ ਮਿਲਣ-ਜੁਲਣ ਲਈ ਪ੍ਰੇਰਿਆ। ਸਥਾਨਕ ਔਰਤਾਂ ਨਾਲ ਵਿਆਹ ਕਰਵਾ ਲੈਣ ਸਦਕਾ ਉਨ੍ਹਾਂ ਦੀ ਔਲਾਦ ਨੂੰ ਸਥਾਨਕ ਸਮਾਜ ਦੀ ਭਾਸ਼ਾ ਤੇ ਸਭਿਆਚਾਰ ਅਪਨਾਉਣ ਵਿਚ ਸੌਖ ਹੋ ਗਈ ਪਰ ਇਹ ਸਭ ਉਨ੍ਹਾਂ ਦੇ ਸਿੱਖੀ ਨਿਆਰੇਪਣ ਦੀ ਕੀਮਤ ਉਤੇ ਨਹੀਂ ਹੋਇਆ। ਭਾਈਚਾਰੇ ਦੇ ਮਰਦ ਮੈਂਬਰ ਆਪਣਾ ਰਵਾਇਤੀ ਸਿੱਖ ਪਹਿਰਾਵਾ ਹੀ ਪਹਿਨਦੇ ਜਦੋਂਕਿ ਉਨ੍ਹਾਂ ਦੀਆਂ ਪਤਨੀਆਂ ਸਾੜ੍ਹੀਆਂ ਪਹਿਨਦੀਆਂ ਅਤੇ ਮੱਥੇ 'ਤੇ ਸਿੰਧੂਰ ਲਾਉਂਦੀਆਂ। ਇਉਂ ਸਿੱਖਾਂ ਦੇ ਸਥਾਨਕ ਲੋਕਾਂ ਨਾਲ ਵਰਤ-ਵਿਹਾਰ ਦਾ ਘੇਰਾ ਵਧਣ ਲੱਗਾ ਅਤੇ ਉਨ੍ਹਾਂ ਦੀਆਂ ਘਰੇਲੂ ਯਾਦਾਂ ਵਿਚ ਸਥਾਨਕ ਤਜਰਬੇ ਸ਼ੁਮਾਰ ਹੁੰਦੇ ਗਏ। ਤਖਤ ਦੀਆਂ ਨਿੱਤ-ਦਿਨ ਦੀਆਂ ਰਸਮਾਂ ਦਾ ਵਿਸਤਾਰ ਹੁੰਦਾ ਗਿਆ ਅਤੇ ਉਨ੍ਹਾਂ ਦਾ ਜਾਹੋ-ਜਲਾਲ ਵਧਦਾ ਗਿਆ। ਇਸ ਸਦਕਾ ਤਖਤ ਵੱਡੀ ਗਿਣਤੀ ਸ਼ਰਧਾਲੂਆਂ ਨੂੰ ਆਪਣੇ ਵੱਖ ਖਿੱਚਣ ਲੱਗਾ ਅਤੇ ਇਸ ਸਥਾਨ ਦੀ ਆਮਦਨ ਵਿਚ ਵੀ ਇਜ਼ਾਫਾ ਹੋਣ ਲੱਗਾ।

ਤਖਤ ਸਾਹਿਬ ਦੇ ਰੋਜ਼ਮੱਰ੍ਹਾ ਕੰਮ-ਕਾਜ ਦੀ ਸ਼ੁਰੂਆਤ ਤੜਕੇ 2 ਵਜੇ ਗੋਦਾਵਰੀ ਦੇ ਤਾਜ਼ੇ ਜਲ ਨਾਲ ਤਖਤ ਦੇ ਅਹਾਤੇ ਨੂੰ ਧੋਣ ਨਾਲ ਹੁੰਦੀ ਹੈ। ਇਸ ਮਗਰੋਂ ਹੀ ਹੋਰ ਰਸਮਾਂ ਹੁੰਦੀਆਂ ਹਨ, ਜਿਵੇਂ ਸੁਖਮਨੀ ਸਾਹਿਬ ਦਾ ਪਾਠ, ਆਦਿ ਗ੍ਰੰਥ ਤੇ ਦਸਮ ਗ੍ਰੰਥ ਤੋਂ ਵਾਕ ਲੈਣਾ, ਆਰਤੀ, ਧੂਫ-ਬੱਤੀ ਕਰਨੀ, ਸੰਖ ਵਜਾਉਣਾ, ਕਥਾਵਾਚਕ ਵਲੋਂ ਸਿੰਘਾਂ ਦੀਆਂ ਬੀਰ ਗਾਥਾਵਾਂ 'ਤੇ ਆਧਾਰਿਤ ਕਥਾ-ਪ੍ਰਵਾਹ ਆਦਿ। ਇਸ ਤਰ੍ਹਾਂ ਰਾਤ ਨੂੰ 8.45 ਵਜੇ ਜਥੇਦਾਰ ਵਲੋਂ ਕੀਰਤਨ ਸੋਹਿਲਾ ਪੜ੍ਹੇ ਜਾਣ ਤਕ ਵੱਖ-ਵੱਖ ਰਸਮਾਂ ਨਿਭਾਈਆਂ ਜਾਂਦੀਆਂ ਹਨ।

ਹੋਰ ਤਿਉਹਾਰ ਜਿਵੇਂ ਹੋਲੀ, ਨਰਾਤੇ, ਦੁਸਹਿਰਾ ਆਦਿ ਬਿਕਰਮੀ ਸੰਮਤ ਮੁਤਾਬਿਕ ਮਨਾਏ ਜਾਂਦੇ ਹਨ। ਬੱਕਰਾ-ਝਟਕੇ ਦੀ ਰਸਮ ਮਗਰੋਂ ਤਖਤ ਅੰਦਰ ਸਜਾਏ ਸਾਰੇ ਹਥਿਆਰਾਂ ਨੂੰ ਤਿਲਕ ਲਾਇਆ ਜਾਂਦਾ ਹੈ। ਇਨ੍ਹਾਂ ਰਸਮਾਂ, ਤਿਉਹਾਰਾਂ, ਜਸ਼ਨਾਂ ਅਤੇ ਸਮਾਗਮਾਂ ਰਾਹੀਂ ਦੱਖਣੀ ਸਿੱਖ ਨਾ ਸਿਰਫ ਸਿੰਘ ਸਭਾ ਦੌਰ ਦੀ ਸਿੱਖੀ ਤੋਂ ਆਪਣੇ ਨਿਆਰੇਪਣ ਦਾ ਪ੍ਰਗਟਾਵਾ ਕਰਦੇ ਹਨ ਸਗੋਂ ਆਪਣੇ ਆਪ ਨੂੰ ਸਥਾਨਕ ਵਸੋਂ ਨਾਲ ਵੀ ਜੋੜਦੇ ਹਨ। ਇਨ੍ਹਾਂ ਰਸਮਾਂ-ਰਿਵਾਜਾਂ ਨੂੰ ਪੰਜਾਬੀ ਸਿੱਖਾਂ ਵਲੋਂ ਭਾਵੇਂ ਪੰਜਾਬ ਤੋਂ ਬਾਹਰ ਸਿੱਖੀ ਦੇ 'ਹਿੰਦੂਕਰਨ' ਦੀਆਂ ਕੋਸ਼ਿਸ਼ਾਂ ਅਤੇ ਸਿੱਖ ਰਹਿਤ-ਮਰਿਆਦਾ ਨੂੰ ਤਿਲਾਂਜਲੀ ਕਰਾਰ ਦਿੱਤਾ ਜਾਂਦਾ ਹੈ, ਪਰ ਦੱਖਣੀ ਸਿੱਖ ਇਨ੍ਹਾਂ ਨੂੰ ਦਸਵੇਂ ਗੁਰੂ ਦੇ ਨਾਂਦੇੜ ਵਿਚਲੇ ਸਮੇਂ ਤੋਂ ਪਵਿਤਰ ਅਤੇ ਗੁਰੂ ਦੀ ਮਿਹਰ ਮੰਨਦੇ ਹਨ।

ਪੰਜਾਬ ਤੋਂ ਭੂਗੋਲਿਕ ਫਾਸਲੇ ਨੇ ਇਨ੍ਹਾਂ ਪਰਵਾਸੀ ਸਿੱਖਾਂ ਨੂੰ ਆਪਣੇ ਨਵੇਂ ਘਰ ਵਿਚ ਗੁਰਦੁਆਰਾ ਰਹਿਤ-ਮਰਿਆਦਾ ਅਤੇ ਹੋਰ ਸਭਿਆਚਾਰਕ ਵਿਰਾਸਤਾਂ ਪੱਖੋਂ ਖੁਦਮੁਖਤਾਰੀ ਕਾਇਮ ਕਰਨ ਦਾ ਮੌਕਾ ਦਿੱਤਾ। ਤਖਤ ਦਾ ਕੰਮ-ਕਾਜ ਵਧਣ ਨਾਲ ਕੁਝ ਹੋਰ ਵਿਸ਼ੇਸ਼ ਜ਼ਿੰਮੇਵਾਰੀਆਂ ਤੈਅ ਕਰਦਿਆਂ 'ਰਹਿਰਾਸੀਏ', 'ਲਿਖਾਰੀ' ਅਤੇ 'ਧੂਪੀਏ' ਆਦਿ ਵਜੋਂ ਸਿੱਖਾਂ ਦੀਆਂ ਨਿਯੁਕਤੀਆਂ ਕੀਤੀਆਂ ਗਈਆਂ। ਉਹ ਆਪਣੀਆਂ ਵਿਸ਼ੇਸ਼ ਜ਼ਿੰਮੇਵਾਰੀਆਂ ਪੁਸ਼ਤਾਂ ਤੋਂ ਨਿਭਾਉਂਦੇ ਆ ਰਹੇ ਹਨ ਜਿਸ ਨਾਲ ਦੱਖਣੀ ਸਿੱਖਾਂ ਵਿਚ ਕਿੱਤਿਆਂ ਪੱਖੋਂ ਵਖਰੇਵੇਂ ਪੈਦਾ ਹੋਏ।

ਸਥਾਨਕ ਲੀਡਰਸ਼ਿਪ ਨੇ ਤਖਤ ਸ੍ਰੀ ਹਜ਼ੂਰ ਸਾਹਿਬ ਦੇ ਦਾਇਰਾ-ਏ-ਅਖਤਿਆਰ ਨੂੰ ਨੇੜਲੇ ਇਲਾਕਿਆਂ ਵਿਚ ਫੈਲਾਉਣ ਦੀ ਵੀ ਯੋਜਨਾ ਬਣਾਈ। ਉਨ੍ਹਾਂ ਨੇ ਖਾਸਕਰ ਅਹਿਮ ਦਿਨ-ਤਿਹਾਰਾਂ ਮੌਕੇ ਤਖਤ ਦੇ ਦਰਸ਼ਨਾਂ ਲਈ ਆਉਣ ਵਾਲੇ ਸ਼ਰਧਾਲੂਆਂ ਦੀ ਠਾਹਰ ਲਈ ਕੁਝ ਸਰਾਵਾਂ ਤੇ ਹੋਰ ਰਿਹਾਇਸ਼ੀ ਟਿਕਾਣਿਆਂ ਦੀ ਉਸਾਰੀ ਕਰਵਾਈ ਜਿਸ ਨਾਲ ਹੋਰ ਪਵਿਤਰ ਸਥਾਨਾਂ ਨੂੰ ਦਸਵੇਂ ਗੁਰੂ ਅਤੇ ਉਨ੍ਹਾਂ ਦੇ ਹੋਰ ਨੇੜਲੇ ਸਿੱਖਾਂ ਦੀ ਯਾਦ ਨਾਲ ਜੋੜਨ ਦੀ ਪ੍ਰੇਰਨਾ ਮਿਲੀ। ਸ਼ਰਧਾਲੂਆਂ ਦੀ ਆਮਦ ਵਧਣ ਨਾਲ ਸ਼ਰਧਾਲੂਆਂ ਅਤੇ ਸਥਾਨਕ ਲੋੜਾਂ ਦੀ ਪੂਰਤੀ ਲਈ ਪਵਿਤਰ ਸਥਾਨ ਦੇ ਬਾਹਰ ਨਵੀਆਂ ਬਸਤੀਆਂ ਵਸਣ ਲੱਗੀਆਂ ਅਤੇ ਆਰਜ਼ੀ ਬਾਜ਼ਾਰ ਲੱਗਣ ਲੱਗੇ। ਤਖਤ ਲਈ 18ਵੀਂ ਸਦੀ ਦੌਰਾਨ ਪੰਜਾਬ ਵਿਚਲੀਆਂ ਕੁਝ ਮਿਸਲਾਂ ਦੇ ਸਰਦਾਰਾਂ ਵੱਲੋਂ ਅਤੇ 19ਵੀਂ ਸਦੀ ਵਿਚ ਮਹਾਰਾਜਾ ਰਣਜੀਤ ਸਿੰਘ ਤੇ ਹੋਰ ਸਿੱਖ ਰਾਜਿਆਂ ਵੱਲੋਂ ਵਿੱਤੀ ਸਹਾਇਤਾ ਅਤੇ ਸਾਜ਼ੋ-ਸਾਮਾਨ ਪਹੁੰਚਦਾ ਰਿਹਾ।

ਨਾਂਦੇੜ ਕਸਬੇ ਵਿਚ ਆਪਣੀ ਰਿਹਾਇਸ਼ ਦੀ ਕਰੀਬ ਡੇਢ ਸਦੀ ਤਕ ਸਿੱਖ ਆਬਾਦੀ ਪੱਖੋਂ ਬਹੁ ਗਿਣਤੀ ਵਿਚ ਰਹੇ, ਜਿਸ ਦਾ ਪਤਾ 1891 ਦੀ ਮਰਦਮਸ਼ੁਮਾਰੀ ਤੋਂ ਲੱਗਦਾ ਹੈ। ਅਜਿਹਾ ਆਬਾਦੀ ਵਿਚ ਕੁਦਰਤੀ ਵਾਧੇ ਅਤੇ ਸਮੇਂ-ਸਮੇਂ ਸਿੱਖਾਂ ਦੇ ਵੱਖ-ਵੱਖ ਗਰੁੱਪਾਂ ਜਿਵੇਂ ਨਿਰਮਲਿਆਂ ਤੇ ਨਿਹੰਗਾਂ ਦੇ ਆਉਣ ਸਦਕਾ ਵਾਪਰਿਆ। ਨਿਰਮਲੇ ਤਾਂ ਥੋੜ੍ਹਾ ਸਮਾਂ ਹੀ ਉਥੇ ਰਹੇ, ਪਰ ਨਿਹੰਗਾਂ ਵਿਚੋਂ ਸਾਰੇ ਫਿਰ ਪੰਜਾਬ ਨਹੀਂ ਪਰਤੇ। ਅਜਿਹਾ ਉਨ੍ਹਾਂ ਦੇ ਆਗੂ ਅਕਾਲੀ ਫੂਲਾ ਸਿੰਘ ਦੇ ਜੰਗ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਦੀ ਅਗਵਾਈ ਕਰਦਿਆਂ ਸ਼ਹੀਦੀ ਪਾ ਜਾਣ ਪਿੱਛੋਂ 'ਉਨ੍ਹਾਂ ਦੀ ਅਹਿਮੀਅਤ ਘਟ ਜਾਣ' ਕਾਰਨ ਵਾਪਰਿਆ। ਦੱਖਣ ਵਿਚ ਵੱਖ-ਵੱਖ ਮੱਧਕਾਲੀ ਬਾਦਸ਼ਾਹਤਾਂ ਦੇ ਉਭਾਰ ਅਤੇ ਨਿਘਾਰ ਨੇ ਉਥੇ ਤੇਜ਼ੀ ਨਾਲ ਫੌਜੀ ਲੋੜਾਂ ਵਧਣ ਲੱਗੀਆਂ। ਇਸ ਨਾਲ ਵੱਖ-ਵੱਖ ਨਸਲੀ ਪਿਛੋਕੜ ਵਾਲੇ ਭਾੜੇ ਦੇ ਫੌਜੀ ਵੱਡੀ ਗਿਣਤੀ ਵਿਚ ਉਥੇ ਪੁੱਜਣ ਲੱਗੇ।

ਹਥਿਆਰਬੰਦ ਨਿਹੰਗਾਂ ਨੇ ਇਸ ਨੂੰ ਆਪਣੇ ਲਈ ਨਾਂਦੇੜ ਤੋਂ ਬਾਹਰ ਜਾਣ ਦੇ ਮੌਕੇ ਵਜੋਂ ਦੇਖਿਆ। 19ਵੀਂ ਸਦੀ ਦੇ ਸ਼ੁਰੂਆਤੀ ਦੌਰ ਦੇ ਬ੍ਰਿਟਿਸ਼ ਵਸੀਲਿਆਂ ਮੁਤਾਬਿਕ, ਇਹ ਨਿਹੰਗ ਸਿੰਘ ਬੇਰਾੜ ਤੋਂ ਲੈ ਕੇ ਬਿਦਰ ਤਕ ਅਨੇਕਾਂ ਮੈਦਾਨ-ਏ-ਜੰਗਾਂ ਵਿਚ ਆਪਣੀ ਬਹਾਦਰੀ ਦੇ ਜੌਹਰ ਦਿਖਾਉਂਦੇ ਰਹੇ। ਦੱਖਣ ਵਿਚ ਗੁਰੂ ਨਾਨਕ ਦੇਵ ਦੀਆਂ ਉਦਾਸੀਆਂ ਨਾਲ ਸਬੰਧਿਤ ਹੋਣ ਕਾਰਨ ਬਿਦਰ ਦੀ ਉਨ੍ਹਾਂ ਲਈ ਧਾਰਮਿਕ ਪੱਖੋਂ ਵੀ ਮਹੱਤਤਾ ਸੀ।

ਕੁਝ ਨਿਹੰਗ ਸਿੱਖ ਨਿਜ਼ਾਮ ਦੀ ਹਕੂਮਤ ਵਿਚ ਵੀ ਪਹੁੰਚੇ। ਹੈਦਰਾਬਾਦ ਵਿਚ ਕੁਝ ਬ੍ਰਿਟਿਸ਼ ਰੈਜ਼ੀਡੈਂਟਾਂ (ਫੌਜੀ ਟੁਕੜੀਆਂ ਦੇ ਜਰਨੈਲਾਂ) ਨੂੰ

***(ਬਾਕੀ ਅਗਲੇ ਸਫੇ 'ਤੇ)***

## ਗੁਰੂ ਨਾਨਕ ਦੀ ਬਿਦਰ ਫੇਰੀ ਤੋਂ ਗੁਰੂ ਗੋਬਿੰਦ ਸਿੰਘ ਦੇ ਖਾਲਸਾ ਪੰਥ ਤਕ ਦਾ ਸਫਰ

ਗੁਰੂ ਨਾਨਕ ਦੀ ਬਿਦਰ ਫੇਰੀ ਨੇ ਉਥੋਂ ਦੇ ਲੋਕਾਂ 'ਤੇ ਡੂੰਘਾ ਪ੍ਰਭਾਵ ਛੱਡਿਆ ਤੇ ਬਹੁਤ ਸਾਰੇ ਲੋਕ ਉਨ੍ਹਾਂ ਦੇ ਸ਼ਰਧਾਲੂ ਬਣੇ। ਆਮ ਲੋਕ ਇਨ੍ਹਾਂ ਨੂੰ ਨਾਨਕਪੰਥੀ ਸੱਦਦੇ। 1699 ਦੀ ਵਿਸਾਖੀ ਵਾਲੇ ਦਿਨ ਜਦੋਂ ਗੁਰੂ ਗੋਬਿੰਦ ਸਿੰਘ ਨੇ ਖਾਲਸਾ ਪੰਥ ਦੀ ਸਿਰਜਣਾ ਕੀਤੀ ਤਾਂ ਪੰਜ ਪਿਆਰਿਆਂ ਵਿਚ ਇਕ, ਭਾਈ ਸਾਹਿਬ ਸਿੰਘ ਸਨ ਜੋ ਬਿਦਰ ਦੇ ਰਹਿਣ ਵਾਲੇ ਸਨ। ਬਿਦਰ ਵਾਸਤੇ ਇਹ ਫਖਰ ਵਾਲੀ ਗੱਲ ਹੈ ਕਿ ਉਹ ਉਨ੍ਹਾਂ ਸਿੱਖਾਂ ਵਿਚੋਂ ਸਨ ਜਿਹੜੇ ਉਸ ਦਿਨ ਸੀਸ ਭੇਟਾ ਕਰਨ ਲਈ ਉਠੇ। ਭਾਈ ਸਾਹਿਬ ਸਿੰਘ ਜਾਤ ਤੋਂ ਨਾਈ ਸਨ। ਇਹ ਤੱਥ ਸਾਨੂੰ ਯਾਦ ਦਿਵਾਉਂਦਾ ਹੈ ਕਿ ਦੱਬੀਆਂ ਕੁਚਲੀਆਂ ਸ਼੍ਰੇਣੀਆਂ ਨਾਲ ਸਬੰਧਿਤ ਲੋਕਾਂ ਨੇ ਖਾਲਸਾ ਪੰਥ ਦੀ ਸਿਰਜਣਾ ਵਿਚ ਕਿੰਨਾ ਵੱਡਾ ਹਿੱਸਾ ਪਾਇਆ।



ਦੱਖਣੀ ਸਿੱਖਾਂ ਦੀ ਤਸਵੀਰ।

ਉਨ੍ਹਾਂ ਦੇ ਫੌਜੀ ਅਸਰ ਬਾਰੇ ਸ਼ੱਕ-ਸ਼ੁਬਹੇ ਹੋਣ ਦੇ ਬਾਵਜੂਦ, ਨਿਜ਼ਾਮ ਦੇ ਅਸਲ ਦੀਵਾਨ ਚੰਦੂ ਲਾਲ ਨੇ ਕੁਝ ਦੱਖਣੀ ਸਿੱਖਾਂ ਨੂੰ ਨਾ ਸਿਰਫ ਹੈਦਰਾਬਾਦ ਦੇ ਰੈਜ਼ੀਡੈਂਟ ਰਸਲ ਦੇ ਫੌਜੀ ਦਸਤੇ ਵਿਚ ਸ਼ਾਮਲ ਕਰਵਾ ਲਿਆ, ਸਗੋਂ ਆਪਣੇ ਨਿੱਜੀ ਅੰਗ-ਰੱਖਿਅਕਾਂ ਵਿਚ ਵੀ ਭਰਤੀ ਕਰ ਲਿਆ। ਚੰਦੂ ਲਾਲ ਪੰਜਾਬੀ ਸਹਿਜਧਾਰੀ ਖੱਤਰੀ ਸਿੱਖ ਸੀ। ਉਹ ਓਨਾ ਚਿਰ ਇਸ ਅਹੁਦੇ 'ਤੇ ਰਿਹਾ ਜਦੋਂ ਤਕ



*ਬਿਦਰ (ਕਰਨਾਟਕ) ਵਿਚ ਸਥਿਤ ਗੁਰਦੁਆਰਾ ਨਾਨਕ ਝੀਰਾ।*

ਬ੍ਰਿਟਿਸ਼ਾਂ ਨੂੰ ਉਸ ਦੇ ਵਿੱਤੀ ਪ੍ਰਬੰਧਾਂ ਬਾਰੇ 'ਤਸੱਲੀ' ਰਹੀ। ਉਹ 19ਵੀਂ ਸਦੀ ਦੇ ਪਹਿਲੇ ਦਹਾਕਿਆਂ ਦੌਰਾਨ 'ਬਹੁਤ ਸਾਰੀ ਜ਼ਮੀਨ ਦੇ ਮਾਲੀਏ ਨੂੰ ਉਚ ਵਿਆਜ ਦਰ ਉਤੇ' ਗਹਿਣੇ ਰੱਖ ਕੇ 'ਹੈਦਰਾਬਾਦ ਦੇ ਬੈਂਕਰਾਂ ਤੋਂ ਰਕਮਾਂ ਲੈਣ' ਵਿਚ ਕਾਮਯਾਬ ਰਿਹਾ। ਇਸ ਦਾ 'ਵੱਡਾ ਹਿੱਸਾ ਬ੍ਰਿਟਿਸ਼ ਈਸਟ ਇੰਡੀਆ ਕੰਪਨੀ' ਲਈ ਸੀ ਤਾਂ ਕਿ 'ਫੌਜੀ ਦਸਤੇ ਦੀਆਂ ਤਨਖਾਹਾਂ ਕਾਰਨ ਹੈਦਰਾਬਾਦ ਦੇ ਵਧ ਰਹੇ ਕਰਜ਼ੇ ਦੀ ਅਦਾਇਗੀ' ਕੀਤੀ ਜਾ ਸਕੇ। ਚੰਦੂ ਲਾਲ ਦੇ ਵਿੱਤੀ ਪ੍ਰਬੰਧਾਂ ਨੇ 1830ਵਿਆਂ ਵਿਚ ਮਾੜੇ ਸੰਕੇਤ ਦੇਣੇ ਸ਼ੁਰੂ ਕਰ ਦਿੱਤੇ ਅਤੇ 1840ਵਿਆਂ ਤਕ ਇਹ ਚੱਲਣਯੋਗ ਨਾ ਰਹੇ। ਹੈਦਰਾਬਾਦ ਦੇ ਬੈਂਕਰਾਂ ਦੀਆਂ ਮੁਸ਼ਕਿਲਾਂ ਵਧੀਆਂ ਤਾਂ ਉਨ੍ਹਾਂ ਸਖਤ ਕਦਮ ਚੁੱਕਣੇ ਸ਼ੁਰੂ ਕਰ ਦਿੱਤੇ। ਇਸ ਨਾਲ ਵੀ ਚੰਦੂ ਲਾਲ ਦੇ ਪ੍ਰਬੰਧਾਂ ਦਾ ਖਾਤਮਾ ਹੋ ਗਿਆ।

ਹਾਲਾਤ ਉਦੋਂ ਖਰਾਬ ਹੋ ਗਏ ਜਦੋਂ ਫੌਜੀਆਂ ਨੇ ਆਪਣੇ ਬਕਾਏ ਲੈਣ ਲਈ ਹੈਦਰਾਬਾਦ ਦੀਆਂ ਸੜਕਾਂ 'ਤੇ ਲੜਨਾ ਸ਼ੁਰੂ ਕਰ ਦਿੱਤਾ। ਅਮਨ-ਕਾਨੂੰਨ ਦੀ ਵਿਗੜ ਰਹੀ ਹਾਲਤ ਨੂੰ ਸੰਭਾਲਣ ਲਈ ਚੰਦੂ ਲਾਲ ਨੇ ਆਪਣੇ ਨਿੱਜੀ ਅੰਗ-ਰੱਖਿਅਕਾਂ ਦੀ ਠਾਹਰ ਲਈ ਸ਼ਹਿਰ ਦੇ ਬਾਹਰਵਾਰ ਸਿੱਖ 'ਚਾਉਨੀਅਤ' (ਫੌਜੀ ਛਾਉਣੀ) ਬਣਾਉਣ ਦਾ ਫੈਸਲਾ ਕੀਤਾ। ਉਸ ਨੇ ਇਸ ਲਈ ਵੀ ਇਸ ਨੂੰ ਮਜ਼ਬੂਤ ਕੀਤਾ ਤਾਂ ਕਿ ਇਹ ਫੌਜੀ ਹੋਰ ਨਸਲੀ ਗਰੁੱਪਾਂ ਦੀਆਂ ਲੜਾਈਆਂ ਨੂੰ 'ਰੋਕ' ਸਕਣ ਪਰ ਉਹ ਨਾ ਸਿਰਫ ਨਾਕਾਮ ਰਹੇ ਸਗੋਂ ਉਨ੍ਹਾਂ ਸਮੱਸਿਆ ਵੀ ਵਧਾ ਦਿਤੀ। ਹੋਰ ਭਾੜੇ ਦੇ ਫੌਜੀ ਗਰੁੱਪਾਂ ਵਾਂਗ, ਦੱਖਣੀ ਸਿੱਖਾਂ ਨੂੰ ਵੀ ਬਾਹਰਲੇ ਹੋਣ ਕਾਰਨ ਸ਼ਹਿਰ ਵਾਲੇ ਚੰਗੀ ਨਜ਼ਰ ਨਾਲ ਨਹੀਂ ਸੀ ਦੇਖਦੇ। ਉਨ੍ਹਾਂ ਦੀ ਨਿਵੇਕਲੀ ਸਿੱਖ ਪਛਾਣ ਨੇ ਉਨ੍ਹਾਂ ਖਿਲਾਫ ਸਥਾਨਕ ਲੋਕਾਂ ਵਿਚ ਇਹ ਰੁਝਾਨ ਵਧਾਇਆ।

ਹੈਦਰਾਬਾਦ ਵਿਚ ਉਨ੍ਹਾਂ ਦੇ ਵੰਸ਼ਜਾਂ ਨੂੰ ਭਾੜੇ ਦੇ ਫੌਜੀਆਂ ਵਾਲੇ ਆਪਣੇ ਪਿਛਲੇ ਸਬੰਧਾਂ ਤੋਂ ਖਹਿੜਾ ਛੁਡਵਾਉਣ ਲਈ ਬਹੁਤ ਜੱਦੋਜਹਿਦ ਕਰਨੀ ਪਈ। ਇਸ ਲਈ ਉਨ੍ਹਾਂ ਨੂੰ ਵੱਖਰੀ ਕਹਾਣੀ ਘੜਨੀ ਪਈ। ਉਨ੍ਹਾਂ ਚੰਦੂ ਲਾਲ ਵਲੋਂ ਆਪਣੇ ਅੰਗ ਰੱਖਿਅਕਾਂ ਨੂੰ ਸ਼ਹਿਰ ਦੀ ਛਾਉਣੀ ਵਿਚ ਰੱਖੇ ਜਾਣ ਨੂੰ ਮਹਾਰਾਜਾ ਰਣਜੀਤ ਸਿੰਘ ਵਲੋਂ ਆਪਣੀ ਫੌਜ ਹੈਦਰਾਬਾਦ ਭੇਜੇ ਜਾਣ ਦੀ ਕਹਾਣੀ ਨਾਲ ਜੋੜ ਲਿਆ। ਇਸ ਨੇ ਉਨ੍ਹਾਂ ਨੂੰ ਇਸ ਦਾਅਵੇ ਲਈ ਪ੍ਰੇਰਿਆ ਕਿ ਉਨ੍ਹਾਂ ਦੇ ਪੁਰਖੇ ਭਾੜੇ ਦੇ ਫੌਜੀ ਨਹੀਂ ਸਨ, ਸਗੋਂ ਉਹ ਲਾਹੌਰ ਦੀ ਫੌਜ ਦੇ ਹਿੱਸੇ ਵਜੋਂ ਹੈਦਰਾਬਾਦ ਆਏ ਸਨ, ਜਦੋਂ ਨਿਜ਼ਾਮ ਨੇ ਔਖੀ ਘੜੀ ਮੌਕੇ ਮਹਾਰਾਜੇ ਨੂੰ 'ਆਪਣੇ ਰਾਜ ਦੀ ਰਾਖੀ ਦੀ ਅਰਜ਼' ਕੀਤੀ ਸੀ। ਉਨ੍ਹਾਂ ਦੇ ਇਸ ਦਾਅਵੇ ਨੂੰ ਬਹੁਤੀ ਤਾਕਤ ਸਿੱਖ ਭਾਈਚਾਰੇ ਦੀ ਸਾਂਝੀ ਯਾਦਦਾਸ਼ਤ ਤੋਂ ਮਿਲਦੀ ਹੈ।

ਇਹ ਕਹਾਣੀ ਇਥੇ ਪੂਰੀ ਤਰ੍ਹਾਂ ਵਾਇਰਲ ਹੈ ਜਿਸ ਨੂੰ ਦੱਖਣੀ ਸਿੱਖਾਂ ਵੱਲੋਂ ਆਪਣੀ ਰੋਜ਼ਮਰ੍ਹਾ ਜ਼ਿੰਦਗੀ ਵਿਚ ਅਕਸਰ ਸੁਣਾਇਆ ਜਾਂਦਾ ਹੈ। ਇਉਂ ਭਾਈਚਾਰੇ ਦੀ ਸਮਝ ਵਿਚ, ਸਾਂਝੀ ਯਾਦ ਅਹਿਮ ਵਸੀਲਾ ਹੋ ਨਿਬੜਦੀ ਹੈ ਜੋ ਉਸ ਅਤੀਤ ਬਾਰੇ ਬਦਲਵੀਂ ਕਹਾਣੀ ਮੁਹੱਈਆ ਕਰਾਉਂਦੀ ਹੈ, ਜਦੋਂ ਹੋਰ ਕੋਈ ਸਮਕਾਲੀ ਵਸੀਲਾ ਉਨ੍ਹਾਂ ਦੇ ਦਾਅਵੇ ਉਤੇ ਜ਼ੋਰ ਦੇਣ ਲਈ ਉਪਲੱਬਧ ਨਹੀਂ। ਇਹ ਦੱਖਣੀ ਸਿੱਖਾਂ ਦੀ ਭਾਈਚਾਰਕ ਪਛਾਣ ਨੂੰ ਮਜ਼ਬੂਤ ਕਰਦੀ ਹੈ ਅਤੇ ਉਨ੍ਹਾਂ ਨੂੰ ਮੁਕਾਮੀ ਵਸੋਂ ਦੀਆਂ ਨਜ਼ਰਾਂ ਵਿਚ ਨਵਾਂ ਆਤਮ-ਸਨਮਾਨ ਮੁਹੱਈਆ ਕਰਾਉਂਦੀ ਹੈ।

ਦੂਜੇ ਪਾਸੇ, ਇਨ੍ਹਾਂ ਫੌਜੀਆਂ ਦੀ ਹਿਲ-ਜੁਲ ਨੇ ਰੈਜ਼ੀਡੈਂਟ ਫਰੇਜ਼ਰ ਨੂੰ ਚਿੰਤਤ ਕਰ ਦਿੱਤਾ। ਉਹ ਚੰਦੂ ਲਾਲ ਦਾ ਸਖਤ ਵਿਰੋਧੀ ਸੀ। ਉਸ ਨੇ ਨਿਜ਼ਾਮ ਦੀ ਹਕੂਮਤ ਵਿਚ ਮਾਲੀ ਬਦਇੰਤਜ਼ਾਮੀ ਲਈ ਚੰਦੂ ਲਾਲ ਨੂੰ ਜ਼ਿੰਮੇਵਾਰ ਠਹਿਰਾਇਆ। ਵਧ ਰਹੀ ਸ਼ਹਿਰੀ ਅਸੁਰੱਖਿਆ ਨੇ ਚੰਦੂ ਲਾਲ ਦੇ ਕੱਫਣ ਵਿਚ ਆਖਰੀ ਕਿੱਲ ਦਾ ਕੰਮ ਕੀਤਾ। ਉਸ ਨੂੰ 1843 ਵਿਚ ਅਹੁਦੇ ਤੋਂ ਹਟਾ ਦਿੱਤਾ ਗਿਆ।

ਚੰਦੂ ਲਾਲ ਦੇ ਜਾਣ ਨਾਲ ਦੱਖਣੀ ਸਿੱਖਾਂ ਲਈ ਹਾਲਾਤ ਬਹੁਤ ਖਰਾਬ ਹੋ ਗਏ। ਉਸ ਦੀ ਬਰਤਰਫੀ ਅਤੇ ਪੰਜਾਬ ਵਿਚ ਸਿੱਖਾਂ ਤੇ ਫਿਰੰਗੀਆਂ ਦਰਮਿਆਨ ਪਹਿਲੀ ਜੰਗ (1845-46) ਵਿਚ ਲਾਹੌਰ ਦਰਬਾਰ ਦੀ ਹਾਰ ਕਾਰਨ ਫਰੇਜ਼ਰ ਨੂੰ 'ਸਾਰੇ ਹਥਿਆਰਬੰਦ ਵਸਨੀਕਾਂ ਦੀ ਬਰਤਰਫੀ ਦਾ ਮੁੱਦਾ' ਨਿਜ਼ਾਮ ਕੋਲ ਉਠਾਉਣ ਦਾ ਮੌਕਾ ਮਿਲ ਗਿਆ। ਉਸ ਨੇ ਕਿੱਕਰ ਦੇ ਉਹ ਰੁੱਖ ਵੀ ਵੱਢਣ 'ਤੇ ਜ਼ੋਰ ਦਿੱਤਾ ਜਿਹੜੇ ਲੰਬੇ ਸਮੇਂ ਤੋਂ ਸਥਾਨਕ ਸਿੱਖਾਂ ਲਈ ਸੁਰੱਖਿਆ ਕੰਧ ਵਜੋਂ ਖੜ੍ਹੇ ਸਨ। ਫਰੇਜ਼ਰ ਨੇ ਇਨ੍ਹਾਂ ਰੁੱਖਾਂ ਨੂੰ 'ਮੁਕਾਮੀ ਅਮਨ ਲਈ ਖਤਰੇ' ਵਜੋਂ ਪੇਸ਼ ਕੀਤਾ ਅਤੇ ਜ਼ੋਰ ਦਿੱਤਾ ਕਿ ਨਾਂਦੇੜ ਵਿਚ 'ਹਾਲਾਤ ਆਮ ਵਰਗੇ ਕਰਨ ਲਈ' ਇਨ੍ਹਾਂ ਨੂੰ ਵੱਢ ਦਿੱਤਾ ਜਾਵੇ। ਇਸ ਤੋਂ ਬਾਅਦ ਕਿੱਕਰਾਂ ਨੂੰ ਡੇਗਣ ਅਤੇ ਨਿਹੰਗ ਸਿੰਘਾਂ ਨੂੰ ਨਿਹੱਥੇ ਕਰਨ ਦਾ ਕੰਮ ਤੇਜ਼ੀ ਨਾਲ ਚੱਲ ਪਿਆ।

ਸਲਾਰ ਜੰਗ ਅੱਵਲ (1853-1883) ਨੂੰ ਨਿਜ਼ਾਮ ਦਾ ਨਵਾਂ ਦੀਵਾਨ ਨਿਯੁਕਤ ਕੀਤਾ ਗਿਆ ਜਿਸ ਤੋਂ ਬਾਅਦ ਕੁਝ ਹੋਰ ਤਬਦੀਲੀਆਂ ਆਈਆਂ। ਉਸ ਨੇ ਨਾਂਦੇੜ ਵਿਚ ਦੱਖਣੀ ਸਿੱਖਾਂ ਨੂੰ ਹੋਇਆ ਨੁਕਸਾਨ ਕੁਝ ਘਟਾਉਣ ਦੀ ਕੋਸ਼ਿਸ਼ ਕੀਤੀ ਅਤੇ ਸਿੱਖਾਂ ਨੂੰ ਉਨ੍ਹਾਂ ਪੰਜ ਪਿੰਡਾਂ ਦੇ ਮਾਲੀਆ ਰਹਿਤ ਅਖਤਿਆਰ ਦੇ ਦਿਤੇ ਜੋ ਉਨ੍ਹਾਂ ਨੂੰ ਲੰਬੇ ਸਮੇਂ ਤੋਂ ਚੰਦੂ ਲਾਲ ਨੇ ਸੌਂਪੇ ਹੋਏ ਸਨ। ਸਿੱਖ ਭਾਈਚਾਰਾ ਭਾਵੇਂ ਆਪਣੇ ਦਾਅਵੇ ਦੇ ਪੱਖ ਵਿਚ ਕੋਈ ਕਾਨੂੰਨੀ ਦਸਤਾਵੇਜ਼ ਪੇਸ਼ ਨਹੀਂ ਕਰ ਸਕਿਆ, ਇਸ ਦੇ ਬਾਵਜੂਦ ਸਲਾਰ ਜੰਗ ਦੇ ਦਖਲ ਸਦਕਾ ਨਾ ਸਿਰਫ ਸਿੱਖਾਂ ਦੀ ਪੁਰਾਣੀ ਚਿੰਤਾ ਮੁੱਕੀ, ਸਗੋਂ ਦੱਖਣੀ ਸਿੱਖਾਂ ਦੇ ਦਾਅਵੇ 'ਤੇ ਕਾਨੂੰਨੀ ਮੋਹਰ ਵੀ ਲੱਗ ਗਈ।

ਦੀਵਾਨ ਨੇ ਹੈਦਰਾਬਾਦ ਦੀ ਫੌਜੀਆਂ ਸਮੱਸਿਆ ਉਤੇ ਵੀ ਗੱਲਬਾਤ ਕੀਤੀ। ਉਸ ਨੇ ਨਿਜ਼ਾਮ ਨੂੰ ਇਸ ਗੱਲ ਲਈ ਮਨਾ ਲਿਆ ਕਿ ਉਸ ਦੇ ਖਜ਼ਾਨੇ ਵਿਚ ਇੰਨੀ ਰਕਮ ਨਹੀਂ ਹੈ ਕਿ ਉਹ ਇਨ੍ਹਾਂ ਫੌਜੀਆਂ ਦੇ ਬਕਾਏ ਅਦਾ ਕਰ ਸਕੇ ਅਤੇ ਨਾ ਹੀ ਇਨ੍ਹਾਂ ਨੂੰ ਮੌਜੂਦਾ ਦਰਾਂ ਉਤੇ ਰੱਖਿਆ ਹੀ ਜਾ ਸਕਦਾ ਹੈ। ਉਸ ਨੇ ਫੌਜੀਆਂ ਦੀ ਗਿਣਤੀ ਘਟਾਉਣ ਦੀ ਤਜਵੀਜ਼ ਦਿੱਤੀ ਅਤੇ ਫੌਜੀਆਂ ਨੂੰ ਘੱਟ ਉਜਰਤਾਂ ਉਤੇ ਕੰਮ ਕਰਨ ਲਈ ਆਖਿਆ ਤਾਂ ਕਿ ਉਨ੍ਹਾਂ ਨੂੰ ਲਗਾਤਾਰ ਤਨਖਾਹਾਂ ਮਿਲਦੀਆਂ ਰਹਿਣ। ਉਸ ਨੇ 1200 ਦੱਖਣੀ ਸਿੱਖਾਂ ਨੂੰ ਹੈਦਰਾਬਾਦ ਦੀ ਅਨਿਯਮਿਤ ਪੁਲਿਸ ਵਿਚ ਭਰਤੀ ਕਰ ਲਿਆ। ਮਾਸਿਕ ਤਨਖਾਹ ਪ੍ਰਬੰਧ ਵਿਚ ਪੈਣ ਨਾਲ ਉਨ੍ਹਾਂ ਨੂੰ ਨਵਾਂ ਮਾਣ-ਸਨਮਾਨ ਮਿਲਿਆ। ਬਾਅਦ ਵਿਚ ਉਨ੍ਹਾਂ ਨੂੰ ਪੁਲਿਸ ਟਰੇਨਿੰਗ ਵੀ ਦਿੱਤੀ ਗਈ ਜਿਥੇ ਉਨ੍ਹਾਂ ਨੂੰ ਆਪਣਾ ਨਿਹੰਗ ਬਾਣਾ ਛੱਡ ਕੇ ਪੱਛਮੀ ਵਰਦੀ ਸਬੰਧੀ ਜ਼ਾਬਤਾ ਅਪਨਾਉਣਾ ਸਿਖਾਇਆ ਗਿਆ। ਇਸ ਨੇ ਦੱਖਣੀ ਸਿੱਖਾਂ ਦੇ ਪੂਰਵ-ਆਧੁਨਿਕ ਫੌਜੀਆਂ ਵਾਲੇ ਦਾਗ਼ ਧੋ ਕੇ ਉਨ੍ਹਾਂ ਦੇ ਬਰਤਾਨਵੀ ਪੁਲਿਸ ਵਾਲੇ ਅਨੁਸ਼ਾਸਨ ਵਿਚ ਬੱਝਣ ਦੇ ਦਰਵਾਜ਼ੇ ਖੋਲ੍ਹ ਦਿੱਤੇ। ਸੇਵਾ ਦੇ ਉਨ੍ਹਾਂ ਦੇ ਜੱਦੀ-ਪੁਸ਼ਤੀ ਸੁਭਾਅ ਸਦਕਾ ਪਿਤਾ ਦੀ ਸੇਵਾ-ਮੁਕਤੀ 'ਤੇ ਉਸ ਦੇ ਪੁੱਤਰ ਨੂੰ ਸੇਵਾ ਸੰਭਾਲਣ ਦੀ ਖੁੱਲ੍ਹ ਦੇ ਦਿੱਤੀ ਗਈ। ਇਸ ਨਾਲ ਉਨ੍ਹਾਂ ਵਿਚ ਵਫਾਦਾਰੀ ਦੀ ਭਾਵਨਾ ਵਧੀ ਅਤੇ ਛੋਟੇ ਜਿਹੇ ਮੱਧ ਵਰਗ ਦੀ ਸ਼ੁਰੂਆਤ ਹੋਈ ਜਿਹੜਾ ਇਸ ਭਾਈਚਾਰੇ ਦਾ ਨਾ ਸਿਰਫ ਨਿਜ਼ਾਮ ਦੀ ਹਕੂਮਤ ਦੌਰਾਨ ਸਗੋਂ ਆਜ਼ਾਦੀ ਤੋਂ ਬਾਅਦ ਦੇ ਦਹਾਕਿਆਂ ਦੌਰਾਨ ਵੀ ਨਵਾਂ ਤਰਜਮਾਨ ਬਣਿਆ।



*ਦੱਖਣੀ ਸਿੱਖ ਕੀਰਤਨੀਏ।*

ਚੰਦੂ ਲਾਲ ਦੀ ਬਰਤਰਫੀ ਤੋਂ ਬਾਅਦ ਦੀ ਸਦੀ ਅਤੇ ਨਿਜ਼ਾਮ ਦੀ ਹਕੂਮਤ (1842-1948) ਦੇ ਖਾਤਮੇ ਦੌਰਾਨ ਦੱਖਣੀ ਸਿੱਖਾਂ ਨੂੰ ਅਨੇਕਾਂ ਤਬਦੀਲੀਆਂ ਪੇਸ਼ ਆਈਆਂ। ਇਸ ਦੌਰਾਨ ਉਨ੍ਹਾਂ ਦੇ ਮੇਲ-ਮਿਲਾਪ ਦੇ ਨਵੇਂ ਖੇਤਰ ਪੈਦਾ ਹੋਏ ਅਤੇ ਉਨ੍ਹਾਂ ਦੇ ਪੰਜਾਬੀ ਸਿੱਖਾਂ ਨਾਲ ਵਖਰੇਵੇਂ ਵੀ ਉਭਰੇ। ਸੰਚਾਰ ਪ੍ਰਬੰਧਾਂ ਵਿਚ ਸੁਧਾਰ ਨਾਲ ਹਜ਼ੂਰ ਸਾਹਿਬ ਦੇ ਦਰਸ਼ਨਾਂ ਲਈ ਪੁੱਜਣ ਵਾਲੀ ਪੰਜਾਬੀ ਸੰਗਤ ਦੀ ਗਿਣਤੀ ਵਧੀ। ਪੰਜਾਬੀ ਸਿੱਖ ਕਦੇ ਵੀ ਉਥੇ ਸਿੰਘ ਸਭਾ ਦੇ ਦਿਨਾਂ ਵਾਲੀ ਬਾਕਾਇਦਾ ਪਰਿਭਾਸ਼ਿਤ ਅਤੇ ਤੈਅ ਸਿੱਖ ਪਛਾਣ ਦਾ ਸੁਨੇਹਾ ਦੇਣ ਤੋਂ ਪਿੱਛੇ ਨਹੀਂ ਹਟੇ। ਉਂਜ, ਇਸ ਨੇ ਦੱਖਣੀ ਸਿੱਖਾਂ ਦੇ ਜਿਉਣ ਢੰਗ, ਦਿਨ-ਤਿਹਾਰ ਮਨਾਉਣ ਅਤੇ ਗੁਰਦੁਆਰਿਆਂ ਦੀ ਰਹਿਤ-ਮਰਿਆਦਾ ਦੇ ਢੰਗ-ਤਰੀਕਿਆਂ ਉਤੇ ਕੋਈ ਪੱਕਾ ਅਸਰ ਨਹੀਂ ਪਾਇਆ। ਪੰਜਾਬ ਵਿਚ ਵਾਪਰਨ ਵਾਲੀਆਂ ਘਟਨਾਵਾਂ ਤੋਂ ਉਨ੍ਹਾਂ ਫਾਸਲਾ ਬਣਾਈ ਰੱਖਿਆ ਅਤੇ ਉਨ੍ਹਾਂ ਦਾ ਪੱਕਾ ਵਿਸ਼ਵਾਸ ਹੈ ਕਿ ਦੱਖਣੀ ਸਿੱਖਾਂ ਵੱਲੋਂ ਸੱਚ ਖੰਡ ਸਾਹਿਬ ਵਿਚ ਅਪਨਾਈ ਗਈ ਰਹਿਤ-ਮਰਿਆਦਾ ਉਹ ਹੈ ਜਿਹੜੀ ਦਸਵੇਂ ਗੁਰੂ ਨੇ ਉਨ੍ਹਾਂ ਦੇ ਪੁਰਖਿਆਂ ਨੂੰ ਸਿਖਾਈ ਸੀ।

ਇਸ ਨੇ ਭਾਈਚਾਰੇ ਨੂੰ ਆਪਣੇ ਮੂਲ ਨੂੰ ਪੰਜਾਬ ਨਾਲ ਜੋੜਨ ਤੋਂ ਨਹੀਂ ਰੋਕਿਆ। ਪੰਜਾਬ ਤੋਂ ਮਹਾਰਾਜਾ ਰਣਜੀਤ ਸਿੰਘ ਦੀਆਂ ਫੌਜਾਂ ਦੀ ਹੈਦਰਾਬਾਦ ਆਮਦ ਦੀ ਦੰਦ ਕਥਾ ਨੂੰ ਸਿਆਸੀ ਸਾਰਥਿਕਤਾ ਮਿਲ ਚੁੱਕੀ ਹੈ। ਇਸ ਨੇ ਦੱਖਣ ਵਿਚ ਬਰਤਾਨਵੀ ਹਕੂਮਤ ਦੌਰਾਨ ਭਾਈਚਾਰੇ ਵੱਲੋਂ 'ਆਪਣੇ ਪਿਛੋਕੜ ਸਬੰਧੀ ਨਵੇਂ ਦਾਅਵੇ' ਦੀ ਤਲਾਸ਼ ਦਾ ਖਾਕਾ ਉਲੀਕਿਆ। ਉਨ੍ਹਾਂ ਦੇ ਹੈਦਰਾਬਾਦ ਦੇ ਸ਼ਹਿਰੀ ਮੱਧ ਵਰਗ ਨਾਲ ਸਬੰਧਿਤ ਆਗੂਆਂ ਨੇ ਉਨ੍ਹਾਂ ਦੀ 19ਵੀਂ ਸਦੀ ਦੀ ਇਸ ਸਾਂਝੀ ਯਾਦ ਨੂੰ ਨਵੀਂ ਜ਼ਿੰਦਗੀ ਬਖਸ਼ੀ। ਲਾਹੌਰ ਦੇ ਫੌਜੀਆਂ ਵਲੋਂ ਦੇਸ਼ ਦੇ ਉਤਰ ਤੋਂ ਦੱਖਣ ਵੱਲ ਇੰਨੀ ਲੰਮੀ ਯਾਤਰਾ ਕਰ ਕੇ ਹੈਦਰਾਬਾਦ ਪਹੁੰਚਣਾ ਅਤੇ ਉਨ੍ਹਾਂ ਬਾਰੇ ਅੰਗਰੇਜ਼ ਹਾਕਮਾਂ ਨੂੰ ਬਿਲਕੁਲ ਪਤਾ ਨਾ ਲੱਗਣਾ, ਭੌਤਿਕ ਤੇ ਭੂਗੋਲਿਕ ਤੌਰ 'ਤੇ ਅਸੰਭਵ ਹੋਣ ਦੇ ਬਾਵਜੂਦ ਉਹ ਬੜੀ ਮਜ਼ਬੂਤੀ ਨਾਲ ਮਹਾਰਾਜਾ ਰਣਜੀਤ ਸਿੰਘ ਵਲੋਂ ਆਪਣੀਆਂ ਫੌਜਾਂ ਭੇਜੇ ਜਾਣ ਦੇ ਇਸ ਦਾਅਵੇ ਨੂੰ ਦੁਹਰਾਉਂਦੇ ਹਨ। ਇਸ ਨੇ ਉਨ੍ਹਾਂ ਨੂੰ ਦੱਖਣ ਵਿਚਲੇ ਆਪਣੇ ਇਸ ਘਰ ਵਿਚ ਨਵੇਂ ਸਿਆਸੀ ਅਤੀਤ ਤਕ ਪਹੁੰਚਾ ਦਿੱਤਾ।

ਦੇਸ਼ ਦੀ ਆਜ਼ਾਦੀ ਨੇ ਭਾਈਚਾਰੇ ਉਤੇ ਰਲਵਾਂ-ਮਿਲਵਾਂ ਅਸਰ ਪਾਇਆ। ਨਿਜ਼ਾਮ ਦੀ ਹਕੂਮਤ ਦੇ ਖਾਤਮੇ ਨਾਲ, ਪੁਰਾਣੀ ਅਨਿਯਮਿਤ ਸਿੱਖ ਫੌਜ ਨੂੰ ਭੰਗ ਕਰ ਦਿੱਤਾ ਗਿਆ। ਇਸ ਵਿਚ 'ਸਾਰੇ ਰੁਤਬਿਆਂ ਵਾਲੇ 544' ਜਵਾਨ ਤੇ ਅਫਸਰ ਸਨ। ਇਨ੍ਹਾਂ ਵਿਚੋਂ ਸੇਵਾ ਦੇ ਵਧੀਆ ਪਿਛੋਕੜ ਤੇ ਜਿਸਮਾਨੀ ਤੌਰ 'ਤੇ ਤੰਦਰੁਸਤ ਕੁਝ ਕੁ ਜਵਾਨਾਂ ਨੂੰ ਸੂਬੇ ਦੀ ਨਿਯਮਿਤ ਪੁਲਿਸ ਵਿਚ ਭਰਤੀ ਕਰ ਲਿਆ ਗਿਆ। ਇਸ ਤਰ੍ਹਾਂ ਨਿਜ਼ਾਮ ਦੀ ਹਕੂਮਤ ਦੀ ਪੁਰਾਣੀ ਅਨਿਯਮਿਤ ਫੌਜ ਦੇ ਲੰਬੇ ਇਤਿਹਾਸ ਦਾ ਵੀ ਅੰਤ ਹੋ ਗਿਆ।

ਨਿਜ਼ਾਮ ਦੀ ਹਕੂਮਤ ਵਾਲਾ ਇਲਾਕਾ 1956 ਵਿਚ ਤਿੰਨ ਹਿੱਸਿਆਂ ਵਿਚ ਵੰਡ ਦਿੱਤਾ ਗਿਆ। ਇਸ ਨਾਲ ਨਾਂਦੇੜ ਤੇ ਇਸ ਦੇ ਨੇੜਲੇ ਇਲਾਕੇ ਨਵੇਂ ਬਣੇ ਸੂਬੇ ਮੁੰਬਈ ਵਿਚ ਚਲੇ ਗਏ ਜਿਸ ਨੂੰ ਬਾਅਦ ਵਿਚ ਮਹਾਰਾਸ਼ਟਰ ਦਾ ਨਾਂ ਦਿੱਤਾ ਗਿਆ। ਨਿਜ਼ਾਮ ਦੇ ਇਲਾਕੇ ਦੀ ਇਸ ਵੰਡ ਨੇ ਦੱਖਣੀ ਸਿੱਖਾਂ ਉਤੇ ਬੜਾ ਬੁਰਾ ਅਸਰ ਪਾਇਆ। ਇਸ ਨਾਲ ਸ੍ਰੀ ਹਜ਼ੂਰ ਸਾਹਿਬ ਤੋਂ ਉਨ੍ਹਾਂ ਦੇ ਪੁਰਾਣੇ ਅਖਤਿਆਰ ਕੁੱਲ ਮਿਲਾ ਕੇ ਖਤਮ ਹੋ ਗਏ। ਇਸ ਦੀ ਥਾਂ ਇਹ ਅਖਤਿਆਰ 'ਨਾਂਦੇੜ ਸਿੱਖ ਗੁਰਦੁਆਰਾ ਸੱਚਖੰਡ ਅਬਿਚਲ ਨਗਰ ਸਾਹਿਬ ਐਕਟ 1956' ਤਹਿਤ ਮੁੰਬਈ ਆਧਾਰਿਤ ਕੁਝ ਸਿੱਖ ਅਫਸਰਸ਼ਾਹਾਂ ਅਤੇ ਗ਼ੈਰ-ਸਿੱਖ ਕਾਨੂੰਨਸਾਜ਼ਾਂ ਦੇ ਹੱਥ ਆ ਗਏ। ਇਸ ਪਵਿਤਰ ਸਥਾਨ ਦੇ ਆਧੁਨਿਕੀਕਰਨ ਦੇ ਨਾਂ ਉਤੇ ਲਿਆਂਦੇ ਇਸ ਨਵੇਂ ਕਾਨੂੰਨ ਤੋਂ ਕਾਫੀ ਵਿਵਾਦ ਵੀ ਪੈਦਾ ਹੋਇਆ।

ਇੰਨਾ ਹੀ ਨਹੀਂ, 1950ਵਿਆਂ ਤੋਂ ਪੰਜਾਬੀ ਸਿੱਖਾਂ ਦੀ ਉਸ ਪਾਸੇ ਹਿਜਰਤ ਦੇ ਦੌਰਾਂ ਨੇ ਉਨ੍ਹਾਂ ਦੀ ਹਾਲਤ ਨੂੰ ਹੋਰ ਮੋੜ ਦਿੱਤਾ। ਇਹ ਮੁੱਖ ਤੌਰ 'ਤੇ ਉਹ ਸਿੱਖ ਸਨ ਜੋ ਦੇਸ਼ ਦੀ ਵੰਡ ਕਾਰਨ ਲਹਿੰਦੇ ਪੰਜਾਬ ਤੋਂ ਉਜੜ ਕੇ ਆਏ ਸਨ, ਜੋ ਕੁਝ ਚਿਰ ਦੇਸ਼ ਵਿਚ ਹੋਰ ਥਾਈਂ ਰਹਿਣ ਪਿੱਛੋਂ ਇਸ ਪਾਸੇ ਪੁੱਜਣ ਲੱਗੇ। ਇਨ੍ਹਾਂ ਸਿੱਖਾਂ ਨੂੰ ਆਰਥਿਕ ਪੱਖੋਂ ਬੜੀ ਤੇਜ਼ੀ ਨਾਲ ਮਿਲੀ ਕਾਮਯਾਬੀ ਨੇ ਉਨ੍ਹਾਂ ਦਾ ਰੁਤਬਾ ਬਹੁਤ ਵਧਾ ਦਿੱਤਾ ਅਤੇ ਉਨ੍ਹਾਂ ਦਾ ਦੱਖਣੀ ਸਿੱਖਾਂ ਤੋਂ ਪਾੜਾ ਵੀ ਓਨਾ ਹੀ ਵਧ ਗਿਆ। ਇਨ੍ਹਾਂ ਦੇ ਹੋਰ ਵੀ ਕਈ ਵਖਰੇਵੇਂ ਸਨ। ਸਾਂਝੇ ਧਾਰਮਿਕ ਪਿਛੋਕੜ ਦੇ ਬਾਵਜੂਦ ਸਿੱਖਾਂ ਦੇ ਇਹ ਦੋਵੇਂ ਸਮੂਹ ਨਸਲੀ ਲੀਹਾਂ, ਗੁਰਦੁਆਰਿਆਂ ਦੀ ਰਹਿਤ-ਮਰਿਆਦਾ ਅਤੇ ਘਰ ਸਬੰਧੀ ਪਰਿਭਾਸ਼ਾ ਪੱਖੋਂ ਵੰਡੇ ਹੋਏ ਸਨ। ਉਹ ਆਪਸ ਵਿਚ ਸਾਕ-ਸਕੀਰੀਆਂ ਨਹੀਂ ਕਰਦੇ।

ਕੁਝ ਵਰ੍ਹੇ ਪਹਿਲਾਂ ਪੰਜਾਬੀ ਸਿੱਖਾਂ ਨੇ ਦੋ ਸ਼ਹਿਰਾਂ ਹੈਦਰਾਬਾਦ ਅਤੇ ਸਿਕੰਦਰਾਬਾਦ 'ਤੇ ਆਧਾਰਿਤ ਭਾਈਚਾਰੇ ਦੀ 'ਸਜਿਲਦ ਡਾਇਰੈਕਟਰੀ' ਕੱਢੀ ਸੀ ਜਿਸ ਵਿਚ ਉਥੋਂ ਦੇ ਦੱਖਣੀ ਸਿੱਖਾਂ ਦੀ ਹੋਂਦ ਨੂੰ ਬਿਲਕੁਲ ਨਜ਼ਰਅੰਦਾਜ਼ ਕਰ ਦਿੱਤਾ ਗਿਆ। ਉਹ ਦੋ ਅੰਤਰ-ਵਿਆਹੀ ਸਮੂਹਾਂ ਵਜੋਂ ਰਹਿਣਾ ਪਸੰਦ ਕਰਦੇ ਹਨ ਤੇ ਦੂਜੇ ਸਮੂਹ ਨੂੰ ਸਮਾਜਿਕ ਤੌਰ 'ਤੇ ਆਪਣੇ ਬਰਾਬਰ ਮੰਨਣ ਲਈ ਤਿਆਰ ਨਹੀਂ। ਇਸ ਨੇ ਸਥਾਨਕ ਸਿੱਖਾਂ ਦੀ ਵਰਗ-ਵੰਡ ਕਰ ਦਿੱਤੀ ਹੈ ਜਿਨ੍ਹਾਂ 'ਚ ਜ਼ੋਰਦਾਰ ਮੁਕਾਬਲੇਬਾਜ਼ੀ ਚਲਦੀ ਰਹੀ ਹੈ।

## ਗੁਰੂ ਨਾਨਕ ਦੀ ਬਿਦਰ ਫੇਰੀ

ਗੁਰੂ ਨਾਨਕ ਸੋਲ੍ਹਵੀਂ ਸਦੀ ਦੇ ਸ਼ੁਰੂ ਵਿਚ ਬਿਦਰ ਗਏ। ਦੱਸਿਆ ਜਾਂਦਾ ਹੈ ਕਿ ਉਸ ਵੇਲੇ ਬਿਦਰ ਵਿਚ ਦੋ ਮਹੱਤਵਪੂਰਨ ਸੰਸਥਾਵਾਂ ਸਨ। ਇਕ ਸੀ ਬਸ਼ੇਸ਼ਵਰ-ਪ੍ਰਸਤਾਂ ਦਾ ਧਰਮ ਸਥਾਨ ਬਸਵਾ ਕਲਿਆਣ ਅਤੇ ਦੂਸਰਾ ਮਹਿਮੂਦ ਗਵਾਨ ਦਾ ਮਦਰੱਸਾ। ਸੰਤ ਬਸ਼ੇਸ਼ਵਰ ਬਾਰ੍ਹਵੀਂ ਸਦੀ ਵਿਚ ਹੋਏ ਅਤੇ ਉਨ੍ਹਾਂ ਨੇ ਵਰਣ ਆਸ਼ਰਮ ਤੇ ਜਾਤ ਪਾਤ ਦੇ ਵਿਰੁਧ ਆਵਾਜ਼ ਉਠਾਈ। ਉਨ੍ਹਾਂ ਅੰਤਰਜਾਤੀ ਵਿਆਹ ਅਤੇ ਸੰਗਤ ਤੇ ਪੰਗਤ ਦੇ ਫਲਸਫੇ ਦੀ ਦੱਖਣ ਵਿਚ ਨੀਂਹ ਰੱਖੀ। ਬਸ਼ੇਸ਼ਵਰ ਵਾਦੀਆਂ ਦਾ ਸਨਾਤਨੀ ਹਿੰਦੂ ਧਰਮ ਦੇ ਅਨੁਯਾਈਆਂ ਨਾਲ ਵੱਡਾ ਵਿਰੋਧ ਹੋਇਆ।

ਕਰਨਾਟਕ ਦੇ ਅੱਜ ਦੇ ਸਮਾਜ ਵਿਚ ਵੀ ਉਸ ਵਿਰੋਧ ਦੇ ਚਿੰਨ੍ਹ ਦੇਖਣ ਨੂੰ ਮਿਲਦੇ ਹਨ। ਮਹਿਮੂਦ ਗਵਾਨ ਦਾ ਮਦਰੱਸਾ ਉਸ ਸਮੇਂ ਦੱਖਣ ਪੂਰਬੀ ਏਸ਼ੀਆ ਦੀ ਸਭ ਤੋਂ ਵੱਡੀ ਯੂਨੀਵਰਸਿਟੀ ਸੀ। ਵਿਦਵਾਨਾਂ ਦਾ ਖਿਆਲ ਹੈ ਕਿ ਗੁਰੂ ਸਾਹਿਬ ਬਿਦਰ ਇਸ ਲਈ ਆਏ ਸਨ ਕਿ ਉਹ ਧਾਰਮਿਕ ਕੇਂਦਰ, ਭਾਵ ਬਸਵਾ ਕਲਿਆਣ ਅਤੇ ਵਿਦਿਅਕ ਕੇਂਦਰ, ਭਾਵ ਮਹਿਮੂਦ ਗਵਾਨ ਮਦਰੱਸੇ ਦੇ ਚਿੰਤਕਾਂ ਨਾਲ ਗੋਸ਼ਟਿ ਕਰ ਸਕਣ।

## ਰਾਗੀ ਭਾਈ ਫੁੰਮਣ ਸਿੰਘ

ਰਵਾਇਤ ਅਨੁਸਾਰ ਭਾਈ ਫੁੰਮਣ ਸਿੰਘ ਨਿਜ਼ਾਮ ਹੈਦਰਾਬਾਦ ਦੇ ਦਰਬਾਰ ਵਿਚ ਸੰਗੀਤਕਾਰ ਸਨ। 1870ਵਿਆਂ ਵਿਚ ਉਨ੍ਹਾਂ ਨੇ ਨਿਜ਼ਾਮ ਦੇ ਦਰਬਾਰ ਤੋਂ ਅਸਤੀਫਾ ਦੇ ਦਿੱਤਾ ਅਤੇ ਹਜ਼ੂਰ ਸਾਹਿਬ ਵਿਚ ਹਜ਼ੂਰੀ ਰਾਗੀ ਬਣੇ।

## ਨਿਜ਼ਾਮ ਨੇ ਹਰਿਮੰਦਰ ਸਾਹਿਬ ਲਈ ਚੰਦੋਆ ਭੇਜਿਆ

ਹੈਦਰਾਬਾਦ ਦੇ ਚੌਥੇ ਨਿਜ਼ਾਮ ਨਸੀਰ-ਉਲ-ਦੌਲਾ ਨੇ ਹਰਿਮੰਦਰ ਸਾਹਿਬ ਲਈ ਚੰਦੋਆ ਭੇਜਿਆ ਜਿਸ ਵਿਚ ਮੋਤੀ, ਹੀਰੇ ਅਤੇ ਹੋਰ ਜਵਾਹਰਾਤ ਜੜੇ ਹੋਏ ਸਨ ਅਤੇ ਬੁਣਤੀ ਸੋਨੇ ਦੇ ਧਾਗੇ ਨਾਲ ਕੀਤੀ ਹੋਈ ਸੀ।

## ਹੈਦਰਾਬਾਦ ਦੀ ਈਨਾਮ ਲੈਂਡ

ਹੈਦਰਾਬਾਦ ਵਿਚ ਰਹਿਣ ਵਾਲੇ ਸਿੱਖਾਂ ਦਾ ਵਿਸ਼ਵਾਸ ਹੈ ਕਿ ਸਿੱਖ ਉਸ ਸਿੱਖ ਫੌਜ ਦੀ ਟੁਕੜੀ ਨਾਲ ਆਏ ਜਿਹੜੀ ਮਹਾਰਾਜਾ ਰਣਜੀਤ ਸਿੰਘ ਨੇ ਨਿਜ਼ਾਮ ਹੈਦਰਾਬਾਦ ਦੀ ਸਹਾਇਤਾ ਲਈ ਭੇਜੀ। ਨਿਜ਼ਾਮ ਦੇ ਪ੍ਰਧਾਨ ਮੰਤਰੀ ਚੰਦੂ ਲਾਲ ਨੇ ਉਨ੍ਹਾਂ ਨੂੰ ਬੁਲਾਇਆ ਸੀ ਅਤੇ ਉਨ੍ਹਾਂ ਨੂੰ ਰਹਿਣ ਲਈ ਜਗ੍ਹਾ ਵੀ ਦਿੱਤੀ ਜਿਸ ਨੂੰ 'ਈਨਾਮ ਲੈਂਡ' ਕਿਹਾ ਜਾਂਦਾ ਹੈ। ਇਹ ਵੀ ਦੱਸਿਆ ਜਾਂਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ ਹੁਕਮ ਦਿਤਾ ਸੀ ਕਿ ਜਦੋਂ ਤਕ ਉਨ੍ਹਾਂ ਨੂੰ ਹੁਕਮ ਨਹੀਂ ਮਿਲਦੇ, ਉਹ ਹੈਦਰਾਬਾਦ ਵਿਚ ਰਹਿਣ ਤੇ ਉਨ੍ਹਾਂ ਨੇ ਵਾਪਸ ਨਹੀਂ ਆਉਣਾ। ਫੌਜ ਦੀ ਟੁਕੜੀ ਦੇ ਸੈਨਿਕਾਂ ਦੀ ਤਨਖਾਹ ਲਾਹੌਰ ਦੇ ਖਜ਼ਾਨੇ ਵਿਚੋਂ ਆਉਂਦੀ ਸੀ। 'ਈਨਾਮ ਲੈਂਡ' ਹੈਦਰਾਬਾਦ ਤੋਂ ਕੋਈ ਅੱਠ ਕੁ ਕਿਲੋਮੀਟਰ ਦੂਰ ਸੀ ਪਰ ਹੁਣ ਇਹ ਸ਼ਹਿਰ ਦਾ ਹਿੱਸਾ ਬਣ ਗਿਆ ਹੈ।

## ਸਿਕਲੀਗਰ ਤੇ ਵਣਜਾਰੇ ਸਿੱਖ

ਗੁਰੂ ਗੋਬਿੰਦ ਸਿੰਘ ਦੇ ਦੱਖਣ ਵੱਲ ਆਉਣ ਸਮੇਂ ਰਾਜਪੂਤਾਨੇ ਦੇ ਸਿਕਲੀਗਰ ਵੀ ਉਨ੍ਹਾਂ ਦੇ ਜਥੇ ਨਾਲ ਚੱਲ ਪਏ ਜੋ ਸਿੱਖੀ ਸਰੂਪ ਵਿਚ ਵਿਚਰਨ ਲੱਗੇ। ਇਥੇ ਉਹ ਹਥਿਆਰਾਂ ਨੂੰ ਸਿਕਲ (ਪਾਲਸ਼) ਕਰਨ ਦਾ ਕੰਮ ਕਰਦੇ ਸਨ। ਇਸ ਦੇ ਨਾਲ ਹੀ ਉਨ੍ਹਾਂ ਨੇ ਚਾਕੂ, ਛੁਰੀਆਂ ਤੇ ਤਲਵਾਰਾਂ ਬਣਾਉਣ ਦਾ ਕੰਮ ਵੀ ਕੀਤਾ। ਨਾਂਦੇੜ ਤੋਂ ਇਹ ਦੱਖਣ ਦੇ ਹੋਰ ਇਲਾਕਿਆਂ ਵਿਚ ਖਿੰਡ ਗਏ। ਕਈ ਸਿਕਲੀਗਰਾਂ ਨੇ ਹੁਣ ਵੀ ਆਪਣਾ ਜੱਦੀ ਕਿੱਤਾ ਅਪਨਾਇਆ ਹੋਇਆ ਹੈ। ਹੁਣ ਨਿਜ਼ਾਮਾਬਾਦ ਦੇ ਮੰਨਾ ਸਿੰਘ ਦੀ ਕਹਾਣੀ ਇਸ ਭਾਈਚਾਰੇ ਦੇ ਜ਼ਿਆਦਾਤਰ ਲੋਕਾਂ ਨਾਲ ਮਿਲਦੀ-ਜੁਲਦੀ ਹੈ। ਇਹ ਬਜ਼ੁਰਗ ਕਿਰਾਏ ਦੇ ਮੋਟਰਸਾਈਕਲ 'ਤੇ ਨੇੜਲੇ ਪਿੰਡਾਂ ਤੇ ਕਸਬਿਆਂ ਵਿਚ ਫੇਰੀ ਲਾਉਂਦਾ ਹੈ ਅਤੇ ਰਾਤ ਨੂੰ ਉਥੇ ਹੀ ਰਹਿ ਜਾਂਦਾ ਹੈ। ਉਹ ਆਪਣੇ ਪਰਿਵਾਰ ਸਮੇਤ ਹਫਤਾਵਾਰੀ ਸਬਜ਼ੀ ਮੰਡੀ ਵਾਲੀ ਥਾਂ ਪੰਚਾਇਤੀ ਜ਼ਮੀਨ ਵਿਚ ਬਣਾਈ ਕੁੱਲੀ ਵਿਚ ਰਹਿੰਦਾ ਹੈ। ਦੋ ਮੰਜਿਆਂ ਉਤੇ ਘਰ ਦਾ ਸਾਮਾਨ ਪਿਆ ਹੈ। ਰਾਤ ਨੂੰ ਪਰਿਵਾਰ ਦੇ ਸੌਣ ਵੇਲੇ ਸਾਮਾਨ ਮੰਜਿਆਂ ਤੋਂ ਹੇਠਾਂ ਉਤਾਰਨਾ ਪੈਂਦਾ ਹੈ। ਉਸ ਦੀ ਪਤਨੀ, ਪੁੱਤਰ-ਨੂੰਹ ਅਤੇ ਇਕ ਕੁਆਰੇ ਪੁੱਤਰ ਦੇ ਨਾਲ-ਨਾਲ ਦੋ ਮੁਰਗੀਆਂ ਅਤੇ ਇਕ ਕੁੱਤਾ ਵੀ ਉਸ ਦੇ ਪਰਿਵਾਰ ਵਿਚ ਸ਼ਾਮਲ ਹਨ।... ਵਣਜਾਰੇ ਸਿੱਖ ਰਵਾਇਤੀ ਤੌਰ 'ਤੇ ਲੂਣ ਦੇ ਵਪਾਰੀ ਸਨ। ਇਹ ਘੁਮੱਕੜ ਭਾਈਚਾਰਾ ਪੂਰੇ ਦੇਸ਼ ਵਿਚ ਫੈਲਿਆ ਹੋਇਆ ਹੈ। ਗੁਰੂ ਲਾਧੋ ਰੇ ਦਾ ਹੋਕਾ ਦੇਣ ਵਾਲੇ ਭਾਈ ਮੱਖਣ ਸ਼ਾਹ ਲੁਬਾਣਾ ਅਤੇ ਦਿੱਲੀ ਵਿਚ ਸ਼ਹਾਦਤ ਮਗਰੋਂ ਨੌਵੇਂ ਪਾਤਸ਼ਾਹ ਦੇ ਧੜ ਦਾ ਸਸਕਾਰ ਕਰਨ ਵਾਲੇ ਭਾਈ ਲੱਖੀ ਸ਼ਾਹ ਵਣਜਾਰਾ ਦੀ ਸਿੱਖੀ ਸੇਵਕੀ ਬਾਰੇ ਸਾਰੇ ਭਲੀਭਾਂਤ ਜਾਣਦੇ ਹਨ। ਇਹ ਵੀ ਸੰਭਵ ਹੈ ਕਿ ਵਣਜਾਰੇ ਵੀ ਦਸਮ ਪਾਤਸ਼ਾਹ ਦੇ ਕਾਫਲੇ ਨਾਲ ਭੋਜਨ ਅਤੇ ਗੋਲੀ-ਸਿੱਕਾ ਚੁੱਕਣ ਲਈ ਗਏ। ਨਾਂਦੇੜ ਅਤੇ ਬਿਦਰ ਦੇ ਨੇੜਲੇ ਇਲਾਕਿਆਂ ਵਿਚ ਰਹਿੰਦੇ ਹਿੰਦੂ ਵਣਜਾਰੇ ਵੀ ਗੁਰਬਾਣੀ ਦੇ ਪਾਠ ਅਤੇ ਕੀਰਤਨ ਦੀ ਰਸਮੀ ਸਿੱਖਿਆ ਹਾਸਲ ਕਰਕੇ ਸਿੱਖੀ ਨਾਲ ਜੁੜ ਰਹੇ ਹਨ। ਸ੍ਰੀ ਹਜ਼ੂਰ ਸਾਹਿਬ ਦੇ ਸੱਤ ਰਾਗੀ ਜਥਿਆਂ ਵਿਚੋਂ ਚਾਰ ਇਨ੍ਹਾਂ ਨਾਲ ਸਬੰਧਿਤ ਹਨ। ***-ਇਤਿਹਾਸਕਾਰ ਬੀਰਇੰਦਰ ਪਾਲ ਸਿੰਘ***

# ਤਾਈ ਚਿੰਤੀ

**ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਹ ਸ਼ਬਦਾਂ ਦੀ ਅਜਿਹੀ ਜੁਗਤ ਬੰਨਦੇ ਹਨ ਕਿ ਪਾਠਕ ਦੇ ਮੂੰਹੋਂ ਸੁਤੇ ਸਿਧ ਨਿਕਲ ਜਾਂਦਾ ਹੈ, ਕਿਆ ਬਾਤ ਹੈ! ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ। ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਘਰ ਦੇ ਮੋਹ ਅਤੇ ਇਸ ਤੋਂ ਵਿਛੋੜੇ ਕਾਰਨ ਪੈਦਾ ਹੋਈ ਉਦਾਸੀ ਨੂੰ ਚਿਤਰਦਿਆਂ ਕਿਹਾ ਸੀ, "ਅੰਬਰੀ ਸੁਪਨਿਆਂ ਦੀ ਪੂਰਨਤਾ ਲਈ ਉਚੀਆਂ ਉਡਾਣਾਂ ਭਰਨ ਵਾਸਤੇ ਘਰਾਂ ਵਿਚੋਂ ਬਾਹਰ ਨੂੰ ਤੁਰੇ ਪੈਰਾਂ ਦਾ ਸਦਾ ਲਈ ਘਰਾਂ ਨੂੰ ਪਰਤਣਾ ਤਾਂ ਮੁਸ਼ਕਿਲ, ਪਰ ਕਦੇ-ਕਦਾਈਂ ਘਰਾਂ ਨੂੰ ਪਰਤੀਏ, ਉਨ੍ਹਾਂ ਦੀ ਉਦਾਸੀ ਨੂੰ ਘਟਾਈਏ। ਵਿਹੜੇ ਨੂੰ ਘੁੱਗ ਵੱਸਣ ਦਾ ਮੌਕਾ ਬਖਸ਼ੀਏ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਪੰਜਾਬ ਦੇ ਪੇਂਡੂ ਸਭਿਆਚਾਰ ਦੀ ਸਾਂਝ ਬਿਆਨੀ ਹੈ, ਜਦੋਂ ਜਿਮੀਂਦਾਰਾਂ ਦੇ ਕੰਮੀਆਂ ਕਾਰੀਆਂ ਵਿਚ ਇਕ ਖਾਸ ਸਾਂਝ ਹੁੰਦੀ ਸੀ ਅਤੇ ਅਮੀਰ-ਗਰੀਬ ਦਾ ਪਾੜਾ ਵੀ ਪਿਛੇ ਰਹਿ ਜਾਂਦਾ ਸੀ। ਅੱਜ ਜਦੋਂ ਅਮੀਰ-ਗਰੀਬ ਦਾ ਪਾੜਾ ਵਧ ਚੁਕਾ ਹੈ ਅਤੇ ਉਹ ਸਾਂਝ ਬੀਤੇ ਦੀਆਂ ਗੱਲਾਂ ਹੋ ਗਈਆਂ ਹਨ, ਤਾਂ ਡਾ. ਭੰਡਾਲ ਉਨ੍ਹਾਂ ਸਮਿਆਂ ਪ੍ਰਤੀ ਹੇਰਵਾ ਪ੍ਰਗਟਾਉਂਦੇ ਹਨ, "ਕੇਹਾ ਇਤਫਾਕ ਹੈ ਕਿ ਆਪਣੇ ਕੰਮੀਆਂ ਨੂੰ ਆਪਣਾ ਸਮਝਣ ਵਾਲੇ ਬਜੁਰਗਾਂ ਦੀ ਔਲਾਦ ਲਾਗੀਆਂ ਤੋਂ ਮੂੰਹ ਫੇਰਨ ਵਿਚ ਵਡਿਆਈ ਸਮਝਣ ਲੱਗ ਪਈ ਹੈ। ਤਾਹੀਉਂ ਤਾਂ ਅੱਜ ਕੱਲ ਵੱਡੇ ਵੱਡੇ ਘਰਾਂ ਵਿਚ ਬੌਣੇ ਲੋਕ ਰਹਿੰਦੇ ਨੇ। ਇਹ ਬੌਣੀਆਂ ਸੋਚਾਂ ਹੀ ਮਨੁੱਖ ਦੀ ਸਭ ਤੋਂ ਵੱਡੀ ਤ੍ਰਾਸਦੀ।" -ਸੰਪਾਦਕ**

## ਯਾਦ-ਜੂਹੇ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਬੀਤੇ ਦੀਆਂ ਪਰਤਾਂ ਫਰੋਲਦਿਆਂ ਮਨ ਦੀ ਜੂਹੇ ਮਾਂ ਜਿਹੀ ਤਾਈ ਚਿੰਤੀ ਅਕਸਰ ਹੀ ਦਸਤਕ ਦੇ ਜਾਂਦੀ ਏ। ਤਾਈ ਚਿੰਤੀ ਘਰ ਦਾ ਗੋਹਾ ਕੂੜਾ ਕਰਦੀ ਸੀ। ਮਾਂ ਦੀ ਹਮ-ਉਮਰ ਅਤੇ ਹਮਰਾਜ਼। ਭੈਣਾਂ ਵਾਂਗ ਬੈਠ ਕੇ ਗੱਲਾਂ ਕਰਦੀਆਂ, ਪਰਿਵਾਰਕ ਜਿੰਮੇਵਾਰੀਆਂ ਅਤੇ ਫਰਜ਼ਾਂ ਨੂੰ ਪੂਰਨ ਤਨਦੇਹੀ ਨਾਲ ਨੇਪਰੇ ਚਾੜ੍ਹਦੀਆਂ, ਇਕ ਮੋਹ ਭਿੱਜੇ ਰਿਸ਼ਤੇ ਦਾ ਸੁੱਚਾ ਨਾਮਕਰਨ। ਜਾਤੀ ਵਖਰੇਵਿਆਂ ਬਾਰੇ ਘਰ ਵਿਚ ਕੋਈ ਵੀ ਗੱਲ ਨਹੀਂ ਸੀ ਹੁੰਦੀ। ਉਹ ਆਪਣੇ ਲਾਣੇਦਾਰ ਦੇ ਘਰ ਨੂੰ ਆਪਣਾ ਘਰ ਅਤੇ ਸਾਨੂੰ ਬੱਚਿਆਂ ਨੂੰ ਆਪਣੇ ਬੱਚੇ ਸਮਝ, ਘੂਰਦੀ ਵੀ ਅਤੇ ਪਲੋਸ ਵੀ ਸਕਦੀ ਸੀ।

ਦਰਅਸਲ ਪਿੰਡ ਵੱਖ-ਵੱਖ ਭਾਈਚਾਰਿਆਂ ਦਾ ਗੁਲਦਸਤਾ, ਵੱਖ ਵੱਖ ਕਿੱਤਿਆਂ ਅਤੇ ਵੱਖ ਵੱਖ ਜਾਤਾਂ ਦਾ, ਪਿੰਡ ਨੂੰ ਸਿਰਜਣ ਵਿਚ ਅਹਿਮ ਯੋਗਦਾਨ। ਪਿੰਡ ਦੇ ਮੋਢੀਆਂ ਦਾ ਪਲੇਠਾ ਕਦਮ ਵੱਖ-ਵੱਖ ਕਿਤਿਆਂ ਦੇ ਮਾਹਰਾਂ ਨੂੰ ਆਪਣੇ ਪਿੰਡ ਵਸਾਉਣਾ ਸੀ ਤਾਂ ਕਿ ਪਿੰਡ ਵਿਚ ਰਹਿੰਦੇ ਹਰ ਸ਼ਖਸ ਦੀਆਂ ਲੋੜਾਂ ਨੂੰ ਪਿੰਡ ਵਿਚ ਪੂਰਿਆਂ ਕੀਤਾ ਜਾ ਸਕੇ। ਇਕ ਦੂਜੇ 'ਤੇ ਨਿਰਭਰਤਾ ਪਿੰਡ ਦਾ ਖਾਸਾ ਅਤੇ ਪਿੰਡ ਦੀ ਸਰਬਪੱਖੀ ਤਰੱਕੀ ਲਈ ਹਰ ਭਾਈਚਾਰੇ ਦਾ ਅਹਿਮ ਯੋਗਦਾਨ ਅਤੇ ਹਰ ਇਕ ਨੂੰ ਮਿਲਦੀ ਪ੍ਰਭਾਵੀ ਪਛਾਣ।

ਘਰ ਵਿਚ ਡੰਗਰਾਂ ਦਾ ਗੋਹਾ ਕੂੜਾ ਕਰਨ ਲਈ ਮਜਹਬੀ ਪਰਿਵਾਰ ਦੀਆਂ ਔਰਤਾਂ ਜਿਮੀਂਦਾਰਾਂ ਦੇ ਘਰਾਂ ਵਿਚ ਅਕਸਰ ਹੀ ਕੰਮ ਕਰਦੀਆਂ ਸਨ। ਆਪਣੇ ਪਰਿਵਾਰ ਨੂੰ ਪਾਲਦੀਆਂ, ਆਪਣੇ ਪਾਲਕ ਦਾ ਸ਼ੁਕਰਗੁਜਾਰ ਹੁੰਦੀਆਂ, ਹਰੇਕ ਦੀ ਤਰੱਕੀ ਦੀ ਅਰਦਾਸ ਵੀ ਕਰਦੀਆਂ ਸਨ। 'ਬਾਹੇਗੁਰੂ ਤੁਹਾਨੂੰ ਬਾਹਲਾ ਦੇਵੇ' ਅਕਸਰ ਹੀ ਉਨ੍ਹਾਂ ਦੀ ਜੁਬਾਨ 'ਤੇ ਤਾਰੀ ਰਹਿੰਦਾ ਸੀ।

ਘਰ ਵਿਚ ਪਸ਼ੂਆਂ ਦੀ ਗਿਣਤੀ ਅਤੇ ਹਵੇਲੀ ਦੀ ਰੂੜੀਆਂ ਤੋਂ ਦੂਰੀ ਦੇ ਹਿਸਾਬ ਨਾਲ ਸੇਪੀ ਕੀਤੀ ਜਾਂਦੀ ਸੀ ਅਤੇ ਛੇ ਮਹੀਨਿਆਂ ਬਾਅਦ ਕਣਕ/ਮੱਕੀ/ਕਪਾਹ ਆਦਿ ਲੈ ਲਏ ਜਾਂਦੇ ਸਨ ਭਾਵੇਂ ਕਿ ਘਰ ਵਿਚ ਲੋੜ ਪੈਣ 'ਤੇ ਕਿਸੇ ਵੇਲੇ ਵੀ ਲੋੜ ਪੂਰੀ ਕਰਨ ਲਈ ਜਿਮੀਂਦਾਰ ਹਾਜਰ ਰਹਿੰਦਾ ਸੀ।

ਸਿਰ ਦੇ ਸਾਈਂ ਦੇ ਚੜ੍ਹਦੀ ਉਮਰੇ ਤੁਰ ਜਾਣ ਤੋਂ ਬਾਅਦ, ਤਾਈ ਚਿੰਤੀ ਨੇ ਆਪਣੇ ਦੋ ਪੁੱਤਰਾਂ ਅਤੇ ਤਿੰਨ ਧੀਆਂ ਦੀ ਵੱਡੀ ਕਬੀਲਦਾਰੀ ਨੂੰ ਜਿਸ ਮਿਹਨਤ ਅਤੇ ਪੂਰਨ ਸਮਰਪਣ ਨਾਲ ਪਾਲਦਿਆਂ ਆਪਣੀਆਂ ਜਿੰਮੇਵਾਰੀਆਂ ਨਿਭਾਈਆਂ, ਇਹ ਉਸ ਦੀ ਸਿਆਣਪ, ਹਰੇਕ ਦੇ ਕੰਮ ਆਉਣ ਤੇ ਹਰੇਕ ਤੋਂ ਕੰਮ ਲੈਣ ਦੀ ਜੁਗਤ ਅਤੇ ਆਪਣਾ ਬਣਾਉਣ ਦੇ ਹੁਨਰ ਸਦਕਾ ਹੀ ਸੰਭਵ ਸੀ।

ਤਾਈ ਚਿੰਤੀ ਮੇਰੇ ਲਈ ਮਾਂਵਾਂ ਵਰਗੀ ਸੀ ਅਤੇ ਮੇਰੇ ਕਲਾਸ ਵਿਚ ਪਾਸ ਹੋਣ 'ਤੇ ਮੇਰੀ ਮਾਤਾ ਪ੍ਰੀਤੋ ਕੋਲੋਂ ਦਾਈਏ ਨਾਲ ਵਧਾਈ ਲੈਂਦੀ ਸੀ। ਮੇਰੇ ਵਿਆਹ ਵੇਲੇ ਉਹ ਸਾਰੀਆਂ ਸਮਾਜਿਕ ਰਸਮਾਂ ਵਿਚ ਭਾਈਵਾਲ ਸੀ ਅਤੇ ਉਸ ਨੇ ਵਿਆਹ ਪਿਛੋਂ ਸਾਨੂੰ ਉਚੇਚੇ ਤੌਰ 'ਤੇ ਆਪਣੇ ਘਰ ਸੱਦਿਆ ਸੀ। ਅੱਜ ਵੀ ਚੇਤਿਆਂ ਵਿਚ ਤਾਜਾ ਹੈ, ਤਾਈ ਚਿੰਤੀ ਦੇ ਘਰ ਜਾਣਾ, ਮੰਜੀ 'ਤੇ ਵਿਛਾਈ ਘੁੱਗੀਆਂ ਅਤੇ ਮੋਰਾਂ ਵਾਲੀ ਦਰੀ 'ਤੇ ਬਹਿ ਕੇ ਨਿੱਕੀਆਂ ਨਿੱਕੀਆਂ ਗੱਲਾਂ ਕਰਦਿਆਂ, ਪਿੱਤਲ ਦੇ ਗਲਾਸਾਂ ਵਿਚ ਚਾਹ ਪੀਣਾ ਅਤੇ ਮੇਰੇ ਬਚਪਨੇ ਤੋਂ ਲੈ ਕੇ ਸਾਰੇ ਜੀਵਨ ਸਫਰ ਨੂੰ ਨਵਵਿਆਹੀ ਪਤਨੀ ਸੰਗ ਸਾਂਝੀ ਕਰਦਿਆਂ, ਘਰ ਦੀ ਪਲੇਠੀ ਨੂੰਹ ਨਾਲ ਅਪਣੱਤ ਤੇ ਮੋਹ ਦਾ ਰਿਸ਼ਤਾ ਜੋੜਨਾ। ਦਰਅਸਲ ਸਦੀਵੀ ਸਬੰਧ, ਸੁੱਚੀ ਸੋਚ, ਸਦਭਾਵਨਾ, ਸਮਰਪਣ ਅਤੇ ਸਦ-ਰੂਪਤਾ ਨਾਲ ਹੀ ਬਣਦੇ ਨੇ ਅਤੇ ਇਨ੍ਹਾਂ ਨੂੰ ਨਿਭਾਉਣ ਲਈ ਉਮਰਾਂ ਲੱਗ ਜਾਂਦੀਆਂ ਨੇ।

ਪਿੰਡ ਵਿਚਲੇ ਘਰ ਦੀ ਇਕ ਨੁਕਰੇ ਡੰਗਰਾਂ ਦੇ ਢਾਰੇ ਵਿਚ ਬਰਸਾਤਾਂ ਵਿਚ ਗੋਹੇ ਕੂੜੇ ਦੇ ਚੋਂਦੇ ਟੋਕਰੇ, ਪਸ਼ੂਆਂ ਦੇ ਪੈਰਾਂ ਨਾਲ ਪਏ ਖਾਂਚੇ ਅਤੇ ਸਾਉਣ ਦੀ ਝੜੀ ਕਾਰਨ ਭੁੱਖ ਨਾਲ ਵਿਲਕਦੇ ਪਸ਼ੂਆਂ ਦਾ ਦ੍ਰਿਸ਼ ਜਦ ਅੱਖਾਂ ਸਾਹਵੇਂ ਤੈਰਦਾ ਤਾਂ ਕਈ ਵਾਰ ਤਾਈ ਚਿੰਤੀ ਬੱਚਿਆਂ ਨਾਲ ਖਿਝਦੀ ਵੀ, "ਤੁਹਾਡੇ ਪਿਉ ਨੂੰ ਤਾਂ ਖੇਤੀ ਦੇ ਕੰਮਾਂ ਵਿਚੋਂ ਸਿਰ ਖੁਰਕਣ ਦੀ ਵਿਹਲ ਨਹੀਂ ਅਤੇ ਤੁਸੀਂ ਕੁੱਤਰੇ ਹੋਏ ਪੱਠੇ ਵੀ ਬੇਜ਼ੁਬਾਨਾਂ ਨੂੰ ਨਹੀਂ ਪਾ ਸਕਦੇ। ਫੇ ਪੜ੍ਹ ਲਿਓ। ਕਾਹਤੋਂ ਬੇਜ਼ੁਬਾਨਿਆਂ ਦਾ ਸਰਾਪ ਲੈਂਦੇ ਹੋ।"

ਘਰ ਦੇ ਬੱਚਿਆਂ ਅਤੇ ਡੰਗਰਾਂ ਦਾ ਧਿਆਨ ਰੱਖਣ ਵਾਲੀ ਤਾਈ ਚਿੰਤੀ ਦੇ ਮਨ ਦੀ ਪਾਕੀਜ਼ਗੀ ਹੀ ਸੀ ਕਿ ਉਸ ਦੇ ਬੱਚੇ ਭਾਵੇਂ ਪੜ੍ਹ ਨਾ ਸਕੇ ਪਰ ਸਾਨੂੰ ਪੜ੍ਹਦਿਆਂ ਨੂੰ ਦੇਖ ਕੇ ਉਹ ਬਹੁਤ ਖੁਸ਼ ਹੁੰਦੀ। ਉਸ ਨੇ ਕਹਿਣਾ, "ਪ੍ਰੀਤੋ! ਦੇਖੀਂ ਜਦ ਬਖਸ਼ੀ ਪੜ੍ਹ ਕੇ ਅਫਸਰ ਬਣ ਗਿਆ ਤਾਂ ਮੇਰਾ ਤੇਰੇ ਨਾਲੋਂ ਵੱਧ ਰੋਹਬ ਹੋਵੇਗਾ।" ਉਸ ਲਈ ਆਸਵੰਦ ਆਸਾਂ ਵਿਚੋਂ ਖੁਸ਼ੀਆਂ ਭਾਲਣਾ ਅਤੇ ਜੀਵਨ ਨੂੰ ਇਕ ਮਕਸਦ ਦੇਣਾ, ਉਸਾਰੂ ਬਿਰਤੀ ਦਾ ਨਿਰਲੇਪ ਰੂਪ ਸੀ।

ਸਾਡੇ ਭੈਣ-ਭਰਾਵਾਂ ਦੇ ਵਿਆਹਾਂ ਮੌਕੇ ਭੈਣ ਦੇ ਵਿਆਹ 'ਤੇ ਤਾਈ ਚਿੰਤੀ ਦਾ ਪੂਰਾ ਰੋਹਬ ਹੁੰਦਾ ਸੀ ਅਤੇ ਹਰ ਲਾਗ ਅਤੇ ਸ਼ਗਨ ਆਦਿ ਮਾਣ ਨਾਲ ਲੈਂਦੀ ਲੱਖ ਲੱਖ ਵਧਾਈਆਂ ਦਿੰਦੀ ਸੀ। ਵੈਸੇ ਵੀ ਸਭ ਇਹ ਭਲੀ ਭਾਂਤ ਜਾਣਦੇ ਹਨ ਕਿ ਲਾਗੀ, ਕਾਮੇ ਆਦਿ ਖੁਸ਼ ਰਹਿਣ ਤਾਂ ਪਿੰਡ ਅਤੇ ਭਾਈਚਾਰੇ ਵਿਚ ਬੱਲੇ ਬੱਲੇ ਅਤੇ ਜੇ ਇਹ ਨਾਰਾਜ਼ ਹੋ ਗਏ ਤਾਂ ਪਲ ਵੀ ਨਹੀਂ ਲਾਉਂਦੇ ਭਾਈਚਾਰੇ ਵਿਚ ਜਲੂਸ ਕੱਢਣ ਲੱਗਿਆਂ।



ਤਾਈ ਚਿੰਤੀ ਹੁਣ ਨਹੀਂ ਰਹੀ ਅਤੇ ਮੇਰੀ ਮਾਂ ਵੀ ਸੱਤ ਕੁ ਸਾਲ ਪਹਿਲਾਂ ਸਦਾ ਲਈ ਅੰਬਰ ਦਾ ਤਾਰਾ ਬਣ ਚੁਕੀ ਏ। ਪਰ ਉਨ੍ਹਾਂ ਦੀ ਸਾਂਝ ਦਾ ਦ੍ਰਿਸ਼ ਜਦ ਮਨ ਵਿਚ ਤਰਦਾ ਤਾਂ ਬੀਤੇ ਦੇ ਨਕਸ਼ ਮਨ-ਵਿਹੜੇ ਵਿਚ ਉਨ੍ਹਾਂ ਪਲਾਂ ਨੂੰ ਚਿਤਵ ਜਾਂਦੇ ਹਨ, ਜਦ ਆਪਸੀ ਸਾਂਝ, ਭਾਈਚਾਰਕ ਮੋਹ ਅਤੇ ਅਪਣੱਤ ਦੀ ਫਿਜ਼ਾ ਵਿਚ ਕਦੇ ਵੀ ਜਾਤਾਂ ਜਾਂ ਧਰਮਾਂ ਦੇ ਬਖੇੜੇ ਖੜੇ ਨਹੀਂ ਸਨ ਹੁੰਦੇ। ਹਰ ਇਕ ਲਈ ਅਦਬ ਅਤੇ ਸਤਿਕਾਰ ਜੀਵਨ ਦਾ ਮੂਲ ਮੰਤਰ ਹੁੰਦਾ ਸੀ ਅਤੇ ਉਹ ਇਸ ਮੂਲ ਮੰਤਰ ਵਿਚੋਂ ਹੀ ਜ਼ਿੰਦਗੀ ਦਾ ਸਰੂਪ ਚਿਤਵਦੇ ਸਨ।

ਤਾਈ ਚਿੰਤੀ ਦਾ ਵੱਡਾ ਮੁੰਡਾ ਪੁੱਲਾਂ 'ਤੇ ਜਾਣ ਕਾਰਨ, ਉਸ ਦਾ ਕੁਝ ਹੱਥ ਸੁਖਾਲਾ ਹੋ ਗਿਆ ਤਾਂ ਉਸ ਨੇ ਆਪਣੀਆਂ ਕੁੜੀਆਂ ਨੂੰ ਵੀ ਪੰਜਵੀਂ ਤੱਕ ਪੜ੍ਹਾਇਆ ਅਤੇ ਉਨ੍ਹਾਂ ਦੇ ਹਰ ਕਾਰਜ ਨੂੰ ਵਧੀਆ ਤਰੀਕੇ ਨਾਲ ਨਿਭਾਇਆ। ਪੰਜਾਬੀ ਭਾਈਚਾਰੇ ਦੀ ਕੇਹੀ ਵਿਲੱਖਣਤਾ ਏ ਕਿ ਆਪਣੇ ਕਾਮੇ ਜਾਂ ਲਾਗੀ ਦੇ ਹਰ ਕਾਰਜ ਵਿਚ ਪਿੰਡ ਦਾ ਹਰ ਸ਼ਖਸ ਬਰਾਬਰ ਦਾ ਭਾਈਵਾਲ ਹੁੰਦਾ ਸੀ ਅਤੇ ਆਪਣਾ ਹਿੱਸਾ ਜਰੂਰ ਪਾਉਂਦਾ ਸੀ। ਉਹ ਪੈਸਿਆਂ/ਸੂਟਾਂ/ਦਾਣਿਆਂ ਨਾਲ ਜਾਂ ਕਿਸੇ ਹੋਰ ਵਸਤ ਦੇ ਰੂਪ ਵਿਚ ਹੁੰਦਾ ਸੀ।

ਤਾਈ ਚਿੰਤੀ ਦਾ ਆਪਣੇ ਭਾਈਚਾਰੇ ਵਿਚ ਵੀ ਰਸੂਖ ਸੀ ਅਤੇ ਇਸ ਰਸੂਖ ਸਦਕਾ ਉਸ ਨੇ ਇਕ ਮਾਣਮੱਤੀ ਜ਼ਿੰਦਗੀ ਜੀਵੀ। ਘਰ ਵਿਚ ਰੱਖੇ ਲਵੇਰੇ ਲਈ ਖੇਤਾਂ ਵਿਚੋਂ ਘਾਹ ਲਿਆਉਣਾ ਜਾਂ ਚਾਰੇ ਦੀ ਪੰਡ ਮਾਲਕਾਂ ਦੇ ਖੇਤੋਂ ਲਿਆਉਣਾ, ਇਕ ਹੱਕ ਹੁੰਦਾ ਸੀ। ਕੋਈ ਕਿਰਸਾਨ ਕਦੇ ਵੀ ਆਪਣੇ ਕੰਮੀਆਂ ਨੂੰ ਖੇਤ ਵਿਚੋਂ ਕੋਈ ਵਸਤ ਲਿਆਉਣ, ਵੱਢਣ ਜਾਂ ਪੁੱਟਣ ਤੋਂ ਵਰਜਦਾ ਨਹੀਂ ਸੀ। ਉਸ ਸਮੇਂ ਦੇ ਕੰਮੀ ਲਾਲਚੀ ਨਹੀਂ ਸਨ। ਉਨ੍ਹਾਂ ਨੂੰ ਆਪਣੇ ਮਾਲਕ ਦੀ ਆਰਥਿਕ ਹਾਲਾਤ ਦਾ ਅਹਿਸਾਸ ਹੁੰਦਾ ਸੀ ਅਤੇ ਉਹ ਆਪਣੀ ਲੋੜ ਅਨੁਸਾਰ ਵੀ ਕੋਈ ਚੀਜ ਜੱਟਾਂ ਦੇ ਖੇਤ ਵਿਚੋਂ ਲਿਆਉਂਦੇ ਸਨ। ਉਹ ਸਮਝਦੇ ਸਨ ਕਿ ਇਨ੍ਹਾਂ ਫਸਲਾਂ ਕਾਰਨ ਹੀ ਜਿਮੀਂਦਾਰ ਅਤੇ ਉਸ ਦੇ ਪਰਿਵਾਰ ਦੀ ਹੋਂਦ ਹੈ ਅਤੇ ਉਨ੍ਹਾਂ ਦੀ ਹੋਂਦ ਨਾਲ ਹੀ ਹਰ ਕੰਮੀ ਦੀ ਹੋਂਦ ਜੁੜੀ ਹੋਈ ਸੀ। ਆਪਸੀ ਨਿਰਭਰਤਾ ਸਦਕਾ ਹੀ ਰਿਸ਼ਤੇ ਵਿਚ ਮੋਹ ਦਾ ਚਿਰਾਗ ਜਗਦਾ ਸੀ, ਜਿਸ ਦੇ ਚਾਨਣ ਵਿਚ ਪਿੰਡ ਦੀ ਹਰ ਨੁੱਕਰ ਅਤੇ ਜੂਹ ਰੁਸ਼ਨਾਉਂਦੀ ਸੀ ਅਤੇ ਨਿੱਘ ਕਾਰਨ ਮਘਦੀ ਧੂਣੀ ਦਾ ਅਹਿਸਾਸ ਹਰੇਕ ਪਿੰਡ ਵਾਸੀ ਨੂੰ ਮਜੀਠੀ ਰੰਗਤ ਬਖਸ਼ਦਾ ਸੀ।

ਤਾਈ ਚਿੰਤੀ ਬਹੁਤ ਬੇਬਾਕ ਸੀ। ਉਹ ਮੇਰੀ ਮਾਂ ਨੂੰ ਮੂੰਹ 'ਤੇ ਟੋਕ ਸਕਦੀ ਸੀ, ਕੁਝ ਗਲਤ ਕਰਨ/ਕਹਿਣ ਤੋਂ ਰੋਕ ਸਕਦੀ ਅਤੇ ਉਸ ਦੀਆਂ ਕਮੀਆਂ ਨੂੰ ਉਸ ਦੇ ਹੀ ਸਾਹਮਣੇ ਫਰੋਲ ਸਕਦੀ ਸੀ। ਮਾਂ ਦਾ ਸਬਰ, ਤਾਈ ਚਿੰਤੀ ਦੇ ਬੋਲ ਪੁਗਾਉਂਦਾ, ਉਸ 'ਤੇ ਫੁੱਲ ਚੜ੍ਹਾਉਂਦਾ, ਆਪਣੇ ਅੰਤਰੀਵ ਵਿਚ ਝਾਤੀ ਮਾਰਨ ਲਈ ਪ੍ਰੇਰਦਾ ਅਤੇ ਉਹ ਆਪਣੇ ਵਿਚੋਂ ਚੰਗੇਰੀ ਮਾਂ ਦੇ ਨਿਰਮਾਣ ਵਿਚ ਰੁੱਝ ਜਾਂਦੀ। ਕੇਹਾ ਇਤਫਾਕ ਹੈ ਕਿ ਆਪਣੇ ਕੰਮੀਆਂ ਨੂੰ ਆਪਣਾ ਸਮਝਣ ਵਾਲੇ ਬਜੁਰਗਾਂ ਦੀ ਔਲਾਦ ਲਾਗੀਆਂ ਤੋਂ ਮੂੰਹ ਫੇਰਨ ਵਿਚ ਵਡਿਆਈ ਸਮਝਣ ਲੱਗ ਪਈ ਹੈ। ਤਾਹੀਉਂ ਤਾਂ ਅੱਜ ਕੱਲ ਵੱਡੇ ਵੱਡੇ ਘਰਾਂ ਵਿਚ ਬੌਣੇ ਲੋਕ ਰਹਿੰਦੇ ਨੇ। ਇਹ ਬੌਣੀਆਂ ਸੋਚਾਂ ਹੀ ਮਨੁੱਖ ਦੀ ਸਭ ਤੋਂ ਵੱਡੀ ਤ੍ਰਾਸਦੀ।

ਸੁੱਖ ਸਹੂਲਤਾਂ ਮਾਣ ਰਹੇ ਮੌਜੂਦਾ ਮਨੁੱਖ ਲਈ ਕੰਮੀਆਂ, ਲਾਗੀਆਂ ਅਤੇ ਖੇਤੀ ਨਾਲ ਸਬੰਧਤ ਫੁੱਟਕਲ ਕੰਮ ਕਰਨ ਵਾਲਿਆਂ ਵਾਸਤੇ ਮਨ ਵਿਚ ਕੋਈ ਥਾਂ ਨਹੀਂ ਅਤੇ ਉਹ ਅਜਿਹੇ ਸਬੰਧਾਂ ਨੂੰ ਫਾਲਤੂ ਬੋਝ ਸਮਝ ਛੁਟਿਆ ਰਹੇ ਹਨ। ਪਿੰਡ ਕੋਠੀਆਂ ਜਾਂ ਮਹੱਲਾਂ ਵਰਗੇ ਘਰਾਂ ਦਾ ਨਾਮ ਨਹੀਂ ਜਿਨ੍ਹਾਂ ਦੇ ਬੰਨੇਰਿਆਂ 'ਤੇ ਕਬੂਤਰਾਂ ਦੀਆਂ ਬਿੱਠਾਂ ਹੋਣ। ਸਗੋਂ ਪਿੰਡ ਜਿਉਂਦੀ ਜਾਗਦੀ ਧੜਕਣ ਦਾ ਨਾਮ ਹੈ ਜਿਸ ਵਿਚ ਹਰ ਜਾਤ ਅਤੇ ਕਿੱਤੇ ਨਾਲ ਸਬੰਧਤ ਮਨੁੱਖ ਆਪਣੀ ਕਿਰਤ ਕਮਾਈ ਵਿਚੋਂ ਹਰ ਸਾਹ ਨੂੰ ਪਵਿੱਤਰ ਕਰਦਾ, ਪਿੰਡ ਦੀ ਸਮੁੱਚੀ ਫਿਜ਼ਾ ਨੂੰ ਪਾਕ ਕਰਦਾ ਏ।

ਤਾਈ ਚਿੰਤੀ ਲਈ ਮਨ ਵਿਚ ਪੈਦਾ ਹੋਇਆ ਸਤਿਕਾਰ ਅਤੇ ਅਦਬ, ਜਿਉਣ ਦਾ ਸਾਹ ਬਣ ਕੇ ਮੇਰੇ ਸਾਹਾਂ ਨੂੰ ਧੜਕਣ ਦਿੰਦਾ ਏ। ਬਹੁਤ ਚੰਗਾ ਲੱਗਦਾ ਏ, ਮਹਿਕਦੇ ਸਾਹ ਵਰਗੇ ਉਨ੍ਹਾਂ ਫਰਿਸ਼ਤਿਆਂ ਜਿਹੇ ਲੋਕਾਂ ਨੂੰ ਯਾਦ ਕਰਨਾ ਅਤੇ ਉਨ੍ਹਾਂ ਦੀ ਯਾਦ ਬੰਦਗੀ ਵਿਚ ਲੀਨ ਹੋਣਾ। ਬੀਤੇ ਨੂੰ ਯਾਦ ਰੱਖਣਾ ਅਤੇ ਉਨ੍ਹਾਂ ਰਾਹੀਂ ਆਪਣੀ ਜ਼ਿੰਦਗੀ ਦੇ ਮਸਤਕ ਨੂੰ ਰੁਸ਼ਨਾਉਣ ਦਾ ਧੰਨਭਾਗ ਵਿਰਲਿਆਂ ਦਾ ਹੁੰਦਾ ਅਤੇ ਉਨ੍ਹਾਂ ਵਿਰਲਿਆਂ ਵਿਚੋਂ ਤੁਸੀਂ ਕਿਥੇ ਕੁ ਹੋ, ਹਰ ਪੰਜਾਬੀ ਨੂੰ ਆਪਣੇ ਕੋਲੋਂ ਜਰੂਰ ਪੁੱਛਣਾ ਚਾਹੀਦਾ ਏ।

ਪਿੰਡ ਸਦਾ ਸਲਾਮਤ ਰਹੇਗਾ ਕਿਉਂਕਿ ਤਾਈ ਚਿੰਤੀ ਵਰਗੀਆਂ ਰੂਹਾਂ ਦੀ ਦਰਵੇਸ਼ੀ, ਆਪਣੇ ਸੁਪਨਿਆਂ ਦੀ ਪੂਰਨਤਾ ਨੂੰ ਪਿੰਡ ਦੇ ਜੁਆਕਾਂ ਵਿਚੋਂ ਕਿਆਸਦੀ, ਪਿੰਡ ਦੀ ਸਰਬ ਸੁਖਨਤਾ ਅਤੇ ਸਰਬੱਤ ਦੇ ਭਲੇ ਦਾ ਮਾਨਵੀ ਸਤੰਬ ਸੀ।

ਤਾਈ ਚਿੰਤੀ ਦੀ ਯਾਦ ਨੂੰ ਪਿੰਡ ਦੀ ਜੂਹ ਵਿਚੋਂ ਫੜ੍ਹਨਾ ਅਤੇ ਉਸ ਨਾਲ ਮੂਕ-ਸੰਵਾਦ ਮੈਨੂੰ ਬੀਤੇ ਪਲਾਂ ਦਾ ਦਰਸ਼ਨ-ਦੀਦਾਰ ਕਰਵਾ ਦਿੰਦਾ ਏ। ਇਹ ਪਿੱਤਰੀ ਮੋਹ ਦਾ ਸੁੱਚਾ ਸਬੱਬ ਵੀ ਹੈ।

**ਸਾਡੇ ਭੈਣ-ਭਰਾਵਾਂ ਦੇ ਵਿਆਹਾਂ ਮੌਕੇ ਭੈਣ ਦੇ ਵਿਆਹ 'ਤੇ ਤਾਈ ਚਿੰਤੀ ਦਾ ਪੂਰਾ ਰੋਹਬ ਹੁੰਦਾ ਸੀ ਅਤੇ ਹਰ ਲਾਗ ਅਤੇ ਸ਼ਗਨ ਆਦਿ ਮਾਣ ਨਾਲ ਲੈਂਦੀ ਲੱਖ ਲੱਖ ਵਧਾਈਆਂ ਦਿੰਦੀ ਸੀ। ਵੈਸੇ ਵੀ ਸਭ ਇਹ ਭਲੀ ਭਾਂਤ ਜਾਣਦੇ ਹਨ ਕਿ ਲਾਗੀ, ਕਾਮੇ ਆਦਿ ਖੁਸ਼ ਰਹਿਣ ਤਾਂ ਪਿੰਡ ਅਤੇ ਭਾਈਚਾਰੇ ਵਿਚ ਬੱਲੇ ਬੱਲੇ ਅਤੇ ਜੇ ਇਹ ਨਾਰਾਜ਼ ਹੋ ਗਏ ਤਾਂ ਪਲ ਵੀ ਨਹੀਂ ਲਾਉਂਦੇ ਭਾਈਚਾਰੇ ਵਿਚ ਜਲੂਸ ਕੱਢਣ ਲੱਗਿਆਂ।**

**ਤਾਈ ਚਿੰਤੀ ਹੁਣ ਨਹੀਂ ਰਹੀ ਅਤੇ ਮੇਰੀ ਮਾਂ ਵੀ ਸੱਤ ਕੁ ਸਾਲ ਪਹਿਲਾਂ ਸਦਾ ਲਈ ਅੰਬਰ ਦਾ ਤਾਰਾ ਬਣ ਚੁਕੀ ਏ। ਪਰ ਉਨ੍ਹਾਂ ਦੀ ਸਾਂਝ ਦਾ ਦ੍ਰਿਸ਼ ਜਦ ਮਨ ਵਿਚ ਤਰਦਾ ਤਾਂ ਬੀਤੇ ਦੇ ਨਕਸ਼ ਮਨ-ਵਿਹੜੇ ਵਿਚ ਉਨ੍ਹਾਂ ਪਲਾਂ ਨੂੰ ਚਿਤਵ ਜਾਂਦੇ ਹਨ, ਜਦ ਆਪਸੀ ਸਾਂਝ, ਭਾਈਚਾਰਕ ਮੋਹ ਅਤੇ ਅਪਣੱਤ ਦੀ ਫਿਜ਼ਾ ਵਿਚ ਕਦੇ ਵੀ ਜਾਤਾਂ ਜਾਂ ਧਰਮਾਂ ਦੇ ਬਖੇੜੇ ਖੜੇ ਨਹੀਂ ਸਨ ਹੁੰਦੇ। ਹਰ ਇਕ ਲਈ ਅਦਬ ਅਤੇ ਸਤਿਕਾਰ ਜੀਵਨ ਦਾ ਮੂਲ ਮੰਤਰ ਹੁੰਦਾ ਸੀ ਅਤੇ ਉਹ ਇਸ ਮੂਲ ਮੰਤਰ ਵਿਚੋਂ ਹੀ ਜ਼ਿੰਦਗੀ ਦਾ ਸਰੂਪ ਚਿਤਵਦੇ ਸਨ।**

ਹੁਣ ਵੀ ਪਿੰਡ ਜਾਵਾਂ ਤਾਂ ਤਾਈ ਚਿੰਤੀ ਦੇ ਪਰਿਵਾਰ ਬਾਰੇ ਜਰੂਰ ਪੁੱਛਦਾ ਹਾਂ ਅਤੇ ਉਸ ਦੇ ਵਡੇਰੇ ਪਰਿਵਾਰ ਵਿਚੋਂ ਤਾਈ ਚਿੰਤੀ ਦੇ ਨਕਸ਼ ਨਿਹਾਰਦਾ ਹਾਂ ਕਿਉਂਕਿ ਮੇਰੀ ਮਨੁੱਖੀ ਸ਼ਖਸੀਅਤ ਉਸਾਰੀ ਵਿਚ ਪਿੰਡ ਦੇ ਹਰ ਸ਼ਖਸ ਦਾ ਯੋਗਦਾਨ ਏ, ਜੋ ਮੇਰੀਆਂ ਬਚਪਨੀ ਰਾਹਾਂ ਅਤੇ ਪੈੜਾਂ ਵਿਚ ਮੇਰੇ ਕਰਮਾਂ ਨੂੰ ਡੋਲਣ ਤੋਂ ਸੰਭਾਲਦਾ ਰਿਹਾ ਤੇ ਮੇਰੀਆਂ ਸੋਚਾਂ ਦੇ ਨਾਂਵੇਂ ਸੂਰਜੀ ਕਾਤਰ ਧਰਦਾ ਏ। ਤਾਈ ਚਿੰਤੀ ਦੀ ਯਾਦ ਨੂੰ ਸਿਜਦਾ ਕੀਤੇ ਬਗੈਰ ਪਿੰਡ ਦੀ ਜ਼ਿਆਰਤ ਸੰਪੂਰਨ ਤਾਂ ਹੋ ਹੀ ਨਹੀਂ ਸਕਦੀ। ਤੁਸੀਂ ਵੀ ਅਜਿਹੀ ਜ਼ਿਆਰਤ ਦਾ ਮਾਣ ਜਰੂਰ ਬਣਨਾ।

## ਮਿੰਨੀ ਕਹਾਣੀਆਂ

### ਮੋਹ

"ਫਿਰ ਕੀ ਹੋਇਆ ਜੇ ਉਨ੍ਹਾਂ ਕਦੀ ਮੈਨੂੰ 'ਪੁੱਤ' ਆਖ ਨਹੀਂ ਬੁਲਾਇਆ, ਫਿਰ ਕੀ ਹੋਇਆ ਜੇ ਉਹ ਮੇਰੀ ਮਤਰੇਈ ਮਾਂ ਏ। ਪਰ ਸ਼ਾਇਦ ਅੱਜ ਸਰਕਾਰੀ ਨੌਕਰੀ ਲੱਗ ਜਾਣ 'ਤੇ ਮੈਨੂੰ ਵੀ ਗਲ ਨਾਲ ਲਾ ਕੇ ਖੁਸ਼ ਹੋਵੇਗੀ। ਖੌਰੇ ਅੱਜ ਉਨ੍ਹਾਂ ਦੇ ਮੂੰਹੋਂ ਮੇਰੇ ਲਈ 'ਪੁੱਤ' ਸ਼ਬਦ ਹੀ ਨਿਕਲ ਆਏ।

ਇਹ ਸੋਚਦਾ ਸੋਚਦਾ ਕੁਲਵੀਰ ਮੋਟਰ ਸਾਈਕਲ 'ਤੇ ਘਰ ਵੱਲ ਜਾ ਰਿਹਾ ਸੀ। ਜਦੋਂ ਘਰ ਪੁੱਜਾ ਤਾਂ ਉਸ ਦੀ ਮਤਰੇਈ ਮਾਂ ਤੇ ਭੈਣ-ਦੋਵੇਂ ਵਿਹੜੇ 'ਚ ਬੈਠੀਆਂ ਆਪਸ ਵਿਚ ਗੱਲਾਂ ਕਰ ਰਹੀਆਂ ਸਨ।

ਕੁਲਵੀਰ ਨੇ ਆਉਂਦਿਆਂ ਹੀ ਪੈਰੀਂ ਹੱਥ ਲਾਏ ਤੇ ਲੱਡੂਆਂ ਦਾ ਡੱਬਾ ਆਪਣੀ ਮਾਂ ਮੋਹਰੇ ਕਰਦਿਆਂ ਆਖਿਆ, "ਮਾਤਾ ਜੀ! ਮੇਰੀ ਸਰਕਾਰੀ ਨੌਕਰੀ ਪੱਕੀ ਹੋ ਗਈ ਹੈ, ਆਹ ਲਓ, ਮੂੰਹ ਮਿੱਠਾ ਕਰ ਲਓ।"

ਏਨਾ ਸੁਣਦਿਆਂ ਹੀ ਉਹ ਬੋਲੀ, "ਅੱਛਾ! ਏਨਾ ਤਾਂ ਦਸ ਤਨਖਾਹ ਕਿੰਨੀ ਮਿਲਿਆ ਕਰੂ?"

"ਮਾਤਾ ਜੀ, ਸ਼ੁਰੂ 'ਚ ਤਾਂ ਹਾਲੇ 25 ਕੁ ਹਜ਼ਾਰ ਹੀ ਮਿਲਿਆ ਕਰੂ, ਫਿਰ ਹੌਲੀ ਹੌਲੀ ਵਧਾਉਣਗੇ।"

ਮਾਂ ਖੁਸ਼ ਹੋ ਕੇ ਬੋਲੀ, "ਲੈ! ਮੇਰੇ ਰਾਜੇ ਪੁੱਤ ਨੇ ਤਾਂ ਕਮਾਲ ਹੀ ਕਰ'ਤੀ, ਹੁਣ ਤਾਂ ਮੈਂ ਆਪਣੇ ਪੁੱਤ ਦੇ ਪੈਸੇ 'ਤੇ ਐਸ਼ ਕਰੂੰ।"

ਪਰ ਕੁਲਵੀਰ ਨੂੰ 'ਪੁੱਤ' ਸ਼ਬਦ ਸੁਣ ਕੇ ਜੋ ਖੁਸ਼ੀ ਹੋਈ, ਉਹ ਉਹੀ ਜਾਣਦਾ ਸੀ। ਬੇਸ਼ੱਕ ਉਸ ਦੀ ਮਾਂ ਨੇ ਇਹ ਸ਼ਬਦ ਪੈਸੇ ਦੇ ਲਾਲਚ ਵਿਚ ਹੀ ਕਹੇ ਸਨ।

### ਦਹੇਜ

"ਹਰਜੀਤ! ਸਮਾਨ ਦੀ ਲਿਸਟ ਬਣਾ ਲਈ ਕਿ ਨਹੀਂ?" ਬਲਜੀਤ ਨੇ ਧੀ ਨੂੰ ਪੁੱਛਿਆ।

"ਕਿਹੜੇ ਸਮਾਨ ਦੀ, ਮੰਮੀ ਜੀ?"

"ਲੈ ਕਮਲੀ! ਕੁੜੀ ਵਾਲਿਆਂ ਤੋਂ ਦਹੇਜ 'ਚ ਜੋ-ਜੋ ਮੰਗਵਾਉਣਾ, ਸਾਰਾ ਲਿਖ ਲੈ, ਫਿਰ ਕਈ ਵਾਰ ਦਿਮਾਗ 'ਚੋਂ ਨਿਕਲ ਜਾਂਦੈ।" ਬਲਜੀਤ ਨੇ ਫਬ ਕੇ ਇਹ ਗੱਲ ਆਖੀ।

ਪਰ ਹਰਜੀਤ ਨੇ ਬੜੇ ਦੁਖੀ ਮਨ ਨਾਲ ਜਵਾਬ ਦਿੱਤਾ, "ਬਸ ਕਰੋ ਮੰਮੀ ਜੀ! ਹੁਣ ਤਾਂ ਇਨ੍ਹਾਂ ਰੀਤੀ ਰਿਵਾਜਾਂ ਨੂੰ ਬੰਦ ਕਰ ਦੋ। ਮੈਨੂੰ ਯਾਦ ਹੈ, ਮੇਰੇ ਵਿਆਹ 'ਤੇ ਕਿਵੇਂ ਪਿਤਾ ਜੀ ਨੇ ਕਰਜਾ ਚੁੱਕ ਕੇ ਦਹੇਜ ਦੀ ਲਿਸਟ ਪੂਰੀ ਕੀਤੀ ਸੀ। ਆਖਿਰ ਅਸੀਂ ਵੀ ਜਿਸ ਕੁੜੀ ਨੂੰ ਆਪਣੇ ਘਰ ਦੀ ਨੂੰਹ ਬਣਾਉਣ ਜਾ ਰਹੇ ਹਾਂ, ਉਹ ਵੀ ਕਿਸੇ ਦੀ ਧੀ ਹੈ, ਉਸ ਦੇ ਬਾਪ 'ਤੇ ਵੀ ਮੇਰੇ ਬਾਪ ਵਰਗੀਆਂ ਹੀ ਜ਼ਿੰਮੇਵਾਰੀਆਂ ਹੋਣਗੀਆਂ।"

ਇਹ ਸੁਣ ਕੇ ਹਰਜੀਤ ਦਾ ਬਾਪ ਆਖਣ ਲੱਗਾ, "ਹਾਂ ਧੀਏ! ਸਾਨੂੰ ਹੀ ਕਰਨਾ ਪੈਣਾ ਹੈ ਉਦਮ ਇਸ ਤਰ੍ਹਾਂ ਦੀਆਂ ਪਰੰਪਰਾਵਾਂ ਨੂੰ ਖਤਮ ਕਰਨ ਦਾ। ਅਸੀਂ ਨਹੀਂ ਬਣਾਉਣੀ ਕੋਈ ਲਿਸਟ ਤੇ ਨਾ ਹੀ ਸਾਨੂੰ ਲੋੜ ਏ, ਕਿਸੇ ਦਹੇਜ ਦੀ। ਆਪਣੇ ਮੁੰਡੇ 'ਚ ਭਲਾ ਕੋਈ ਕਮੀ ਐ, ਜੋ ਅਸੀਂ ਕੁੜੀ ਵਾਲਿਆਂ ਅੱਗੇ ਮੂੰਹ ਅੱਡੀਏ?

*-ਕਿਰਨਪ੍ਰੀਤ ਕੌਰ*
*ਫੋਨ: +4368864013133*

# ਮਾਰੂਥਲ ਵਿਚ ਭੁੱਜਦਾ ਊਠ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਊਠ ਨੂੰ ਰੇਗਿਸਤਾਨ ਦਾ ਜਹਾਜ ਕਿਹਾ ਜਾਂਦਾ ਹੈ। ਉਚੇ ਉਚੇ ਟਿੱਬਿਆਂ ਵਾਲੇ, ਵਲਵਲੇਵੇਂ ਖਾਂਦੇ ਤੇ ਗਰਮੀ ਨਾਲ ਸੜ ਭੁੱਜ ਰਹੀ ਰੇਤ ਵਾਲੇ ਇਲਾਕੇ ਵਿਚ ਊਠ ਹੀ ਇੱਕ ਅਜਿਹਾ ਜਾਨਵਰ ਹੈ, ਜੋ ਇੱਕ ਥਾਂ ਤੋਂ ਦੂਜੀ ਥਾਂ ਸਮਾਨ ਅਤੇ ਸਵਾਰੀਆਂ ਢੋਣ ਦਾ ਕੰਮ ਦਿੰਦਾ ਰਿਹਾ ਹੈ। ਰਵਾਇਤੀ ਤੌਰ 'ਤੇ ਰੇਗਿਸਤਾਨ ਵਿਚ ਰਹਿਣ ਵਾਲੇ ਲੋਕਾਂ ਨੂੰ ਦੁੱਧ, ਮਾਸ ਅਤੇ ਉਨ ਮੁਹੱਈਆ ਕਰਨ ਵਾਲਾ ਵੀ ਇਹੀ ਪਸ਼ੂ ਹੈ। ਊਠ ਦੀ ਗਰਦਨ ਲੰਮੀ ਹੁੰਦੀ ਹੈ, ਜਿਸ ਕਰਕੇ ਇਹ ਉਚੇ ਉਚੇ ਦਰਖਤਾਂ ਤੋਂ ਵੀ ਫਲ ਪੱਤੇ ਖਾ ਸਕਦਾ ਹੈ। ਊਠ ਦਾ ਮੇਅਦਾ ਹੀ ਅਜਿਹਾ ਵਿਕਸਿਤ ਹੋਇਆ ਹੈ ਕਿ ਮਾਰੂਥਲ ਵਿਚ ਪਾਣੀ ਦੀ ਘਾਟ ਹੋਣ ਦੇ ਬਾਵਜੂਦ ਇਹ ਕਈ ਦਿਨਾਂ ਤੱਕ ਆਪਣੇ ਅੰਦਰ ਪਾਣੀ ਜਮ੍ਹਾਂ ਰੱਖ ਸਕਦਾ ਹੈ।



ਇਕ ਢੁੱਡ ਵਾਲਾ ਊਠ

ਊਠ ਦੋ ਢੁੱਠਾਂ ਵਾਲਾ ਵੀ ਹੁੰਦਾ ਹੈ ਤੇ ਇੱਕ ਢੁੱਠ ਵਾਲਾ ਵੀ। ਇਸ ਦੀਆਂ ਢੁੱਠਾਂ ਵਿਚ ਜਮ੍ਹਾਂ ਚਰਬੀ ਇਸ ਨੂੰ ਮਾਰੂਥਲ ਦੀ ਤਪਸ਼ ਤੋਂ ਬਚਾਉਂਦੀ ਹੈ। ਊਠ ਮੰਗੋਲੀਆ, ਮੱਧ ਏਸ਼ੀਆ, ਅਰਬ ਦੇਸ਼ਾਂ, ਇਰਾਨ ਅਤੇ ਉਤਰੀ ਅਫਰੀਕਾ ਵਿਚ ਪਾਇਆ ਜਾਂਦਾ ਹੈ। ਇਸਲਾਮ ਧਰਮ ਨੇ ਊਠ ਨੂੰ ਅਰਬ ਨਾਲ ਜੋੜ ਦਿੱਤਾ। ਤਾਂ ਹੀ ਤਾਂ ਕੋਈ ਆਪਣਾ ਅਸਲਾ ਵਿਖਾਵੇ ਤਾਂ ਕਿਹਾ ਜਾਂਦਾ ਹੈ, 'ਊਠ ਅਰਬ ਨੂੰ ਭੱਜਦਾ ਹੈ।' ਹਿੰਦੁਸਤਾਨੀ ਭੂ-ਖਿੱਤੇ ਵਿਚ ਇਹ ਰਾਜਸਥਾਨ, ਮੱਧ ਪ੍ਰਦੇਸ਼, ਸਿੰਧ, ਮੁਲਤਾਨ, ਬਲੋਚਿਸਤਾਨ ਅਤੇ ਪੰਜਾਬ ਦੇ ਮਾਲਵਾ ਖੇਤਰ ਵਿਚ ਪਾਇਆ ਜਾਂਦਾ ਹੈ।

ਅਰਬੀ ਬੋਲਣ ਵਾਲੇ ਦੇਸ਼ਾਂ ਵਿਚ ਊਠ ਨੂੰ ਸੁੰਦਰਤਾ ਦਾ ਸਿਖਰ ਸਮਝਿਆ ਜਾਂਦਾ ਹੈ। 'ਕਰਹਲੇ' ਲੇਖ ਵਿਚ ਅਸੀਂ ਦੱਸਿਆ ਸੀ ਕਿ ਕੁਝ ਵਿਦਵਾਨਾਂ ਅਨੁਸਾਰ ਕਮਾਲ ਦੀ ਸੁੰਦਰਤਾ ਦੇ ਅਰਥਾਂ ਵਾਲਾ ਜਮਾਲ ਸ਼ਬਦ ਊਠ ਲਈ ਅਰਬੀ ਸ਼ਬਦ ਜਮਲ ਤੋਂ ਹੀ ਬਣਿਆ ਹੋ ਸਕਦਾ ਹੈ। ਇਸਲਾਮ ਧਰਮ ਅਨੁਸਾਰ ਊਠ ਪਵਿੱਤਰ ਅਤੇ ਕੁਰਬਾਨੀ ਯੋਗ ਜੀਵ ਹੈ, ਜਦ ਕਿ ਸਾਡੇ ਮਨੂੰ ਨੇ ਬ੍ਰਾਹਮਣਾਂ ਲਈ ਊਠ ਦੀ ਸਵਾਰੀ ਨੂੰ ਅਪਵਿੱਤਰ ਮੰਨਿਆ ਹੈ। ਊਠ ਦਾ ਦੁੱਧ ਅਤੇ ਮਾਸ ਰਿਸ਼ੀਆਂ ਲਈ ਖਾਣਾ ਮਨ੍ਹਾਂ ਹੈ। ਸ਼ਾਇਦ ਮਨੂੰ ਦਾ ਹੀ ਅਸਰ ਹੈ ਕਿ ਸਾਡਾ ਸਮਾਜ ਊਠ ਦੇ ਫਾਇਦੇ ਤਾਂ ਖੂਬ ਚੁੱਕਦਾ ਹੈ ਪਰ ਇਸ ਦੀ ਸੁੰਦਰਤਾ, ਡੀਲ ਡੌਲ ਅਤੇ ਨਫਾਸਤ ਦੇ ਗੁਣਗਾਨ ਨਹੀਂ ਕਰਦਾ। ਇਥੇ ਊਠ ਦੀ ਕਿਸੇ ਗੱਲ ਨੂੰ ਸਿੱਧੀ ਨਹੀਂ ਮੰਨਿਆ ਗਿਆ।

ਮੇਰਾ ਖਿਆਲ ਹੈ ਕਿ ਭਾਰਤੀ ਜਨ ਮਾਨਸ ਨੇ ਊਠ ਦੀਆਂ ਵਿੰਗੀਆਂ ਟੇਢੀਆਂ ਟੰਗਾਂ ਨਿਹਾਰ ਕੇ ਹੀ 'ਊਠ ਪਟਾਂਗ' ਜਿਹੀ ਉਕਤੀ ਘੜੀ ਹੈ। ਕਿਸੇ ਜਾਂ ਕਾਸੇ ਦੀ ਬਹੁਤ ਲੰਬੀ ਉਡੀਕ ਕਰਨੀ ਪਵੇ ਤਾਂ ਕਹਿ ਦੇਈਦਾ ਹੈ, 'ਊਠ ਦਾ ਬੁੱਲ੍ਹ' ਪਤਾ ਨਹੀਂ ਕਦੋਂ ਡਿੱਗੇਗਾ। ਊਠ ਏਨਾ ਬੇਇਤਬਾਰਾ ਹੈ ਕਿ ਇਸ ਦਾ ਇਹ ਵੀ ਪਤਾ ਨਹੀਂ ਲਗਦਾ ਕਿ ਇਹ ਕਿਸ ਕਰਵਟ ਬੈਠੇਗਾ। ਜੇ ਅੱਜ ਕਲ੍ਹ ਅਮੀਰ ਘਰਾਂ ਦੇ ਗਰਾਜਾਂ ਵਿਚ ਕਾਰਾਂ-ਜੀਪਾਂ ਖੜ੍ਹੀਆਂ ਹੁੰਦੀਆਂ ਹਨ ਤਾਂ ਕਿਸੇ ਵੇਲੇ ਉਨ੍ਹਾਂ ਦੇ ਤਬੇਲਿਆਂ ਵਿਚ ਊਠ ਹੀ ਊਠ ਖੜ੍ਹੇ ਹੁੰਦੇ ਸਨ। ਇਸ ਲਈ ਊਠਾਂ ਵਾਲਿਆਂ ਨਾਲ ਯਾਰੀ ਲਾਉਣੀ ਜਾਂ ਰਿਸ਼ਤੇਦਾਰੀ ਕਰਨੀ ਮਹਿੰਗਾ ਸੌਦਾ ਹੁੰਦਾ ਸੀ। ਊਠਾਂ ਵਾਲੇ ਸਾਕ ਮਿੱਤਰ ਨੀਵੇਂ ਦਰ ਵਾਲੇ ਘਰ ਵਿਚ ਆ ਢੁਕਣ ਤਾਂ ਉਨ੍ਹਾਂ ਦਾ ਤਾਂ ਊਠ ਵੀ ਅਜਿਹੇ ਘਰ ਵਿਚ ਵੜ ਨਹੀਂ ਸਕਦਾ।

ਅਕ੍ਰਿਤਘਣ ਪੰਜਾਬੀਆਂ ਨੇ ਇਸ ਦੇ ਹਰ ਅੰਗ, ਹਰ ਹਰਕਤ ਤੇ ਹਰ ਆਦਤ ਦਾ ਮੌਜੂ ਉਡਾਇਆ। ਅਖੇ, ਊਠ ਲੱਦਿਆ ਵੀ ਅੜਾਉਂਦਾ ਹੈ ਤੇ ਸੱਖਣਾ ਵੀ; ਊਠ ਬੁਢਾ ਹੋ ਗਿਆ ਪਰ ਮੂਤਣਾ ਨਾ ਆਇਆ; ਊਠ ਦਾ ਪੱਦ, ਨਾ ਜਿਮੀਂ, ਨਾ ਅਸਮਾਨ; ਊਠ ਨਾ ਪੱਦਿਆ, ਜੇ ਪੱਦਿਆ ਤਾਂ ਫੁੱਸ। ਊਠ ਬੋਲੇਗਾ ਤਾਂ ਲਾਣੇ ਦੀ ਬੋਅ ਆਵੇਗੀ, ਊਠ ਨੂੰ ਛੱਪਰ ਕਿਸ ਪਾਏ ਨੇ। ਊਠ ਨੂੰ ਭੁੱਖੜ ਸਾਬਤ ਕਰਨ ਲਈ ਉਸ ਦੇ ਮੂੰਹ ਵਿਚ ਜ਼ੀਰਾ ਦੇ ਦਿੱਤਾ ਜਾਂਦਾ ਹੈ। ਭਲਾ ਸੋਚੋ! ਨਿਰੇ ਜ਼ੀਰੇ ਨਾਲ ਤਾਂ ਇਨਸਾਨ ਦੇ ਢਿਡ 'ਚ ਵੀ ਝੁਲਕਾ ਨਹੀਂ ਦਿੱਤਾ ਜਾ ਸਕਦਾ। ਹੋਰ ਸੁਣੋ, ਊਠ ਅੜਾਉਂਦੇ ਹੀ ਲੱਦੀਦੇ ਹਨ, ਊਠ ਤੋਂ ਛਾਣਨੀ ਲਾਹਿਆਂ ਭਾਰ ਨਹੀਂ ਹੌਲਾ ਹੁੰਦਾ, ਊਠ 'ਤੇ ਚੜ੍ਹੀ ਨੂੰ ਕੁੱਤਾ ਲੜ ਜਾਊ। ਨਿਰਦਈ ਮਨੁੱਖਾ! ਊਠ ਨੇ ਤੇਰਾ ਕੁਝ ਸਵਾਰਿਆ ਹੀ ਹੈ, ਵਿਗਾੜਿਆ ਤਾਂ ਕੁਝ ਨਹੀਂ। ਊਠ ਤਾਂ ਵਿਚਾਰਾ ਕੁੱਦਦਾ ਵੀ ਨਹੀਂ, ਉਸ ਉਪਰਲਾ ਬੋਰਾ ਹੀ ਕੁੱਦਦਾ ਹੈ। 'ਊਠ ਆਪਣੇ ਆਪ ਨੂੰ ਉਦੋਂ ਸਮਝਦਾ ਏ, ਜਦੋਂ ਪਹਾੜ ਥੱਲੇ ਆਵੇ', ਦੱਸੋ ਊਠ ਦੇ ਕੱਦ ਕਾਠ ਨੂੰ ਵੀ ਨਿੰਦ ਦਿੱਤਾ। ਹੋਰ ਤਾਂ ਹੋਰ, ਵਾਰਿਸ ਸ਼ਾਹ ਜਿਹੇ ਸ਼ਦੀਦ ਕਵੀ ਨੇ ਊਠ ਨੂੰ ਫਸਾਦ ਦੀਆਂ ਅੱਠ ਜੜ੍ਹਾਂ ਵਿਚ ਗਿਣਾ ਦਿੱਤਾ ਹੈ,

ਜਦੋਂ ਖਲਕ ਪੈਦਾ ਕੀਤੀ ਰਬ ਸੱਚੇ
ਬੰਦਿਆਂ ਵਾਸਤੇ ਕੀਤੇ ਨੇ ਇਹ ਪਸਾਰੇ।
ਰੰਨਾਂ, ਛੋਕਰੇ, ਜਿੰਨ, ਸ਼ੈਤਾਨ, ਰਾਵਲ
ਕੁੱਤਾ, ਕੁਕੜੀ, ਬੱਕਰੀ, ਊਠ ਸਾਰੇ।

ਪੰਜਾਬੀ ਸਾਹਿਤ ਵਿਚ ਊਠ ਦਾ ਚੋਖਾ ਜ਼ਿਕਰ ਹੈ। ਬਹੁਤ ਸਾਰੇ ਕਿੱਸਾਕਾਰਾਂ ਅਤੇ ਸੂਫੀ ਕਵੀਆਂ ਨੇ ਊਠ ਨੂੰ ਆਪਣੀ ਕਾਵਿ ਰਚਨਾ ਵਿਚ ਖੂਬ ਦੌੜਾਇਆ ਹੈ। ਸੱਸੀ ਊਠਾਂ ਵਾਲਿਆਂ ਦੀ ਹੀ ਬਣ ਕੇ ਰਹਿ ਗਈ ਸੀ ਪਰ ਹਾਸ਼ਮ ਫਿਰ ਵੀ ਊਠ ਦੀ ਨਿੰਦਾ ਕਰਨੋ ਨਾ ਟਲਿਆ,

ਉਹ ਕੀ ਦਰਦ ਦਿਲਾਂ ਦਾ ਜਾਣਨ
ਊਠ ਚਰਾਵਣ ਵਾਲੇ।
ਹਾਸ਼ਮ ਦੋਸ਼ ਨਹੀਂ ਕਾਰਵਾਨਾਂ
ਇਸ਼ਕ ਕਈ ਘਰ ਗਾਲੇ।

ਬੁਲੇ ਸ਼ਾਹ ਸੁਣ ਲਵੋ,

ਸੱਭਾ ਹਿੱਕਾਂ ਚਾਂਦੀ ਆਖੋ
ਕਣ-ਕਣ ਚੂੜਾ ਬਾਹੀਂ ਦਾ।
ਭੇਡਾਂ ਬੱਕਰੀਆਂ ਚਾਰਨ ਵਾਲਾ
ਊਠ ਮੱਝੀਆਂ ਦਾ ਕਰੇ ਸੰਭਾਲਾ।

ਊਠ ਸ਼ਬਦ ਦਾ ਸੰਸਕ੍ਰਿਤ ਰੂਪ 'ਉਸ਼ਟਰ' ਹੈ। ਰਿਗ ਵੇਦ ਵਿਚ ਉਸ਼ਟਰ ਦਾ ਇੱਕ ਅਰਥ 'ਮੱਝ' ਵੀ ਹੈ। ਇਸ ਦਾ ਪਾਲੀ ਰੂਪ ਹੈ, ਓਠ ਤੇ ਪ੍ਰਕ੍ਰਿਤ ਉਟ। ਇਹ ਹਿੰਦੀ ਵਿਚ ਉਂਟ, ਸਿੰਧੀ ਵਿਚ ਉਠੁ ਅਤੇ ਗੁਜਰਾਤੀ ਵਿਚ ਉਟ ਹੈ। ਪੰਜਾਬੀ ਦੀਆਂ ਕਈ ਉਪ ਭਾਸ਼ਾਵਾਂ ਵਿਚ ਇਸ ਦੇ ਹੋਰ ਰੂਪ ਹਨ, ਉਠ ਤੇ ਉਟ। ਪਸ਼ਤੋ ਵਿਚ ਉਠਰ ਹੈ। ਸਪੱਸ਼ਟ ਹੈ ਕਿ ਸਾਰੇ ਰੂਪ ਉਸ਼ਟਰ ਤੋਂ ਹੀ ਵਿਉਤਪਤ ਹੋਏ ਹਨ। ਕੁਝ ਵਿਚ ਆਖਰੀ 'ਰ' ਧੁਨੀ ਅਲੋਪ ਹੋ ਗਈ ਹੈ ਅਤੇ 'ਸ਼ਟ' ਧੁਨੀ 'ਠ' ਵਿਚ ਪਲਟ ਗਈ ਹੈ। ਭਗਤ ਕਬੀਰ ਅਤੇ ਗੁਰੂ ਅਰਜਨ ਦੇਵ ਨੇ ਉਸਟ ਰੂਪ ਵਰਤਿਆ ਹੈ। ਭਗਤ ਕਬੀਰ ਨੇ ਇਸ ਨੂੰ ਮਾਇਆ ਦਾ ਲੋਭੀ ਬਣਾਇਆ, 'ਤੁਰੇ ਉਸਟ ਮਾਇਆ ਮਹਿ ਭੇਲਾ॥' ਤਾਂ ਗੁਰੂ ਅਰਜਨ ਦੇਵ ਨੇ ਪਾਪਾਂ ਕਾਰਨ ਮਨੁੱਖ ਨੂੰ ਊਠ ਦੀ ਜੂਨੇ ਪੈ ਕੇ ਲਿਟਣ ਤੋਂ ਡਰਾਇਆ, 'ਪਸੂ ਪਰੇਤ ਉਸਟ ਗਰਧਭ ਅਨਿਕ ਜੋਨੀ ਲੇਟ॥'

ਊਠ ਦਰਅਸਲ ਹਿੰਦ-ਇਰਾਨੀ ਭਾਸ਼ਾ ਪਰਿਵਾਰ ਦਾ ਸ਼ਬਦ ਹੈ। ਇਸ ਦੇ ਸੰਸਕ੍ਰਿਤ ਰੂਪ ਉਸ਼ਟਰ ਦੇ ਟਾਕਰੇ 'ਤੇ ਅਵੇਸਤਾ ਰੂਪ ਹੈ, ਉਸ਼ਤਰ। ਇਸ ਤੋਂ ਇਸ ਦਾ ਫਾਰਸੀ ਰੂਪ ਸ਼ੁਤਰ ਵਿਉਤਪਤ ਹੋਇਆ। ਅਰਬੀ ਫਾਰਸੀ ਦੀ ਖਾਸੀ ਵਰਤੋਂ ਕਰਨ ਵਾਲੇ ਅਤੇ ਜੱਟਾਂ ਨੂੰ ਗਾਹੇ-ਬਗਾਹੇ ਨਿੰਦਣ ਵਾਲੇ ਵਾਰਸ ਸ਼ਾਹ ਨੇ ਊਠ ਦੇ ਅਰਥਾਂ ਵਿਚ ਸ਼ੁਤਰ ਸ਼ਬਦ ਦੀ ਵਰਤੋਂ ਕੀਤੀ ਹੈ। ਉਸ ਨੂੰ ਜੱਟਾਂ ਦੇ ਕੱਚੇ ਇਕਰਾਰ ਲਈ ਊਠ ਦੇ ਪੱਦ (ਗੋਜ਼ ਸ਼ੁਤਰ) ਦੀ ਤਸ਼ਬੀਹ ਹੀ ਸੁਝੀ,

ਯਾਰੋ ਜੱਟ ਦਾ ਕੌਲ ਮਨਜ਼ੂਰ ਨਾਹੀਂ
ਗੋਜ਼ ਸ਼ਤਰ ਹੈ ਕੌਲ ਰੁਸਤਾਈਆਂ ਦਾ।
ਪੱਤਾਂ ਹੋਣ ਇਕੀਸ ਜਿਸ ਜੱਟ ਤਾਈਂ
ਸੋਈ ਅਸਲ ਭਰਾ ਹੈ ਭਾਈਆਂ ਦਾ।

ਦਿਲਚਸਪ ਗੱਲ ਹੈ ਕਿ ਰੇਗਿਸਤਾਨ ਦੇ ਨਾ ਉਡ ਸਕਣ ਵਾਲੇ ਪੰਛੀ ਸ਼ੁਤਰਮੁਰਗ ਵਿਚ ਵੀ ਸ਼ੁਤਰ ਬੋਲਦਾ ਹੈ। ਫਾਰਸੀ ਵਿਚ ਮੁਰਗ ਦਾ ਅਰਥ 'ਪੰਛੀ' ਹੁੰਦਾ ਹੈ। ਇਸ ਦੀ ਇਕ ਵਜ੍ਹਾ ਤਾਂ ਇਹ ਹੋ ਸਕਦੀ ਹੈ ਕਿ ਇਹ ਊਠ ਵਾਂਗ ਹੀ ਵਿਸ਼ਾਲ ਕਾਇਆ ਵਾਲਾ ਅਤੇ ਦੌੜਨ ਵਾਲਾ ਪੰਛੀ ਹੈ। ਦਰਅਸਲ ਉਸ਼ਟਰ ਸ਼ਬਦ ਪਿਛੇ 'ਉਸ਼' ਧਾਤੂ ਕੰਮ ਕਰ ਰਹੀ ਹੈ, ਜਿਸ ਵਿਚ ਤਪਸ਼, ਗਰਮੀ ਦੇ ਭਾਵ ਹਨ। ਸਵੇਰ ਦੇ ਅਰਥ ਵਾਲਾ 'ਊਸ਼ਾ' ਸ਼ਬਦ ਉਸ਼ ਤੋਂ ਹੀ ਬਣਿਆ ਹੈ। ਪੰਜਾਬੀ ਵਿਚ ਵੱਟ ਜਾਂ ਘੁਟਵੀਂ ਗਰਮੀ ਲਈ ਹੁੱਸੜ ਸ਼ਬਦ ਹੈ। ਇਹ ਸ਼ਬਦ ਵੀ ਇਸੇ ਧਾਤੂ ਤੋਂ ਆ ਰਿਹਾ ਹੈ। ਗਰਮੀ ਤੇ ਸਰਦੀ ਲਈ 'ਉਸ਼ਨ ਸੀਤ' ਸ਼ਬਦ ਜੁੱਟ ਵਰਤਿਆ ਜਾਂਦਾ ਹੈ, 'ਉਸਨ ਸੀਤ ਸਮਸਰਿ ਸਭ ਤਾ ਕੈ॥' (ਗੁਰੂ ਅਰਜਨ ਦੇਵ)



ਦੋ ਢੁੱਡਾਂ ਵਾਲਾ ਊਠ

ਵਾਰਸ ਸ਼ਾਹ ਨੇ ਵੀ ਇਹ ਜੁੱਟ ਵਰਤਿਆ ਹੈ,

ਉਸ਼ਨ ਸੀਤ ਦੁਖ ਸੁਖ ਸਮਾਨ ਜਾਣੇ,
ਜਿਹੇ ਸ਼ਾਲ ਮਸ਼ਰੂ ਤੇਹੀ ਭੂਰੀਏ ਜੀ।

ਗ. ਸ. ਰਿਆਲ ਨੇ ਉਸ਼ਨਾਕ ਸ਼ਬਦ ਦੀ ਵਿਆਖਿਆ ਉਸ਼ ਤੋਂ ਕੀਤੀ ਹੈ ਅਰਥਾਤ ਗਰਮੀ ਵਾਲਾ, ਸਰਗਰਮ, ਚੁਸਤ। ਪਰ ਮੇਰਾ ਖਿਆਲ ਹੈ ਕਿ ਇਸ ਦਾ ਸਬੰਧ 'ਹੋਸ਼' ਨਾਲ ਹੈ। ਇਸ ਦੇ ਹੋਰ ਰੂਪਾਂ ਹੁਸ਼ਨਾਕ ਤੇ ਹੋਸ਼ਿਆਰ ਤੋਂ ਇਸ ਦੀ ਪੁਸ਼ਟੀ ਹੁੰਦੀ ਹੈ। ਕਹਾਵਤ ਹੈ, 'ਹੁਸ਼ਨਾਕ ਬਾਹਮਣੀ, ਸੀਂਦ ਦਾ ਤੜਕਾ' ਗਰਮੀਆਂ ਦੀ ਰੁੱਤ ਲਈ ਹੁਨਾਲ ਸ਼ਬਦ ਵੀ ਇਸੇ ਧਾਤੂ ਨਾਲ ਜਾ ਜੁੜਦਾ ਹੈ। ਉਸ਼ਟਰ ਸ਼ਬਦ ਵਿਚ ਗਰਮੀ ਦਾ ਭਾਵ ਹੈ ਕਿਉਂਕਿ ਊਠ ਰੇਗਿਸਤਾਨ ਦੀ ਗਰਮੀ ਝਲਦਾ ਹੈ ਅਰਥਾਤ ਇਹ ਗਰਮੀ ਦਾ ਜਾਨਵਰ ਹੈ। ਸ਼ਾਇਦ ਇਸੇ ਕਰਕੇ ਸੰਸਕ੍ਰਿਤ ਵਿਚ ਉਸ਼ਟਰ ਸ਼ਬਦ ਦਾ ਇੱਕ ਅਰਥ ਮੱਝ ਵੀ ਹੈ ਕਿਉਂਕਿ ਮੱਝ ਦਾ ਖਾਸਾ ਹੈ ਕਿ ਇਹ ਗਰਮੀ ਬਹੁਤ ਮਹਿਸੂਸ ਕਰਦੀ ਹੈ, ਇਸ ਲਈ ਛੱਪੜਾਂ ਵੱਲ ਦੌੜਦੀ ਹੈ।

'ਮਹਾਨ ਕੋਸ਼' ਨੇ ਉਸ਼ਟਰ ਵਿਚ ਗਰਮੀ ਦੇ ਭਾਵਾਂ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਹੈ, "ਜੋ ਕਾਠ ਕਵਾੜ ਖਾ ਕੇ ਮੇਦੇ ਦੀ ਅੱਗ ਨਾਲ ਪਚਾ ਜਾਵੇ, ਉਹ ਉਸ਼ਟਰ ਹੈ।" ਇਹ ਵਿਆਖਿਆ ਵਿਸ਼ਵਾਸਯੋਗ ਨਹੀਂ। ਹਰ ਜਾਨਵਰ ਕੁਝ ਨਾ ਕੁਝ ਖਾ ਕੇ ਹੀ ਮੇਅਦੇ ਦੀ ਅੱਗ ਬੁਝਾਉਂਦਾ ਹੈ। ਸ਼ਬਦਾਂ ਦੀ ਵਿਆਖਿਆ ਠੋਸ ਪ੍ਰਸੰਗਾਂ ਤੋਂ ਹੁੰਦੀ ਹੈ, ਨਾ ਕਿ ਅਲੰਕਾਰਕ ਢੰਗ ਨਾਲ।

ਸ਼ੁਤਰਮੁਰਗ ਵੀ ਅਜਿਹਾ ਪੰਛੀ ਹੈ, ਜੋ ਰੇਗਿਸਤਾਨ ਦੀ ਗਰਮੀ ਝੱਲਦਾ ਹੈ। ਨਿਰੁਕਤ ਸ਼ਾਸਤਰੀ ਅਜਿਤ ਵਡਨੇਰਕਰ ਦਾ ਵਿਚਾਰ ਹੈ ਕਿ ਸ਼ੁਤਰਮੁਰਗ ਲਈ ਅੰਗਰੇਜ਼ੀ ਸ਼ਬਦ 'ਔਸਟਰਿਚ' (Ostrich) ਵਿਚ ਵੀ ਉਸ਼ਟਰ ਸ਼ਬਦ ਬੋਲਦਾ ਹੈ, ਪਰ ਅੰਗਰੇਜ਼ੀ ਵਿਦਵਾਨਾਂ ਦੀ ਵਿਆਖਿਆ ਹੋਰ ਹੈ।

ਦਰਅਸਲ ਇਹ ਅੰਤਮ ਤੌਰ 'ਤੇ ਗਰੀਕ ਸ਼ਬਦ Strouthiôn ਤੋਂ ਬਣਿਆ ਹੈ, ਜਿਸ ਦਾ ਇਸ ਭਾਸ਼ਾ ਵਿਚ ਅਰਥ ਸ਼ੁਤਰਮੁਰਗ ਹੈ। ਇਸ ਸ਼ਬਦ ਵਿਚ ਪਹਿਲਾਂ ਭਾਵ ਚਿੜੀ ਦਾ ਸੀ, ਫਿਰ ਅੱਗੇ ਇਕ ਹੋਰ ਸ਼ਬਦ ਮੈਗੇਲ Megale ਲੱਗ ਕੇ 'ਵੱਡੀ ਚਿੜੀ' ਦੇ ਅਰਥਾਂ ਵਾਲਾ Strouthiôn Megale ਸ਼ਬਦ ਬਣਿਆ। ਅਖੀਰ Megale ਲਹਿੰਦਾ ਲਹਿੰਦਾ ਲਹਿ ਹੀ ਗਿਆ।

ਗਰੀਕ ਤੋਂ ਇਹ ਸ਼ਬਦ ਲਾਤੀਨੀ ਵਿਚ ਗਿਆ, ਤਾਂ ਇਸ ਦੇ ਅਗੇਤਰ ਵਜੋਂ ਪੰਛੀ ਦੇ ਅਰਥਾਂ ਵਾਲਾ Avis ਸ਼ਬਦ ਲੱਗ ਗਿਆ ਤੇ ਹੋਂਦ ਵਿਚ ਆਇਆ, Avis Struthio. ਲਾਤੀਨੀ ਤੋਂ ਫਰਾਸੀਸੀ ਹੁੰਦਾ ਹੋਇਆ ਤੇ ਅਖੀਰ ਚੌਦ੍ਹਵੀਂ ਸਦੀ ਵਿਚ ਅੰਗਰੇਜ਼ੀ ਵਿਚ ਜਾ ਆ ਕੇ ਇਸ ਨੇ Ostrich ਰੂਪ ਧਾਰਿਆ।

ਮੰਨਿਆ ਜਾਂਦਾ ਹੈ ਕਿ ਪਾਰਸੀ ਧਰਮ ਦੇ ਬਾਨੀ ਜ਼ਰਥੁਸਤਰ ਵਿਚ ਵੀ ਉਸ਼ਤਰ ਜਿਹਾ ਸ਼ਬਦ ਬੋਲਦਾ ਹੈ। ਨਾਂ ਦਾ ਪੂਰਾ ਅਰਥ ਬਣਿਆ, ਊਠਾਂ ਦਾ ਰਖਵਾਲਾ। ਟਾਕਰਾ ਕਰੋ, ਕ੍ਰਿਸ਼ਨ ਨੂੰ ਗੋਪਾਲ ਕਿਹਾ ਜਾਂਦਾ ਹੈ।

# ਪਛਾਣ ਦੀ ਮੁਥਾਜ ਸਿੱਖ ਕੌਮ

## ਚਲਦੇ-ਚਲਦੇ

ਵੀਰਵਾਰ ਰਾਤ ਦੀ ਗੱਲ ਹੈ। ਮੈਂ ਨਿਊ ਯਾਰਕ ਦੇ ਜੇ. ਐਫ. ਕੇ. ਏਅਰਪੋਰਟ ਦੇ ਟਰਮੀਨਲ ਦੋ 'ਤੇ ਨਿਰਧਾਰਤ ਅਲਾਰਮ ਗੇਟ 'ਤੇ ਨਾਈਟ ਸ਼ਿਫਟ ਕਰ ਰਿਹਾ ਸਾਂ। ਰਾਤ ਕਰੀਬ 3 ਵਜੇ ਮੈਂ ਵੇਖਿਆ ਕਿ ਇਕ ਅਧਖੜ ਉਮਰ ਦੀ ਔਰਤ, ਲੱਦੀ ਹੋਈ ਟਰਾਲੀ ਨਾਲ ਡਿਪਾਰਚਰ ਗੇਟ ਵਾਲੇ ਪਾਸੇ ਟਹਿਲ ਰਹੀ ਏ।

ਜੇ. ਐਫ. ਕੇ. ਦਾ ਟਰਮੀਨਲ 2 ਇਸ ਦੇ ਕੌਮਾਂਤਰੀ ਚਿਹਰੇ 'ਤੇ ਇਕ ਨਜ਼ਰਵੱਟੂ ਵਾਂਗ ਹੈ। ਇਥੋਂ ਸਿਰਫ ਡੋਮੈਸਟਿਕ ਫਲਾਈਟਾਂ ਚੜ੍ਹਦੀਆਂ ਤੇ ਉਤਰਦੀਆਂ ਹਨ। ਇਥੇ ਰਾਤ ਵੇਲੇ ਯਾਤਰੀਆਂ ਵਾਸਤੇ ਸਹੂਲਤਾਂ ਕੋਈ ਖਾਸ ਨਹੀਂ ਹਨ। ਆਮ ਦਿਨਾਂ ਵਿਚ ਇਹ ਟਰਮੀਨਲ ਰਾਤ 10 ਤੋਂ ਤੜਕੇ 4.30 ਵਜੇ ਤੱਕ ਬੰਦ ਰਹਿੰਦਾ ਹੈ। ਕੌਮਾਂਤਰੀ ਯਾਤਰੀ, ਜਿਨ੍ਹਾਂ ਇਥੋਂ ਕੁਨੈਕਟਿੰਗ ਲੋਕਲ ਫਲਾਈਟ ਲੈਣੀ ਹੁੰਦੀ ਹੈ, ਸਹੂਲਤਾਂ ਦੀ ਘਾਟ ਕਾਰਨ ਉਨ੍ਹਾਂ ਲਈ ਇਥੇ ਰਾਤ ਕੱਟਣੀ ਸਜ਼ਾ ਕੱਟਣ ਵਾਂਗ ਹੁੰਦੀ ਹੈ।

ਮੇਰੀ ਡਿਊਟੀ ਵਾਲੇ ਗੇਟ ਦੇ ਸਾਹਮਣੇ ਟੀ. ਐਸ. ਏ. ਬੈਗ ਰੂਮ ਹੈ, ਜਿੱਥੇ ਦੋ ਬੜੀਆਂ ਆਰਾਮਦਾਇਕ ਸਿੰਗਲ ਸੋਫੇ ਦੀਆਂ ਸੀਟਾਂ ਹਨ। ਮੈਨੂੰ ਨਹੀਂ ਪਤਾ ਕਿ ਉਹ ਕਿਨ੍ਹਾਂ ਲਈ ਉਥੇ ਰੱਖੀਆਂ ਗਈਆਂ ਹਨ, ਪਰ ਜਦੋਂ ਦਾ ਮੈਂ ਉਥੇ ਡਿਊਟੀ ਕਰਨ ਲੱਗਾ ਹਾਂ, ਮੈਂ ਹਰ ਦਿਨ ਜ਼ਰੂਰ ਇਹ ਕੋਸ਼ਿਸ਼ ਕਰਦਾ ਹਾਂ ਕਿ ਇਨ੍ਹਾਂ ਸੋਫਾ ਸੀਟਾਂ 'ਤੇ ਕੋਈ ਨਾ ਕੋਈ ਜ਼ਰੂਰ ਰਾਤ ਵੇਲੇ ਆਰਾਮ ਕਰੇ। ਇਸ ਲਈ ਮੈਂ ਰਾਤ ਨੂੰ ਡਿਪਾਰਚਰ ਗੇਟ ਵੱਲ ਜ਼ਰੂਰ ਨਿਗਾਹ ਰੱਖਦਾ ਹਾਂ। ਮੇਰੀ ਪਹਿਲ ਹੁੰਦੀ ਏ, ਵਡੇਰੀ ਉਮਰ ਵਾਲੇ ਯਾਤਰੀ, ਕਿਉਂਕਿ ਲੰਮੀਆਂ ਕੌਮਾਂਤਰੀ ਫਲਾਈਟਾਂ ਤੋਂ ਬਾਅਦ ਸਹੂਲਤਾਂ ਤੋਂ ਵਿਰਵੇ ਇਸ ਟਰਮੀਨਲ 'ਤੇ ਰਾਤ ਗੁਜ਼ਾਰਨੀ ਅਜ਼ਾਬ ਤੋਂ ਘੱਟ ਨਹੀਂ।

ਮੈਨੂੰ ਇਹ ਸਭ ਕਰਨਾ ਇਸ ਕਰਕੇ ਚੰਗਾ ਤੇ ਦਿਲਚਸਪ ਲੱਗਦਾ ਹੈ ਕਿ ਅਣਜਾਣ ਲੋਕ ਮੇਰੇ ਸਿੱਖ ਸਰੂਪ ਨਾਲ ਰੂਬਰੂ ਹੋਣ। ਮੈਂ ਵੇਖਿਆ ਏ ਕਿ ਮੇਰਾ ਦਸਤਾਰ ਵਾਲਾ ਸਰੂਪ ਵਧੇਰੇ ਯਾਤਰੂਆਂ ਲਈ ਕੁਝ ਨਵਾਂ ਵੇਖਣ ਜਿਹਾ ਲੱਗਦਾ ਏ। ਰਾਤ ਕੱਟਣ ਵਾਲੇ ਬਹੁਤੇ ਲੋਕ ਜਦੋਂ ਸਵੇਰੇ ਟੀ. ਐਸ. ਏ. ਸਿਕਿਉਰਿਟੀ ਚੈਕ ਲਈ ਜਾਂਦੇ ਹਨ ਤਾਂ ਧੰਨਵਾਦ ਕਰਦਿਆਂ ਜਿਗਿਆਸਾ ਵੱਸ ਪੁੱਛਦੇ ਹਨ ਕਿ ਮੈਂ ਕੌਣ ਹਾਂ? ਮੈਂ ਉਨ੍ਹਾਂ ਨੂੰ ਦੱਸਦਾ ਹਾਂ ਕਿ ਮੈਂ ਮੁਸਲਿਮ ਨਹੀਂ, ਮੈਂ ਸਿੱਖ ਹਾਂ ਅਤੇ ਇੰਡੀਅਨ ਹਾਂ।

ਠੀਕ ਅਜਿਹਾ ਹੀ ਤਜਰਬਾ ਉਸ ਔਰਤ ਨਾਲ ਹੋਇਆ। ਉਹਨੇ ਅਪਣੱਤ ਦੇ ਅਹਿਸਾਸ ਵਜੋਂ ਕਿਹਾ ਕਿ ਇਕ ਪਾਕਿਸਤਾਨੀ ਅਮਰੀਕਨ ਨਾਗਰਿਕ, ਜਿਸ ਨੂੰ ਉਹ ਜਾਣਦੀ ਹੈ, ਨੇ ਉਸ ਦੇ ਦੇਸ਼ ਗੁਆਟੇਮਾਲਾ ਵਿਚ ਘਰ ਖਰੀਦਿਆ ਹੈ। ਪਾਕਿਸਤਾਨ ਵਿਚ ਨਿੱਤ ਦੀ ਹੁੰਦੀ ਹਿੰਸਾ ਤੇ ਅਰਾਜਕਤਾ ਕਰਕੇ ਉਸ ਨੇ ਇਹ ਕਦਮ ਚੁੱਕਿਆ ਏ।

ਇੰਨੇ ਨੂੰ ਮੇਰੀ ਸਹਿਕਰਮੀ ਨਲਿਨੀ ਮੈਨੂੰ 15 ਮਿੰਟਾਂ ਦੀ ਬ੍ਰੇਕ ਦੇਣ ਲਈ ਆ ਗਈ। ਉਸ ਨੇ ਉਸ ਔਰਤ ਨੂੰ ਹੈਲੋ ਕਿਹਾ ਅਤੇ ਮੇਰੇ ਵੱਲ ਸੁਆਲੀਆ ਨਜ਼ਰ ਨਾਲ ਵੇਖਿਆ। ਮੈਂ ਸਮਝ ਗਿਆ ਕਿ ਉਹ ਉਸ ਔਰਤ ਬਾਰੇ ਜਾਣਨਾ ਚਾਹੁੰਦੀ ਹੈ। ਮੈਂ ਦੱਸਿਆ ਕਿ ਉਹ ਔਰਤ ਗੁਆਟੇਮਾਲਾ ਦੇ ਲਿਵਿੰਗਸਟਨ ਟਾਪੂ ਦੀ ਰਹਿਣ ਵਾਲੀ ਏ। ਉਸ ਔਰਤ ਨੇ ਫਿਰ ਉਸ ਪਾਕਿਸਤਾਨੀ ਵਿਅਕਤੀ ਬਾਰੇ ਗੱਲ ਛੇੜੀ ਤੇ ਕਿਹਾ ਕਿ ਉਹ ਭਲਾ ਆਦਮੀ ਏ। ਮੈਂ ਸਮਝ ਗਿਆ ਕਿ ਇਹ ਬੀਬੀ ਵੀ ਮੇਰੀ ਪਛਾਣ ਵਿਚ ਧੋਖਾ ਖਾ ਗਈ ਏ। ਮੈਂ ਸਮਝ ਗਿਆ ਕਿ ਜੇ ਮੈਂ ਗੱਲ ਸਾਫ ਨਾ ਕੀਤੀ ਤਾਂ ਇਹਦਾ ਭੁਲੇਖਾ ਇਵੇਂ ਹੀ ਬਣਿਆ ਰਹਿਣਾ ਏ। ਮੈਂ ਆਪਣੀ ਬ੍ਰੇਕ ਦੇ ਕੁਛ ਸਮੇਂ ਨੂੰ ਖਰਾਬ ਕਰ ਕੇ ਇਸ ਭੁਲੇਖਾ ਦੂਰ ਕਰਨਾ ਸਹੀ ਸਮਝਿਆ। ਮੈਂ ਉਸ ਨੂੰ ਕਿਹਾ ਕਿ ਮੈਡਮ, ਮੈਂ ਪਾਕਿਸਤਾਨੀ ਨਹੀਂ, ਇੰਡੀਅਨ ਹਾਂ। ਦੂਜਾ, ਮੈਂ ਮੁਸਲਿਮ ਨਹੀਂ, ਸਿੱਖ ਹਾਂ। ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਹਨ।

ਉਹ ਸੁਣ ਕੇ ਹੈਰਾਨ ਹੋਈ ਕਿ ਮੈਂ ਮੁਸਲਿਮ ਨਹੀਂ ਹਾਂ। ਮੈਂ ਉਸ ਦੇ ਚਿਹਰੇ 'ਤੇ ਉਪਜੀ ਉਤਸੁਕਤਾ ਨੂੰ ਭਾਂਪ ਗਿਆ। ਉਹ ਕਹਿਣ ਲੱਗੀ, ਇਹ ਸਿੱਖ ਕੌਣ ਹਨ? ਮੈਂ ਦੱਸਿਆ ਕਿ ਆਪਣੇ ਮੋਬਾਈਲ ਵਿਚ ਗੂਗਲ 'ਤੇ ਸਰਚ ਮਾਰ ਕੇ ਦੇਖੋ ਕਿ ਸਿੱਖ ਕੌਣ ਹਨ? ਤੈਨੂੰ ਸਿੱਖ ਅਤੇ ਸਿੱਖ ਧਰਮ ਬਾਰੇ ਜਾਣਕਾਰੀ ਮਿਲ ਜਾਏਗੀ। ਇੰਨਾ ਕਹਿ ਕੇ ਮੈਂ ਬ੍ਰੇਕ ਲਈ ਚਲਾ ਗਿਆ।

ਬ੍ਰੇਕ ਤੋਂ ਵਾਪਸ ਆ ਕੇ ਕਾਫੀ ਦੇਰ ਤੱਕ ਸੋਚਾਂ ਵਿਚ ਡੁਬਿਆ ਰਿਹਾ ਕਿ ਇਹ ਕਿਹੋ ਜਿਹੀ ਅਜੀਬ ਸਥਿਤੀ ਬਣੀ ਹੋਈ ਹੈ ਕਿ ਸਿੱਖਾਂ ਨੂੰ ਦੁਨੀਆਂ ਦੇ ਸਭ ਤੋਂ ਵੱਧ ਵਿਕਸਿਤ ਖਿੱਤੇ ਵਿਚ ਵੀ ਆਪਣੀ ਪਛਾਣ ਦੀ ਮੁਸ਼ਕਿਲ ਬਣੀ ਹੋਈ ਏ। ਅਣਗਿਣਤ ਸਿੱਖ ਸੰਸਥਾਵਾਂ, ਅਨੇਕਾਂ ਗੁਰਦੁਆਰਾ ਸਾਹਿਬ, ਨਿਯਮਿਤ ਨਗਰ ਕੀਰਤਨ, ਸਿਆਸੀ ਲਾਬਿੰਗ ਅਤੇ ਹੋਰ ਕਾਫੀ ਕੁਝ ਕਰਨ ਦੇ ਬਾਵਜੂਦ ਸਿੱਖਾਂ ਨੂੰ ਆਪਣੀ ਪਛਾਣ ਕਾਇਮ ਕਰਨ ਵਿਚ ਸਫਲਤਾ ਨਹੀਂ ਮਿਲ ਰਹੀ।

ਇਸੇ ਸਾਲ ਟੀ. ਵੀ. 'ਤੇ ਵੀ ਲੱਖਾਂ ਡਾਲਰਾਂ ਦੇ ਇਸ਼ਤਿਹਾਰ ਜਾਰੀ ਕੀਤੇ ਗਏ ਹਨ, ਪਰ ਸਿੱਖਾਂ 'ਤੇ ਨਸਲੀ ਹਮਲੇ ਲਗਾਤਾਰ ਜਾਰੀ ਹਨ। ਕਿਤੇ ਨਾ ਕਿਤੇ ਤਾਂ ਸਿੱਖਾਂ ਕੋਲੋਂ ਕੋਈ ਉਣਤਾਈਆਂ ਰਹਿ ਗਈਆਂ ਹੋਣਗੀਆਂ, ਜਿਸ ਕਰਕੇ ਉਨ੍ਹਾਂ ਦੇ ਯਤਨਾਂ ਨੂੰ ਬੂਰ ਨਹੀਂ ਪੈ ਰਿਹਾ। ਸਿੱਖਾਂ ਨੂੰ ਗੰਭੀਰ ਸਵੈ ਪੜਚੋਲ ਕਰਨੀ ਬਣਦੀ ਹੈ।

–ਅਮਰਜੀਤ ਸਿੰਘ ਮੁਲਤਾਨੀ

## ਗਦਰ ਦੀਆਂ ਗੱਲਾਂ

# ਤਵਾਰੀਖ ਦਾ ਮਤਾਲਿਆ

***ਗਦਰ ਲਹਿਰ ਦਾ ਇਤਿਹਾਸ ਆਪਣੇ ਨਾਵਲਾਂ ਅੰਦਰ ਸਮੋ ਕੇ ਪਾਠਕਾਂ ਅੱਗੇ ਪੇਸ਼ ਕਰਨ ਵਾਲੇ ਉਘੇ ਲੇਖਕ ਕੇਸਰ ਸਿੰਘ ਨਾਵਲਿਸਟ ਨੇ ਬਹੁਤ ਮਿਹਨਤ ਨਾਲ ਗਦਰ ਲਹਿਰ ਦੀ ਵਾਰਤਕ ਲੱਭਣ ਅਤੇ ਸੰਭਾਲਣ ਦਾ ਔਖੇਰਾ ਕਾਰਜ ਵੀ ਨੇਪਰੇ ਚਾੜ੍ਹਿਆ ਸੀ। ਗਦਰ ਲਹਿਰ ਭਾਰਤ ਦੀ ਆਜ਼ਾਦੀ ਦੇ ਇਤਿਹਾਸ ਦਾ ਅਹਿਮ ਪੰਨਾ ਹੈ। ਗਦਰ ਲਹਿਰ ਸ਼ੁਰੂ ਹੋਣ ਤੋਂ ਪਹਿਲਾਂ ਕੈਨੇਡਾ ਵਿਚ ਕਿਸ ਤਰ੍ਹਾਂ ਦੀ ਸਰਗਰਮੀ ਅੰਗਰੇਜ਼ ਹਕੂਮਤ ਖਿਲਾਫ ਹੋ ਰਹੀ ਸੀ, ਉਸ ਦਾ ਜ਼ਿਕਰ 'ਪੰਜਾਬ ਟਾਈਮਜ਼' ਦੇ ਪਾਠਕਾਂ ਨੇ ਉਸ ਵਕਤ ਕੈਨਡਾ ਤੋਂ ਛਪਦੇ ਰਹੇ ਦੋ ਪਰਚਿਆਂ 'ਸੁਦੇਸ਼ ਸੇਵਕ' ਤੇ 'ਸੰਸਾਰ' ਵਿਚ ਛਪੀਆਂ ਲਿਖਤਾਂ ਰਾਹੀਂ ਪੜ੍ਹਿਆ ਹੈ। ਹੁਣ ਅਮਰੀਕਾ ਤੋਂ ਛਪਦੇ 'ਗਦਰ' ਵਿਚ ਛਪੀਆਂ ਲਿਖਤਾਂ ਦੀ ਲੜੀ ਛਾਪੀ ਜਾ ਰਹੀ ਹੈ। ਐਤਕੀਂ ਅਸੀਂ ਪ੍ਰਸਿਧ ਗਦਰੀ ਭਾਈ ਪਰਮਾ ਨੰਦ ਦਾ ਲੇਖ ਛਾਪ ਰਹੇ ਹਾਂ ਜੋ ਜਨਵਰੀ 1915 ਦਾ ਲਿਖਿਆ ਹੋਇਆ ਹੈ। ਇਨ੍ਹਾਂ ਤੋਂ ਉਸ ਵੇਲੇ ਗਦਰੀਆਂ ਦੇ ਮਨਾਂ ਅੰਦਰਲੇ ਉਠਦੇ ਉਬਾਲ ਦੀ ਥਾਹ ਪਾਈ ਜਾ ਸਕਦੀ ਹੈ। -ਸੰਪਾਦਕ***

ਜਿਨ੍ਹਾਂ ਨਵਿਆਂ ਨਵਿਆਂ ਹੁਨਰਾਂ ਅਤੇ ਇਲਮਾਂ ਦੇ ਵਸੀਲੇ ਨਾਲ ਦੁਨੀਆਂ ਦੇ ਵਿਦਵਾਨ ਦਿਨ ਦੁਗਣੀ ਅਤੇ ਰਾਤ ਚੌਗਣੀ ਤਰੱਕੀ ਕਰ ਰਹੇ ਹਨ, ਸਾਡੇ ਦੇਸ਼ ਵਿਚ ਤਾਂ ਅਜੇ ਇਸ ਤਰੱਕੀ ਦਾ ਨਾਮ ਨਿਸ਼ਾਨ ਨਹੀਂ ਹੈ। ਜਦ ਅਸੀਂ ਅਖਬਾਰ ਦੇ ਜ਼ਰੀਏ ਆਪਣੀ ਵਿਦਿਆ ਅਨੁਸਾਰ ਦੂਜੀਆਂ ਕੌਮਾਂ ਦੀ ਤਰੱਕੀ ਦਾ ਹਾਲ ਪੜ੍ਹਦੇ ਹਾਂ ਤਾਂ ਸਾਨੂੰ ਆਪਣੇ ਆਪ ਇਹ ਖਿਆਲ ਹੁੰਦਾ ਹੈ ਕਿ ਦੁਨੀਆਂ ਦੀ ਇਲਮੀ ਤਰੱਕੀ ਵਿਚ ਅਸੀਂ ਭੀ ਇਕ ਵੱਡਾ ਭਾਗ ਹਿੱਸਾ ਲੈ ਰਹੇ ਹਾਂ। ਅਸਲ ਵਿਚ ਸਾਡੀ ਇਲਮ ਤਰੱਕੀ ਬਿਲਕੁਲ ਖੋਖਲੀ ਹੈ। ਦੂਜੇ, ਸਾਨੂੰ ਪੜ੍ਹਨ ਤੋਂ ਕੇਵਲ ਇੰਨਾ ਹੀ ਪਤਾ ਲੱਗਦਾ ਹੈ ਕਿ ਦੁਨੀਆਂ ਨੇ ਇਥੋਂ ਤਕ ਇਲਮੀ ਤਰੱਕੀ ਕੀਤੀ ਹੈ। ਸਾਡੇ ਸਕੂਲ ਅਤੇ ਯੂਨੀਵਰਸਿਟੀਆਂ ਸਾਡਾ ਸਾਰਾ

**ਭਾਈ ਪਰਮਾ ਨੰਦ**

ਵਕਤ ਅੰਗਰੇਜ਼ੀ ਜ਼ਬਾਨ ਸਿੱਖਣ ਵਿਚ ਲੈਂਦੇ ਹਨ। ਵਿਦਿਆ ਪੜ੍ਹਨ ਦੇ ਪਿੱਛੋਂ ਸਾਡੀਆਂ ਅੱਖਾਂ ਦੇ ਅੱਗੇ ਇਕ ਕਿਸਮ ਦੀ ਐਨਕ ਲੱਗ ਜਾਂਦੀ ਹੈ। ਜਿਸ ਦੇ ਨਾਲ ਦੁਨੀਆਂ ਦੀ ਤਰੱਕੀ ਦੀ ਚਾਲ ਤਾਂ ਅਸੀਂ ਦੇਖ ਸਕਦੇ ਹਾਂ, ਪਰ ਉਸ ਦੇ ਨਾਲ ਦਿਮਾਗ਼ ਦੇ ਉਸ ਹਿੱਸੇ ਨੂੰ ਕੁਝ ਅਸਰ ਨਹੀਂ ਪਹੁੰਚਦਾ, ਜਿਸ ਦੇ ਨਾਲ ਅਸੀਂ ਆਪ ਕੁਝ ਹਿੰਮਤ ਕਰ ਸਕੀਏ। ਸਾਡੇ ਢਿੱਲੇ ਅਤੇ ਸੁਸਤ ਰਹਿਣ ਦਾ ਹੋਰ ਕੀ ਸਬੂਤ ਹੋ ਸਕਦਾ ਹੈ ਕਿ ਅਸੀਂ ਦੂਜਿਆਂ ਦੀ ਤਰੱਕੀ ਦੇਖ ਕੇ ਆਪ ਅੱਖਾਂ ਮੀਟ ਜਾਂਦੇ ਹਾਂ ਅਤੇ ਦੂਜੇ ਦੇਸ਼ਾਂ ਦੀ ਤਰੱਕੀ ਸ਼ੋਭਾ ਦੇ ਗੁਣ ਗਾਉਂਦੇ ਆਪਣੀ ਖੁਸ਼ੀ ਪ੍ਰਾਪਤ ਕਰ ਲੈਂਦੇ ਹਾਂ ਅਤੇ ਆਪਣਾ ਕੀਮਤੀ ਵਕਤ ਦੂਜੇ ਦੇਸ਼ਾਂ ਦੀ ਮਾਣ ਵਡਿਆਈ ਦੀ ਰਾਗਣੀਆਂ ਵਿਚ ਖਰਚ ਕਰ ਦਿੰਦੇ ਹਨ। ਆਪਣੇ ਦੇਸ਼ ਦੀ ਤਰੱਕੀ ਵੱਲ ਕਦੀ ਧਿਆਨ ਮਾਰਦੇ ਹਾਂ?

ਅਮਰੀਕਾ ਦਾ ਇਕ ਬੱਚਾ ਵਿਦਿਆ ਪਾਉਂਦਾ ਹੋਇਆ ਆਪਣੀ ਛੋਟੀ ਉਮਰ ਵਿਚ ਬਿਜਲੀ ਦੇ ਅਜਿਹੇ ਖਿਡੌਣੇ ਬਣਾ ਸਕਦਾ ਹੈ ਕਿ ਜਿਸ ਦੀ ਬਨਾਵਟ ਸਾਡੇ ਦੇਸ਼ ਦੇ ਵੱਡੇ ਵੱਡੇ ਵਿਦਵਾਨ ਅਤੇ ਹੁਨਰ ਵਾਲੇ ਨਹੀਂ ਪਛਾਣ ਸਕਦੇ। ਸਾਇੰਸ ਨੂੰ ਦੇਖੋ, ਇਸ ਦੀ ਵਿਦਿਆ ਪ੍ਰਾਪਤ ਕਰਨ ਦੇ ਲਈ ਤਾਂ ਲੱਖਾਂ ਰੁਪਿਆਂ ਦੀ ਲਾਇਬ੍ਰੇਰੀ ਅਤੇ ਤਜਰਬਿਆਂ ਦੀ ਲੋੜ ਪੈਂਦੀ ਹੈ। ਇਕ ਅਜਿਹੇ ਮਜ਼ਮੂਨ ਦੇ ਵੱਲ ਜ਼ਰਾ ਧਿਆਨ ਦੇਵੋ ਕਿ ਜਿਸ ਦੇ ਪੜ੍ਹਨ ਤੋਂ ਬਿਨਾਂ ਦਿਮਾਗ਼ ਤੋਂ ਹੋਰ ਕੁਝ ਖਰਚ ਹੀ ਨਹੀਂ ਹੁੰਦਾ, ਕੇਵਲ ਤਵਾਰੀਖ ਦੇ ਜਾਣਨ ਦੀ ਲੋੜ ਹੈ। ਆਪ ਕਿਸੇ ਦੂਜੇ ਦੇਸ਼ ਵਿਚ ਜਾ ਕੇ ਦੇਖੋ, ਸਾਰੇ ਪੱਛਮੀ ਦੇਸ਼ਾਂ ਦੇ ਵਿਚ ਸੈਂਕੜੇ ਅਤੇ ਹਜ਼ਾਰਾਂ ਤਵਾਰੀਖੀ ਕਿਤਾਬਾਂ ਦੇਖੋਗੇ। ਇੰਗਲੈਂਡ ਦੇ ਵਿਚ ਜਾ ਕੇ ਦੇਖੋ, ਨਾ ਕੇਵਲ ਮੁਲਕ ਦੀ, ਬਲਕਿ ਸਾਰੇ ਸ਼ਹਿਰਾਂ ਅਤੇ ਪਿੰਡਾਂ ਦੀਆਂ ਵੱਖੋ ਵੱਖ ਤਾਰੀਖੀ ਕਿਤਾਬਾਂ ਮੌਜੂਦ ਹਨ। ਜ਼ਰਾ ਇਨ੍ਹਾਂ ਦਾ ਹਿੰਦੁਸਤਾਨ ਦੇ ਨਾਲ ਮੁਕਾਬਲਾ ਕਰੋ, ਆਪ ਕਿਤਨੀਆਂ ਕਿਤਨੀਆਂ ਕਿਤਾਬਾਂ ਹਿੰਦੁਸਤਾਨ ਦੇ ਬਾਰੇ ਵਿਚ ਹਿੰਦੁਸਤਾਨੀਆਂ ਦੀ ਕਲਮ ਦੇ ਨਾਲ ਲਿਖੀਆਂ ਹੋਈਆਂ ਦਸ ਸਕਦੇ ਹੋ।

ਕਿਤਾਬਾਂ ਨੂੰ ਰਹਿਣ ਦੇਵੋ ਕਿ ਆਪ ਕਿਤਨੇ ਨਾਂ ਗਿਣ ਸਕਦੇ ਹੋ, ਜਿਨ੍ਹਾਂ ਨੂੰ ਹਿੰਦੁਸਤਾਨ ਦੀ ਤਾਰੀਖ ਦਾ ਜਾਣੂ ਕਿਹਾ ਜਾਵੇ? ਮੰਨ ਲਿਆ ਕਿ ਮਰਹੱਟਿਆਂ ਜਾਂ ਬੰਗਾਲੀਆਂ ਦੀ ਤਾਰੀਖ ਦਾ ਜਾਣੂੰ ਮਹਾਰਾਸ਼ਟਰ ਜਾਂ ਬੰਗਾਲ ਦੇ ਵਿਚ ਕੋਈ ਪੁਰਸ਼ ਮਿਲ ਜਾਵੇ, ਮਗਰ ਮੈਨੂੰ ਹਿੰਦੀ ਕੌਮ ਦੀ ਤਾਰੀਖ ਤੋਂ ਪੂਰਾ ਵਾਕਫਦਾਰ ਪੁਰਸ਼ ਕੋਈ ਦਿਖਾਈ ਨਹੀਂ ਦਿੰਦਾ। ਬੇਸ਼ੱਕ ਸਾਡੇ ਵਿਚੋਂ ਕੌਮੀ ਮੁਰਸਤ ਰੱਖਣ ਵਾਲੇ ਪੁਰਸ਼ ਬਹੁਤ ਮਿਲਦੇ ਹਨ, ਲੀਡਰ ਭੀ ਬਹੁਤ ਹਨ, ਐਪਰ ਕੋਈ ਲੀਡਰ ਪਿਛਲੇ ਮੌਸਮੀ ਕੌਮੀ ਹਾਲਾਤ ਦੇ ਜਾਣੂੰ ਹੋਣ ਦੀ ਤਕਲੀਫ ਨਹੀਂ ਉਠਾ ਸਕਦਾ। ਸਾਰੇ ਮੁਲਕ ਦਾ ਸਭ ਤੋਂ ਵੱਡਾ ਵਿਦਵਾਨ ਸਵਰਗਵਾਸੀ ਮਿਸਟਰ ਰਾਨਾਡੇ ਕਿਹਾ ਜਾਂਦਾ ਹੈ, ਪਰ ਇਸ ਨੇ ਕੀ ਕੰਮ ਕੀਤਾ? ਮਰਹੱਟਿਆਂ ਦੀ ਤਾਰੀਖ ਤੇ ਉਸ ਦੀ ਮਸ਼ਹੂਰ ਕਿਤਾਬ ਅਸਲ ਵਿਚ ਇਕ ਦਿਲਚਸਪ ਮਜ਼ਮੂਨ ਤੋਂ ਬਿਨਾਂ ਹੋਰ ਕੁਝ ਨਹੀਂ ਹੈ।

ਲੰਡਨ ਦੀ ਲਾਇਬ੍ਰੇਰੀ ਵਿਚ ਜਾ ਕੇ ਦੇਖੋ, ਫਿਰ ਤੁਹਾਨੂੰ ਪਤਾ ਲੱਗ ਜਾਵੇ ਕਿ ਸੈਂਕੜੇ ਨਹੀਂ ਸਗੋਂ ਹਜ਼ਾਰਾਂ ਅੰਗਰੇਜ਼ਾਂ ਨੇ ਹਿੰਦੁਸਤਾਨ ਦੇ ਪਿਛਲੇ ਅਤੇ ਹੁਣ ਦੇ ਹਾਲ ਲਿਖੇ ਹਨ। 1857 ਦੇ ਗ਼ਦਰ ਦਾ ਹਾਲ ਕੋਈ 300 ਤੋਂ ਜ਼ਿਆਦਾ ਵਿਦਵਾਨਾਂ ਨੇ ਲਿਖਿਆ ਸੀ। ਹਿੰਦੁਸਤਾਨ ਵਿਖੇ ਤਾਰੀਖ ਦਾ ਸਮਾਚਾਰ ਲਿਖਣਾ ਤਾਂ ਇਕ ਪਾਸੇ ਰਿਹਾ, ਐਪਰ ਲਿਖੇ ਹੋਏ ਪੁਸਤਕਾਂ ਦੇ ਪੰਨਿਆਂ ਦਾ (ਨੂੰ) ਪੜ੍ਹਨ ਦਾ ਵੀ ਸ਼ੌਕ ਨਹੀਂ ਹੈ। ਮੈਨੂੰ ਤਾਂ ਪੰਜਾਬ ਦੇ ਐਮ.ਏ. ਦੇ ਪੜ੍ਹਿਆ ਹੋਇਆ ਉਤੇ ਇਤਨੀ ਭੀ ਉਮੀਦ ਨਹੀਂ ਕਿ ਉਹ ਪੰਜਾਬ ਦੀ ਤਾਰੀਖ ਤੋਂ ਜਾਣੂੰ ਹੋਣਗੇ ਅਤੇ ਇਸੀ ਤਰ੍ਹਾਂ ਹਿੰਦੁਸਤਾਨੀਆਂ ਨੂੰ ਆਪਣੇ ਦੇਸ਼ ਦੀ ਤਾਰੀਖ ਦਾ ਭੀ ਪਤਾ ਲੱਗਾ ਨਹੀਂ ਹੈ।

ਇਸ ਤੋਂ ਜ਼ਿਆਦਾ ਹੋਰ ਅਫਸੋਸ ਦੀ ਕੀ ਗੱਲ ਹੈ ਕਿ ਪਿਛਲੇ ਪੰਜਾਹ ਸਾਲਾਂ ਤੋਂ ਜ਼ਿਆਦਾ ਯੂਨੀਵਰਸਿਟੀਆਂ ਦੇ ਸਹਾਰੇ ਇਲਮੀ ਤਰੱਕੀ ਦੇ ਮੈਦਾਨ ਵਿਚ ਪੈਰ ਰਖਿਆ ਹੈ ਅਤੇ ਵਿਦਵਾਨਾਂ ਨੂੰ ਇਸ ਵਿਦਿਆ ਦੀ ਤਰੱਕੀ ਉਤੇ ਬੜਾ ਹੀ ਮਾਣ ਹੈ। ਮਗਰ ਵੱਡੇ ਵੱਡੇ ਇਲਮ ਤਾਂ ਇਕ ਪਾਸੇ ਰਹੇ, ਇਲਮੀ ਤਾਰੀਖ ਦੇ ਵਿਚ ਹੀ ਅਸੀਂ ਇਕ ਕਦਮ ਅੱਗੇ ਨਹੀਂ ਰਖਿਆ। ਕਿਸੇ ਦੂਜੇ ਮੁਲਕ ਦੀ ਤਾਰੀਖ ਸਾਡੀ ਜ਼ਬਾਨ ਵਿਚ ਨਹੀਂ ਲਿਖੀ ਅਤੇ ਸਾਡੇ ਮੁਲਕ ਦੀ ਇਕ ਭੀ ਤਾਰੀਖ ਸਾਡੇ ਵਿਚੋਂ ਕਿਸੇ ਨੇ ਨਹੀਂ ਲਿਖੀ। ਇਸ ਦੀ ਵਜ੍ਹਾ ਸਾਫ ਹੈ ਕਿ ਅੰਗਰੇਜ਼ੀ ਜ਼ਬਾਨ ਦੇ ਵਿਚ ਇਹ ਸਭ ਮੁਲਕੀ ਤਾਰੀਖਾਂ ਪਾਈਆਂ ਜਾਂਦੀਆਂ ਹਨ ਅਤੇ ਸਾਡੇ ਵਿਚੋਂ ਜਿਨ੍ਹਾਂ ਨੂੰ ਤਾਰੀਖ ਦਾ ਸ਼ੌਕ ਹੁੰਦਾ ਹੈ, ਉਨ੍ਹਾਂ ਦੇ ਪੜ੍ਹਨ ਦੇ ਲਈ ਅੰਗਰੇਜ਼ੀ ਜ਼ਬਾਨ ਦੀਆਂ ਤਾਰੀਖਾਂ ਮੌਜੂਦ ਹਨ। ਬੇਸ਼ੱਕ ਅੰਗਰੇਜ਼ੀ ਵਿਦਿਆਰਥੀਆਂ ਨੂੰ ਆਪਣੀ ਜ਼ਬਾਨ ਦੇ ਵਿਚ ਪੜ੍ਹਨ ਦੇ ਨਾਲ ਆਨੰਦ ਆਉਂਦਾ ਹੈ। ਅੰਗਰੇਜ਼ੀ ਪੜ੍ਹਨ ਵਾਲੇ ਵਿਦਿਆਰਥੀਆਂ ਦਾ ਆਮ ਖਿਆਲ ਇਹ ਹੈ ਕਿ ਜਦ ਹਿੰਦੁਸਤਾਨ ਦੀਆਂ ਤਾਰੀਖਾਂ ਅੰਗਰੇਜ਼ੀ ਵਿਚ ਮੌਜੂਦ ਹਨ ਤਾਂ ਫਿਰ ਹੋਰ ਕਿਤਾਬਾਂ ਦੀ ਕੀ ਲੋੜ ਹੈ। ਇਹ ਸਵਾਲ ਇਕ ਬੜੀ ਭਾਰੀ ਗ਼ਲਤੀ ਦੇ ਵਿਚ ਫਸਾ ਰਿਹਾ ਹੈ। ਇਸ ਗ਼ਲਤੀ ਨੂੰ ਦੂਰ ਕਰਨ ਦੇ ਲਈ ਸਾਡਾ ਇਕ ਬੜਾ ਭਾਰੀ ਫਰਜ਼ ਹੈ। ਜਿਤਨੇ ਇਲਮ ਪੜ੍ਹੇ ਪੜ੍ਹਾਏ ਜਾਂਦੇ ਹਨ, ਇਨ੍ਹਾਂ ਵਿਚੋਂ ਹਰ ਇਕ ਦੇ ਪੜ੍ਹਨ ਦੇ ਲਈ ਜ਼ਰੂਰੀ ਲੋੜ ਹੁੰਦੀ ਹੈ, ਜਿਵੇਂ ਫਿਲਾਸਫੀ ਦਾ ਪੜ੍ਹਨਾ ਦਲੀਲਾਂ ਨੂੰ ਵਧਾਉਂਦਾ ਅਤੇ ਭਰਮਾਂ ਨੂੰ ਮਿਟਾ ਕੇ ਦਿਲ ਨੂੰ ਸ਼ਾਂਤੀ ਬਖਸ਼ਦੀ ਹੈ।



***ਅੰਗਰੇਜ਼ੀ ਪੜ੍ਹਨ ਵਾਲੇ ਵਿਦਿਆਰਥੀਆਂ ਦਾ ਆਮ ਖਿਆਲ ਇਹ ਹੈ ਕਿ ਜਦ ਹਿੰਦੁਸਤਾਨ ਦੀਆਂ ਤਾਰੀਖਾਂ ਅੰਗਰੇਜ਼ੀ ਵਿਚ ਮੌਜੂਦ ਹਨ ਤਾਂ ਫਿਰ ਹੋਰ ਕਿਤਾਬਾਂ ਦੀ ਕੀ ਲੋੜ ਹੈ। ਇਹ ਸਵਾਲ ਇਕ ਬੜੀ ਭਾਰੀ .ਗਲਤੀ ਦੇ ਵਿਚ ਫਸਾ ਰਿਹਾ ਹੈ। ਇਸ .ਗਲਤੀ ਨੂੰ ਦੂਰ ਕਰਨ ਦੇ ਲਈ ਸਾਡਾ ਇਕ ਬੜਾ ਭਾਰੀ ਫਰਜ਼ ਹੈ। ਜਿਤਨੇ ਇਲਮ ਪੜ੍ਹੇ ਪੜ੍ਹਾਏ ਜਾਂਦੇ ਹਨ, ਇਨ੍ਹਾਂ ਵਿਚੋਂ ਹਰ ਇਕ ਦੇ ਪੜ੍ਹਨ ਦੇ ਲਈ ਜ਼ਰੂਰੀ ਲੋੜ ਹੁੰਦੀ ਹੈ, ਜਿਵੇਂ ਫਿਲਾਸਫੀ ਦਾ ਪੜ੍ਹਨਾ ਦਲੀਲਾਂ ਨੂੰ ਵਧਾਉਂਦਾ ਅਤੇ ਭਰਮਾਂ ਨੂੰ ਮਿਟਾ ਕੇ ਦਿਲ ਨੂੰ ਸ਼ਾਂਤੀ ਬਖਸ਼ਦੀ ਹੈ।***

ਉਸੀ ਤਰ੍ਹਾਂ ਹਰ ਇਕ ਕੌਮ ਦੀ ਤਾਰੀਖ ਦਾ ਪੜ੍ਹਨਾ ਉਸ ਕੌਮ ਦੇ ਲਈ ਮੁਹੱਬਤ ਦੀ ਲਹਿਰ ਪੈਦਾ ਕਰਦਾ ਹੈ। ਇਹ ਜ਼ਰੂਰੀ ਨਹੀਂ ਕਿ ਤਾਰੀਖ ਦੇ ਵਿਚ ਉਸ ਮੁਲਕ ਦੀ ਅਤੇ ਕੌਮ ਦੀ ਤਰੱਕੀ ਦੇ ਵਧਣ ਅਤੇ ਘਟਣ ਦੀਆਂ ਗੱਲਾਂ ਦਰਜ ਹੋਣ, ਨਹੀਂ ਨਹੀਂ। ਉਹ ਕੌਮ ਦੀਆਂ ਭਿੰਨ-ਭਿੰਨ ਕਿਸਮ ਦੀਆਂ ਅਜ਼ਮਾਇਸ਼ਾਂ ਭਾਵੇਂ ਇਤਨੀ ਹੀ ਤਕਲੀਫਾਂ ਦਾ ਕਾਰਨ ਹੋਵੇ, ਉਨ੍ਹਾਂ ਦੇ ਬੱਚਿਆਂ ਦੇ ਲਈ ਇਕ ਕਿਸਮ ਦਾ ਜੋਸ਼ ਪੈਦਾ ਕਰਦੀ ਹੈ। ਜ਼ਬਾਨ ਮਜ਼ਹਬ ਅਤੇ ਆਪਣੇ ਦੇਸ਼ ਵਿਚੋਂ ਚਲੇ ਜਾਣ ਦੇ ਕਾਰਨ ਭੀ ਕੌਮੀ ਮੁਹੱਬਤ ਪੈਦਾ ਰਹਿ ਸਕਦੀ ਹੈ। ਸਵਿਟਰਜ਼ਰਲੈਂਡ ਦੇ ਲੋਕ ਇਟਾਲਿਨ, ਫਰੈਂਚ, ਜਰਮਨ ਤਿੰਨਾਂ ਕਿਸਮਾਂ ਦੀਆਂ ਜ਼ਬਾਨਾਂ ਬੋਲਦੇ ਹਨ। ਮਗਰ ਫਿਰ ਵੀ ਇਨ੍ਹਾਂ ਲੋਕਾਂ ਦੀ ਮੁਹੱਬਤ ਅਤੇ ਆਪਣੀ ਕੌਮ ਦੀ ਬਹਾਦਰੀ ਦਾ ਮਾਣ ਹੱਦ ਤੋਂ ਜ਼ਿਆਦਾ ਹੈ। ਅੰਗਰੇਜ਼ ਯੂਨੀਅਨ ਦੇ ਭਿੰਨ-ਭਿੰਨ ਹਿੱਸਿਆਂ ਵਿਚ ਰਹਿੰਦੇ ਹਨ ਅਤੇ ਉਨ੍ਹਾਂ ਨੂੰ ਕੌਮ ਦੀ ਮੁਹੱਬਤ ਹੱਦ ਤੋਂ ਜ਼ਿਆਦਾ ਰਹਿੰਦੀ ਹੈ। ਅਮਰੀਕਾ ਦੇ ਵਿਚ ਭਿੰਨ-ਭਿੰਨ ਕਿਸਮ ਦੀਆਂ ਕੌਮਾਂ ਵਸਦੀਆਂ ਹਨ, ਮਗਰ ਹਰ ਇਕ ਦੇ ਦਿਲਾਂ ਵਿਚ ਕੌਮ ਦੀ ਮੁਹੱਬਤ ਹੱਦ ਤੋਂ ਜ਼ਿਆਦਾ ਹੈ।

ਜਦ ਕੋਈ ਕੌਮ ਦੁਨੀਆਂ ਦੀ ਤਰੱਕੀ ਵਲ ਦੇਖ ਕੇ ਆਪਣੀ ਹਾਲਤ ਸੁਧਾਰਨ ਲਈ ਕੁਝ ਯਤਨ ਕਰਦੀ ਹੈ ਤਾਂ ਉਸ ਨੂੰ ਤਰੱਕੀ ਭੀ ਮਿਲ ਜਾਂਦੀ ਹੈ ਅਤੇ ਉਸ ਕੌਮ ਨੂੰ ਤਾਰਾਂ ਭੀ ਮਿਲਦੀਆਂ ਹਨ, ਇਨ੍ਹਾਂ ਸਭ ਬਿਆਨ ਅਤੇ ਜਿੱਤਾਂ ਹਾਰਾਂ ਦੀਆਂ ਮਿਸਾਲਾਂ ਕੌਮ ਦੀ ਆਉਣ ਵਾਲੀ ਨਸਲ ਦੇ ਦਿਲਾਂ ਵਿਚ ਜੋਸ਼ ਪੈਦਾ ਕਰਦੀਆਂ ਹਨ। ਇਸ ਜੋਸ਼ ਦੇ ਪੈਦਾ ਕਰਨ ਲਈ ਤਾਰੀਖ ਦੀ ਜ਼ਰੂਰੀ ਲੋੜ ਹੈ। ਇਸ ਤੋਂ ਅੱਗੇ ਚਲ ਕੇ ਦੂਜਾ ਅਸੂਲ ਇਹ ਹੈ ਕਿ ਕਿਸੇ ਮੁਲਕ ਦੀ ਸਹੀ ਅਤੇ ਸੱਚੀ ਤਾਰੀਖ ਨੂੰ ਦੂਜੇ ਮੁਲਕ ਦੇ ਵਿਚ ਰਹਿਣ ਵਾਲਾ ਪੁਰਸ਼ ਕਦੇ ਭੀ ਠੀਕ ਨਹੀਂ ਲਿਖ ਸਕਦਾ। ਇਹ ਅਜਿਹੀ ਗੱਲ ਹੈ ਕਿ ਜਿਵੇਂ ਕੋਈ ਗ਼ੈਰ ਪੁਰਸ਼ ਸਾਡੇ ਪਿਤਾ ਦੇ ਨਾਲ ਬਾਪ ਅਤੇ ਬੇਟੇ ਦੀ ਮੁਹੱਬਤ ਦਾ ਸਬੂਤ ਦੇਵੇ। ਜੋ ਲੋਕ ਕਿਸੀ ਪਾਰਟੀ ਦੇ ਵਿਰੁੱਧ ਹੋਣ, ਕਿਸੇ ਪਾਰਟੀ ਦਾ ਪੂਰਾ ਅਤੇ ਸਹੀ ਹਾਸਿਲ ਹੀ ਲਿਖ ਸਕਦੇ, ਉਹ ਕੇਵਲ ਆਪਣੀ ਤਰਫ ਦੇਖ ਸਕਦੇ ਹਨ। ਦੂਜੀ ਤਰਫ ਦੇਖਣਾ ਉਨ੍ਹਾਂ ਦੇ ਲਈ ਬੜਾ ਮੁਸ਼ਕਿਲ ਹੈ। ਸਾਡੇ ਸਾਹਮਣੇ ਦੋ ਕੌਮਾਂ ਦੀ ਜੰਗ ਹੁੰਦੀ ਹੈ, ਹਰ ਇਕ ਪਾਰਟੀ ਦੂਜੇ ਨੂੰ ਬੁਰਾ ਕਹਿੰਦੀ ਹੈ ਅਤੇ ਸਾਰਾ ਦੋਸ਼ ਦੂਜੇ ਦੇ ਸਿਰ ਲਾਉਂਦੀ ਹੈ। ਤਾਰੀਖ ਦੀ ਗਰਜ਼ ਕੇਵਲ ਸੱਚਾਈ ਦੇ ਪਰਖਣ ਲਈ ਨਹੀਂ ਹੈ ਬਲਕਿ ਆਪਣੀ ਪਾਰਟੀ ਦੇ ਲੋਕਾਂ ਦੇ ਸਾਹਮਣੇ ਆਪਣਾ ਆਪਾ ਪੇਸ਼ ਕਰਨਾ ਹੈ। ਸੱਚਾਈ ਤਕ ਨਾ ਕੋਈ ਪਹੁੰਚਿਆ ਹੈ ਅਤੇ ਸ਼ਾਇਦ ਨਾ ਕੋਈ ਪਹੁੰਚੇਗਾ। ਲੇਕਿਨ ਹਰ ਇਕ ਪਾਰਟੀ ਆਪਣੇ ਫਰਜ਼ ਨੂੰ ਪੂਰਾ ਕਰਨ ਦੇ ਲਈ ਤਾਰੀਖ ਨੂੰ ਆਪਣਾ ਮੁੱਖ ਰੱਖਦੀ ਹੈ ਜਿਸ ਤੋਂ ਵਾਕਿਫ ਹੋਣਾ ਹਰ ਇਕ ਪੁਰਸ਼ ਦਾ ਫਰਜ਼ ਹੈ ਹਿੰਦੁਸਤਾਨ ਦੇ ਵਿਚ ਜੋ ਆਮ ਤੌਰ 'ਤੇ ਤਾਰੀਖੀ ਕਿਤਾਬਾਂ ਲਿਖੀਆਂ ਗਈਆਂ ਹਨ, ਬਦਕਿਸਮਤੀ ਤੋਂ ਸਾਡੇ ਬਜ਼ੁਰਗਾਂ ਨੂੰ ਆਪਣੇ ਹਾਲ ਲਿਖਣ ਅਤੇ ਬੱਚੇ ਹਾਲਤ ਦਾ ਸ਼ੌਕ ਨਹੀਂ ਸੀ ਅਤੇ ਕੁਝ ਹਾਲ ਲਿਖੇ ਹੋਏ ਮਿਲਦੇ ਹਨ, ਉਹ ਬਿਲਕੁਲ ਝੂਠੇ ਹਨ, ਸੁਸਾਇਟੀ ਦੇ ਅੰਦਰ ਅਜਿਹੀਆਂ ਤਬਦੀਲੀਆਂ ਹੁੰਦੀਆਂ ਹੀ ਹੋਣਗੀਆਂ, ਜਿਸ ਦੇ ਲਿਖਣ ਦਾ ਇਨ੍ਹਾਂ ਨੂੰ ਖਿਆਲ ਆਉਂਦਾ। ਸੁਸਾਇਟੀ ਬਹੁਤ ਮੁਦਤ ਤੋਂ ਰਸਮਾਂ ਦੇ ਅਨੁਸਾਰ ਰਹਿ ਕੇ ਇਕ ਹੀ ਸ਼ਕਲ ਦੇ ਵਿਚ ਚਲੀ ਆਈ। ਸੁਸਾਇਟੀ ਬਹੁਤ ਮੁਦਤ ਤੋਂ ਰਸਮਾਂ ਦੇ ਅਨੁਸਾਰ ਰਹਿ ਕੇ ਇਕ ਹੀ ਸ਼ਕਲ ਦੇ ਵਿਚ ਚਲੀ ਆਈ। ਅੱਜਕੱਲ੍ਹ ਭੀ ਕਿਸੇ ਹਿੰਦੀ ਨੂੰ ਇਨ੍ਹਾਂ ਪੁਰਾਣਿਆਂ ਹਾਲਾਂ ਦੇ ਖੋਜਣ ਦਾ ਸ਼ੌਕ ਪੈਦਾ ਨਹੀਂ ਹੋਇਆ।

ਦੂਜੇ ਦੋ ਜ਼ਮਾਨੇ ਹਨ, ਇਕ ਇਸਲਾਮੀ ਹਕੂਮਤ ਅਤੇ ਦੂਜਾ ਅੰਗਰੇਜ਼ੀ ਲੜਾਈ ਅਤੇ ਬ੍ਰਿਟਿਸ਼ ਰਾਜ ਦਾ। ਇਨ੍ਹਾਂ ਦੋਹਾਂ ਜ਼ਮਾਨਿਆਂ ਦੇ ਬਾਬਤ ਸਾਡੀਆਂ ਸਾਰੀਆਂ ਤਾਰੀਖਾਂ ਮੁਸਲਮਾਨਾਂ ਲਿਖਾਰੀਆਂ ਦੇ ਅਨੁਸਾਰ ਵਕਤ ਦੀਆਂ ਗੱਲ ਲਿਖਦੀਆਂ ਹਨ ਅਤੇ ਜੋ ਅੰਗਰੇਜ਼ਾਂ ਹਾਲ ਦੇ ਅਨੁਸਾਰ ਅੰਗਰੇਜ਼ ਲਿਖਾਰੀ ਕੌਮੀ ਜੋਸ਼ ਦੇ ਨਾਲ ਆਪਣੀ ਕਹਾਣੀ ਲਿਖਦੇ ਹਨ ਕਿ ਸਾਡੀਆਂ ਫੌਜਾਂ ਨੇ ਬੜੀ ਬਹਾਦਰੀ ਦੇ ਨਾਲ ਮੁਲਕ ਨੂੰ ਕਬਜ਼ੇ ਵਿਚ ਲਿਆ ਅਤੇ ਕਿਸ ਤਰ੍ਹਾਂ ਗ਼ਦਰਨਰਾਂ ਨੇ ਆਪਣੀ ਮਿਹਨਤ ਅਤੇ ਨਿਆਕਰ ਦੀ ਬਦੌਲਤ ਲਾਭਦਾਇਕ ਤਰੀਕੇ ਜਾਰੀ ਕੀਤੇ। ਇਹ ਭੀ ਹਿੰਦੁਸਤਾਨੀਆਂ ਦੇ ਸਿਰ ਤੇ ਗੁਜ਼ਰਿਆ ਹੋਇਆ ਹਾਲ ਹੈ, ਐਪਰ ਇਨ੍ਹਾਂ ਦੋਹਾਂ ਜ਼ਮਾਨਿਆਂ ਦੇ ਵਿਚ ਲੋਕਾਂ ਦੇ ਸਿਰ 'ਤੇ ਕੀ ਬੀਤੀ। ਉਨ੍ਹਾਂ ਦੇ ਖਿਆਲ ਅਤੇ ਕੀ ਲੋੜਾਂ ਸੀ। ਹੌਲੀ ਹੌਲੀ ਉਨ੍ਹਾਂ ਦੇ ਖਿਆਲ ਕਿਸ ਤਰ੍ਹਾਂ ਬਦਲੇ ਅਤੇ ਉਨ੍ਹਾਂ ਦਾ ਕੀ ਨਤੀਜਾ ਨਿਕਲਿਆ ਅਤੇ ਉਨ੍ਹਾਂ ਦੇ ਆਪਣੇ ਬਚਾਓ ਦੇ ਲਈ ਅੰਗਰੇਜ਼ਾਂ ਨੇ ਕੀ ਤਦਬੀਰਾਂ ਸੋਚੀਆਂ ਜਾਂ ਆਪਣੇ ਬਚਾਓ ਦੇ ਲਈ ਕੀ ਢੰਗ ਸੋਚੇ। ਅਜਿਹੇ ਸਬਕ ਸਿੱਖਣ ਵਾਲੀਆਂ ਮਿਸਾਲਾਂ ਦਾ ਨਾਂ ਤਕ ਭੀ ਇਨ੍ਹਾਂ ਤਾਰੀਖਾਂ ਦੇ ਵਿਚ ਨਹੀਂ ਹੈ।

ਇਹ ਕੁਦਰਤੀ ਗੱਲ ਹੈ ਕਿ ਅੰਗਰੇਜ਼ ਲਿਖਾਰੀ ਆਪਣੀ ਤਾਰੀਖ ਦਾ ਅਸਲੀ ਜਾਣੂੰ ਅਜੇ ਤਕ ਕੋਈ ਨਹੀਂ ਮਿਲਿਆ। ਮੈਨੂੰ ਬੜੀ ਹੈਰਾਨੀ ਹੁੰਦੀ ਹੈ ਕਿ ਜਦ ਮੈਂ ਹਿੰਦੁਸਤਾਨ ਦੇ ਵਿਦਵਾਨਾਂ ਦੇ ਮੂੰਹੋਂ ਪੁਰਾਣੇ ਬਜ਼ੁਰਗਾਂ ਦੇ ਵਿਰੁਧ ਇਹ ਇਲਜ਼ਾਮ ਸੁਣਦਾ ਹਾਂ ਕਿ ਇਨ੍ਹਾਂ ਨੂੰ ਤਾਰੀਖ ਦਾ ਕੋਈ ਸ਼ੌਕ ਨਹੀਂ ਸੀ। ਸ਼ਾਇਦ ਇਨ੍ਹਾਂ ਨੂੰ ਇਸ ਸ਼ੌਕ ਦੀ ਲੋੜ ਨਹੀਂ ਸੀ। ਅਫਸੋਸ ਹੈ ਕਿ ਸਾਡੇ ਉਤੇ ਕਿ ਇਸ ਲੋੜ ਦੇ ਪੂਰਾ ਕਰਨ ਦੇ ਲਈ ਸਾਡੇ ਵਿਚੋਂ ਕੋਈ ਪੁਰਸ਼ ਅਜਿਹਾ ਨਾ ਨਿਕਲਿਆ ਜੋ ਇਸ ਮੁਲਕ ਦੀ ਸਹੀ ਤਾਰੀਖ ਲਿਖ ਕੇ ਕੌਮ ਦੀ ਭੇਟਾਂ ਕਰਦਾ।

ਇਸ ਨੁਕਤਾ ਖਿਆਲ ਤੋਂ ਤਾਰੀਖ ਲਿਖਣ ਵਾਲੇ ਦੇ ਲਈ ਜ਼ਰੂਰੀ ਹੋਵੇਗਾ ਕਿ ਅੰਗਰੇਜ਼ੀ ਹਮਲਿਆਂ ਦੀ ਲਹਿਰ ਦੇ ਸਮੇਂ ਤੋਂ ਬਿਨਾਂ ਅੰਗਰੇਜ਼ ਅਫਸਰਾਂ ਦੇ ਰਹਿਮ ਅਤੇ ਜ਼ੁਲਮ ਦੀਆਂ ਕਹਾਣੀਆਂ ਦੱਸੇ। ਇਹ ਭੀ ਦੱਸੇ ਕਿ ਪਹਿਲੇ ਵੇਲੇ ਦੇ ਹਿੰਦੂਆਂ ਦੀ ਕੀ ਹਾਲਤ ਸੀ ਅਤੇ ਇਨ੍ਹਾਂ ਦੀ ਕਮਜ਼ੋਰੀ ਦਾ ਕੀ ਕਾਰਨ ਹੋਇਆ? ਇਨ੍ਹਾਂ ਨੇ ਕਿਸ ਤਰ੍ਹਾਂ ਮੁਕਾਬਲਾ ਕੀਤਾ। ਕਿਥੋਂ ਤਕ ਉਹ ਇਸ ਮੁਕਾਬਲੇ ਦੇ ਵਿਚ ਜਿੱਤੇ ਅਤੇ ਇਨ੍ਹਾਂ ਦੇ ਹਾਰਨ ਦਾ ਕੀ ਕਾਰਨ ਹੋਇਆ? ਅਤੇ ਅੱਗੇ ਚਲ ਕੇ ਜਦ ਅੰਗਰੇਜ਼ ਦਿੱਲੀ ਦੇ ਵਿਚ ਆਏ ਤਾਂ ਹਿੰਦੁਸਤਾਨੀ ਕੀ ਕਰਦੇ ਰਹੇ? ਪਹਿਲੇ ਪਹਿਲ ਅੰਗਰੇਜ਼ਾਂ ਦੇ ਨਾਲ ਹਿੰਦੀਆਂ ਦੀ ਕੀ ਪਾਲਿਸੀ ਸੀ? ਇਨ੍ਹਾਂ ਦੇ ਕੀ ਨੁਕਸ ਅਤੇ ਫਾਇਦੇ ਹੋਏ? ਹਿੰਦੀਆਂ ਦੀ ਤਾਕਤ ਦੇ ਵਿਚ ਕੀ ਨੁਕਸ ਸੀ ਜਿਸ ਦੇ ਕਾਰਨ ਹਿੰਦੀਆਂ ਦੀ ਤਾਕਤ ਅੰਗਰੇਜ਼ਾਂ ਦੇ ਨਾਲ ਨਾ ਭਿੜ ਸਕੀ ਅਤੇ ਅੰਗਰੇਜ਼ੀ ਰਾਜ ਨੇ ਕੀ ਮਲੂਮ ਕੀਤਾ? ਬਲਕਿ ਇਹ ਭੀ ਖਿਆਲ ਹੋਵੇ ਕਿ ਇਨ੍ਹਾਂ ਲੋਕਾਂ ਨੇ ਆਉਣ ਵਾਲੀ ਨਸਲ ਦੇ ਨਾਲ ਕੀ ਸਲੂਕ ਕੀਤਾ? ਹਿੰਦੁਸਤਾਨ ਦੀ ਤਾਰੀਖ ਦਾ ਇਹ ਕੌਮੀ ਪਹਿਲੂ ਹੈ। ਇਸ ਪਹਿਲੂ ਦੇ ਪੇਸ਼ ਕਰਨ ਵਾਲਾ ਹਿੰਦੁਸਤਾਨ ਹੋ ਸਕਦਾ ਹੈ। ਸਹੀ ਤਾਰੀਖ ਤਾਂ ਪਿੱਛੋਂ ਲਿਖੀ ਜਾਵੇਗੀ। ਉਹ ਵਕਤ ਤਾਂ ਅਜੇ ਪਿਛੇ ਆਵੇਗਾ।

ਹੁਣ ਤਾਂ ਅਜੇ ਅਜਿਹਾ ਕੰਮ ਜਾਰੀ ਕਰਨ ਦਾ ਮੌਕਾ ਹੈ ਜੋ ਲੋਕ ਉਰਦੂ ਜਾਂ ਹਿੰਦੀ ਪੜ੍ਹ ਸਕਦੇ ਹਨ ਅਤੇ ਜਿਨ੍ਹਾਂ ਨੂੰ ਜ਼ਬਾਨ ਅਤੇ ਕੌਮ ਦੀ ਤਾਕਤ ਰੱਖਣ ਦਾ ਸ਼ੌਕ ਹੈ, ਉਹ ਆਪਣੇ ਲਈ ਕੌਮ ਦੇ ਰਖਿਅਕ ਕਹਾ ਸਕਦੇ ਹਨ।

## ਗਦਰ ਲਹਿਰ ਦੀਆਂ ਕਵਿਤਾਵਾਂ

### ਗਦਰੀਆਂ ਦੇ ਕੰਮ ਅਤੇ ਗੁਣ

ਤਾਰੀਖ ਦਸਿਆ ਜਗਤ ਹੈ ਪਿਛਾਂ ਖਿਚੂ,
ਮੋਹਰੇ ਜਾਂਵਦੇ ਇਕ ਸੰਤੋੜ ਗਦਰੀ।
ਭਰਮ ਭੰਡ ਅਗਯਾਨਤਾ ਦਰੜ ਸੁਟਣ,
ਛੱਡਣ ਜ਼ੁਲਮ ਦੀ ਘੰਡ ਮਰੋੜ ਗਦਰੀ।
ਨਵੀਂ ਜ਼ਿੰਦਗੀ ਦੇਣ ਸਮਾਜ ਤਾਈਂ,
ਸਮਝਣ ਕਰਨ ਜੋ ਸਮੇਂ ਦੀ ਲੋੜ ਗਦਰੀ।
ਆਪ ਹੋਣ ਆਜ਼ਾਦ, ਛਡੌਣ ਖਾਤਰ,
ਦਿੰਦੇ ਪਿੰਜਰੇ ਭੰਨ ਤਰੋੜ ਗਦਰੀ।

### ਡੇਉਢਾਂ

ਇਹ ਮੌਕਾ ਹੈ ਗਦਰ ਕਰਨ ਦਾ
ਇਸ ਤੇ ਹੋਰ ਨਾ ਲੋੜੋ, ਸੁਸਤੀ ਛੋੜੋ।
ਵਿਚ ਸ਼ਕੰਜੇ ਜ਼ਾਲਮ ਫਸਿਆ ਹੁਣ
ਇਸ ਦਾ ਸਿਰ ਤੋੜੋ, ਖੋਪੜੀ ਫੋੜੋ।
ਸ਼ੇਰ ਵਾਂਗ ਗਜ ਇਨ੍ਹਾਂ ਦੀ ਗਰਦਨ
ਪਕੜ ਮਰੋੜੋ, ਲਹੂ ਨਿਚੋੜੋ।
ਲੈ ਕੇ ਸ਼ਸਤਰ ਰਣਭੂਮੀ ਵਿਚ ਆਵੋ
ਜੇ ਕੁਝ ਲੋੜੋ, ਪਿੱਠ ਨਾ ਮੋੜੋ।

ਉਠੋ ਸ਼ੇਰੋ ਦੁਸ਼ਮਨ ਦੇ ਘਰ ਹੋਵਨ
ਵੈਣ ਸਿਆਪੇ, ਆਪੇ ਧਾਪੇ।
ਭਾਈਆਂ ਨਾਲੋਂ ਭਾਈ ਬਿਛੋੜੋ
ਜੋੜੇ ਕਰੋ ਕਲਾਪੇ, ਦੁਖ ਬਿਆਪੇ।
ਇਕ ਇਕ ਘਰ ਦੇ ਨੌਂ ਨੌਂ ਮਾਰੋ
ਬੈਠੇ ਰੋਵਨ ਮਾਪੇ, ਵਿਚ ਬੁਢਾਪੇ।
ਮਜ਼ਾ ਹਿੰਦ ਪਰ ਜ਼ੁਲਮ ਕਰਨ ਦਾ
ਫਿਰ ਜ਼ਾਲਮ ਨੂੰ ਜਾਪੇ, ਹਟਸੀ ਆਪੇ।

ਦਿਸਦੇ ਸ਼ੇਰਾਂ ਵਾਂਗ ਗਭਰੂ ਚਲੋ
ਦਿਖਾਓ ਜੁਆਨੀ, ਵਿਚ ਮਦਾਨੀ।
ਹਿੰਦੋਸਤਾਨ ਆਜ਼ਾਦ ਕਰ ਲਿਆ
ਜਾਂ ਕੀਤੀ ਕੁਰਬਾਨੀ, ਦਿਲ ਵਿਚ ਠਾਨੀ।
ਹਿੰਦੀ ਬਨੇ ਸਪੂਤ ਮਾਤ ਦੇ
ਬਨ ਗਏ ਯੂਰਪ ਸਾਨੀ, ਛੋੜ ਨਦਾਨੀ।
ਦੋਹੀਂ ਪਾਸੀਂ ਲੋਭ ਦਿਸ ਰਿਹਾ
ਇਸ ਵਿਚ ਮਾਰੇ ਭਾਨੀ, ਤੁਖਮ ਸਤਾਨੀ।

ਸਖਤ ਗਿਰ ਗਿਆ ਜੀਵਨ ਸਾਡਾ
ਇਸ ਤੋਂ ਚੰਗਾ ਮਰਨਾ, ਦੁਖ ਨਹੀਂ ਕਰਨਾ।

ਦੇ ਦੇ ਧਮਕੀ ਰਿਹਾ ਡਰਾ ਹੁਣ
ਇਸ ਤੇ ਨਹੀਂ ਡਰਨਾ, ਥਰ ਥਰ ਕਰਨਾ।
ਕਾਇਰਾਂ ਵਾਂਗ ਪਿਠ ਨਾ ਦੇਣਾ
ਪੈਰ ਅਗੇ ਨੂੰ ਧਰਨਾ, ਮੂਲ ਨਾ ਡਰਨਾ।
ਬਾਝ ਗਦਰ ਦੇ ਸਾਡਾ ਯਾਰੋ
ਬਿਲਕੁਲ ਕਾਜ ਨਾ ਸਰਨਾ, ਪੈਸੀ ਕਰਨਾ।

# ਸੰਵੇਦਨਸ਼ੀਲ ਫਿਲਮਸਾਜ਼ ਦਾ ਅਫਸਾਨਾ ਨਿਗਾਰ ਨੂੰ ਭੇਜਿਆ ਜ਼ਰੂਰੀ ਖਤ 'ਮੰਟੋ'

ਕੁਲਦੀਪ ਕੌਰ
ਫੋਨ: +91-98554-04330

ਫਿਲਮ 'ਮੰਟੋ' ਨੂੰ ਸਮਝਣ ਲਈ ਇਸ ਫਿਲਮ ਦੀ ਫਿਲਮਸਾਜ਼ ਨੰਦਿਤਾ ਦਾਸ ਨੂੰ ਸਮਝਣਾ ਜ਼ਰੂਰੀ ਹੈ। ਨੰਦਿਤਾ ਦਾਸ ਭਾਰਤੀ ਸਿਨੇਮਾ ਦੀਆਂ ਉਨ੍ਹਾਂ ਗਿਣੀਆਂ-ਚੁਣੀਆਂ ਅਭਿਨੇਤਰੀਆਂ ਅਤੇ ਫਿਲਮਸਾਜ਼ਾਂ ਵਿਚੋਂ ਹੈ ਜਿਨ੍ਹਾਂ ਲਈ ਸਿਨੇਮਾ, ਦਰਸ਼ਕਾਂ ਦੀਆਂ ਯਾਦਾਂ, ਤਾਘਾਂ ਅਤੇ ਸੁਪਨਿਆਂ ਦੀਆਂ ਤੰਦਾਂ ਰਾਹੀ ਸਾਂਝੀ ਸਭਿਆਚਾਰਕ ਸਪੇਸ ਬਣਾਉਣ ਦਾ ਜ਼ਰੀਆਂ ਹੈ। ਨੰਦਿਤਾ ਮੁਲਕ ਦੇ ਨਾਗਰਿਕਾਂ ਦੇ ਉਸ ਤਬਕੇ ਦਾ ਪ੍ਰਤੀਨਿਧ ਕਰਦੀ ਹੈ ਜਿਹੜੇ ਮੁਲਕ ਦੀ ਸਿਆਸਤ ਨੂੰ ਸਮਝਣ ਲਈ ਹੁਣ ਵੀ ਆਪਣੀਆਂ ਕਲਮਾਂ, ਕੈਮਰਿਆਂ ਅਤੇ ਕੈਨਵਸਾਂ ਨੂੰ ਇਸ ਦੇ ਮੁਹੱਲਿਆਂ, ਘਰਾਂ, ਬਾਜ਼ਾਰਾਂ ਅਤੇ ਖੇਤਾਂ 'ਤੇ ਫੋਕਸ ਕਰਨਾ ਨਹੀਂ ਭੁੱਲੇ। ਇਸ ਫਿਲਮ ਨੂੰ ਦੇਖਦਿਆਂ ਵਾਰ ਵਾਰ ਜ਼ਿਹਨ ਵਿਚ ਇਹੀ ਗੂੰਜਦਾ ਰਿਹਾ ਕਿ 'ਮੰਟੋ'



*ਫਿਲਮ 'ਮੰਟੋ' ਦੇ ਦ੍ਰਿਸ਼ ਵਿਚ ਅਦਾਕਾਰਾ ਰਸਿਕਾ ਦੁੱਗਲ ਅਤੇ ਅਦਾਕਾਰ ਨਵਾਜ਼ੂਦੀਨ ਸਿਦੀਕੀ।*

ਬਣਾ ਕੇ ਨੰਦਿਤਾ ਨੇ ਫੈਜ਼ ਅਹਿਮਦ ਫੈਜ਼ ਦੇ ਸਵਾਲ 'ਜੋ ਵੋ ਕਰਜ਼ ਰੱਖਤੇ ਥੇ ਜਾਨ ਪਰ ਵੋ ਹਿਸਾਬ ਆਜ ਚੁਕਾ ਦੀਆ' ਨੂੰ ਹੀ ਸਾਰਥਿਕ ਕੀਤਾ ਹੈ।

ਫਿਲਮ 'ਮੰਟੋ' ਉਰਦੂ ਲਿਖਾਰੀ ਸਆਦਤ ਹਸਨ ਮੰਟੋ ਦੀਆਂ ਕਈ ਕਹਾਣੀਆਂ ਦਾ ਬਹੁਪਰਤੀ ਅਤੇ ਗੁੰਝਲਦਾਰ ਕੋਲਾਜ ਹੈ। ਇਨ੍ਹਾਂ ਸਾਰੀਆਂ ਕਹਾਣੀਆਂ ਦੇ ਪਾਤਰਾਂ ਵਿਚ ਜਿਹੜੀ ਸ਼ਾਹਰਗ ਸਾਂਝੀ ਹੈ, ਉਹ ਇਹ ਹੈ ਕਿ ਇਹ ਸਾਰੇ ਪਾਗਲ ਸਮਿਆਂ ਵਿਚ ਜੀਅ ਰਹੇ ਜਿਊੜੇ ਹਨ ਜਿਨ੍ਹਾਂ ਦੀ ਜ਼ਿੰਦਗੀ ਦੇ ਧਾਗੇ ਸਮੇਂ ਦੀ ਸਿਆਸਤ ਅਤੇ ਸਮਾਜਿਕ ਤਰਾਸਦੀਆਂ ਨੇ ਉਲਝਾ ਦਿੱਤੇ ਹਨ। ਫਿਲਮ ਦੇ ਬਹੁਤੇ ਫਰੇਮਾਂ ਵਿਚ ਬੇਨਾਮ ਮਨੁੱਖ ਤੁਰੇ ਫਿਰਦੇ ਹਨ, ਇਨ੍ਹਾਂ ਦੇ ਪੈਰਾਂ ਵਿਚ ਇੰਨੀ ਕਾਹਲ ਹੈ ਕਿ ਦਰਸ਼ਕਾਂ ਨੂੰ ਆਪਣੀ ਸਿਥਲਤਾ ਚੁਭਣ ਲੱਗਦੀ ਹੈ। ਮੰਟੋ ਤੋਂ ਬਾਅਦ ਫਿਲਮ ਦਾ ਦੂਜਾ ਵੱਡਾ ਕਿਰਦਾਰ ਬੰਬਈ ਹੈ। ਬੰਬਈ ਬਾਰੇ ਮੰਟੋ ਖੁਦ ਕਹਿੰਦਾ ਹੈ ਕਿ 'ਮੈਂ ਤਾਂ ਚਲਦਾ-ਫਿਰਦਾ ਬੰਬਈ ਹਾਂ'। ਬੰਬਈ ਦੇ ਇਨ੍ਹਾਂ ਗਲੀਆਂ-ਕੂਚਿਆਂ ਵਿਚ ਜਿਥੇ ਸਸਤੀ ਸ਼ਰਾਬ ਦੀਆਂ ਦੁਕਾਨਾਂ ਹਨ, ਜਿਸਮਾਂ ਦੀਆਂ ਮੰਡੀਆਂ ਹਨ, ਅਖਬਾਰਾਂ ਵਾਲਿਆਂ ਦੇ ਟਾਈਪਰਾਈਟਰਾਂ ਦੀ ਟਿੱਕ-ਟਿੱਕ ਹੈ, ਫਿਲਮੀ ਦੁਨੀਆਂ ਦੇ ਰੱਬ ਵੱਸਦੇ ਹਨ, ਸਿਆਸੀ ਪਾਰਟੀਆਂ ਦੇ ਕਾਰਿੰਦਿਆਂ ਦੀ ਕਾਵਾਂ-ਰੌਲੀ ਹੈ, ਅੰਗਰੇਜ਼ਾਂ ਦੇ ਮੁਖਬਰਾਂ ਦੀਆਂ ਸਰਗੋਸ਼ੀਆਂ ਹਨ, ਫਿਲਮਾਂ ਵਾਲਿਆਂ ਦੇ ਦਫਤਰ ਹਨ, ਰੋਜ਼ੀ-ਰੋਟੀ ਦੀ ਆਪੋ-ਧਾਪੀ ਮੱਚੀ ਹੋਈ ਹੈ, ਮੰਟੋ ਆਪਣੀ ਹੋਂਦ ਦੀਆਂ ਕਿਰਚਾਂ ਚੁਗਣ ਦੀ ਕੋਸ਼ਿਸ ਕਰ ਰਿਹਾ ਹੈ। ਉਸ ਨੂੰ ਪਤਾ ਹੈ ਕਿ ਜ਼ਿੰਦਗੀ ਨਾ-ਕਾਬਿਲੇ ਬਰਦਾਸ਼ਤ ਹੈ। ਉਸ ਨੂੰ ਇਹ ਵੀ ਪਤਾ ਹੈ ਕਿ ਉਸ ਦੀਆਂ ਲਿਖਤਾਂ ਵਿਚਲੀ ਤਲਖੀ ਅਤੇ ਸ਼ਿੱਦਤ ਦਾ ਰੰਗ ਉਸ ਦੇ ਆਪਣੇ ਖੂਨ ਨਾਲ ਨਿਖਰਿਆ ਹੈ, ਇਸ ਦੇ ਬਾਵਜੂਦ ਉਸ ਨੂੰ ਸਚਾਈ ਤੋਂ ਮੁਨਕਰ ਹੋਇਆ ਇਕ ਵੀ ਸ਼ਬਦ ਲਿਖਣਾ ਗਵਾਰਾ ਨਹੀਂ।

ਮੰਟੋ ਸ਼ਬਦਾਂ ਨੂੰ ਤਿੱਖੀ ਕਟਾਰ ਵਾਂਗ ਤੇਜ਼ ਕਰਦਾ ਹੈ ਅਤੇ ਫਿਰ ਪਾਠਕਾਂ ਦੀ ਰੂਹ ਨੂੰ ਕੁਰੇਦਦਾ ਹੈ। ਲੇਖਕ ਫਰਾਂਜ਼ ਕਾਫਕਾ ਆਪਣੀ ਪ੍ਰੇਮਿਕਾ ਨੂੰ ਇਕ ਜਗ੍ਹਾ ਮੰਟੋ ਵਰਗੀ ਲਿਖਤ ਦੀ ਸਿਫਤ ਕਰਦਿਆਂ ਲਿਖਦਾ ਹੈ: 'ਕਿਤਾਬ ਉਹੀ ਜਿਹੜੀ ਚਾਕੂ ਵਾਂਗ ਸਾਡਾ ਧੁਰ ਅੰਦਰ ਚੀਰਦੀ ਚਲੀ ਜਾਵੇ।' ਮੰਟੋ ਅਜਿਹੀ ਲਿਖਤ ਦਾ ਗਿਆਤਾ ਹੈ। ਉਸ ਦੀ ਕਾਫਕਾ ਨਾਲ ਇਕ ਸਾਂਝ ਇਹ ਵੀ ਹੈ ਕਿ ਉਹ ਦੋਵੇਂ ਆਪਣੀਆਂ ਲਿਖਤਾਂ ਨੂੰ ਦਿਲ ਦਾ ਮਾਸ ਖਵਾਉਂਦੇ ਹਨ। ਨੰਦਿਤਾ ਦਾਸ ਉਸ ਦੇ ਅੰਦਰ ਆਪਣੇ ਪਿਤਾ ਲਈ ਪਈ ਅੰਨ੍ਹੀ ਗੁੰਝਲ ਅਤੇ ਬੰਬਈ ਸ਼ਹਿਰ ਨਾਲ ਕੀਤੀ ਮੁਹੱਬਤ ਨੂੰ ਇਕੋ ਜਿਹੀ ਸ਼ਿੱਦਤ ਨਾਲ ਉਕੇਰਦੀ ਹੈ।

ਮੰਟੋ ਨੇ ਲਿਖਣ ਤੋਂ ਪਹਿਲਾ ਵਿਕਟਰ ਹਿਊਗੋ ਅਤੇ ਅੰਤੋਨ ਚੈਖਵ ਦੀਆਂ ਅਨੇਕਾਂ ਰਚਨਾਵਾਂ ਦਾ ਤਰਜਮਾ ਕੀਤਾ। ਜੱਲ੍ਹਿਆਂ ਵਾਲੇ ਬਾਗ ਦੇ ਸਾਕੇ ਨੇ ਉਸ ਦੀ ਚੇਤਨਾ 'ਤੇ ਗਹਿਰੀ ਛਾਪ ਛੱਡੀ। ਇਨ੍ਹਾਂ ਦਿਨਾਂ ਵਿਚ ਹੀ ਉਸ ਨੇ ਆਪਣੀਆਂ ਪਹਿਲੀਆਂ ਕਹਾਣੀਆਂ ਲਿਖੀਆਂ। ਮੰਟੋ ਸ਼ਹਿਰੀ ਆਧੁਨਿਕਤਾ ਅਤੇ ਸਹਿਚਾਰ ਨਾਲ ਭਰੀ ਬੰਬਈ ਨਗਰੀ ਵਿਚ ਵਿਚਰਦੇ ਜੀਆਂ ਅੰਦਰਲੀ ਟੁੱਟ-ਭੱਜ ਨੂੰ ਪੜ੍ਹਦਾ ਹੋਇਆ ਆਪਣੇ ਅੰਦਰਲੇ ਖਲਲ ਨੂੰ ਸੰਬੋਧਿਤ ਹੁੰਦਾ ਹੈ। ਉਹ ਅਫਸਾਨਾ ਨਿਗਾਰ ਹੈ ਪਰ ਉਸ ਦੀ ਜ਼ਿੰਦਗੀ ਪ੍ਰਤੀ ਸਮਝ ਦੀ ਸੁਰ ਦਾਰਸ਼ਨਿਕ ਹੈ। ਨੰਦਿਤਾ ਉਸ ਦੀ ਮਨੋਵਿਗਿਆਨਕ ਉਧੇੜ-ਬੁਣ ਨੂੰ ਨਵਾਜ਼ੂਦੀਨ ਸਿਦੀਕੀ ਦੀ ਅਦਾਕਾਰੀ ਰਾਹੀਂ ਸੰਬੋਧਿਤ ਹੁੰਦੀ ਹੈ। ਨੰਦਿਤਾ ਦਾਸ ਦੀਆਂ ਲੱਖ ਕੋਸ਼ਿਸਾਂ ਦੇ ਬਾਵਜੂਦ ਮੰਟੋ ਆਪਣੇ ਕਿਰਦਾਰ ਦੀ ਬੁਲੰਦੀ ਕਾਰਨ ਵਾਰ-ਵਾਰ ਉਸ ਦੇ ਸਿਰਜੇ ਫਰੇਮਾਂ ਵਿਚੋਂ ਬਾਹਰ ਰਹਿ ਜਾਂਦਾ ਹੈ। ਉਘੀ ਉਰਦੂ ਲਿਖਾਰੀ ਇਸਮਤ ਚੁਗਤਾਈ ਦਾ ਕਿਰਦਾਰ ਆਪਣੀ ਰੰਗਤ ਹੀ ਨਹੀਂ ਫੜ ਪਾਉਂਦਾ ਅਤੇ ਕ੍ਰਿਸ਼ਨ ਚੰਦਰ ਤੇ ਫੈਜ਼ ਅਹਿਮਦ ਫੈਜ਼ ਵਰਗੇ ਲੇਖਕਾਂ ਦੇ ਹਿੱਸੇ ਸਿਰਫ ਇਕ ਦੋ ਦ੍ਰਿਸ਼ ਹੀ ਆਏ ਹਨ। ਇਹ ਸ਼ਾਇਦ ਫਿਲਮਸਾਜ਼ ਦੀ ਸਿਰਫ ਆਪਣੇ ਮਹਿਬੂਬ ਲੇਖਕ ਨੂੰ ਸ਼ਿੱਦਤ ਨਾਲ ਸਿਰਜਣ ਦੀ ਜ਼ਿਦ ਦਾ ਨਤੀਜਾ ਹੋਵੇ।

ਇਸ ਫਿਲਮ ਦੀ ਇਸ ਪੱਖੋਂ ਕਾਫੀ ਆਲੋਚਨਾ ਹੋਈ ਕਿ ਇਹ ਫਿਲਮ ਮੰਟੋ ਦੇ ਪਾਠਕਾਂ ਲਈ ਬਣਾਈ ਗਈ ਹੈ ਅਤੇ ਜਿਹੜੇ ਦਰਸ਼ਕਾਂ ਨੇ ਉਸ ਦੀਆਂ ਕਹਾਣੀਆਂ ਨਹੀਂ ਪੜ੍ਹੀਆਂ, ਉਨ੍ਹਾਂ ਲਈ ਫਿਲਮ ਦੇ ਪਲਾਟ ਨੂੰ ਪੜ੍ਹਨਾ ਮੁਸ਼ਕਿਲ ਸੀ। ਥੀਏਟਰ ਦੀ ਸਮਝ ਰੱਖਣ ਵਾਲੇ ਦਰਸ਼ਕ ਭਲੀ-ਭਾਂਤ ਸਮਝ ਸਕਦੇ ਹਨ ਕਿ ਇਹ ਫਿਲਮ ਵਾਰ-ਵਾਰ ਸਿਨੇਮਈ ਭਾਸ਼ਾ ਤੋਂ ਡਰਾਮਈ ਭਾਸ਼ਾ ਵਿਚ ਤਬਦੀਲ ਹੁੰਦੀ ਰਹਿੰਦੀ ਹੈ। ਫਿਲਮ ਵਿਚ ਫਿਲਮਾਈਆਂ ਗਈਆਂ ਸਾਰੀਆਂ ਕਹਾਣੀਆਂ 'ਠੰਢਾ ਗੋਸ਼ਤ', 'ਖੋਲ੍ਹ ਦੋ', 'ਦਸ ਰੁਪਏ ਕਾ ਨੋਟ', 'ਸੌ ਵਾਟ ਕਾ ਬੱਲਬ' ਅਤੇ 'ਟੋਬਾ ਟੇਕ ਸਿੰਘ' ਨੂੰ ਫਿਲਮਾਉਂਦੇ ਸਮੇਂ ਨੰਦਿਤਾ ਨੇ ਨਿੱਕੀ ਤੋਂ ਨਿੱਕੀ ਚੀਜ਼ ਦਾ ਧਿਆਨ ਰੱਖਿਆ ਹੈ।



*ਫਿਲਮਸਾਜ਼ ਨੰਦਿਤਾ ਦਾਸ, ਅਦਾਕਾਰ ਨਵਾਜ਼ੂਦੀਨ ਸਿਦੀਕੀ ਨੂੰ ਦ੍ਰਿਸ਼ ਸਮਝਾਉਂਦੀ ਹੋਈ।*




ਫਿਲਮ ਇਨ੍ਹਾਂ ਕਹਾਣੀਆਂ ਨੂੰ ਮੰਟੋ ਦੇ ਕਿਰਦਾਰ ਦਾ ਖੁਲਾਸਾ ਕਰਨ ਲਈ ਵਾਰ-ਵਾਰ ਵਰਤਦੀ ਹੈ।

ਬਹੁਤ ਸਾਰੇ ਦ੍ਰਿਸ਼ਾਂ ਵਿਚ ਮੰਟੋ ਦੇ ਚੀਜ਼ਾਂ ਨੂੰ ਦੇਖਣ ਅਤੇ ਮਹਿਸੂਸ ਕਰਨ ਦੀ ਵਿਧਾ ਨੂੰ ਪਰਦਾਪੇਸ਼ ਕਰਨ ਦੀ ਇਮਾਨਦਾਰ ਕੋਸ਼ਿਸ ਕੀਤੀ ਗਈ। ਕਹਾਣੀਆਂ ਵਿਚਲਾ ਕਠੋਰ ਯਥਾਰਥ ਦ੍ਰਿਸ਼ਾਂ ਦੇ ਰੂਪ ਵਿਚ ਵੀ ਰੂਹ ਨੂੰ ਛਿੱਲ ਕੇ ਰੱਖ ਦਿੰਦਾ ਹੈ। ਨੰਦਿਤਾ ਮੰਟੋ ਦੇ ਅਫਸਾਨਾ ਨਿਗਾਰ ਹੋਣ ਦੀ ਤਰਾਸਦੀ ਨੂੰ ਵੀ ਉਸ ਦੀਆਂ ਕਹਾਣੀਆਂ ਦੇ ਸਮਾਂਨਤਰ ਦ੍ਰਿਸ਼-ਦਰ-ਦ੍ਰਿਸ਼ ਘੜਦੀ ਚਲੀ ਜਾਂਦੀ ਹੈ। ਫਿਲਮ ਦੇ ਅੰਤ ਵਿਚ ਉਹ ਮੰਟੋ ਨੂੰ 'ਸਦਾ ਜਿਊਂਦੇ ਰਹਿਣ ਦੀ ਦੁਆ' ਦਿੰਦੀ ਹੈ। ਮੰਟੋ ਜਿਊਂਦਾ ਹੁੰਦਾ ਤਾਂ ਜ਼ਰੂਰ ਇਸ ਫਿਲਮ 'ਤੇ ਬਾ-ਕਮਾਲ ਅਫਸਾਨਾ ਲਿਖਦਾ। ਇਸ ਫਿਲਮ ਤੋਂ ਬਾਅਦ ਉਹ ਜ਼ਰੂਰ ਨੰਦਿਤਾ ਦੀ ਫਿਲਮ 'ਫਿਰਾਕ' ਦੇਖਣ ਲਈ ਰੁਕ ਜਾਂਦਾ। ਉਸ ਨੂੰ ਗੁਜਰਾਤ ਦੇ ਦੰਗਿਆਂ ਅੱਗੇ ਸੰਤਾਲੀ ਦਾ ਕਹਿਰ ਛੋਟਾ ਭਾਸਦਾ। ਉਸ ਨੂੰ ਇਹ ਵੀ ਸਮਝ ਆ ਜਾਂਦੀ ਕਿ ਅੱਜ ਦੇ ਭਾਰਤ ਵਿਚ ਹੁਣ ਮਰਨ ਲਈ 'ਇਤਨਾ ਕੁ ਮੁਸਲਮਾਨ' ਹੋਣ ਦੀ ਵੀ ਜ਼ਰੂਰਤ ਨਹੀਂ, ਸਿਰਫ ਜਿਊਂਦਾ ਜਾਗਦਾ ਸੋਚਦਾ ਵਜੂਦ ਹੀ ਕਤਲ ਹੋਣ ਲਈ ਕਾਫੀ ਹੈ। ਸ਼ਾਇਦ ਉਸ ਨੂੰ ਇਸ ਗੱਲ ਦੀ ਸਮਝ ਆਉਣੀ ਬੰਦ ਹੋ ਜਾਂਦੀ ਕਿ ਉਸ ਦੇ ਅਫਸਾਨਿਆਂ ਲਈ ਮੌਜੂਦਾ ਸਰਕਾਰੀ ਬਦ-ਇੰਤਜ਼ਾਮੀਆ ਜ਼ਿਆਦਾ ਕਰੂਰ ਮਜ਼ਬੂਨ ਬਣ ਸਕਦਾ ਹੈ ਜਾਂ ਫਿਰ 'ਮੀ ਟੂ' ਵਰਗੀ ਮੁਹਿੰਮ। ਨੰਦਿਤਾ ਦਾਸ ਦੇ ਮੁਲਕ ਦੀ ਮੌਜੂਦਾ ਹਾਲਤ ਉਤੇ ਕਰਾਚੀ ਜਾਂ ਲਾਹੌਰ ਬੈਠਾ ਮੰਟੋ ਕਿੰਨਾ ਝੂਰਦਾ।

ਫਿਲਮ 'ਮੰਟੋ' ਦਰਦਨਾਕ ਸਮਿਆਂ ਦਾ ਮਹਤੱਵਪੂਰਨ ਦਸਤਾਵੇਜ਼ ਹੈ। ਫਿਲਮ ਵਿਚ ਮੰਟੋ ਨੂੰ 'ਮੰਟੋ' ਬਣਾਉਣ ਵਾਲੇ ਕਿਰਦਾਰਾਂ ਦਾ ਚਿਤਰਨ ਸਹਿਜ ਅਤੇ ਸੂਹਜ ਭਰਿਆ ਹੈ। ਫਿਲਮ ਅਦਾਕਾਰੀ ਪੱਖੋਂ ਰਸਿਕਾ ਦੁੱਗਲ ਦੀ ਫਿਲਮ ਹੈ ਜਿਸ ਨੇ 'ਮੰਟੋ' ਦੀ ਪਾਰਟਨਰ ਦਾ ਰੋਲ ਤਨਦੇਹੀ ਨਾਲ ਨਿਭਾਇਆ ਹੈ। ਉਸ ਦੇ ਕਿਰਦਾਰ ਨੂੰ ਨੰਦਿਤਾ ਦਾਸ ਨੇ ਔਰਤ ਹੋਣ ਦੇ ਦਰਦ ਵਾਲੀ ਤੱਕਣੀ (ਫੀਮੇਲ ਗੇਜ਼) ਨਾਲ ਬਾਖੂਬੀ ਚਿਤਰਿਆ ਹੈ। ਰੀਟਾ ਘੋਸ਼ ਦਾ ਪ੍ਰੋਡਕਸ਼ਨ ਡਿਜ਼ਾਈਨ ਸੁਰਤੀ ਨੂੰ ਕੀਲੀ ਰੱਖਦਾ ਹੈ। ਕਾਰਤਿਕ ਵਿਜੇ ਦਾ ਫਿਲਮਾਂਕਣ ਦਰਸ਼ਕਾਂ ਅੱਗੇ ਪਰਤ-ਦਰ-ਪਰਤ ਕਹਾਣੀ ਨੂੰ ਖੋਲ੍ਹਦਾ ਚਲਾ ਜਾਂਦਾ ਹੈ। ਫਿਲਮ ਤ.ਲਖੀ-ਦਰ-ਤਲਖੀ ਹਕੀਕਤਾਂ ਨਾਲ ਖਹਿੰਦਿਆਂ ਵੀ ਆਪਣਾ ਨਿੱਘ ਨਹੀਂ ਘਟਣ ਦਿੰਦੀ। ਇਹ ਰਿਸ਼ਤਿਆਂ ਅਤੇ ਮੁਹੱਬਤਾਂ ਦਾ ਗਰੂਰ ਬਣਾਈ ਰੱਖਦੀ ਹੈ। ਅੱਜ ਕੱਲ੍ਹ ਦੇ ਤੁਰ-ਫੁਰਤ (ਇੰਸਟੈਂਟ) ਵਾਲੇ ਮਨੋਰੰਜਨ ਦੇ ਦੌਰ ਵਿਚ ਕਿਸੇ ਫਿਲਮ ਤੋਂ ਇਸ ਤੋਂ ਵੱਧ ਹੋਰ ਕੀ ਮੰਗਿਆ ਜਾ ਸਕਦਾ ਹੈ?

## ਮੌਜੂਦਾ ਪੰਜਾਬ ਤੇ ਪਰਵਾਸੀ ਪੰਜਾਬੀਆਂ ਦੀ ਗੱਲ ਕਰਦੀ

# 'ਆਟੇ ਦੀ ਚਿੜੀ'

ਨਵੀਂ ਪੰਜਾਬੀ ਫਿਲਮ 'ਆਟੇ ਦੀ ਚਿੜੀ' ਮੌਜੂਦਾ ਪੰਜਾਬ ਤੇ ਪਰਵਾਸੀ ਪੰਜਾਬੀਆਂ ਦੇ ਦਿਲਾਂ ਦੀ ਗੱਲ ਕਰਦੀ ਰਿਸ਼ਤੇ-ਨਾਤਿਆਂ ਦੇ ਮੋਹ ਨੂੰ ਰੂਪਮਾਨ ਕਰੇਗੀ। 19 ਅਕਤੂਬਰ ਨੂੰ ਰਿਲੀਜ਼ ਹੋਣ ਵਾਲੀ ਤੇਗ ਪ੍ਰੋਡਕਸ਼ਨ ਦੀ ਇਸ ਫਿਲਮ ਦੇ ਨਿਰਮਾਤਾ ਚਰਨਜੀਤ ਸਿੰਘ ਵਾਲੀਆ (ਮੁਖੀ, ਮਾਤਾ ਸਾਹਿਬ ਕੌਰ ਨਰਸਿੰਗ ਕਾਲਜ) ਤੇ ਤੇਗਵੀਰ ਸਿੰਘ ਵਾਲੀਆ ਹਨ ਤੇ ਸਹਿ ਨਿਰਮਾਤਾ ਕੈਲਗਰੀ (ਕੈਨੇਡਾ) ਤੋਂ ਜੀ. ਆਰ. ਐਸ. ਛੀਨਾ ਹਨ। ਦੋਹਾਂ ਦਾ ਕਹਿਣਾ ਹੈ ਕਿ ਫਿਲਮਾਂ ਦਾ ਨਿਰਮਾਣ ਕਰਨ ਦਾ ਮਕਸਦ ਕਾਲਜ ਦੀ ਤਰ੍ਹਾਂ ਸਿਨੇਮਾ ਮਾਧਿਅਮ ਰਾਹੀਂ ਸਮਾਜ ਤੇ ਨੌਜਵਾਨੀ ਨੂੰ ਸਿੱਖਿਅਤ ਕਰਨਾ ਹੈ। ਉਨ੍ਹਾਂ ਕਿਹਾ ਕਿ 'ਆਟੇ ਦੀ ਚਿੜੀ' ਮਾਂ-ਬੋਲੀ ਪੰਜਾਬੀ ਅਤੇ ਪੰਜਾਬ ਦੇ ਮੌਜੂਦਾ ਕਲਚਰ ਬਾਰੇ ਹੈ, ਜੋ ਆਪਣੀ ਮਿੱਟੀ ਨਾਲ ਜੁੜੇ ਰਹਿਣ ਦਾ ਸੁਨੇਹਾ ਦਿੰਦੀ ਹੈ।

ਫਿਲਮ ਦਾ ਨਿਰਦੇਸ਼ਕ 'ਰੱਬ ਦਾ ਰੇਡੀਓ', 'ਸਰਦਾਰ ਮੁਹੰਮਦ' ਵਰਗੀਆਂ ਸੁਪਰਹਿੱਟ ਫਿਲਮਾਂ ਦੇਣ ਵਾਲਾ ਹੈਰੀ ਭੱਟੀ ਹੈ, ਜਿਸ ਨੇ ਬੜੀ ਸੂਝ-ਬੂਝ ਅਤੇ ਤਕਨੀਕੀ ਗਿਆਨ ਨਾਲ ਇਸ ਫਿਲਮ ਦੀ ਕਹਾਣੀ ਨੂੰ ਆਪਣੇ ਦਿਸ਼ਾ-ਨਿਰਦੇਸ਼ਾਂ ਵਿਚ ਫਿਲਮਾਇਆ ਹੈ। ਫਿਲਮ ਦੇ ਟਰੇਲਰ ਅਤੇ ਗੀਤਾਂ ਨੂੰ ਦਰਸ਼ਕਾਂ ਵਲੋਂ ਵੱਡਾ ਹੁੰਗਾਰਾ ਮਿਲ ਰਿਹਾ ਹੈ। ਸੰਗੀਤ ਜੈ ਦੇਵ ਕੁਮਾਰ ਦਾ ਹੈ।

ਫਿਲਮ ਦੀ ਕਹਾਣੀ, ਡਾਇਲਾਗ ਤੇ ਸਕਰੀਨ ਪਲੇਅ ਰਾਜੂ ਵਰਮਾ ਨੇ ਲਿਖਿਆ ਹੈ। ਫਿਲਮ ਦੇ ਗੀਤ ਅੰਮ੍ਰਿਤ ਮਾਨ ਅਤੇ ਕੁਲਦੀਪ ਕੰਡਿਆਰਾ ਨੇ ਲਿਖੇ ਹਨ।

ਫਿਲਮ ਦੇ ਸਹਿ ਨਿਰਮਾਤਾ ਜੀ. ਆਰ. ਐਸ. ਛੀਨਾ (ਕੈਲਗਰੀ) ਦਾ ਕਹਿਣਾ ਹੈ ਕਿ ਅੱਜ ਦਾ ਨੌਜਵਾਨ ਵਰਗ ਪੰਜਾਬ ਤੋਂ ਵਿਦੇਸ਼ੀ ਧਰਤੀ 'ਤੇ ਪਰਵਾਸ ਕਰ ਰਿਹਾ ਹੈ, ਜਿੱਥੇ ਬਾਹਰਲੇ ਪੰਜਾਬੀਆਂ ਨੇ ਆਪਣਾ ਇੱਕ ਵੱਖਰਾ ਪੰਜਾਬ ਵਸਾਇਆ ਹੋਇਆ ਹੈ। ਇਹ ਸੱਚਾਈ ਹੈ ਕਿ ਅਸਲ ਪੰਜਾਬ ਦੇ ਲੋਕ ਆਪਣਾ ਕਲਚਰ ਗੁਆ ਰਹੇ ਹਨ, ਜਦਕਿ ਵਿਦੇਸ਼ਾਂ ਵਿਚ ਬੈਠੇ ਪੰਜਾਬੀ ਆਪਣੇ ਕਲਚਰ, ਰੀਤੀ-ਰਿਵਾਜਾਂ ਨਾਲ ਅੱਜ ਵੀ ਜੁੜੇ ਹੋਏ ਹਨ। ਉਨ੍ਹਾਂ ਦੀ ਆਪਣੀ ਜਨਮ ਭੂਮੀ ਪ੍ਰਤੀ ਖਿੱਚ ਅੱਜ ਵੀ ਬਰਕਰਾਰ ਹੈ। ਬਹੁਤ ਸਾਰੇ ਮੁੱਦੇ ਹਨ, ਜੋ ਬਾਹਰਲੇ ਪੰਜਾਬੀਆਂ ਦੀ ਜ਼ਿੰਦਗੀ ਨਾਲ ਜੁੜੇ ਹੋਏ ਹਨ, ਉਹ ਇਸ ਫਿਲਮ ਰਾਹੀਂ ਦਰਸ਼ਕ ਪਹਿਲੀ ਵਾਰ ਪਰਦੇ 'ਤੇ ਵੇਖਣਗੇ। ਫਿਲਮ ਰਾਹੀਂ ਪੰਜਾਬੀਆਂ ਦੇ ਮੌਜੂਦਾ ਮਾਹੌਲ, ਕਲਚਰ ਨੂੰ ਬਾਖੂਬੀ ਚਿਤਰਿਆ ਗਿਆ ਹੈ। ਫਿਲਮ ਦੀ ਬਹੁਤੀ ਸ਼ੂਟਿੰਗ ਕੈਨੇਡਾ ਵਿਚ ਕੀਤੀ ਗਈ ਹੈ।

ਗਾਇਕ ਅੰਮ੍ਰਿਤ ਮਾਨ (ਗੋਨੇਆਣੇ ਵਾਲਾ) ਪਹਿਲੀ ਵਾਰ ਅਦਾਕਾਰਾ ਨੀਰੂ ਬਾਜਵਾ ਨਾਲ ਮੇਨ



ਲੀਡ 'ਚ ਰੁਮਾਂਟਿਕ ਕਿਰਦਾਰਾਂ 'ਚ ਨਜ਼ਰ ਆਵੇਗਾ। ਸਰਦਾਰ ਸੋਹੀ ਆਪਣੇ ਕਿਰਦਾਰ ਪ੍ਰਤੀ ਬਹੁਤ ਉਤਸਾਹਿਤ ਨਜ਼ਰ ਆ ਰਿਹਾ ਹੈ। ਇਸ ਤੋਂ ਇਲਾਵਾ ਨਿਰਮਲ ਰਿਸ਼ੀ, ਗੁਰਪ੍ਰੀਤ ਘੁੱਗੀ, ਕਰਮਜੀਤ ਅਨਮੋਲ, ਬੀ. ਐਨ. ਸ਼ਰਮਾ, ਅਨਮੋਲ ਵਰਮਾ, ਨਿਸ਼ਾ ਬਾਨੋ, ਗੁਰਪ੍ਰੀਤ ਕੌਰ ਭੰਗੂ, ਹਰਬਿਲਾਸ ਸੰਘਾ, ਪ੍ਰੀਤੋ ਸਾਹਨੀ ਆਦਿ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ ਹਨ।

*-ਸੁਰਜੀਤ ਜੱਸਲ*
*ਫੋਨ: 91-98146-07737*


PTC PUNJABI
LIVE GURBANI FROM
SRI HARMANDIR SAHIB
PUNJABI
MEGA
PACK
$14.99 PER MONTH
FOR 24 MONTHS
Save $240 over 2 years
PTC PUNJABI
jus punjabi
WILLOW HD
PTC NEWS
JUS one
+5 CHANNELS
CALL OR VISIT YOUR LOCAL RETAILER - WE SPEAK PUNJABI!
GO SATELLITE CITY
530-777-4602
1528 COLUSA HWY STE B, YUBA CITY,CA 95993
SUN WIRELESS
888-350-8005
114-11 101 AVE,SOUTH RICHMOND HILL,NY 11419
dish
AUTHORIZED RETAILER
All offers require credit qualification, 24-month commitment with early termination fee and eAutoPay. $240 Savings Offer: Valid for activation and installation of qualifying new DISH service. Requires subscription to a qualifying American or DishLATINO package in addition to Punjabi Mega Pack. Receive a monthly credit of $10 for the first 24 months. Important Terms and Conditions: Promotional Offers: International programming requires America's Top 120 or higher. Upfront activation and/or receiver upgrade fees may apply based on credit qualification. After 24-month promotional period, then-current monthly price applies and is subject to change. Offer ends 10/24/18. 2 Year Commitment: Early termination fee of $20/mo. remaining applies if you cancel early. Hopper: Monthly fees: Hopper, $15; Joey, $7; Super Joey, $10. With PrimeTime Anytime record ABC, CBS, FOX and NBC plus two channels. With addition of Super Joey record two additional channels. Watching live and recorded TV anywhere requires an Internet-connected, Sling-enabled DVR and compatible mobile device. Premium Channels: Subject to credit qualification. After 3 mos., you will be billed $60/mo. for HBO, Cinemax, Showtime, Starz and DISH Movie Pack unless you call to cancel. Installation/Equipment Requirements: A second dish antenna may be required to view both International and American programming. Free Standard Professional Installation only. Leased equipment must be returned to DISH upon cancellation or unreturned equipment fees apply. Other: All prices, fees, charges, packages, programming, features, functionality and offers subject to change without notice. After 6 mos., you will be billed $8/mo for Protection Plan unless you call to cancel. Free standard professional installation only. Taxes or reimbursement charges for state gross earnings taxes may apply. Additional restrictions and taxes may apply. © 2018 DISH Network L.L.C. All rights reserved. HBO®, Cinemax® and related channels and service marks are the property of Home Box Office, Inc. SHOWTIME is a registered trademark of Showtime Networks Inc., a CBS Company. STARZ and related channels and service marks are property of Starz Entertainment, LLC.